*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

Voice of Social Concerns
Pro-People Arts Project Media Group


# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-9, ਅੰਕ-4, ਅਪ੍ਰੈਲ 2019 | Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਕਾਰਪੋਰੇਟ ਕੁਰੱਪਸ਼ਨ ਅਤੇ ਪੌਲਟਿਕਸ

ਕਾਰਪੋਰੇਸ਼ਨਾਂ ਰਿਸ਼ਵਤਾਂ ਦੇ ਕੇ ਕੰਟਰੈਕਟ ਲੈਣ ਲੱਗੀਆਂ ਮੁਲਕਾਂ ਦੀਆਂ ਸਰਹੱਦਾਂ ਨਹੀਂ ਦੇਖਦੀਆਂ, ਮੁਲਕ ਚਾਹੇ ਅਮੀਰ ਹੋਣ ਚਾਹੇ ਗਰੀਬ ਹੋਣ, ਉਹਨਾਂ ਮੁਲਕਾਂ ਦੇ ਲੀਡਰਾਂ ਨੂੰ ਰਿਸ਼ਵਤਾਂ ਦੇ ਕੇ ਆਪਦੇ ਕੰਮ ਕਢਾਉਣੇ ਇਹਨਾਂ ਲਈ ਕੋਈ ਵੱਡੀ ਗੱਲ ਨਹੀਂ। ਪੂੰਜੀਵਾਦੀ ਸਿਸਟਮ ਵਿੱਚ ਜਿਥੇ ਪੈਸਾ ਪ੍ਰਧਾਨ ਸਮਾਜ ਹੁੰਦਾ ਹੈ, ਉਥੇ ਕੁਰੱਪਸ਼ਨ ਵੀ ਕਈ ਵਾਰੀ ਲੀਗਲ ਹੀ ਲੱਗਦੀ ਹੈ। ਇਸ ਰਿਸ਼ਵਤ ਦਾ ਕੋਈ ਵੀ ਰੂਪ ਹੋ ਸਕਦਾ ਹੈ। ਇਹ ਪੈਸੇ ਦੇ ਰੂਪ ਵਿੱਚ ਵੀ ਦਿੱਤੀ ਜਾ ਸਕਦੀ ਹੈ, ਜਾਂ ਕਿਸੇ ਕੰਪਨੀ ਦੇ ਸ਼ੇਅਰ ਖਰੀਦ ਕੇ ਦਿੱਤੇ ਜਾਂਦੇ ਹਨ। ਅੱਜ ਕੱਲ ਤਾਂ ਕਿਸੇ ਦੂਜੇ ਮੁਲਕ ਵਿੱਚ ਕਾਰਪੋਰੇਸ਼ਨ ਦੇ ਪੈਸਿਆਂ ਦਾ ਅਦਾਨ ਪ੍ਰਦਾਨ ਹੁੰਦਾ ਹੈ, ਨਾਂ ਕਿਸੇ ਨੂੰ ਪਤਾ ਲੱਗੇ ਨਾਂ ਵਾਸਤਾ। ਅੱਜ ਕੱਲ ਆਮ ਲੋਕਾਂ ਦੀ ਹਾਲਤ ਤਾਂ ਕੋਹਲੂ ਦੇ ਬੈਲ ਵਰਗੀ ਹੈ, ਕੰਮ ਕਰਦੇ ਹਨ ਕਿਸ਼ਤਾਂ ਭਰਦੇ ਹਨ ਅਤੇ ਕਿਸ਼ਤਾਂ ਵਿੱਚ ਹੀ ਤੁਰਦੇ ਬਣਦੇ ਹਨ, ਉਹਨਾਂ ਕੋਲ਼ ਸੋਚਣ ਦਾ ਟਾਇਮ ਹੀ ਨਹੀਂ ਕਿ ਸਰਕਾਰਾਂ ਕੀ ਕਰ ਰਹੀਆਂ ਹਨ ।ਹੁਣ ਤੱਕ ਦੀ ਖੋਜ ਮੁਤਾਬਿਕ 86 ਮੁਲਕਾਂ ਵਿੱਚ ਕਾਰਪੋਰੇਸ਼ਨਾਂ ਕੰਟਰੈਕਟ ਲੈਣ ਲਈ ਰਿਸ਼ਵਤ ਦੇਣ ਵਿੱਚ ਉਜਗਰ ਹੋ ਚੁੱਕੀਆਂ ਹਨ। ਸਾਡੀਆਂ ਅੱਖਾਂ ਟੱਡੀਆਂ ਰਹਿ ਜਾਂਦੀਆਂ ਹਨ ਜਦੋਂ ਅਸੀਂ ਦੇਖਦੇ ਹਾਂ ਕਿ ਸਾਡੇ ਚੁਣੇ ਹੋਏ ਨੁਮਾਇੰਦੇ ਅਤੇ ਕਾਰਪੋਰੇਸ਼ਨਾਂ ਦੇ ਸੀ ਈ ੳ ਅੰਡਰ ਦਾ ਟੇਬਲ ਡੀਲ ਕਰਦੇ ਹਨ। ਵਾਲ-ਮਾਰਟ ਦੁਨੀਆਂ ਦਾ ਸਭ ਤੋਂ ਵੱਡਾ ਰੀਟੇਲਰ ਜਿਸਦੀਆਂ ਹੇਰਾ ਫੇਰੀਆਂ ਦੀ ਜਾਂਚ ਹੋ ਰਹੀ ਹੈ। ਬੰਗਲਾਦੇਸ਼




ਵਿੱਚ ਇਸ ਨੇ ਇੱਕ ਖਸਤਾ ਹਾਲ ਬਿਲਡਿੰਗ ਵਿੱਚ ਕੰਮ ਚਲਾਇਆ, ਉਸ ਬਿਲਡਿੰਗ ਦੇ ਡਿੱਗਣ ਨਾਲ਼ ਸੈਂਕੜੇ ਲੋਕਾਂ ਦੀ ਜਾਨ ਗਈ। ਪਰ ਵਾਲ-ਮਾਰਟ ਦੀ ਸਿਹਤ ਤੇ ਕੋਈ ਅਸਰ ਨਹੀਂ ਪਿਆ, ਸਗੋਂ ਸਾਰਾ ਦੋਸ਼ ਉਥੋਂ ਦੇ ਸਬ-ਕੰਟਰੈਕਟਰ ਸਿਰ ਮੜ ਦਿੱਤਾ ਗਿਆ। ਇਹੀ ਹਾਲ ਵਾਲ-ਮਾਰਟ ਨੇ ਮੈਕਸੀਕੋ ਵਿੱਚ ਕੀਤਾ ਹੈ, ਉਥੇ ਵੀ ਇਸ ਤੇ ਕਈ ਇਨਕੁਆਰੀਆਂ ਚੱਲ ਰਹੀਆਂ ਹਨ। ਸਭ ਤੋਂ ਵੱਡੀ ਸਮੱਸਿਆ ਤਾਂ ਇਹ ਪਤਾ ਕਰਨ ਦੀ ਹੈ ਕਿ ਰਿਸ਼ਵਤ ਕਿੱਥੇ ਦਿੱਤੀ ਗਈ ਅਤੇ ਕਿਸ ਰੂਪ ਵਿੱਚ ਦਿੱਤੀ ਗਈ। ਗਲੋਬਆਲਾਈਜੇਸ਼ਨ ਨੇ ਰਿਸ਼ਵਤ ਦੇ ਧੰਦੇ ਨੂੰ ਬੜਾ ਸੌਖਾ ਕਰ ਦਿੱਤਾ ਹੈ। ਬਹੁਕੌਮੀ ਕੰਪਨੀਆਂ ਦੇ 60% ਦੇਸ਼ਾਂ ਵਿੱਚ, ਮਾਈਨਿੰਗ, ਕੰਸਟਰਕਸ਼ਨ, ਟਰਾਂਸਪੋਰਟੇਸ਼ਨ ਅਤੇ ਕਮਿਊਨੀਕੇਸ਼ਨ ਵਗੈਰਾ ਦੇ ਕੰਮ ਚੱਲ ਰਹੇ ਹਨ। ਇਹਨਾਂ ਠੇਕਿਆਂ ਦੇ ਲੈਣ ਦੇਣ ਵਿੱਚ ਉਹਨਾਂ ਦੇਸ਼ਾਂ ਦੇ ਮੁਖੀ ਤੇ ਉਹਨਾਂ ਦੇਸ਼ਾਂ ਦੀਆਂ ਸਰਕਾਰੀ ਕੰਪਨੀਆਂ ਦੇ ਮੁਲਾਜਮ ਵਗੈਰਾ ਤੱਕ ਕੰਮ ਕਰਦੇ ਹਨ। ਜਦੋਂ ਸਰਕਾਰਾਂ ਸਰਕਾਰੀ ਅਦਾਰੇ ਵੇਚਦੀਆਂ ਹਨ ਤਾਂ ਰਿਸ਼ਵਤ ਦਾ ਲੈਣ ਦੇਣ ਸਾਰੀਆਂ ਹੱਦਾਂ ਟੱਪ ਜਾਂਦਾ ਹੈ। ਬਹੁਤ ਵਾਰ ਵੱਡੀਆਂ ਸਰਕਾਰੀ ਕੰਪਨੀਆਂ ਜਦੋਂ ਆਪਦੇ ਕੰਮ ਠੇਕੇ ਤੇ ਦਿੰਦੀਆਂ ਹਨ ਤਾਂ ਬਹੁਤ ਵੱਡੀ ਰਿਸ਼ਵਤ ਲਈ ਜਾਂਦੀ ਹੈ। ਹੁਣ ਤੱਕ ਸਭ ਤੋਂ ਵੱਡੀ ਰਿਸ਼ਵਤ ਬਰਾਜੀਲ ਦੀ ਸਟੇਟ ਆਇਲ ਕੰਪਨੀ ਨੇ ਲਈ ਜਿਹੜੀ ਕਿ ਲੱਗ ਭੱਗ 4 ਬਿਲੀਅਨ ਡਾਲਰ ਸੀ। ਥੋੜ੍ਹੀ ਜਿਹੀ ਰਿਸ਼ਵਤ ਦੀ ਉਦਾਹਰਣ ਦੇਖੀਏ, ਜਿਹੜਾ ਇਸ ਅੱਜ ਕੱਲ ਰੇਟ ਚਲਦਾ ਹੈ :-






| | |
|---|---|
| ਕਸਟਮ ਵਿੱਚ ਰਿਸ਼ਵਤ | =11% |
| ਹੈਲਥ ਕੇਅਰ ਵਿੱਚ | =7% |
| ਸੁਰੱਖਿਆ ਸੌਦੇ | =6% |

ਬਾਕੀ ਕੰਪਨੀਆਂ ਰਾਜ ਦੀਆਂ ਨਿੱਜੀ ਕੰਪਨੀਆਂ ਦੀ ਮਾਲਕੀ ਹਾਸਲ ਕਰਨ ਲਈ ਵੀ ਬਹੁਤ ਵੱਡੀ ਰਿਸ਼ਵਤ ਦਿੰਦੀਆਂ ਹਨ। ਕੁੱਲ ਮਿਲਾ ਕੇ ਇਹ ਰਿਸ਼ਵਤਾਂ 3 ਬਿਲੀਅਨ ਡਾਲਰ ਤੋਂ ਵੀ ਉਤੇ ਰਕਮ ਖਰਚ ਕਰਦੀਆਂ ਹਨ। ਹੁਣ ਇੱਨੀ ਰਕਮ ਖਰਚ ਕੇ ਬਿਜਨਿਸ ਦਾ ਖਰਚ ਬਹੁਤ ਵੱਧ ਜਾਂਦਾ ਹੈ , ਇਸਦੀ ਭਰਪਾਈ ਕਿਵੇਂ ਕਰਨੀ ਹੈ। ਇਸਦੇ ਲਈ ਵਸਤਾਂ ਦੀ ਕੀਮਤ ਵਧਾ ਦਿੱਤੀ ਜਾਂਦੀ ਹੈ ਅਤੇ ਇਸਦਾ ਭਾਰ ਆਮ ਲੋਕਾਂ ਤੇ ਪੈਂਦਾ ਹੈ। ਬਾਕੀ ਰਾਜਨੀਤਿਕ ਲੀਡਰ ਜਿਹੜੇ ਇਹਨਾਂ ਦੇ ਪਿਆਦੇ ਹਨ ਚੂੰ ਵੀ ਨਹੀਂ ਕਰਦੇ ਕਿਉਂਕਿ ਉਹ ਤਾਂ ਆਪਣੀਆਂ ਜੇਬਾਂ ਭਰੀ ਬੈਠੇ ਹਨ। ਸਾਰੀ ਦੁਨੀਆਂ ਵਿੱਚ ਵਧ ਰਿਹਾ ਗਰੀਬ ਅਮੀਰ ਦਾ ਪਾੜਾ ਇਸੇ ਕਾਰਪੋਰੇਟ

(ਬਾਕੀ ਸਫ਼ਾ 5 'ਤੇ)























Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
Professional Services
Free Home Evaluation
Digital Marketing & Social Media
Top Dollars in your Pocket
Superb Negotiation Skills
Team of 3 Realtors With Full Time Office Staff
SOLD
ROYAL LEPAGE
100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary,AB T2H 2H8
www.TiwanaTeam.com


Si
SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Parminder Swaich
Surrey (BC)
604-760-4794

**Graphic Desinger**
Baljinder Singh
+91-98782-29598
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)

Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।



# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-6



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

**ਸਿਪਾਹੀ**

ਦੁਨੀਆਂ ਸਾਹਮਣੇ ਅੱਜ ਸਾਡੀ ਹੈਸੀਅਤ ਹੈ ਹੀ ਕੀ ਹੈ? ਦੁਨੀਆ ਦੇ ਮੁਕਾਬਲੇ ਸਾਡੀ ਸਭਿਅਤਾ ਹਜ਼ਾਰਾਂ ਸਾਲ ਪੁਰਾਣੀ ਹੈ, ਅਤੇ ਵਸੋਂ ਸਭ ਤੋਂ ਜ਼ਿਆਦਾ, ਇਸੇ ਕਰਕੇ ਸਾਨੂੰ ਅੱਜ ਅਮਰੀਕਾ, ਯੂਰਪ ਤੋਂ ਵਿਕਾਸ ਵਿੱਚ ਮੂਹਰੇ ਹੋਣਾ ਚਾਹੀਦਾ ਸੀ। ਪਰ ਅਸੀਂ ਚੀਨੀ ਪਰਿਵਾਰਵਾਦ ਅਤੇ ਕੋੜਮੇ ਕਬੀਲੇ ਤੱਕ ਹੀ ਫ਼ਸੇ ਹੋਏ ਹਾਂ। ਸਾਡੇ ਵਿੱਚ ਕੌਮੀ ਭਾਵਨਾ ਨਹੀਂ ਹੈ। ਇਸੇ ਕਰਕੇ 40 ਕਰੋੜ ਚੀਨੀ ਭਾਵੇਂ ਇੱਕੋ ਚੀਨ ਵਿੱਚ ਵਸਦੇ ਹਨ, ਪਰ ਉਹ ਰੇਤ ਦੇ ਢੇਰ ਵਾਂਗ ਹਨ। ਅੱਜ ਚੀਨ ਸਭ ਤੋਂ ਮਾੜਾ ਅਤੇ ਗ਼ਰੀਬ ਮੁਲਕ ਹੈ ਅਤੇ ਇਸਦੀ ਅੰਤਰਰਾਸ਼ਟਰੀ ਮਾਮਲਿਆਂ ਵਿੱਚ ਕੋਈ ਪੁੱਛ ਨਹੀਂ ਹੈ। ਦੂਜੀਆਂ ਕੌਮਾਂ ਛੁਰੀਆਂ ਅਤੇ ਪਲੇਟਾਂ ਹਨ, ਪਰ ਚੀਨੀ ਉਹਨਾਂ ਦਾ ਖਾਜਾ, ਮੀਟ, ਮੱਛੀ ਹਨ। ਸਨ-ਯਤ-ਸੇਨ।

ਪੱਛਮ ਵੱਲ ਸੂਰਜ ਡੁੱਬ ਰਿਹਾ ਸੀ। ਨੋਬਲ ਟੇਲੈਂਟ ਸਮੁੰਦਰ ਵੱਲ ਨੂੰ ਤੁਰਿਆ ਜਾ ਰਿਹਾ ਸੀ। ਉੱਤਰ ਪੱਛਮ ਦੀ ਠੰਡੀ ਯਖ਼ ਹਵਾ ਵਗ ਰਹੀ ਸੀ। ਕਿਨਾਰੇ ਤੇ ਗੱਡੇ ਮੱਛੀਆਂ ਦੇ ਜਾਲ ਉੱਡ ਰਹੇ ਸਨ।ਵਾਤਾਵਰਨ ਇਉਂ ਲੱਗਦਾ ਸੀ ਜਿਵੇਂ ਦਿਉ ਤੂਫ਼ਾਨ ਵਿੱਚ ਖੇਡ ਰਹੇ ਸਨ। ਇੱਕਾ-ਦੁਕਾ ਮਛੇਰੇ ਮੱਛੀਆਂ ਦੇ ਭਰੇ ਜਾਲ਼ ਸਮੇਟ ਰਹੇ ਸਨ। ਕੁੱਝ ਪਾਣੀ ਵਿੱਚ ਤਰਦੀ ਲੱਕੜੀ ਇੱਕਠੀ ਕਰ ਰਹੇ ਸਨ। ਸਾਰੇ ਕਿਨਾਰੇ ਬਣੀਆਂ ਕੱਖ ਕਾਨਿਆਂ ਦੀਆਂ ਝੁੱਗੀਆਂ ਵੱਲ ਜਾ ਰਹੇ ਸਨ ਤਾਂ ਕਿ ਅੱਗਾਂ ਬਾਲ ਕੇ ਆਪ ਅਤੇ ਬੱਚਿਆਂ ਨੂੰ ਸੇਕਣ।

ਨੋਬਲ ਟੇਲੈਂਟ ਬੇਸੁਰਤ ਜਿਹਾ ਸਮੁੰਦਰ ਵੱਲ ਨੂੰ ਵਧ ਰਿਹਾ ਸੀ। ਉਸ ਨੂੰ ਵਗਦੇ ਠੱਕੇ ਅਤੇ ਤੂਫ਼ਾਨ ਦੀ ਪ੍ਰਵਾਹ ਨਹੀਂ ਸੀ। ਉਹ ਕਿਨਾਰੇ ਤੇ ਰੁਕਿਆ ਨਹੀਂ ਸਗੋਂ ਸਮੁੰਦਰ ਵਿੱਚ ਜਾ ਵੜਿਆ। ਪਾਣੀ ਵਿੱਚ ਉਸਦੇ ਬੂਟ ਭਿੱਜ ਗਏ। ਕਿਨਾਰੇ ਉੱਤੇ ਲੋਕਾਂ ਦਾ ਇਕੱਠ ਉਸਦੇ ਮਗਰ ਪੈ ਗਿਆ। ਉਹਨਾਂ ਦੀਆਂ ਚੀਕਾਂ ਕੂਕਾਂ ਉਸਨੂੰ ਸੁਣਦੀਆਂ ਸਨ। ਸਮੁੰਦਰੀ ਪੰਛੀ ਉਸਦੇ ਸਿਰ ਉੱਪਰ ਮੰਡਰਾ ਰਹੇ ਸਨ। ਇੱਕ ਛੋਕਰੇ ਨੇ ਉੱਚੀ ਚੀਕਿਆ, "ਦੇਖੋ, ਦੇਖੋ ਉਸਦੇ ਡੁੱਬਣ ਤੋਂ ਪਹਿਲਾਂ ਕੁੱਝ ਕਰੋ"।

"ਉਹ ਹੈ ਕੌਣ? ਕਰ ਕੀ ਰਿਹਾ?"

"ਓਏ ਭਲੇਮਾਣਸਾ"

ਅਚਾਨਕ ਇੱਕ ਬੰਦਾ ਬੋਲਿਆ, "ਮੈਂ ਜਾਣਦਾ ਉਸਨੂੰ ਫ਼ੌਜੀ ਸਕੂਲ ਵਿੱਚ ਪੜ੍ਹਦਾ ਸੀ। ਦੇਖਦੇ ਨੀ ਉਹੀ ਬੂਟ ਪਾਏ ਹੋਏ ਨੇ। ਜਿਹੜੇ ਸਕੂਲ ਵਿੱਚ ਬਦੇਸ਼ੀ ਬਾਂਦਰ ਇਹਨਾਂ ਨੂੰ ਦਿੰਦੇ ਨੇ", "ਉਹਨਾਂ ਬਾਂਦਰਾਂ ਵਰਗੇ ਬਾਂਦਰ ਹੀ ਇਹ ਬਣਨਗੇ"। ਬਾਕੀਆਂ ਨੇ ਸਹਿਮਤੀ ਦਿੱਤੀ। ਤੈਨੂੰ ਇੱਥੇ ਡੁੱਬ ਮਰਨਾ ਹੀ ਸਿਖਾਇਆ ਉਹਨਾਂ, ਕਈਆਂ ਨੇ ਨਿਹੋਰਾ ਮਾਰਿਆ।

"ਮੂਰਖ ਕੁੱਤਿਆ ਸ਼ੀਤ ਪਾਣੀ ਵਿੱਚ ਖੜਾ ਬਰਫ਼ੀਲਾ ਬੁੱਤ ਬਣਜੇਗਾ। ਤੇਰੀ ਮਾਂ ਨੇ ਤੈਨੂੰ ਸਿਪਾਹੀ ਅਤੇ ਬਰਫ਼ੀਲੀ ਸਿੱਲ ਵਿੱਚ ਕੋਈ ਫ਼ਰਕ ਨਹੀਂ ਦੱਸਿਆ। ਬਰਫ਼ ਦੀ ਸਿੱਲ"

ਨੋਬਲ ਟੇਲੈਂਟ ਪਿੱਛੇ ਇਓਂ ਭਵਿਆਂ ਜਿਵੇਂ ਉਹਨਾਂ ਤੇ ਦਹਾੜਨਾ ਚਾਹੁੰਦਾ ਹੋਵੇ। ਉਸਦੇ ਗੁਸੈਲੇ ਭਾਵ ਦੇਖ ਭੀੜ ਪਿੱਛੇ ਹਟ ਗਈ। ਉਹ ਦਹਾੜਿਆ, "ਪਿੱਛੇ ਹਟ ਜਾਓ ਮੈਨੂੰ ਇੱਥੇ ਖੜਨ ਦਿਉ। ਮੈਂ ਉਹਨਾਂ ਦੇਸ਼ ਭਗਤਾਂ ਦੀ ਯਾਦ ਵਿੱਚ ਖੜਾਂ ਜੋ ਚੀਨ ਦੇ ਦੁਸ਼ਮਨਾਂ ਨਾਲ ਜੂਝਦੇ ਇਸ ਸਮੁੰਦਰ ਵਿੱਚ ਸ਼ਹੀਦੀਆਂ ਪਾ ਗਏ। ਮੈਂ ਉਹਨਾਂ ਸਾਥੀਆਂ ਨੂੰ ਸਰਧਾ ਭੇਂਟ ਕਰ ਰਿਹਾਂ ਜਿਹੜੇ ਵੈਰੀ ਨਾਲ ਲੜਦਿਆਂ ਕਟ ਮਰੇ"। ਜ਼ਰਾ ਕੁ ਠਹਿਰੋ ਮੈਂ ਚਲੇ ਜਾਣਾ। ਉਸਦਾ ਚਿਹਰਾ ਜੋਸ਼ ਨਾਲ ਦੱਗ ਰਿਹਾ ਸੀ। ਉਹ ਗੁੱਸੇ ਵਿੱਚ ਪਾਗਲ ਹੋ ਰਿਹਾ ਸੀ। ਲੋਕਾਂ ਨੇ ਸੋਚਿਆ ਉਹ ਬਿਨਾਂ ਅਗਵਾਈ ਵਾਲੇ ਕਮਾਂਡਰ ਤੋਂ ਆਪ ਮੁਹਾਰਾ ਪਾਗਲ ਫ਼ੌਜੀ ਹੈ।

ਉਹੀ ਬੰਦਾ ਅੱਗੇ ਆਇਆ, ਜਿਹੜਾ ਸ਼ਾਇਦ ਆਪ ਵੀ ਮਰੇ ਸਾਥੀਆਂ ਦਾ ਸੰਗੀ ਸੀ ਅਤੇ ਉਸਨੇ ਛੋਰਿਆਂ ਨੂੰ ਦਬਕਿਆ "ਭੱਜ ਜਾਉ, ਤਮਾਸ਼ੇ ਵਾਲੀ ਕਿਹੜੀ ਗੱਲ ਆ"

ਹਨੇਰਾ ਵੱਧਦਾ ਜਾ ਰਿਹਾ ਸੀ। ਨੋਬਲ ਟੇਲੈਂਟ ਫਿਰ ਸਮੁੰਦਰ ਵੱਲ ਮੁੜ ਪਿਆ। ਲਹਿਰਾਂ ਦਾ ਠੰਡਾ ਪਾਣੀ ਉਸਨੂੰ ਸ਼ਾਂਤ ਕਰ ਰਿਹਾ ਸੀ। ਨਾਲ ਹੀ ਉਸਦੀ ਸ਼ਰਮਿੰਦਗੀ ਅਤੇ ਜੋਸ਼ ਵੀ ਠੰਡਾ ਹੋ ਰਿਹਾ ਸੀ। ਉਸਨੇ ਸੋਚਿਆ ਕਿ ਉਸਨੇ ਬਹੁਤ ਦੇਰ ਕਰ ਦਿੱਤੀ।

ਫੌਜੀ ਟ੍ਰੇਨਿੰਗ, ਜਿਸ ਵਿੱਚ ਉਸਨੇ ਆਧੁਨਿਕ ਜੰਗ ਦੇ ਢੰਗ ਤਰੀਕੇ ਸਿੱਖੇ ਸਨ, ਨਾਲ ਉਸਨੂੰ ਲੱਗਦਾ ਸੀ ਕਿ ਉਹ ਲੜਾਈ ਦਾ ਪਾਸਾ ਪਲਟ ਸਕਦਾ ਹੈ। ਉਸਨੇ ਸਮੁੰਦਰੀ ਲੜਾਈ ਅਤੇ ਵਿਸਫੋਟਕ ਹਥਿਆਰਾਂ ਦੀ ਮੁਹਾਰਤ ਹਾਸਲ ਕੀਤੀ ਸੀ।

ਉਸਨੇ ਹਕਾਰਤ ਨਾਲ ਸਮੁੰਦਰ ਵਿੱਚ ਥੁੱਕਿਆ। ਉਸਦੀ ਟ੍ਰੇਨਿੰਗ ਦਾ ਕੀ ਫਾਇਦਾ? ਅੱਜ ਸਵੇਰੇ ਜਦੋਂ ਉਹ ਡਿਊਟੀ ਤੇ ਹਾਜ਼ਰ ਹੋਣ ਆਇਆ ਤਾਂ ਕੈਂਪ ਖਾਲੀ ਹੋ ਚੁੱਕਿਆ ਸੀ। ਉਸਦੇ ਕਾਮਰੇਡ ਸਾਥੀ ਜਾਂ ਤਾਂ ਸ਼ਹੀਦ ਹੋ ਚੁੱਕੇ ਸਨ ਜਾਂ ਜ਼ਖ਼ਮੀ ਹੋਏ ਹਸਪਤਾਲਾਂ ਵਿੱਚ ਪਏ ਸਨ। ਸਮੁੰਦਰੀ ਬੇੜੇ ਦਾ ਕੋਈ ਵੀ ਜੰਗੀ ਜਹਾਜ਼ ਬਾਕੀ ਨਹੀਂ ਸੀ ਬਚਿਆ। ਚੀਨ ਹਾਰ ਚੁੱਕਿਆ ਸੀ। ਉਹ ਉੱਚੀ ਚੀਕਿਆ "ਟ੍ਰੇਨਿੰਗ ਤੋਂ ਬਾਅਦ ਮੈਂ ਤਿੰਨ ਸਾਲ ਉਡੀਕਿਆ ਕਿ ਅਫ਼ਸਰ ਡਿਊਟੀ ਤੇ ਸੱਦਣਗੇ, ਪਰ ਬੇਕਾਰ, ਅਫ਼ਸਰ ਕਹਿੰਦੇ ਰਹੇ ਘਰ ਜਾਉ, ਉਡੀਕ ਕਰੋ। ਜਰਮਨੀ ਜਾਂ ਇੰਗਲੈਂਡ ਤੋਂ ਨਵੇਂ ਜਹਾਜ ਬਣਕੇ ਆਉਣਗੇ, ਉਦੋਂ ਤੱਕ ਉਡੀਕੋ"। ਚੀਨ ਦੇ ਸ਼ਹਿਨਸ਼ਾਹ ਦੇ ਮਹਿਲਾਂ ਦੀ ਉਸਾਰੀ ਪੂਰੀ ਹੋਵੇਗੀ ਤਾਂ ਹੀ ਨਵੇਂ ਜਹਾਜ਼ਾਂ ਵਾਸਤੇ ਪੈਸਾ ਮਿਲੇਗਾ। ਰਾਜ ਘਰਾਣੇ ਦੇ ਮੰਚੂ ਤੇ ਹੀਜੜੇ, ਲੋਕਾਂ ਨੂੰ ਝੂਠ ਬੋਲਦੇ ਰਹੇ ਅਤੇ ਖ਼ਜਾਨਾ ਲੁੱਟਦੇ ਰਹੇ ਅਤੇ ਫੌਜਾਂ ਨੂੰ ਮੋਰਚਿਆਂ ਤੇ ਕਾਗਜ਼ ਦੀਆਂ ਗੋਲ਼ੀਆਂ ਸਪਲਾਈ ਕਰਦੇ ਰਹੇ। "ਮੈਂ ਮੂਰਖ ਸੀ ਇਨ੍ਹਾਂ ਦੇ ਆਖੇ ਉਡੀਕ ਕਰਦਾ ਰਿਹਾ"। ਉਹ ਗੁਸੈਲਾ ਹਾਸਾ ਹੱਸਿਆ। ਉ ਹੁਣ ਹੋਰ ਨਹੀਂ ਮੈਂ ਉਡੀਕ ਸਕਦਾ", ਉਸਨੇ ਸਮੁੰਦਰ ਦੇ ਪਾਣੀ ਵਿੱਚ ਡੂੰਘਾ ਦੇਖਿਆ। ਉਸਨੂੰ ਸਾਰੇ ਕਾਮਰੇਡਾਂ ਦੀਆਂ ਹੱਡੀਆਂ ਖਿਲਰੀਆਂ ਦਿੱਸੀਆਂ। "ਸਾਥੀ ਤਾਂ ਇਹ ਪਏ ਨੇ ਸ਼ਹੀਦ ਹੋਏ ਪਰ, ਬਾਕੀ ਚੀਨੇ ਦੁਸ਼ਮਣਾ ਨੂੰ ਝੁੱਕ-ਝੁੱਕ ਸਲਾਮਾਂ ਕਰ ਰਹੇ ਨੇ", ਉਸ ਨੇ ਸੱਜੇ ਹੱਥ ਦੀ ਮੁੱਠੀ ਜੋਸ਼ ਨਾਲ ਹਵਾ ਵਿੱਚ ਲਹਿਰਾਈ।

**ਚੀਨ ਦੇ ਇੰਨਕਲਾਬ ਦਾ ਐਲਾਨ**

"ਸੁਣੋ ਮੇਰੇ ਮਰੇ ਕਾਮਰੇਡ ਸਾਥੀਓ, ਤੁਸੀਂ ਜਿਹੜੇ ਕੋਰੀਅਨ ਖਾੜੀ ਵਿੱਚ, ਜਪਾਨੀ ਦੁਸ਼ਮਣ ਨਾਲ ਲੜਦੇ ਚੀਨ ਤੋਂ ਜਾਨਾਂ ਕੁਰਬਾਨ ਕਰ ਗਏ। ਜਿਹੜੇ ਜਾਮਨ, ਪਾਇਗਾਂਗ, ਚੈਂਵਨ ਅਤੇ ਸਿਉਲ ਵਿੱਚ ਜਪਾਨੀਆਂ ਨਾਲ ਟੱਕਰ ਲੈਂਦਿਆਂ ਮਾਰੇ ਗਏ। ਉਹ ਵੀ ਜਿਹੜੇ ਜੂਲੂ ਦੀ ਸਮੁੰਦਰੀ ਲੜਾਈ ਵਿੱਚ ਸ਼ਹੀਦ ਹੋਏ। ਉਹ ਵੀ ਜਿਹੜੇ ਆਥਰਥਰ ਬੰਦਰਗਾਹ, ਵੇਹਾਵੇਈ, ਹਾਇਚਿੰਗ ਅਤੇ ਕਾਈਪਿੰਗ ਦੇ ਸ਼ਹੀਦੋ, ਸੁਣੋ, ਮੇਰਾ ਵਾਹਦਾ ਹੈ। ਥੋੜੀ ਇਕੱਲੇ ਇੱਕਲੇ ਦੀ ਸ਼ਹਾਦਤ ਦਾ ਗਿਣ-ਗਿਣ ਕੇ ਬਦਲਾ ਲਿਆ ਜਾਵੇਗਾ। ਚੀਨ ਫਿਰ ਅਜ਼ਾਦ ਹੋਊ ਅਤੇ ਤਕੜਾ ਹੋਊ। ਸੁਣੋ ਕਾਮਰੇਡੋ ਮੈਂ ਆਪਣੀ ਜ਼ਿੰਦਗੀ ਤੁਹਾਡੀਆਂ ਕੁਰਬਾਨੀਆਂ ਨੂੰ ਅਰਪਨ ਕਰ ਰਿਹਾਂ। ਤੁਹਾਡੇ ਸੁਪਨਿਆਂ ਦਾ ਚੀਨ ਸਿਰਜਾਂਗੇ ਸਾਥੀਓ ਤਾਂ ਹੀ ਤੁਹਾਨੂੰ ਅਮਨ ਚੈਨ ਨਸੀਬ ਹੋਵੇਗਾ"।

ਨੋਬਲ ਟੇਲੈਂਟ ਸੱਜਾ ਮੁੱਕਾ ਹਵਾ ਵਿੱਚ ਲਹਿਰਾਉਂਦਾ। ਕੁੱਝ ਚਿਰ ਹੋਰ ਪਾਣੀ ਵਿੱਚ ਖੜਾ ਰਿਹਾ ਅਤੇ ਸ਼ਾਂਤ ਹੋ; ਪਾਣੀ ਤੋਂ ਬਾਹਰ ਆ ਗਿਆ। ਉਸਨੇ ਚੀਨ ਵਾਸਤੇ ਮਰ ਮਿਟਣ ਦਾ ਹਲਫ਼ ਲੈ ਲਿਆ। ਤੇਜ਼-ਤੇਜ਼ ਤੁਰਦਾ, ਅੱਠਾਂ ਦਿਨਾਂ ਵਿੱਚ ਸੂਕੂ ਘਰ ਪਹੁੰਚ ਗਿਆ। ਰਾਹ ਵਿੱਚ ਸੋਚਦਾ ਆਇਆ ਸੀ ਕਿ ਉਸਨੇ ਘਰ ਜਾ ਕੇ ਕੀ




ਐਲਾਨ ਕਰਨਾ ਹੈ।

ਘਰ ਪਹੁੰਚਿਆ ਤਾਂ ਮਹਿਲਾਂ ਦੇ ਬਾਹਰੀ ਗੇਟ ਤੇ ਭੀੜ ਸੀ। ਇੱਕ ਮੱਧਰੀ ਅਤੇ ਤਕੜੇ ਜੁੱਸੇ ਵਾਲੀ ਔਰਤ ਪਾਗਲਾਂ ਹਾਰ ਉੱਛਲ ਕੁੱਦ ਰਹੀ ਬਾਹਵਾਂ ਹਵਾ ਵਿੱਚ ਮਾਰ ਰਹੀ ਸੀ। ਉਸਦਾ ਚਿਹਰਾ ਭਿਆਨਕ ਅਤੇ ਡਰਾਵਨਾਂ ਸੀ। ਉਸਦੇ ਫੇਫੜੇ ਛਲਣੀ ਹੋਈ ਧਮਣੀ ਵਾਂਗ ਵੱਜ ਰਹੇ ਸਨ। "ਕੁੱਤੇ, ਭੇਡਾਂ, ਬੱਕਰੀਆਂ, ਕੀ ਫਰਕ ਪੈਂਦਾ ਇਹਨਾਂ ਹਰਾਮ ਦਿਆਂ ਤੁਖਮਾਂ ਨੂੰ" ਉਸਨੇ ਜ਼ੋਰ ਨਾਲ ਗੇਟ ਦੇ ਪਰਦੇ ਤੇ ਥੁੱਕਿਆ। ਨੋਬਲ ਟੇਲੈਂਟ ਬੱਚ ਕੇ ਉਸ ਕੋਲੋਂ ਅੰਦਰ ਲੰਘਣ ਲੱਗਿਆ ਪਰ ਉਸਨੇ ਬਾਹੋਂ ਫੜ ਰੋਕ ਲਿਆ।

"ਅੰਦਰ ਨਾ ਜਾਹ" ਕਹਿੰਦੀ ਨੇ ਉਸ ਨੂੰ ਪਛਾਣ ਲਿਆ ਅਤੇ ਛੱਡ ਦਿੱਤਾ। ਡਰ ਗਈ ਸੀ ਉਹ ਘਸੁੰਨ ਨਾ ਜੜ੍ਹ ਦੇਵੇ। ਬੋਲਡ ਟੇਲੈਂਟ ਇਹ ਸੋਚਦਾ ਹੋਇਆ ਅਗਾਂਹ ਵੱਧ ਗਿਆ ਕਿ ਸ਼ਾਇਦ ਉਹ ਡਰਦੀ ਸੀ ਕਿ ਉਹ ਇੱਕ ਪਾਗਲ ਔਰਤ ਤੇ ਵਾਰ ਕਰਕੇ ਆਪਣੀ ਕਮੀਨਗੀ ਦਾ ਵਿਖਾਵਾ ਕਰ ਸਕਦਾ ਹੈ। ਜਿਉਂ ਹੀ ਉਹ ਅੰਦਰ ਗਿਆ ਔਰਤ ਫਿਰ ਸ਼ੁਰੂ ਹੋ ਗਈ "ਔਹ ਜਾਂਦਾ ਇੱਕ ਹੋਰ ਗੰਦਾ ਆਂਡਾ, ਸੱਪ, ਚੂਹੇ, ਮੇਮਨੇ, ਮੁਰਗੇ।"

ਘਰ ਦੇ ਵਿਹੜੇ ਵਿੱਚ ਇਕੱਲੀ ਫਾਸਟੋ ਸੀ। ਉਸਨੇ ਆਪਣੇ ਕੰਨ ਪਰਦੇ ਨਾਲ ਲਾਏ ਹੋਏ ਸਨ। ਉਹ ਬੋਲਡ ਟੇਲੈਂਟ ਨੂੰ ਦੇਖ ਕੇ ਠੰਠਬਰ ਗਈ ਅਤੇ ਅੰਦਰ ਨੂੰ ਭੱਜ ਗਈ। ਉਹ ਵੀ ਮਗਰੇ ਅੰਦਰ ਲੰਘ ਗਿਆ ਜਿਉਂ ਹੀ ਫਾਸਟੋ ਜਨਾਨਖ਼ਾਨੇ ਵਿੱਚ ਪਹੁੰਚੀ ਤਾਂ ਬੋਲ ਉੱਠੀ ਉਸੁਣ ਲਿਆ ਤੁਸੀਂ ਸਾਰੀਆਂ ਨੇ ਬਾਹਰ ਖ਼ਾਨਦਾਨ ਬਾਰੇ ਕੀ ਆਖਿਆ ਜਾ ਰਿਹਾ। ਸਾਰੇ ਘਰ ਵਿੱਚ ਘਸਮਾਨ ਜਿਹਾ ਮਚ ਗਿਆ। ਬੋਲਡ ਟੇਲੈਂਟ ਔਰਤਾਂ ਦੀਆਂ ਨਜ਼ਰਾਂ ਤੋਂ ਲੁਕਿਆ ਰਿਹਾ।

ਉਹ ਤਾਂ ਸਿਰਫ਼ ਨਵੇਂ ਰਾਜ ਪਿਤਾਮਾ ਬੋਲਡ ਟੇਲੈਂਟ ਨੂੰ ਲੱਭਣਾ ਚਾਹੁੰਦਾ ਸੀ। ਬੋਲਡ ਟੇਲੈਂਟ ਨੂੰ ਤਾਂ ਰਾਜ ਮਾਤਾ ਦੀ ਹਾਜ਼ਰੀ ਵਿੱਚ ਔਰਤਾਂ ਨੇ ਘੇਰਿਆ ਹੋਇਆ ਸੀ। "ਮੇਰੇ ਪੁੱਤਰ ਇਸ ਬਾਰੇ ਕੁੱਝ ਤਾਂ ਕਰ", "ਮਾਂ ਇਹ ਤਾਂ ਖ਼ਾਨਦਾਨੀ ਦਸਤੂਰ ਆ ਜੇ ਕਿਸੇ ਨੂੰ ਨੌਕਰੀਉਂ ਕੱਢ ਦਿੱਤਾ ਜਾਂਦਾ ਹੈ ਤਾਂ ਉਹ ਆਪਣੀ ਭੜਾਸ ਤਾਂ ਕੱਢਣ ਦਾ ਹੱਕ ਰੱਖਦਾ", "ਉਹਦਾ ਰੌਲਾ ਤਾਂ ਸੰਘਾਈ ਤੱਕ ਸੁਣਦਾ", "ਹਾਂ ਇਉਂ ਤਾਂ ਹੈ। ਪਰ ਜੇ ਮੈਂ ਉਸਦੀ ਜੁਬਾਨ ਬੰਦੀ ਕਰ ਦਿਆ ਅਤੇ ਇੱਥੋਂ ਭਜਾ ਦਿਆ ਤਾਂ ਹੋਰ ਵੀ ਬਦਨਾਮੀ ਹੋਊ" "ਜਿਵੇਂ ਮਰਜ਼ੀ ਕਰ ਪਰ ਇਸ ਬਾਰੇ ਜ਼ਰੂਰ ਕੋਈ ਕਾਰਵਾਈ ਕਰ" ਰਾਜਮਾਤਾ ਦਾ ਹੁਕਮ ਸੀ, ਬੋਲਡ ਟੇਲੈਂਟ ਨੇ ਹਾਂ ਵਿੱਚ ਸਿਰ ਹਲਾਇਆ ਅਤੇ ਫਾਸਟੋ ਨੂੰ ਅਵਾਜ਼ ਮਾਰੀਉ ਫਾਸਟੋ ਜਾਹ ਮੁੱਖ ਕੁਹਾਰ ਨੂੰ ਆਖ ਕਿ ਅੰਮਾਂ ਲੂ ਨੂੰ ਡੋਲੀ 'ਚ, ਬਿਠਾ ਕੇ ਸਨਮਾਨ ਨਾਲ ਉਸਦੇ ਘਰ ਛੱਡ ਕੇ ਆਵੇ।

ਨੋਬਲ ਟੇਲੈਂਟ ਦਾ ਇੰਨਾ ਗੱਲਾਂ ਵਿੱਚ ਕੋਈ ਧਿਆਨ ਨਹੀਂ ਸੀ ਉਸਨੇ ਸੋਚਿਆ ਕਿਉਂਕਿ ਚੀਨ ਲੜਾਈ ਹਾਰ ਗਿਆ ਹੈ ਅਤੇ ਲੋਕ ਆਪਣਾ ਗੁੱਸਾ ਕੱਢ ਰਹੇ ਹਨ। ਉਸਨੇ ਵੱਡੇ ਭਰਾ ਬੋਲਡ ਟੇਲੈਂਟ ਨੂੰ ਉਸਦੀ ਲਾਇਬ੍ਰੇਰੀ ਵਿੱਚ ਮਿਲਣ ਦਾ ਫੈਸਲਾ ਕੀਤਾ। ਜਦੋਂ ਉਹ ਪੁਲ ਉੱਤੋਂ ਲੰਘ ਰਿਹਾ ਸੀ ਤਾਂ ਸਪਰਿੰਗ ਮੂਨ ਆਉਂਦੀ ਮਿਲੀ "ਛੋਟੇ ਚਾਚੇ ਤੂੰ ਤਾਂ ਆ ਗਿਆ ਤੇਰੀ ਵਰਦੀ ਕਿੱਥੇ ਆ? ਕੋਈ ਗੱਲ ਨੀ ਪਹਿਲਾਂ ਮੇਰੇ ਨਾਲ ਜਨਾਨਾਖਾਨੇ ਚਲ ਕੇ ਦੇਖ। ਉੱਥੇ ਕੀ ਹੰਗਾਮਾ ਹੋ ਰਿਹਾ। ਆ ਛੇਤੀ ਆ ਮੇਰੇ ਨਾਲ" "ਸਪਰਿੰਗ ਮੂਨ ਤੈਨੂੰ ਸ਼ਰਮ ਨੀ ਆਉਂਦੀ ਦੇਸ਼ ਦੀ ਬਦਕਿਸਮਤੀ ਦੀ ਖਿੱਲੀ ਉਡਾਉਂਦੀ ਨੂੰ" ਸੁਣ ਕੇ ਸਪਰਿੰਗ ਮੂਨ ਕੰਬ ਗਈ ਪਰ ਛੇਤੀ ਹੀ ਸੰਭਲ ਗਈ ਨੋਬਲ ਟੇਲੈਂਟ ਵੀ ਕਹਿ ਕੇ ਪਛਤਾਇਆ "ਤੇਰਾ ਸਾਲਾਂ ਦੀ ਅੱਲੜ ਕੁੜੀ ਹੋਰ ਕਿਵੇਂ ਸੋਚ ਸਕਦੀ ਹੈ।"

"ਸਪਰਿੰਗ ਮੂਨ..." ਆਪਣਾ ਖ਼ੁਸ਼ਕ ਗਲਾ ਸਾਫ ਕਰਦਾ ਬੋਲਿਆ। "ਚਾਚਾ ਮੈਂ ਮਾੜੀ ਨੀਅਤ ਨਾਲ ਕੁੱਝ ਨਹੀਂ ਕਿਹਾ। ਮੈਂ ਮਾਫੀ ਮੰਗਦੀ ਆਂ" ਸੁਣ ਕੇ ਉਹ ਸ਼ਾਂਤ ਜਿਹਾ ਹੋ ਗਿਆ "ਸਪਰਿੰਗ ਮੂਨ ਮੈਂ ਸਭ ਤੋਂ ਪਹਿਲਾਂ ਬੋਲਡ ਟੇਲੈਂਟ ਨੂੰ ਮਿਲਣਾ ਚਾਹੁੰਦਾ ਹਾਂ, ਉਨਾਂ ਚਿਰ ਮੇਰੇ ਬਾਰੇ ਕਿਸੇ ਨੂੰ ਪਤਾ ਨਾ ਲੱਗੇ"।

"ਠੀਕ ਹੈ ਚਾਚਾ। ਕੀ ਮੈਂ ਉਹਨੂੰ ਤੇਰੇ ਕੋਲ ਭੇਜ ਦੇਵਾਂ। ਉਹ ਲਾਇਬਰੇਰੀ ਵਿੱਚ ਆ ਜਾਵੇ"। "ਹਾਂ ਹਾਂ" ਦਿੰਨ ਛੁਪਾ ਨਾਲ, ਜਦੋਂ ਅੰਮਾਂ ਲੂ ਭੇਜੀ ਜਾ ਚੁੱਕੀ ਸੀ ਤਾਂ ਦੋਵੇਂ ਭਰਾ ਇਕੱਠੇ ਹੋਏ। ਨੋਬਲ ਟੇਲੈਂਟ ਨੇ ਬੜੇ ਭਰੋਸੇ ਨਾਲ ਆਪਣਾ ਉਹ ਐਲਾਨ ਭਰਾ ਅੱਗੇ ਕਰ ਦਿੱਤਾ ਜੋ ਉਹ ਵਾਪਸੀ ਤੇ ਦੁਹਰਾਉਂਦਾ ਆਇਆ ਸੀ। ਉਸਨੇ ਦੇਖਿਆ ਕਿ ਜਦੋਂ ਉਹ ਬੋਲ ਰਿਹਾ ਸੀ ਤਾਂ ਵੱਡੇ ਭਰਾ ਤੇ ਕੋਈ ਖ਼ਾਸ ਅਸਰ ਨਹੀਂ ਸੀ ਹੋ ਰਿਹਾ, ਉਹ ਤਾਂ ਹੁੱਕੇ ਦੇ ਕੱਸ਼ ਲਗਾਉਣ ਵਿੱਚ ਮਸਤ ਸੀ। ਉਹ ਐਲਾਨ ਕਰ ਚੁੱਪ ਕਰ ਗਿਆ ਅਤੇ ਜਵਾਬ ਦੀ ਉਡੀਕ ਕਰਨ ਲੱਗਿਆ। ਦੋਵਾਂ ਵਿੱਚ ਇਕ ਲੰਬੀ ਚੁੱਪ ਪਸਰ ਗਈ।

ਬਾਹਰ ਸੰਘਣੇ ਹੋ ਰਹੇ ਹਨੇਰੇ ਵਿੱਚ ਚੌਂਕੀਦਾਰ ਦੇ ਹੋਕਰੇ ਗੂੰਜ ਰਹੇ ਸਨ। ਆਇਆ ਬਈ ਆਇਆ-ਜਾਗਦੇ ਰਹੋ। ਨਾਲੋ ਨਾਲ ਪੱਥਰਾਂ ਤੇ ਪੱਥਰਾਂ ਤੇ ਕੜਕਦੀ ਡਾਂਗ ਦਾ ਖੜਕਾ ਵੀ ਹੋ ਰਿਹਾ ਸੀ ਤਾਂ ਕਿ ਚੋਰ ਉੱਚੇਕੇ ਨਾਲ ਸਿੱਧੇ ਟਾਕਰੇ ਤੋਂ ਬਚਾਅ ਹੀ ਰਹੇ।

ਆਖਰਕਾਰ ਵੱਡਾ ਭਰਾ ਬੋਲਿਆ। ਉਸ ਨੇ ਗੱਲਾਂ ਤਾਂ ਸੱਚੀਆਂ ਹੀ ਆਖੀਆਂ। ਪਰ ਸਾਹਮਣੇ ਬੈਠੇ ਸਿਪਾਹੀ ਨੂੰ ਉਸਦੀਆਂ ਗੱਲਾਂ ਬੇ-ਮਾਹਨੀਆਂ ਲੱਗ ਰਹੀਆਂ ਸਨ, "ਸਾਰਾ ਕਸੂਰ ਤਾਂ ਸਾਡਾ ਆਪਦਾ। ਸਾਨੂੰ ਤਾਂ ਸਾਹਿਤ, ਪਰਿਵਾਰ ਅਤੇ ਸਾਡੇ ਪਿਛੋਕੜ ਦਾ ਹੀ ਖਿਆਲ ਆ। ਰਾਜ ਦੀ ਬਿਹਤਰੀ, ਬਦੇਸ਼ੀਆਂ ਤੋਂ ਰੱਖਵਾਲੀ ਅਤੇ ਨਿਆਂ ਵਿਵਸਥਾ ਤਾਂ ਅਸੀਂ ਨੌਕਰਾਂ ਹੱਥ ਸੌਂਪ ਰੱਖੀ ਆ... ਅਸੀਂ ਤਾਂ ਪੁਰਾਤਨ ਰੂੜੀਆਂ ਅਤੇ ਮਿਥਿਹਾਸ ਵਿੱਚ ਹੀ ਗ਼ਲਤਾਨ ਰਹਿੰਦੇ ਆਂ। ਪਰ ਨੋਬਲ ਟੇਲੈਂਟ ਦਾ ਮਨ ਤਾਂ ਉਬਾਲਾ ਖਾ ਰਿਹਾ ਸੀ। ਉਸਦੀ ਸੱਜੇ ਹੱਥ ਦੀ ਮੁੱਠੀ ਉਵੇਂ ਕੱਸ ਕੇ ਵੱਟੀ ਉੱਚੀ ਉੱਠ ਗਈ ਜਿਵੇਂ ਸਮੁੰਦਰ ਵਿੱਚ ਖੜ੍ਹੇ ਦੀ ਸੀ। ਸਾਡਾ ਖਾਨਦਾਨ, ਚੰਗ ਰਾਜ ਘਰਾਣਾ ਵੀ ਭੂਰੇ ਬੌਣਿਆਂ ਅੱਗੇ ਝੁੱਕੇਗਾ ਨਹੀਂ, ਨਹੀਂ ਇਉਂ ਨੀ ਹੋ ਸਕਦਾ"। ਪਰ ਉਸ ਦੀ ਅੰਦਰੋਂ ਉੱਠੀ ਹੂਕ ਅੰਦਰ ਹੀ ਦੱਬੀ ਰਹੀ। ਉਸ ਨੇ ਦੇਖਿਆ ਵੱਡੇ ਭਰਾ ਤੇ ਕੋਈ ਅਸਰ ਨਹੀਂ ਸੀ। ਉਹ ਹੁੱਕੇ ਦੇ ਕੱਸ਼ ਭਰਦਾ ਬੋਲਦਾ ਗਿਆ। "ਅਜੋਕਾ ਸਮਾਜ ਸਾਨੂੰ ਮਰਜ਼ੀ ਮੁਤਾਬਿਕ ਜਿਉਣ ਨਹੀਂ ਦਿੰਦਾ ਪਰ ਸਾਨੂੰ ਇਸਦਾ ਗਿਆਨ ਨਹੀਂ। ਸਾਡਾ ਜੀਵਨ ਤਾਂ ਕੁਲੀਆਂ ਵਰਗਾ ਹੈ ਜਿਹੜੇ ਗੰਦੀਆਂ ਨਾਲੀਆਂ ਵਿੱਚ ਸੌਂਦੇ ਨੇ। ਗੰਦੇ ਘ੍ਰਿਣਤ ਅਤੇ ਕੋਹੜੀ ਪਰ, ਸੁਪਨੇ ਲੈਂਦੇ ਨੇ ਕਿ ਉਹ ਰਾਜੇ ਨੇ ਤੇ ਰਿਸ਼ੀ ਨੇ"।

"ਮੇਰੇ ਭਰਾ ਅਸੀਂ" ਨੋਬਲ ਟੇਲੈਂਟ ਬੇਬੱਸ ਹੋਇਆ ਚੀਖ ਉੱਠਿਆ "ਤੂੰ ਤੇ ਮੈਂ ਸਾਡਾ ਖਾਨਦਾਨ ਉਹਨਾਂ ਵਾਂਗ ਨਹੀਂ। ਸਾਡਾ ਪਿਉ ਸੁੱਤਾ ਨਾ ਸੀ। ਨਾ ਅਸੀਂ ਸੌਂ ਸਕਦੇ ਆਂ। ਸਾਨੂੰ ਜ਼ਰੂਰ ਕੁੱਝ ਕਰਨਾ ਚਾਹੀਦਾ"।

"ਤੂੰ ਕੀ ਚਾਹੁੰਨਾ ਅਸੀਂ ਕੀ ਕਰੀਏ। ਮੈਂ ਸੁਧਾਰ ਲਾਗੂ ਕਰਨੇ ਚਾਹੇ। ਪਿਆ ਕੋਈ ਫ਼ਰਕ? ਅੱਜ ਸਵੇਰੇ ਦੇਖਿਆ ਤੂੰ ਕੀ ਹੰਗਾਮਾ ਹੋਇਆ?" ਉਤੇ ਤੂੰ ਖੜ੍ਹਾ ਸਭ ਕੁਝ ਦੇਖਦਾ ਸੁਣਦਾ ਰਿਹਾ, ਉਹ "ਲਜਲੂਲ ਬੋਲਦੀ ਰਹੀ। ਤੂੰ ਕੀਤਾ ਕੱਖ ਨਾ। ਮੈਨੂੰ ਤੇਰੀ ਸਮਝ ਨਹੀਂ ਆਉਂਦੀ"। "ਇਹ ਕੋਈ ਮਾੜੀ ਗੱਲ ਨੀ ਅੰਮਾਂ ਨੂੰ ਹੱਕ ਹੈ ਵਧੀਕੀ ਖਿਲਾਫ਼ ਬੋਲੇ। ਮੈਨੂੰ ਕੀ ਹੱਕ ਹੈ ਮੈਂ ਸੁੱਤੇ ਕੁਲੀ ਨੂੰ ਜਗਾਉਂਦਾ ਫਿਰਾਂ? ਸੁਪਨੇ ਲੈਣੇ ਕੋਈ ਮਾੜੀ ਗੱਲ ਨਹੀਂ। ਕੌੜੀ ਸੱਚਾਈ ਦਾ ਕੀ ਫਾਇਦਾ ਜੇ ਉਹ ਧਰਵਾਸ ਨਾ ਦੇਵੇ। ਆਤਮਕ ਸ਼ੁੱਧੀ ਤੋਂ ਬਿਨਾਂ ਮਨ ਸਾਫ਼ ਕਿਵੇਂ ਕੀਤਾ ਜਾ ਸਕਦਾ ਹੈ?"

ਸਹਿਜ਼ ਨਾਲ ਨੋਬਲ ਟੇਲੈਂਟ ਉੱਠ ਖੜ੍ਹਾ ਹੋਇਆ ਅਤੇ ਆਪਣੇ ਆਪ ਤੇ ਕਾਬੂ ਰੱਖਦਾ ਹੋਇਆ ਬੋਲਿਆ "ਭਰਾ ਆਤਮਕ ਸ਼ੁੱਧੀ ਕੀ ਕਰੂ, ਜੇ ਸੁੱਤੇ ਪਏ ਕੁੱਲੀ ਤੇ ਮਾਸ ਖੋਰੇ ਕੁੱਤੇ ਝੱਪਟ ਪੈਣ? ਸਵੇਰੇ ਹੁੰਦਿਆਂ ਉਸ ਦੀਆਂ ਹੱਡੀਆਂ ਖਿਲਰੀਆਂ ਹੋਣਗੀਆਂ ਅਤੇ ਦਬਾ ਦਿੱਤੀਆਂ ਜਾਣਗੀਆਂ"। ਉਹ ਖੜਾ ਵੱਡੇ ਭਾਈ ਦੇ ਹਾਵ ਭਾਵ ਪੜ੍ਹਦਾ ਰਿਹਾ ਅਤੇ ਅੰਦਰਲੇ ਤੂਫਾਨ ਨੂੰ ਦਬਾਉਂਦਾ ਰਿਹਾ। ਉਸਨੇ ਦੇਖਿਆ ਕਿ ਰਾਜ ਮੁਖੀ ਤੋਂ ਕੋਈ ਆਸ ਨਹੀਂ ਹੈ ਤਾਂ ਬੇਚੈਨੀ ਦੀ ਹਾਲਤ ਵਿੱਚ ਆਪਣੇ ਕਮਰੇ ਵਿੱਚ ਜਾ ਪਿਆ। ਸਾਰੀ ਰਾਤ ਸੌਂ ਨਾ ਸਕਿਆ ਸਵੇਰ ਹੋਣ ਤੋਂ ਪਹਿਲਾਂ ਕਿਸੇ ਦੇ ਮੱਥੇ ਲੱਗਣ ਤੋਂ ਖਿਸਕਦਾ ਉਹ ਬਾਹਰ ਉੱਠ ਤੁਰਿਆ। ਬੱਸ ਉਹ ਘਰ ਤੋਂ ਦੂਰ ਜਾਣਾ ਚਾਹੁੰਦਾ ਸੀ। ਦਿਨ ਚੜਾ ਵੇਲੇ ਉਹ ਸਰਕਾਰੀ ਅਹਾਤੇ ਵਿੱਚ ਜਾ ਪਹੁੰਚਿਆ। ਗੇਟ ਅਜੇ ਬੰਦ ਸੀ ਪਰ ਕੁੱਝ ਲੋਕ ਪਹੁੰਚੇ ਹੋਏ ਬੋਰਡਾਂ ਤੇ ਲੱਗੇ ਨੋਟਿਸ ਪੜ੍ਹ ਰਹੇ ਸਨ। ਨੋਟਿਸ ਆਮ ਸਨ, ਟੈਕਸਾਂ ਬਾਰੇ, ਮੁਕੱਦਮਿਆਂ, ਸੂਚਨਾਵਾਂ ਅਤੇ ਕਾਰੋਬਾਰੀਆਂ ਦੀਆਂ ਮਸ਼ਹੂਰੀਆਂ ਆਦਿ। ਉਹ ਸਰਸਰੀ ਨਜ਼ਰੇ ਨੋਟਿਸ ਦੇਖਦਾ ਰਿਹਾ। ਉਸੇ ਵੇਲੇ ਇਕ ਨਵਾਂ ਨੋਟਿਸ ਬੋਰਡ ਤੇ ਲਾਉਣ ਵਾਸਤੇ ਆ ਗਿਆ। ਉਸਨੇ ਸੁਰਖੀ ਪੜੀ ਅਤੇ ਪੂਰਾ ਪੜ੍ਹਨ ਵਾਸਤੇ ਇਕ ਨਕਲ ਖਰੀਦ ਲਈ। "ਇਹ ਕੀ ਹੋ ਗਿਆ? ਹਾਰ ਉੱਪਰ ਹਾਰ ਝੱਲਦਾ ਚੀਨ ਇੰਨਾ ਕਿਵੇਂ ਗਿਰ ਗਿਆ? ਜੰਗ ਬੰਦੀ ਦੀਆਂ ਐਨੀਆਂ ਕੌੜੀਆਂ ਸ਼ਰਤਾਂ ਚੀਨ ਕਿਵੇਂ ਮੰਨ ਗਿਆ?" ਕਾਗਜ਼ ਨੂੰ ਹੱਥ ਵਿੱਚ ਮਰੋੜੀ ਉਹ ਵਾਹੋ ਦਾਹੀ ਘਰ ਨੂੰ ਭੱਜ ਉੱਠਿਆ। ਵੱਡਾ ਭਰਾ ਬਾਗ ਵਿੱਚ ਕਸਰਤ ਕਰ ਰਿਹਾ ਸੀ। "ਵੱਡੇ ਭਰਾ ਆਹ ਕੀ........"
"ਤੂੰ ਥੋੜ੍ਹੀ ਦੇਰ ਰੁੱਕ ਨਹੀਂ ਨਹੀਂ ਸਕਦਾ"
"ਨਹੀਂ ਨਹੀਂ ਇਹ ਬੜੀ ਜ਼ਰੂਰੀ ਆ ਕਹਿੰਦੇ ਨੇ, ਉਸ ਨੇ ਨੋਟਿਸ ਬੋਲਡ ਟੇਲੈਂਟ ਦੇ ਹੱਥ ਫੜਾ ਦਿੱਤਾ। "ਪੜ੍ਹ ਇਸ ਨੂੰ ਛੇਤੀ ਪੜ੍ਹ"। ਚੀਨ ਦਾ ਹਾਂਗਕਾਂਗ ਗਿਆ, ਲੀ, ਲੀਓ-ਚੀ, ਅਨਾਮ, ਬਰਮਾਂ, ਕੋਰੀਆ, ਕੋਆਇਮੀ, ਮਤਸੂ, ਤਾਇਵਾਨ ਸਾਰੇ ਇਲਾਕੇ ਖੁੱਸ ਗਏ। ਜਿਵੇਂ ਜਿਵੇਂ ਵੱਡਾ ਭਰਾ ਚੀਨ ਤੋਂ ਖੋਹੇ ਇਲਾਕੇ ਬੋਲਦਾ ਗਿਆ ਨੋਬਲ ਟੇਲੈਂਟ ਨੂੰ ਲੱਗਦਾ ਸੀ ਕਿ ਉਸ ਦੇ ਪਿੰਡੇ ਤੇ ਛਾਂਟੇ ਮਾਰੇ ਜਾ ਰਹੇ ਹਨ। ਉਸ ਨੂੰ ਤਰੇਲ਼ੀਆਂ ਛੁੱਟ ਰਹੀਆਂ ਸਨ। ਨੋਟਿਸ ਪੜ੍ਹ ਕੇ ਬੋਲਡ ਟੇਲੈਂਟ ਨੇ ਰੱਖ ਦਿੱਤਾ। ਉ ਵੀਹ ਕਰੌੜ ਚਾਂਦੀ ਦੇ ਟੀਅਲ ਕਿੱਥੋਂ ਆਉਣਗੇ? ਇੰਨੀ ਵੱਡੀ ਰਕਮ ਚੀਨ ਦੀ ਸਾਲਾਨਾ ਆਮਦਨ ਤੋਂ ਤਿੰਨ ਗੁਣਾ ਜਿਆਦਾ ਹੈ; ਕਿੱਥੋਂ ਆ "ਇਹ ਰਕਮ?" ਦੁਖੀ ਹੋ ਕੇ ਉਸ ਨੇ ਆਖਿਆ।

ਨੋਬਲ ਟੇਲੈਂਟ ਨੇ ਹੈਰਾਨ ਹੁੰਦਿਆਂ ਭਰਾ ਵੱਲ ਦੇਖਿਆ, ਜੰਗ ਦਾ ਹਰਜਾਨਾ ਇੰਨਾ ਵੱਡਾ। ਇਹ ਅਮਨ ਸੰਧੀ ਹੈ? ਇਹ ਤਾਂ ਚੀਨ ਨੂੰ ਖਤਮ ਕਰਨ ਦਾ ਫਤਵਾ ਹੈ। ਉ ਭਰਾ ਮੈਂ ਨੀ ਜਾਣਦਾ ਕਿੱਥੋਂ ਆ "ਹਰਜਾਨੇ ਦੀ ਰਕਮ"। ਕਹਿੰਦੇ ਨੇ ਉਸ ਨੇ ਭਰਾ ਵੱਲੋਂ ਪਿੱਠ ਭਵਾਂ ਲਈ ਅਤੇ ਬਾਹਰ ਨਿਕਲ ਗਿਆ। ਸੋਚਿਆ ਭਰਾ ਵੀ ਕੁੱਝ ਕਰਨ ਜੋਗਾ ਨਹੀਂ ਰਿਹਾ। ਇਹ ਦੁਸ਼ਮਣ ਦੀ ਨੀਅਤ ਨਹੀਂ ਸਮਝਦਾ।

**ਕੈਂਟਨ ਚੀਨ ਦੇ ਇੰਨਕਲਾਬ ਦਾ ਧੁਰਾ:**

ਨੋਬਲ ਟੇਲੈਂਟ ਮਨੋ ਮਨੀ ਫੈਸਲਾ ਲੈ ਚੁੱਕਿਆ ਸੀ ਕਿ ਹੁਣ ਉਸ ਨੇ ਕੀ ਕਰਨਾ ਹੈ। ਇਕ ਘੰਟੇ ਦੇ ਸੰਘਰਸ਼ ਤੋਂ ਬਾਆਦ ਉਸ ਨੇ ਦੱਖਣ ਵੱਲ ਨੂੰ ਕੈਂਟਨ ਪਹੁੰਚਣ ਦਾ ਫੈਸਲਾ ਕਰ ਲਿਆ। ਕੈਂਟਨ ਜਿੱਥੋਂ ਦੇ ਲੋਕ ਚੀਨ ਦੇ ਸ਼ਹਿਨਸ਼ਾਹ ਤੋਂ ਬਾਗੀ ਨੇ। ਉਸ ਨੇ ਸੁਣਿਆ ਹੋਇਆ ਸੀ ਕਿ ਕੈਂਟਨ ਵਿੱਚ ਅੰਡਰ ਗਰਾਊਂਡ ਕਮੇਟੀਆਂ ਹਨ ਜੋ ਇਨਕਲਾਬ ਲਈ ਜੂਝ ਰਹੀਆਂ ਹਨ। ਉਸ ਨੇ ਇਹ ਵੀ ਸੋਚ ਲਿਆ ਕਿ ਉਹ ਖਾਨਦਾਨ ਨੂੰ ਆਖੇਗਾ ਕਿ ਵਪਾਰ ਕਰਨ ਦੇ ਇਰਾਦੇ ਨਾਲ ਜਾ ਰਿਹਾ ਹੈ। ਆਪਣੇ ਭਵਿੱਖ ਦਾ ਫੈਸਲਾ ਕਰਕੇ ਉਹ ਸ਼ਾਂਤ ਹੋ ਗਿਆ। ਉਸ ਨੂੰ ਯਕੀਨ ਸੀ ਕਿ ਇਨਕਲਾਬੀਆਂ ਦਾ ਸਾਥੀ ਬਣਕੇ ਹੀ ਉਹ ਖਾਨਦਾਨ ਨੂੰ ਲੱਗਣ ਵਾਲੇ ਦੇਸ਼ਧ੍ਰੋਹੀ ਧੱਬੇ ਤੋ ਮੁੱਕਤ ਰੱਖ ਸਕਦਾ ਹੈ। ਹੁਣ ਉਹ ਚੈਨ ਵਿੱਚ ਸੀ। ਅੱਜ ਤੱਕ ਉਹ ਆਪਣੀ ਮਾਂ ਦੇ ਸਾਥ ਵਿੱਚ ਘੱਟ ਹੀ ਰਿਹਾ ਸੀ। ਉਸ ਦੀ ਮਾਂ ਪਿਤਾਮਾ ਦੀ ਤੀਜੀ ਪਤਨੀ ਸੀ। ਖਾਨਦਾਨ ਵਿੱਚ ਉਹ ਪਤਨੀ ਵੱਜੋਂ ਘੱਟ, ਸਗੋਂ ਪਿਤਾਮਾ ਦੀ ਦਾਸੀ ਵਾਂਗ ਹੀ ਵਿਚਰਦੀ ਨੂੰ ਉਸ ਨੇ ਦੇਖਿਆ ਸੀ। ਖਾਨਦਾਨ ਦੇ ਲੋਕਾਂ ਕੋਲੋਂ ਉਸ ਨੇ ਮਾਂ ਬਾਰੇ ਕਾਫੀ ਗੱਲਾਂ ਸੁਣੀਆਂ ਹੋਈਆਂ ਸਨ। ਮਾਂ ਦੇ ਪੇਕੇ ਚੰਗ ਖਾਨਦਾਨ ਦੇ ਨੌਕਰ ਸਨ। ਪਿਉ ਪਿਤਾਮਾ ਦਾ ਰਖਵਾਲਾ ਸੀ ਅਤੇ ਉਸ ਨੂੰ ਬਚਾਉਂਦਿਆਂ ਆਪ ਮਾਰਿਆ ਗਿਆ ਸੀ। ਕੋਈ ਆਖਦਾ ਹਮਲਾਵਰ ਡਾਕੂਆਂ ਨੇ ਮਰਿਆ, ਕੋਈ ਆਖਦਾ ਸ਼ੇਰ ਦੇ ਹਮਲੇ ਤੋਂ ਬਚਾਉਂਦਾ ਮਾਰਿਆ ਗਿਆ। ਮਾਂ ਉਸ ਦੀ ਛੋਟੀ ਹੁੰਦੀ ਦੀ ਮਰ ਚੁੱਕੀ ਸੀ। ਅਨਾਥ ਨੂੰ ਚੰਗ ਖਾਨਦਾਨ ਨੇ ਸ਼ਰਨ ਵਿੱਚ ਰੱਖ ਲਿਆ। ਖਾਨਦਾਨ ਵਾਲੇ ਮਾਂ ਨੂੰ 'ਸਿਲਕਨ ਡਾਨ' ਕਰਕੇ ਸੱਦਿਆ ਕਰਦੇ ਸਨ। ਨੋਬਲ ਟੇਲੈਟ ਮਾਂ ਬਾਰੇ ਸੁਣਿਆਂ ਕਹਾਣੀਆਂ ਵਿੱਚ ਘੱਟ ਹੀ ਯਕੀਨ ਕਰਦਾ ਸੀ। ਉਸ ਨੂੰ ਇਹ ਪੱਕ ਪਤਾ ਸੀ ਕਿ ਮਾਂ ਦਾ ਵਿਆਹ ਸੋਲਾਂ ਸਾਲ ਦੀ ਉਮਰੇ ਤਿੰਨ ਗੁਣਾਂ ਵੱਡੇ ਪਿਤਾਮਾ ਨਾਲ ਹੋਇਆ ਸੀ ਅਤੇ ਇਹ ਵੀ ਕਿ ਮਾਂ ਜਦੋਂ ਵਿਧਵਾ ਹੋਈ ਉਸ ਦੀ ਉਮਰ ਚਾਲੀ ਸਾਲਾਂ ਦੀ ਸੀ।

ਇਨਕਲਾਬ ਲਈ ਸਮਰਪਤ ਹੋ ਜਾਣ ਤੇ ਹੁਣ ਉਸ ਨੂੰ ਇਨ੍ਹਾਂ ਗੱਲਾਂ ਵਿੱਚ ਕੋਈ ਰੁੱਚੀ ਨਹੀਂ ਸੀ। ਉਸ ਨੇ ਪੱਕ ਕਰ ਲਿਆ ਕਿ ਚੀਨ ਦੇ ਸ਼ਹਿਨਸ਼ਾਹ ਦਾ ਨੌਕਰ ਨਹੀਂ ਬਣੇਗਾ, ਵਿਆਹ ਨਹੀਂ ਕਰਵਾਏਗਾ ਅਤੇ ਉਸ ਦੀ ਕੋਈ ਸੰਤਾਨ ਨਹੀਂ ਹੋਵੇਗੀ ਕਿਉਂਕਿ ਇਕ ਸਿਪਾਹੀ ਅਤੇ ਇਨਕਲਾਬੀ ਨੂੰ ਹਮੇਸ਼ਾ ਮਰਨ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ।

ਸਿਮੋਨੋਂਸਕੀ ਦੀ ਸੰਧੀ ਨੇ ਇਹ ਸਿੱਧ ਕਰ ਦਿੱਤਾ ਕਿ ਅਮਨ ਖਰੀਦਿਆ ਨਹੀਂ ਜਾ ਸਕਦਾ। ਚੀਨ ਚਾਰੇ ਪਾਸਿਓਂ ਹੜੱਪਣ ਵਾਲਿਆਂ ਨੇ ਘੇਰਿਆ ਹੋਇਆ ਸੀ। ਅਗਲੇ ਸਾਲ ਉਸ ਦਾ ਸੂਕੂ ਸ਼ਹਿਰ ਵੀ ਬਾਈ ਹੋਰ ਇਲਾਕਿਆਂ ਵਾਂਗ ਬਦੇਸ਼ੀਆਂ ਦੇ ਕਬਜ਼ੇ ਹੇਠ ਚਲਿਆ ਗਿਆ। ਬਦੇਸ਼ੀ ਹਾਕਮ ਚੀਨ ਦੇ ਕਾਨੂੰਨ ਤੈਅ ਕਰਦੇ ਸਨ, ਟੈਕਸ ਲਾਉਂਦੇ ਸਨ ਅਤੇ ਚੀਨ ਦਾ ਕਿਹੜਾ ਇਲਾਕਾ ਕਿਸ ਨੇ ਸਾਂਭਣਾ ਹੈ ਇਹ ਵੀ ਬਦੇਸ਼ੀ ਹੀ ਫੈਸਲਾ ਕਰਦੇ ਸਨ।

ਆਖਰਕਾਰ ਵੱਡੇ ਭਾਈ ਬੋਲਡ ਟੇਲੈਂਟ ਨੂੰ ਵੀ ਹੋਰਨਾਂ ਇਲਾਕਿਆਂ ਦੇ ਚੀਨ ਹਿਤੈਸ਼ੀ ਬੁੱਧੀਜੀਵੀਆਂ ਵਾਂਗ ਖੁਫੀਆ ਸੰਗਠਨਾਂ ਵਿੱਚ ਰਲਣਾ ਪਿਆ। ਇਹਨਾਂ ਸੰਗਠਨਾਂ ਵਿੱਚ ਚੀਨ ਦੀ ਬੰਦਖਲਾਸੀ ਲਈ ਭਖਵੀਆਂ ਬਹਿਸਾਂ ਛਿੜਦੀਆਂ ਸਨ। ਸੰਸਾਰ ਦੇ ਉੱਘੇ ਅਜ਼ਾਦੀ ਘੁਲਾਟੀਆਂ ਬਾਰੇ ਵਿਚਾਰਾਂ ਹੁੰਦੀਆਂ ਸਨ। ਜਿਵੇਂ ਜੈਫਰਸਨ, ਨਿਪੋਨੀਅਨ ਆਦਿ। ਕੰਫਿਊਸ਼ੀਅਸ਼ ਅਤੇ ਪੱਛਮੀ ਵਿਚਾਰਧਾਰਾ ਦਾ ਅਧਿਐਨ ਕੀਤਾ ਜਾਂਦਾ ਸੀ।

ਕੁੱਤੇ ਦਾ ਸਾਲ 1898 ਆਉਂਦੇ-ਆਉਂਦੇ ਚੀਨ ਦੇ 18 ਵਿੱਚੋਂ 13 ਸੂਬੇ ਵਿਦੇਸ਼ੀ ਕਬਜ਼ੇ ਵਿੱਚ ਜਾ ਚੁੱਕੇ ਸਨ। ਚੰਗ ਖਾਨਦਾਨ ਦੇ ਸ਼ਾਹੀ ਮਹਿਲਾਂ ਵਿੱਚ ਰਹਿੰਦੇ ਲੋਕ ਪਹਿਲਾਂ ਵਾਂਗ ਹੀ ਜ਼ਿੰਦਗੀ ਗੁਜ਼ਾਰ ਰਹੇ ਸਨ ਅਤੇ ਬੁਢਾਪੇ ਵੱਲ ਜਾ ਰਹੇ ਸਨ।

# ਕਾਰਪੋਰੇਟ ਕੁਰੱਪਸ਼ਨ ਅਤੇ ਪੌਲਟਿਕਸ

ਸਫ਼ਾ 1 ਦੀ ਬਾਕੀ

ਕਲਚਰ ਦੀ ਹੀ ਦੇਣ ਹੈ। ਇੰਨਾਂ ਨਫਾ ਲਕੋਣ ਲਈ ਫਿਰ ਇਹਨਾਂ ਕੰਪਨੀਆਂ ਨੂੰ ਗਲੋਬਆਲਾਈਜੇਸ਼ਨ ਨੇ ਰਾਹ ਪੱਧਰਾ ਕਰ ਦਿੱਤਾ ਹੈ । ਪੈਸਾ ਕਿਸੇ ਹੋਰ ਮੁਲਕ ਚੋਂ ਕਮਾਇਆ ਜਾਂਦਾ ਹੈ ਅਤੇ ਟੈਕਸ ਦੇ ਪੇਪਰ ਕਿਤੇ ਹੋਰ ਦੇਸ਼ ਵਿੱਚ ਭਰੇ ਜਾਂਦੇ ਹਨ ਅਤੇ ਦੂਜੇ ਪਾਸੇ ਸਰਕਾਰ ਦੀਆਂ ਟੈਕਸ ਏਜੰਸੀਆਂ ਕਦੇ ਕਿਸੇ ਟਰੱਕ ਡਰਾਇਵਰ ਨੂੰ ਘੇਰ ਲੈਂਦੀਆਂ ਹਨ ਜਾਂ ਕਿਸੇ ਮਾੜੇ ਮੋਟੇ ਪੀਜ਼ਾ ਸਟੋਰ ਵਾਲ਼ੇ ਨੂੰ। ਆਮ ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਖਿਚੜੀ ਕਿੱਥੇ ਰਿੱਝ ਰਹੀ ਹੈ। ਬੜੀ ਹੀ ਬੇਸ਼ਰਮੀਂ ਨਾਲ਼ ਕਦੇ ਘੱਟੋ ਘੱਟ ਉਜਰਤ ਨੂੰ ਘਟਾਉਣ ਦੀ ਗੱਲ ਕੀਤੀ ਜਾਂਦੀ ਹੈ ਕਦੇ ਫਾਰਮ ਵਰਕਰਾਂ ਦਾ ਕੰਪਨਸੇਸ਼ਨ ਬੰਦ ਕਰਨ ਦੀ ਗੱਲ ਕੀਤੀ ਜਾਂਦੀ ਹੈ, ਜਾਣੀ ਕਿ ਲੋਕ ਜਾਣ ਢੱਠੇ ਖੂਹ ਵਿੱਚ ਪਰ ਸਰਮਾਏਦਾਰਾਂ ਨੂੰ ਘਾਟਾ ਨਹੀਂ ਪੈਣਾ ਚਾਹੀਦਾ। ਕਾਰਪੋਰੇਸ਼ਨਾਂ ਦੀਆਂ ਇਹਨਾਂ ਚਾਲ ਬਾਜੀਆਂ ਕਰਕੇ ਸੰਸਾਰ ਆਰਥਿਕਤਾ ਨੂੰ ਲੱਗ ਭੱਗ ਢਾਈ ਟਿਰੱਲੀਅਨ ਡਾਲਰ ਦਾ ਖੋਰਾ ਲੱਗਦਾ ਹੈ ਜਾਂ ਦੁਨੀਆਂ ਭਰ ਦੀ ਜੀ ਡੀ ਪੀ ਦਾ 5% ਸਿਰਫ ਵੱਡੀ ਘੋਗੀ ਤੇ ਖਰਚ ਹੁੰਦਾ ਹੈ। ਐਸ ਟਾਇਮ ਜਿਹਨਾਂ ਕੰਪਨੀਆਂ ਤੇ ਹੇਰਾ ਫੇਰੀ ਕਰਨ ਦੇ ਦੋਸ਼ਾਂ ਦੀ ਪੜਤਾਲ਼ ਹੋ ਰਹੀ ਹੈ ਉਹ ਹਨ 1 ਜੌਹਨਸਨ ਐਂਡ ਜੌਹਨਸਨ 2 ਰੈਲਫ ਲੌਰੇਨ 3 ਵਾਲਮਾਰਟ ਮੈਕਸੀਕੋ ਅਤੇ ਕੈਨੇਡਾ ਦੀ ਐਸ ਐਨ ਸੀ ਲੈਵਲੇਨ। ਅਮਰੀਕਾ ਦੀ ਇੱਕ ਦਵਾਈਆਂ ਦੀ ਕੰਪਨੀ ਹੈ ਜਿਸਨੇ ਮੰਨਿਆ ਹੈ ਉਸਨੇ ਯੂਰਪ ਦੇ ਡਾਕਟਰਾਂ ਨੂੰ ਰਿਸ਼ਵਤ ਦਿੱਤੀ ਹੈ, ਜਦ ਉਸਦੇ ਉਲਟ ਲਾਅ ਸੂਟ ਫਾਈਲ ਕੀਤੀ ਗਈ ਤਾਂ ਉਸ ਕੰਪਨੀ ਨੂੰ 70 ਮਿਲੀਅਨ ਡਾਲਰ ਦਾ ਜੁਰਮਾਨਾ ਹੋਇਆ। ਇਹਨਾਂ ਤੋਂ ਬਿਨਾ ਦਸ ਬਾਰਾਂ ਹੋਰ ਡਰੱਗ ਕੰਪਨੀਆਂ ਦੇ ਕੰਮਾਂ ਕਾਰਾਂ ਦੀ ਵੀ ਪੜਤਾਲ਼ ਹੋ ਰਹੀ ਹੈ। ਜੌਹਨਸਨ ਐਂਡ ਜੌਹਨਸਨ ਨੇ ਇਹ ਮੰਨਿਆ ਹੈ ਕਿ ਉਸਨੇ ਡਾਕਟਰਾਂ ਨੂੰ ਕੈਸ਼ ਪੇਮੈਂਟਾਂ ਕੀਤੀਆਂ ਹਨ ਤਾਂ ਕਿ ਉਹ ਪੇਸੈਂਟਾਂ ਨੂੰ ਉਹਨਾਂ ਦੀਆਂ ਦਵਾਈਆਂ ਰਕਮੈਂਡ ਕਰਨ।

ਐਸ ਐਨ ਸੀ ਲੈਵਲੇਨ ਦਾ ਰਿਸ਼ਵਤ ਦੇ ਮਾਮਲੇ ਵਿੱਚ ਰਿਕਾਰਡ ਬੇਹੱਦ ਮਾੜਾ ਹੈ । ਇਸ ਕੰਪਨੀ ਦਾ ਜੇਕਰ ਥੋੜਾ ਜਿਹਾ ਕੱਚਾ ਚਿੱਠਾ ਫਰੋਲੀਏ ਤਾਂ ਪਤਾ ਲੱਗਦਾ ਹੈ ਤਾਂ ਇਸਨੇ ਲਿਬੀਆ ਦੇ ਪ੍ਰਧਾਨ ਗਦਾਫੀ ਦੇ ਮੁੰਡੇ ਸਾਦੀ ਗਦਾਫੀ ਨੂੰ, ਏਅਰਪੋਰਟ ਤੇ ਪਾਈਪ ਲਾਈਨ, ਵਾਟਰਵਰਕਸ, ਇਨਫਰਾਸਟਰੱਕਚਰ ਦਾ ਠੇਕਾ ਲੈਣ ਲਈ 50 ਮਿਲੀਅਨ ਡਾਲਰ ਦੀ ਰਿਸ਼ਵਤ ਦਿੱਤੀ। ਇਸ ਕੰਪਨੀ ਤੇ ਤਾਂ ਇਹ ਇਲਜ਼ਾਮ ਵੀ ਲੱਗਦਾ ਹੈ ਕਿ ਇਸ ਕੰਪਨੀ ਨੇ ਕੰਟਰੈਕਟ ਲੈਣ ਲਈ ਕੁੜੀਆਂ ਵੀ ਸਪਲਾਈ ਕੀਤੀਆਂ । ਥੋੜਾ ਜਿਹਾ ਹੋਰ ਨਜ਼ਰ ਮਾਰੀਏ :-

1 ਸਨ 2004 ਵਿੱਚ ਏਸ਼ੀਅਨ ਬੈਂਕ ਪਰੌਜੈਕਟ ਲਈ ਰਿਸ਼ਵਤ ਦਿੱਤੀ

2 ਸਨ 2010 ਵਿੱਚ ਰਿਸ਼ਵਤ ਦਾ ਦੋਸ਼ ਕਬੂਲ ਕੇ ਸੈਟਲਮੈਂਟ ਕੀਤੀ

3 ਸਨ 2009 ਵਿੱਚ ਮੈਕਗਿੱਲ ਹੌਸਪਿਟਲ ਬਣਾਉਣ ਲਈ ਕੈਨੇਡਾ ਦੇ ਅਫਸਰਾਂ ਨੂੰ ਰਿਸ਼ਵਤ ਦਿੱਤੀ

4 ਸਨ 2004-2014 ਤੱਕ ਫੈਡਰਲ ਚੋਣਾਂ ਵਿੱਚ ਗੈਰਕਾਨੂੰਨੀ ਡੋਨੇਸ਼ਨਾਂ ਦਿੱਤੀਆਂ

ਗਦਾਫੀ ਦੇ ਮੁੰਡੇ ਦੀ ਸੌਕਰ ਟੀਮ ਸਪੌਂਸਰ ਕੀਤੀ ਜਦੋਂ ਕਿ ਕੁੱਝ ਸਾਲ ਪਹਿਲਾਂ ਸਾਦੀ ਦੇ ਬੌਡੀਗਾਰਡਾਂ ਨੇ ਦਰਸ਼ਕਾਂ ਦੇ ਗੋਲੀ ਚਲਾ ਕੇ 50 ਬੰਦੇ ਮਾਰ ਦਿੱਤੇ ਸਨ ।

ਲੱਗਭੱਗ ਸਾਰੀਆਂ ਹੀ ਕੰਪਨੀਆਂ ਰਿਸ਼ਵਤ ਦੇ ਕੇ ਕਾਂਟਰੈਕਟ ਲੈਂਦੀਆਂ ਹਨ, ਇੱਕ ਹੋਰ ਕੰਪਨੀ ਕੇ ਬੀ ਆਰ ਨੇ ਰਿਸ਼ਵਤ ਦੇ ਕੇ ਨਾਈਜੀਰੀਆ ਵਿੱਚ ਗੈਸ ਪਲਾਂਟ ਦੀ ਕੰਸਟਰੱਕਸ਼ਨ ਦਾ ਠੇਕਾ ਲਿਆ, ਬਾਅਦ ਵਿੱਚ ਫੜੇ ਜਾਣ ਤੇ 402 ਮਿਲੀਅਨ ਦਾ ਜੁਰਮਾਨਾ ਭਰਿਆ। ਸੀਮਨ ਏ ਜੀ ਕੰਪਨੀ ਨੇ ਅਰਜਨਟਾਇਨਾਂ ਦੇ ਪ੍ਰਧਾਨ ਨੂੰ 100 ਮਿਲੀਅਨ ਡਾਲਰ ਦੀ ਰਿਸ਼ਵਤ ਦੇ ਕੇ ਆਈ ਡੀ ਕਾਰਡ ਬਨਾਉਣ ਦਾ ਠੇਕਾ ਲਿਆ ਜਦ ਕਿ ਟੋਟਲ ਠੇਕਾ ਇੱਕ ਬਿਲੀਅਨ ਡਾਲਰ ਦਾ ਸੀ । ਰੋਲਜ਼ ਰੋਇਸ ਨੇ 671 ਮਿਲੀਅਨ ਡਾਲਰ ਦੀ ਰਿਸ਼ਵਤ ਐਕਸਪੋਰਟ ਕਾਂਟਰੈਕਟ ਲੈਣ ਲਈ ਦਿੱਤੀ । ਇਸ ਤਰਾਂ ਤਾਂ ਮਲਟੀਨੈਸ਼ਨਲ ਕੰਪਨੀਆਂ ਦੀਆਂ ਰਿਸ਼ਵਤਾਂ ਦੇ ਵਾਰੇ ਬਹੁਤ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਇਹ ਤਾਂ ਥੋੜੀਆਂ ਜਿਹੀਆਂ ਹੀ ਉਦਾਹਰਣਾਂ ਸਨ ਜਿਹੜਾ ਥੋੜਾ ਬਹੁਤਾ ਰੌਲ਼ਾ ਐਸ ਐਨ ਸੀ ਲੈਵਲੇਨ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਾਰੇ ਪਾਇਆ ਹੋਇਆ ਹੈ। ਇਸ ਹਮਾਮ ਵਿੱਚ ਸਾਰੇ ਹੀ ਨੰਗੇ ਹਨ, ਪਰ ਜਿਹੜਾ ਫੜਿਆ ਗਿਆ ਉਹੀ ਚੋਰ ਹੈ।

ਜੇਕਰ ਆਪਾਂ ਇਹਨਾਂ ਕਾਂਟਰੈਕਟਾਂ ਦੀ ਗੱਲ ਕਰੀਏ ਤਾਂ ਇਹ ਰਿਸ਼ਵਤ ਨਿੱਕੇ ਨਿੱਕੇ ਠੇਕਿਆਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ, ਜਿਵੇਂ ਕਲੀਨ-ਅੱਪ ਦੇ ਠੇਕੇ, ਟਰੱਕਾਂ ਦੀਆਂ ਕੰਪਨੀਆਂ ਦੇ ਢੋਆ-ਢੁਆਈ ਦੇ ਠੇਕੇ, ਖਾਂਣਾਂ ਖੋਦਣ ਦੇ ਠੇਕੇ ਅਦਿ। ਇਹ ਠੇਕੇ ਸਪਲਾਈ ਵਗੈਰਾ ਦੇ ਜਦ ਕੀਮਤਾਂ ਘਟਾ ਕੇ ਲਏ ਜਾਂਦੇ ਹਨ ਤਾਂ ਫਿਰ ਇਸ ਘਾਟੇ ਨੂੰ ਪੂਰਾ ਕਰਨ ਲਈ ਵਰਕਰਾਂ ਦਾ ਕਚੂਮਰ ਕੱਢਿਆ ਜਾਂਦਾ ਹੈ । ਵਰਕਰਾਂ ਨੂੰ ਕੋਈ ਸਹੂਲਤਾਂ ਵੀ ਨਹੀਂ ਦਿੱਤੀਆਂ ਜਾਂਦੀਆਂ। ਪੈਸੇ ਦੀ ਪਰਧਾਨਗੀ ਵਾਲ਼ੇ ਸਮਾਜ ਦਾ ਇਹ ਬਹੁਤ ਗਲਤ ਵਰਤਾਰਾ ਹੈ। ਇਸੇ ਨਫੇ ਕਮਾਉਣ ਦੀ ਦੌੜ ਵਿੱਚ ਟੁਟੀਆਂ ਹੋਈਆਂ ਸੜਕਾਂ ਬਣਾਈਆਂ ਜਾਂਦੀਆਂ ਹਨ, ਚਲਦੀ ਹੋਈ ਟਰੈਫਿਕ ਤੇ ਬਹੁਤ ਵਾਰ ਬਰਿਜ ਡਿੱਗ ਪੈਂਦੇ ਹਨ। ਗੈਰ ਕਨੂੰਨੀ ਤੌਰ ਤੇ ਖਾਣਾਂ ਦੀ ਖੁਦਾਈ ਕਰਨ ਕਰਕੇ ਬਹੁਤ ਵਾਰ ਮਜ਼ਦੂਰ ਬੁਰੀ ਤਰਾਂ ਟਰੈਪ ਹੋ ਜਾਂਦੇ ਹਨ। ਇਹਨਾਂ ਕਾਰਪੋਰੇਸ਼ਨਾਂ ਦੀਆਂ ਦਲਾਲ ਸਰਕਾਰਾਂ, ਆਪਦੇ ਇਸ ਗੰਦੇ ਸਿਸਟਮ ਦੀ ਕਾਇਮੀ ਲਈ ਭਾੜੇ ਦੇ ਕਾਤਲ ਇਕੱਠੇ ਕਰਕੇ ਦੰਗੇ ਕਰਵਾਉਂਦੀਆਂ ਹਨ, ਲੋਕਾਂ ਨੂੰ ਧਰਮਾਂ ਜਾਂ ਫਿਰਕਿਆਂ ਵਿੱਚ ਵੰਡ ਕੇ ਆਪਦਾ ਤੋਰੀ ਫੁਲਕਾ ਚਲਦਾ ਰੱਖਦੀਆਂ ਹਨ। ਜਿਹੜੀਆਂ ਸਰਕਾਰਾਂ ਇਹਨਾਂ ਕਾਰਪੋਰੇਸ਼ਨਾਂ ਦੇ ਇਸ਼ਾਰਿਆਂ ਤੇ ਨਹੀਂ ਚਲਦੀਆਂ, ਉਹਨਾਂ ਦੇ ਤਖਤੇ ਉਲਟਾਏ ਜਾਂਦੇ ਹਨ । ਇਰਾਕ ਦੇ ਤੇਲ ਨੂੰ ਲੁੱਟਣ ਲਈ ਪਹਿਲਾਂ ਸਦਾਮ ਹੁਸੈਨ ਨੂੰ ਬਦਨਾਮ ਕੀਤਾ ਗਿਆ ਕਿਉਂਕਿ ਮੀਡੀਏ ਤੇ ਵੀ ਕਬਜ਼ਾ ਕਾਰਪੋਰੇਸ਼ਨਾਂ ਦਾ ਹੈ ਜਾਂ ਫਿਰ ਉਸਨੂੰ ਫਾਂਸੀ ਚਾੜਿਆ ਗਿਆ, ਫਿਰ ਇੱਕ ਪੱਪਟ ਸਰਕਾਰ ਕਾਇਮ ਕਰਕੇ ਤੇਲ ਦੇ ਖੂਹ ਇਹਨਾਂ ਅਮਰੀਕਨ ਅਤੇ ਯੂਰਪੀਅਨ ਕੰਪਨੀਆਂ ਦੇ ਹਵਾਲੇ ਕੀਤੇ ਗਏ। ਇਹੀ ਗੰਦੀ ਸਿਅਸਤ ਲਿਬੀਆ ਵਿੱਚ ਖੇਡੀ ਗਈ। ਸੀਰੀਆ ਅੱਜ ਵੀ ਜਲ਼ ਰਿਹਾ ਹੈ, ਇਰਾਕ, ਲਿਬੀਆ ਅਤੇ ਸੀਰੀਆ ਵਿੱਚ ਮਿਲੀਅਨ ਤੋਂ ਉਪਰ ਲੋਕਾਂ ਦੀ ਕੁਰਬਾਨੀ ਦਿੱਤੀ ਗਈ ਹੈ, ਇਹਨਾਂ ਸਤਰਾਂ ਲਿਖਦੇ ਸਮੇਂ ਤੱਕ ਵੈਨਜ਼ੂਏਲਾ ਵਿੱਚ ਜੀਆ ਘਾਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ । ਅੱਜ ਦੁਨੀਆਂ ਨੂੰ ਖਤਮ ਕਰਨ ਵਿੱਚ ਪਲਾਸਟਿੱਕ ਬਨਾਉਣ ਵਾਲ਼ੀਆਂ ਕੰਪਨੀਆਂ ਬਹੁਤ ਵੱਡਾ ਰੋਲ ਨਿਭਾ ਰਹੀਆਂ ਹਨ ਕਿਉਂਕਿ ਇੱਕ ਟਨ ਪਲਾਸਟਿੱਕ ਹਰ ਘੰਟੇ ਬਾਅਦ ਸਮੁੰਦਰ ਵਿੱਚ ਡੰਪ ਹੋ ਰਿਹਾ ਹੈ੍ਹ ਸਾਇੰਸਦਾਨਾਂ ਦੀ ਇੱਕ ਰਿਪੋਰਟ ਮੁਤਾਬਿਕ ਜੇਕਰ ਪਰਦੂਸ਼ਣ ਦੀ ਸਪੀਡ ਇਹੀ ਰਹੀ ਤਾਂ ਇਸ ਸਦੀ ਦੇ ਅੰਤ ਤੇ ਇਸ ਧਰਤੀ ਤੋਂ ਸਭ ਤਰਾਂ ਦੀ ਜ਼ਿੰਦਗੀ ਦਾ ਵੀ ਅੰਤ ਹੋ ਜਾਵੇਗਾ ਜ਼ ਪਰ ਕੌਣ ਇਹਨਾਂ ਕੰਪਨੀਆਂ ਨੂੰ ਰੋਕੇ ਕਿਉਂਕਿ ਇਹ ਸਾਡੇ ਚੁਣੇ ਹੋਏ ਲੀਡਰ ਇਹਨਾਂ ਪਲਾਸਟਿੱਕ ਬਨਾਉਣ ਵਾਲ਼ੀਆਂ ਕੰਪਨੀਆਂ ਤੋਂ ਵੱਡੇ ਵੱਡੇ ਚੰਦੇ ਲੈਂਦੇ ਹਨ। ਇਸ ਅਖੌਤੀ ਲੋਕਤੰਤਰ ਦਾ ਸੁਆਦ ਲੋਕਾਂ ਨੇ ਦੇਖ ਲਿਆ ਹੈ। ਇਸ ਸਾਰੇ ਗੰਦੇ ਸਿਸਟਮ ਦਾ ਬਦਲ ਸਿਰਫ ਇੱਕ ਸਮਾਜਵਾਦੀ ਸਿਸਟਮ ਹੈ, ਜਿੱਥੇ ਪੈਸੇ ਦੀ ਪਰਧਾਨਗੀ ਨਾਂ ਹੋ ਕੇ ਲੋਕ ਭਲਾਈ ਹੀ ਮੁਖ ਨਿਸ਼ਾਨਾਂ ਹੁੰਦੀ ਹੈ। ਇਹ ਲੋਕਤੰਤਰ ਇੱਕ ਪਖੰਡ ਹੈ, ਇਹ ਲੋਕਤੰਤਰ ਸਿਰਫ ਅਮੀਰਾਂ ਲਈ ਹੁੰਦਾ ਹੈ, ਗਰੀਬਾਂ ਲਈ ਤਾਂ ਇਹ ਇੱਕ ਲਾਲੀ ਪੌਪ ਤੋਂ ਵੱਧ ਕੁੱਝ ਨਹੀਂ। ਇਸ ਨਾਮਨਿਹਾਦ ਲੋਕਤੰਤਰ ਵਿੱਚ ਪੈਸੇ ਵਾਲ਼ੇ ਹੇਰਾ ਫੇਰੀ ਨਾਲ਼ ਨੌਮੀਨੇਸ਼ਨ ਜਿੱਤਦੇ ਹਨ, ਪੈਸੇ ਦੇ ਜ਼ੋਰ ਨਾਲ਼ ਚੋਣਾਂ ਜਿੱਤਦੇ ਹਨ, ਇਹ ਪੈਸਾ ਇਹਨਾਂ ਨੂੰ ਇਹ ਕਾਰਪੋਰੇਸ਼ਨਾਂ ਦਿੰਦੀਆਂ ਹਨ ਅਤੇ ਫਿਰ ਇਹ ਕਾਰਪੋਰੇਸ਼ਨਾਂ ਆਪਦੇ ਇਹਨਾਂ ਰਾਕਨੀਤਿਕ ਜਮੂਰਿਆਂ ਤੋਂ ਫੇਵਰ ਲੈਂਦੀਆਂ ਹਨ। ਆਮ ਲੋਕ ਇਹਨਾਂ ਲਹੂ ਤਿਰਹਾਈਆਂ ਕਾਰਪੋਰੇਸ਼ਨਾਂ ਲਈ ਵੋਟ ਬੈਂਕ ਤੋਂ ਵੱਧ ਕੁੱਝ ਵੀ ਨਹੀਂ ਹਨ । ਬਾਲਗ ਹੋ ਰਹੀ ਇਸ ਨਵੀਂ ਪੀੜੀ ਅੱਗੇ ਬਹੁਤ ਚੁਣੌਤੀਆਂ ਤੇ ਜ਼ਿਮੇਵਾਰੀਆਂ ਹਨ। ਇਸ ਨਵੀਂ ਪੀੜੀ ਨੇ ਆਪਦੇ ਗਿਆਨ ਨੂੰ ਪ੍ਰਚੰਡ ਕਰਨਾ ਹੈ, ਲੋਕਾਂ ਨੂੰ ਇਹਨਾਂ ਕਾਰਪੋਰੇਸ਼ਨਾਂ ਦੇ ਲਾਲਚੀ ਅਤੇ ਫਾਸ਼ੀ ਇਰਾਦਿਆਂ ਤੋਂ ਜਾਣੂ ਕਰਾਉਣਾ ਹੈ, ਇੱਕ ਬਹੁਤ ਹੀ ਲੰਬੀ ਲੜਾਈ ਲਈ ਤਿਆਰ ਕਰਨਾਂ ਹੈ । ਇਸ ਲੜਾਈ ਲਈ ਸਾਰੀ ਦੁਨੀਆਂ ਹੀ ਇੱਕ ਫਰੰਟ ਹੈ , ਕੋਈ ਇੱਕ ਮੁਲਕ ਜਾਂ ਖਿੱਤਾ ਨਹੀਂ ।

# ਵਿਛੜ ਚੁੱਕੇ ਲੋਕ ਕਵੀ ਕ੍ਰਿਸ਼ਨ ਕੋਰਪਾਲ ਨੂੰ ਯਾਦ ਕਰਦਿਆਂ

ਕਸਬਾ ਭਦੌੜ ਦਾ ਜੰਮਪਲ ਕ੍ਰਿਸ਼ਨ ਕੋਰਪਾਲ ਇਨਕਲਾਬੀ/ਲੋਕਪੱਖੀ ਗੀਤਾਂ ਦੇ ਰਚੇਤਾ ਵਜੋਂ ਪੰਜਾਬ ਦਾ ਨਾਮਵਰ ਕਵੀ ਸੀ।

'ਕਾਹਦੀਆਂ ਨੇ ਲੋਹੜੀਆਂ ਤੇ ਕਾਹਦੀਆਂ ਦੀਵਾਲੀਆਂ
ਅਸੀਂ ਤਾਂ ਗਰੀਬਾਂ ਨੇ ਗਰੀਬੀ 'ਚ ਲੰਘਾਤੀਆਂ'

ਵਰਗ, ਮਿਹਨਤਕਸ਼ ਤਬਕੇ ਦੀ ਜ਼ਿੰਦਗੀ ਦਾ ਦਰਦ ਬਿਆਨ ਕਰਦੇ ਸੈਂਕੜੇ ਗੀਤਾਂ ਦਾ ਉਹ ਲੇਖਕ ਲੋਹੜੀ ਵਾਲੇ ਦਿਨ 12 ਜਨਵਰੀ, 2009 ਨੂੰ 57 ਸਾਲ ਦੀ ਉਮਰ ਵਿਚ ਸਦੀਵੀ ਵਿਛੋੜਾ ਦੇ ਗਿਆ।ਜਿਗਰ ਦੀ ਬਿਮਾਰੀ ਕਾਰਨ ਦਾਖਲ, ਪੀ.ਜੀ.ਆਈ. ਹਸਪਤਾਲ ਚੰਡੀਗੜ੍ਹ ਉਸਨੇ ਆਖਰੀ ਸਾਹ ਲਏ। ਉਦੋਂ ਤੋਂ ਹੀ ਹਰ ਸਾਲ ਕਸਬਾ ਭਦੌੜ ਵਿਖੇ ਪੰਜਾਬ



ਲੋਕ ਸਭਿਆਚਾਰ ਮੰਚ ਵਲੋਂ ਲੋਕ ਸੰਗੀਤ ਮੰਡਲੀ ਭਦੌੜ ਦੇ ਪ੍ਰਬੰਧ ਹੇਠ ਕ੍ਰਿਸ਼ਨ ਕੋਰਪਾਲ ਨੂੰ, ਵਿਛੜ ਚੁੱਕੇ ਦੋ ਹੋਰ ਸਾਥੀਆਂ ਕ੍ਰਿਸ਼ਨ ਬਰਗਾੜੀ ਅਤੇ ਅਧਿਆਪਕ ਆਗੂ ਹਰਦੀਪ ਹੰਡਿਆਇਆ ਸਮੇਤ ਪ੍ਰਭਾਵਸ਼ਾਲੀ ਨਾਟਕ ਤੇ ਗੀਤ ਸੰਗੀਤ ਸਮਾਗਮ ਆਯੋਜਿਤ ਕਰਕੇ ਯਾਦ ਕੀਤਾ ਜਾਂਦਾਹੈ। ਕ੍ਰਿਸ਼ਨ ਕੋਰਪਾਲ ਕੋਲ ਗੀਤ ਰਚਣ ਦੀ ਕਲਾ ਬਚਪਨ ਤੋਂ ਹੀ ਸੀ। ਉਹ ਸੱਤਵੀਂ/ਅੱਠਵੀਂ ਜਮਾਤ ਵਿਚ ਹੀ ਪੜ੍ਹਦਾ ਸੀ, ਜਦ ਉਸਦੀ ਲਿਖੀ ਕਵਿਤਾ ਭਦੌੜ ਸਕੂਲ ਵਿਖੇ ਸਵੇਰ ਦੀ ਸਭਾ ਵਿਚ ਪ੍ਰਾਰਥਨਾ ਵਜੋਂ ਗਾਈ ਜਾਂਦੀ ਸੀ। ਕ੍ਰਿਸ਼ਨ ਕੋਰਪਾਲ ਨੇ ਇਨਕਲਾਬੀ ਗੀਤ ਲਿਖਣ ਦੀ ਸ਼ੁਰੂਆਤ ਲੋਕ ਸੰਗੀਤ ਮੰਡਲੀ ਭਦੌੜ ਦੇ ਹੋਂਦ ਵਿਚ ਆਉਣ ਤੋਂ ਹੀ ਇਸ ਦੇ ਬਾਨੀ ਲੇਖਕ ਵਜੋਂ ਕੀਤੀ। ਕੋਰਪਾਲ ਵਲੋਂ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਅਗਵਾਈ ਵਿਚ ਪੀ.ਐਸ.ਯੂ. ਵਲੋਂ ਚਲਾਏ ਮੋਗਾ ਘੋਲ ਸਬੰਧੀ ਛਾਪੇ ਪ੍ਰਿਥੀਪਾਲ ਰੰਧਾਵਾ ਦੇ ਕਿੱਸੇ ਦੀ ਪੰਜਾਬ ਦੇ ਅਗਾਂਹਵਧੂ ਹਲਕਿਆਂ ਅੰਦਰ ਵਿਸ਼ੇਸ਼ ਚਰਚਾ ਚੱਲੀ ਅਤੇ ਕ੍ਰਿਸ਼ਨ ਕੋਰਪਾਲ ਲੋਕਾਂ ਦੀ ਸ਼ਲਾਘਾ ਦਾ ਪਾਤਰ ਬਣਿਆ। ਇਸ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਸਮੇਂ ਲੋਕ ਸਭਿਆਚਾਰ ਮੰਚ ਅਤੇ ਲੋਕ ਸੰਗੀਤ ਮੰਡਲੀ ਭਦੌੜ ਦੀ ਪੇਸ਼ਕਸ਼ ਕਿਤਾਬ/ਕਾਵਿ ਸੰਗ੍ਰਹਿ 'ਉਠੋ ਨੌਜਵਾਨੋ' ਵੀ ਬਹੁਤ ਮਕਬੂਲ ਹੋਈ। ਕ੍ਰਿਸ਼ਨ ਕੋਰਪਾਲ ਜਿਥੇ ਲੋਕ ਸੰਗੀਤ ਮੰਡਲੀ ਭਦੌੜ ਵਲੋਂ ਰਿਕਾਰਡ ਕਰਵਾਇਆਂ ਦਰਜਨਾਂ ਆਡੀਓ ਕੈਸੇਟਾਂ ਦੇ ਗੀਤਾਂ ਦਾ ਲੇਖਕ ਸੀ, ਉਥੇ ਕਮਾਲ ਦਾ ਸਟੇਜੀ ਗਾਇਕ ਵੀ ਸੀ। ਉਸਨੇ ਇਨ੍ਹਾਂ ਟੇਪ ਰੀਲਾਂ ਵਿਚ ਕਈ ਗੀਤ ਖੁਦ ਵੀ ਗਾਏ। ਉਸਦੀ ਸੁਰੀਲੀ ਆਵਾਜ਼ ਤੇ ਅੰਦਾਜ਼ ਹਜ਼ਾਰਾਂ ਲੋਕਾਂ ਦੇ ਇਕੱਠ ਨੂੰ ਕੀਲਣ ਦੇ ਸਮਰੱਥ ਸੀ। ਉਸਦੇ ਲਿਖਤੇ ਗੀਤ ਫ਼ਿਲਮਾਂ ਤੱਕ ਵੀ ਰਿਕਾਰਡ ਹੋਏ ਪਰ ਉਸਨੇ ਕਿਸੇ ਲਾਲਚ ਜਾਂ ਬਜ਼ਾਰ ਸ਼ੁਹਰਤ ਨੂੰ ਆਪਣੀ ਸੋਚ ਦੇ ਨੇੜੇ ਤੱਕ ਨਹੀਂ ਲੱਗਣ ਦਿੱਤਾ। ਸਗੋਂ ਇਕ ਪੈਸਾ ਵੀ ਲਏ ਬਿਨਾਂ ਸਮਾਜ ਸੇਵੀ ਭਾਵਨਾ, ਦ੍ਰਿੜਤਾ ਅਤੇ ਸਿਦਕਦਿਲੀ ਨਾਲ ਆਪਣੀ ਲਿਖਣ ਕਲਾ ਨੂੰ ਲੋਕ ਹਿੱਤਾਂ ਲਈ ਵਰਤਿਆ। ਪਰਿਵਾਰਕ ਵਿਰਸੇ ਵਿਚੋਂ ਪ੍ਰਾਪਤ ਆਪਣੇ ਮਿਹਨਤਕਸ਼ ਪੱਖੀ/ਲੋਕਪੱਖੀ ਸੁਭਾਅ ਕਾਰਨ ਕੋਰਪਾਲ ਨੇ ਇਸੇ ਦ੍ਰਿਸ਼ਟੀਕੋਣ ਤੋਂ ਖੇਤਾਂ ਵਿਚ ਕੰਮ ਕਰਦੇ ਕਿਸਾਨ, ਮਜ਼ਦੂਰ ਮਰਦ ਤੇ ਔਰਤਾਂ ਦੀ ਜ਼ਿੰਦਗੀ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਨੇੜਿਓਂ ਤੱਕਿਆ। ਇਸੇ ਕਰਕੇ ਕੋਰਪਾਲ ਦੇ ਗੀਤਾਂ ਵਿਚ ਕਿਸਾਨ, ਉਸਦੇ ਸੀਰੀ ਅਤੇ ਖੇਤਾਂ ਬੰਨ੍ਹਿਆਂ ਵਿਚ ਕੰਮ ਕਰਦੀਆਂ ਔਰਤਾਂ ਦੀਆਂ ਸਮੱਸਿਆਵਾਂ ਭਰੀ ਜ਼ਿੰਦਗੀ ਦੀ ਝਲਕ, ਉਨ੍ਹਾਂ ਦੇ ਸਭਿਆਚਾਰ ਦਾ ਪ੍ਰਗਟਾਵਾ ਅਤੇ ਉਨ੍ਹਾਂ ਨੂੰ ਆਪਣੀ ਤਕਦੀਰ ਬਦਲਣ ਲਈ ਉੱਠਣ ਦਾ ਸੁਨੇਹਾ ਮਿਲਦਾ ਹੈ। ਬੇਰੁਜ਼ਗਾਰ ਅਧਿਆਪਕ ਯੂਨੀਅਨ ਵਲੋਂ 1978 ਵਿਚ ਚਲਾਏ ਜੇਲ੍ਹ ਭਰੋ ਅੰਦੋਲਨ ਸਮੇਂ ਲੋਕ ਸੰਗੀਤ ਮੰਡਲੀ ਭਦੌੜ ਵਲੋਂ ਦਰਜਨਾਂ ਪਿੰਡਾਂ ਵਿਚ ਦਿੱਤੇ ਇਨਕਲਾਬੀ ਗੀਤਾਂ ਦੇ ਪ੍ਰੋਗਰਾਮਾਂ ਦੀਆਂ ਸਟੇਜਾਂ ਦਾ ਗਾਇਕ ਵਜੋਂ ਕੋਰਪਾਲ ਸ਼ਿੰਗਾਰ ਬਣਦਾ ਰਿਹਾ। ਉਹ ਸਮੁੱਚੀ ਜ਼ਿੰਦਗੀ ਇਕ ਪੰਪ ਉਪਰੇਟਰ ਵਜੋਂ ਸੇਵਾ ਨਿਭਾਉਂਦਾ ਜਿਥੇ ਆਪਣੇ ਵਿਭਾਗ ਦੀ ਜਥੇਬੰਦੀ ਦਾ ਸੂਬਾ ਪੱਧਰ ਦਾ ਆਗੂ ਰਿਹਾਅ ਤੇ ਮੁਲਾਜ਼ਮ ਵਰਗ ਨੂੰ ਚੇਤਨ ਕਰਨ ਦੇ ਅਮਲ ਵਿਚ ਯੋਗਦਾਨ ਪਾਉਂਦਾ ਰਿਹਾ, ਉਥੇ ਲੁੱਟ ਰਹਿਤ ਸਮਾਜ ਸਿਰਜਣ ਦਾ ਸੁਨੇਹਾ ਦਿੰਦੇ ਸੈਂਕੜੇ ਗੀਤਾਂ ਦੇ ਲੇਖਕ ਤੇ ਗਾਇਕ ਵਜੋਂ ਲੋਕਪੱਖੀ ਸਾਹਿਤ/ਸਭਿਆਚਾਰ ਪ੍ਰਫੁੱਲਤ ਕਰਨ ਦੀਆਂ ਸੇਵਾਵਾਂ ਨਿਭਾਉਂਦਾ ਰਿਹਾ।



ਕੋਰਪਾਲ ਦੇ ਅਨੇਕਾਂ ਗੀਤ ਜ਼ਿਕਰਯੋਗ ਹਨ ਜੋ ਅਕਸਰ ਸਟੇਜਾਂ 'ਤੇ ਗਾਏ ਜਾਂਦੇ ਹਨ। ਉਸਦੇ ਲਿਖਣ ਦਾ ਅੰਦਾਜ਼ ਲੋਕ ਕਵੀ ਸੰਤ ਰਾਮ ਉਦਾਸੀ ਦੀ ਰਚਨਾ ਦੇ ਬਹੁਤ ਨੇੜੇ ਹੋਣ ਕਾਰਨ ਉਸ ਦੇ ਕਈ ਗੀਤ ਸਟੇਜਾਂ ਤੋਂ ਅਤੇ ਕਿਤਾਬਾਂ ਵਿਚ ਸੰਤ ਰਾਮ ਉਦਾਸੀ ਦੇ ਲਿਖੇ ਕਹਿ ਕੇ ਹੀ ਪੇਸ਼ ਕਰ ਦਿੱਤੇ ਜਾਂਦੇ ਹਨ। ਜਿਵੇਂ ਕਈ ਗੀਤ ਅਜਿ ਹਨ :

**'ਲੋਕਾਂ ਦੇ ਹਿਤ ਵਾਸਤੇ ਜਾਨਾਂ ਨਾਲ ਖੇਲ੍ਹੇ**
**ਯਾਦ ਥੋਡੀ ਵਿਚ ਸਾਥੀਓ ਲੱਗਣਗੇ ਮੇਲੇ'**

**'ਉਠੋ ਨੌਜਵਾਨੋ ਯੁੱਗ ਸੁੱਤਿਆਂ ਨੂੰ ਬੀਤੇ**
**ਵਾਅਦੇਕਰਨੇ ਹੈ ਪੂਰੇ ਜੋ ਸ਼ਹੀਦਾਂ ਨਾਲ ਕੀਤੇ'**

**'ਸਾਡੇ ਅੱਟਵਾਂ ਵਾਲੇ ਹੱਥ ਬੜੇ ਕਰੜੇ ਨੇ ਸ਼ਾਹਾਂ**
**ਕੀ ਹੋਇਆ ਜੇ ਯਾਰ ਤੇਰੇ ਤਕੜੇ ਨੇ ਸ਼ਾਹਾ'**

ਔਰਤ ਦੀ ਜ਼ਿੰਦਗੀ ਨੂੰ ਬਾਖੂਬੀ ਬਿਆਨ ਕਰਦਾ ਉਸਦਾ ਗੀਤ ਹੈ, ਜੋ ਬੇਹੱਦ ਮਕਬੂਲ ਹੋਇਆ

**'ਮੈਂ ਔਰਤ ਹਾਂ ਜੰਗ ਦੀ ਜਨਣੀ ਮੇਰੀ ਕਥਾ ਪੁਰਾਣੀ ਹੈ ਵੇ**
**ਸੁਣ ਸਕਦੈਂ ਤਾਂ ਸੁਣ ਕੇ ਜਾਵੀਂ ਮੇਰੀ ਦਰਦ ਕਹਾਣੀ ਹੈ ਵੇ'**

ਭਾਵੇਂ ਕੋਰਪਾਲ ਅੱਜ ਸਾਡੇ ਵਿਚ ਨਹੀਂ ਰਿਹਾ ਪਰ ਉਸ ਦੇ ਗੀਤ ਸਟੇਜਾਂ ਤੇ ਅੱਜ ਵੀ ਗਾਏ ਜਾਂਦੇ ਹਨ ਤੇ ਕੋਰਪਾਲ ਨੂੰ ਯਾਦ ਕੀਤਾ ਜਾਂਦਾ ਹੈ।

**ਮਾਸਟਰ ਰਾਮ ਕੁਮਾਰ**
**ਸੰਚਾਲਕ ਤੇ ਸੰਗੀਤ ਨਿਰਦੇਸ਼ਕ**
**ਲੋਕ ਸੰਗੀਤ ਮੰਡਲੀ ਭਦੌੜ**
**ਜੁਆਇੰਟ ਸਕੱਤਰ ਪੰਜਾਬ ਲੋਕ ਸਭਿਆਚਾਰ ਮੰਚ**



ਡਾ ਬਲਜਿੰਦਰ ਸਿੰਘ ਸੇਖੋਂ
001 905 781 1197

# ਟਰੂਡੋ ਦੀ ਸਰਕਾਰ ਲਈ ਮੁਸੀਬਤ, ਐਸ ਐਨ ਸੀ ਲਵਾਲਿਨ



ਅੱਜ ਕਲ੍ਹ ਐਸ ਐਨ ਸੀ-ਲਵਾਲਿਨ ਮਸਲਾ ਜਸਟਿਨ ਟਰੂਡੋ ਦੀ ਸਰਕਾਰ ਲਈ ਮੁਸੀਬਤ ਬਣਿਆ ਹੋਇਆ ਹੈ। ਕਨੇਡਾ ਵਿਚ ਰਾਜ ਕਰ ਰਹੀ ਲਿਬਰਲ ਪਾਰਟੀ ਦੀਆਂ ਦੋ ਮੰਤਰੀ ਔਰਤਾਂ, ਜੋਡੀ ਵਿਲਸਨ-ਰੁਬੋਲਡ ਅਤੇ ਜੇਨ ਫਿਲਪੌਟ ਮੰਤਰੀ ਮੰਡਲ ਤੋਂ ਅਸਤੀਫਾ ਦੇ ਚੁੱਕੀਆਂ ਹਨ। ਪ੍ਰਧਾਨ ਮੰਤਰੀ ਦੇ ਦਫਤਰ ਵਿਚਲਾ ਸਭ ਤੋਂ ਵੱਡਾ ਅਫਸਰ, ਪ੍ਰਿੰਸੀਪਲ ਸਕੱਤਰ ਜੇਰਾਲਡ ਬੱਟ ਵੀ ਅਪਣੇ ਤੇ ਲੱਗੇ ਇਲਜ਼ਾਮਾਂ ਤੋਂ ਬਚਾਅ ਕਰਨ ਲਈ ਦਫਤਰੋਂ ਲਾਂਭੇ ਹੋ ਗਿਆ ਹੈ। ਵਿਰੋਧੀ ਪਾਰਟੀਆਂ, ਐਨ ਡੀ ਪੀ ਅਤੇ ਕੰਸਰਵਟਿਵ ਪਾਰਟੀ, ਨੂੰ ਇਹ ਮਸਲਾ ਇਸੇ ਸਾਲ ਪਤਝੜ ਵਿਚ ਆਉਣ ਵਾਲੀਆਂ ਚੋਣਾਂ ਵਿਚ ਓਟਵਾ ਦੀਆਂ ਕੁਰਸੀਆਂ ਤੇ ਵਿਰਾਜਮਾਨ ਹੋਣ ਲਈ ਇੱਕ ਸੌਖਾ ਸਿੱਧਾ ਪੱਧਰਾ ਰਾਹ ਦਿਸ ਰਿਹਾ ਹੈ। ਉਹ ਅਪਣੇ ਵਲੋਂ ਇਸ ਮਸਲੇ ਨੂੰ ਚੋਣਾਂ ਤੱਕ ਮਘਦਾ ਰੱਖਣ ਲਈ ਪੂਰੀ ਵਾਹ ਲਾ ਰਹੀਆਂ ਹਨ ਅਤੇ ਉਮੀਦ ਕਰ ਰਹੀਆਂ ਹਨ, ਕਿ ਜਿਸ ਤਰ੍ਹਾਂ ਕਿਊਬਿਕ ਵਿਚਲੇ ਸਪੌਂਸਰਸ਼ਿਪ ਸਕੈਂਡਲ ਨੇ 2006 ਵਿਚ ਲਿਬਰਲ ਸਰਕਾਰ ਡੇਗ ਦਿੱਤੀ ਸੀ ਅਤੇ ਕੰਸਰਵਟਿਵ ਪਾਰਟੀ ਨੂੰ ਤਕਰੀਬਨ 10 ਸਾਲ ਰਾਜ ਕਰਨ ਦਾ ਮੌਕਾ ਦਿੱਤਾ, ਇਸੇ ਤਰ੍ਹਾਂ ਇਹ ਮਸਲਾ ਵੀ ਉਨ੍ਹਾਂ ਦੀ ਝੋਲੀ ਰਾਜਭਾਗ ਪਾ ਸਕਦਾ ਹੈ। ਇੱਕ ਵਾਰ ਲਿਬਰਲ ਸਰਕਾਰ ਨੇ ਪੜਤਾਲ ਕਰ ਰਹੀ ਪਾਰਲੀਮਾਨੀ ਕਮੇਟੀ ਦਾ ਭੋਗ ਪਾ ਦਿੱਤਾ ਹੈ ਅਤੇ ਵਿਰੋਧੀ ਪਾਰਟੀਆਂ ਨੇ ਪਾਰਲੀਮੈਂਟ ਵਿਚ ਇਸ ਦੇ ਖਿਲਾਫ ਬਜਟ ਪੇਸ਼ ਕਰਨ ਵੇਲੇ ਕਾਫੀ ਰੌਲਾ ਰੱਪਾ ਪਾ ਕੇ ਮਸਲਾ ਖਬਰਾਂ ਵਿਚ ਰੱਖਣ ਦੀ ਕੋਸ਼ਿਸ਼ ਕੀਤੀ ਹੈ।

ਵੱਡੀਆਂ ਬਹੁੱਕੌਮੀ ਕੰਪਨੀਆਂ ਸਾਮਰਾਜੀ ਦੇਸ਼ਾਂ ਦੀ ਰੀੜ ਦੀ ਹੱਡੀ ਹਨ, ਜਿਨ੍ਹਾਂ ਨੂੰ ਦੇਸ਼ ਅੰਦਰ ਰੱਖਣ ਲਈ, 'ਚਲੀ ਗਈ ਤਾਂ ਕਿਨੇ ਹੀ ਲੋਕ ਬੇਰੁਜ਼ਗਾਰ ਹੋ ਜਾਣਗੇ' ਦੀ ਦੁਹਾਈ ਪਾ ਕੇ ਸਰਕਾਰਾਂ ਵਲੋਂ ਕਾਨੂੰਨਾਂ ਦੀ ਉਲੰਘਣਾ ਕਰਕੇ ਵੀ, ਪੂਰੀ ਵਾਹ ਲਾਈ ਜਾਂਦੀ ਹੈ ਕਿ ਉਹ ਦੇਸ਼ ਅੰਦਰ ਟਿਕੀਆਂ ਰਹਿਣ। ਉਹ ਕਾਨੂੰਨ ਤੋੜਦੀਆਂ ਫੜੀਆਂ ਜਾਣ ਤਾਂ ਬਚਾਉਣ ਲਈ ਟੇਢੇ ਸਿੱਧੇ ਢੰਗ ਤਰੀਕੇ ਅਪਣਾਏ ਜਾਂਦੇ ਹਨ, ਕਿਉਂਕਿ ਜਿਨੀ ਵੱਡੀ ਮੁਸ਼ਕਲ ਵਿਚੋਂ ਰਾਜ ਕਰ ਰਹੀ ਪਾਰਟੀ ਉਨ੍ਹਾਂ ਨੂੰ ਕੱਢੇਗੀ, ਉਨੀ ਵੱਡੀ ਆਰਥਿਕ ਮਦਦ ਦੀ ਉਮੀਦ ਕੰਪਨੀ ਤੋਂ ਚੋਣਾਂ ਵੇਲੇ ਬਣ ਜਾਵੇਗੀ।ਕੈਨੇਡਾ, ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿਚ ਤਾਂ ਅਜਿਹੀਆਂ ਕੰਪਨੀਆਂ ਦੀਆਂ ਉਚੀਆਂ ਪਦਵੀਆਂ ਤੇ ਬੈਠੇ ਲੋਕ, ਆਮ ਤੌਰ 'ਤੇ ਵੱਡੇ ਸਰਕਾਰੀ ਅਹੁਦਿਆਂ 'ਤੇ ਰਹਿ ਚੁੱਕੇ ਹੁੰਦੇ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਸਰਕਾਰ ਵਿਚ ਬਣਾਏ ਸਬੰਧਾਂ ਮੁਤਾਬਿਕ ਹੀ ਤਨਖਾਹਾਂ ਮਿਲਦੀਆਂ ਹਨ। ਇਹਨਾਂ ਵਿਚੋਂ ਕਿੰਨੇ ਹੀ ਅਜਿਹੇ ਹੁੰਦੇ ਹਨ, ਜੋ ਕਦੇ ਕਿਸੇ ਪ੍ਰਾਈਵੇਟ ਕੰਪਨੀ ਅਤੇ ਕਦੇ ਸਰਕਾਰੀ ਅਹੁਦਿਆਂ 'ਤੇ ਜਾਂਦੇ ਆਉਂਦੇ ਵੇਖੇ ਜਾ ਸਕਦੇ ਹਨ। ਇਸ ਤਰ੍ਹਾਂ ਇਹ ਵੱਡੇ ਅਧਿਕਾਰੀ ਕੰਪਨੀਆਂ ਦੇ ਸਰਕਾਰੀ ਦਫਤਰਾਂ ਵਿਚ ਫਸੇ ਕੰਮ ਸੌਖਿਆਂ ਕਢਵਾ ਲੈਂਦੇ ਹਨ।

ਐਨ ਸੀ-ਲਵਾਲਿਨ ਮਸਲਾ ਵੀ ਇਸੇ ਤਰ੍ਹਾਂ ਦੀ ਵੱਡੀ ਕੰਪਨੀ, ਐਨ ਸੀ-ਲਵਾਲਿਨ ਨਾਲ ਜੁੜਿਆ ਹੋਇਆ ਹੈ। ਇਸ ਕੰਪਨੀ ਦਾ ਦੁਨੀਆਂ ਭਰ ਵਿਚ ਸੜਕਾਂ, ਰੇਲ ਪਟੜੀਆਂ, ਬੰਦਰਗਾਹਾਂ, ਖਾਣਾਂ, ਪ੍ਰਾਮਣੂ ਬਿਜਲੀ ਘਰਾਂ, ਤੇਲ ਗੈਸ ਆਦਿ ਦਾ ਵੱਡਾ ਕਾਰੋਬਾਰ ਹੈ। ਤਕਰੀਬਨ 9000 ਕਰਮਚਾਰੀ ਕੈਨੇਡਾ ਵਿਚ ਅਤੇ 50 ਹਜ਼ਾਰ ਦੁਨੀਆਂ ਭਰ ਵਿਚ ਇਸ ਕੰਪਨੀ ਨੇ ਕੰਮ ਤੇ ਲਾਏ ਹੋਏ ਹਨ। ਟੋਰਾਂਟੋ ਇਲਾਕੇ ਦੇ ਤਕਰੀਬਨ ਸਾਰੇ ਲੋਕ ਇਸ ਦੀ ਵੱਡੀ ਮਲਕੀਅਤ ਹਾਈਵੇ 407 ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਜਿਸ ਵਿਚ ਇਸ ਕੰਪਨੀ ਦਾ 16.77% ਹਿੱਸਾ ਹੈ। ਬੀਤੇ ਸਾਲ ਕੰਪਨੀ ਇਸ ਸੜਕ ਦੀ ਕੀਮਤ ਲੋਕਾਂ ਨੂੰ ਵਿਖਾਉਣ ਲਈ ਅਪਣਾ ਕੁਝ ਹਿੱਸਾ ਵੇਚਣ ਦਾ ਮਨ ਬਣਾ ਰਹੀ ਸੀ, ਜੋ ਉਸ ਨੇ ਨਹੀਂ ਵੇਚਿਆ। ਇਹ ਹਾਈਵੇ ਓਨਟਾਰੀਓ ਸਰਕਾਰ ਨੇ ਆਪ ਬਣਾ ਕੇ 1998 ਵਿਚ 3 ਅਰਬ 10 ਕਰੋੜ ਵਿਚ 99 ਸਾਲਾਂ ਲਈ ਕੰਪਨੀਆਂ ਨੂੰ ਕਰਾਏ ਤੇ ਦੇ ਦਿੱਤਾ ਸੀ। ਅੰਦਾਜ਼ੇ ਮੁਤਾਬਿਕ ਜੇਕਰ ਕੰਪਨੀ ਅਪਣਾ ਹਿੱਸਾ 10% ਰੱਖ ਕੇ ਬਾਕੀ ਵੇਚਦੀ (6.77%) ਤਾਂ ਇਸ ਨੇ ਹੀ 2 ਅਰਬ 20 ਕਰੋੜ ਦਾ ਵਿੱਕ ਜਾਣਾ ਸੀ। ਬੀਤੇ ਸਾਲ ਦੀ ਇੱਕ ਤਿਮਾਹੀ ਵਿਚ ਕੰਪਨੀ ਨੂੰ ਇਸ ਹਾਈਵੇ ਤੋਂ 3 ਕਰੋੜ 79 ਲੱਖ ਡਾਲਰ ਮੁਨਾਫਾ ਆਇਆ। ਇਹ ਤਾਂ ਇੱਕ ਝਲਕ ਹੈ ਇਸ ਕੰਪਨੀ ਦੀ।

ਸਾਲ 2015 ਵਿਚ ਕੈਨੇਡਾ ਦੀ ਕੇਂਦਰੀ ਪੁਲਿਸ (ਆਰ ਸੀ ਐਮ ਪੀ) ਨੇ ਐਸ ਐਨ ਸੀ ਲੈਵਲਿਨ ਕੰਪਨੀ ਵਲੋਂ ਲਿਬੀਆ ਵਿਚ ਉਥੋਂ ਦੇ ਪ੍ਰਧਾਨ ਗਦ ਉਸ ਦੇ ਮੁੰਡੇ ਅਤੇ ਹੋਰ ਅਧਿਕਾਰੀਆਂ ਨੂੰ ਤਕਰੀਬਨ 5 ਕਰੋੜ ਡਾਲਰ ਰਿਸ਼ਵਤ ਦੇ ਕੇ ਕੰਮ ਲੈਣ ਅਤੇ ਲਿਬੀਆ ਦੀਆਂ ਕੰਪਨੀਆਂ ਨਾਲ ਧੋਖਾ ਕਰਕੇ 13 ਕਰੋੜ ਦੀ ਕੀਤੀ ਲੁੱਟ ਦਾ ਦੋਸ਼ ਲਾਇਆ। ਇੱਕ ਰਪੋਰਟ ਮੁਤਾਬਿਕ 2008 ਵਿਚ ਜਦ ਗਦਾਫੀ ਦਾ ਮੁੰਡਾ ਸਾਦੀ ਗਦਾਫ਼ੀ ਕੈਨੇਡਾ ਆਇਆ ਤਾਂ ਕੰਪਨੀ ਨੇ ਹੋਰ ਖਰਚਿਆਂ ਤੋਂ ਇਲਾਵਾ 30 ਹਜ਼ਾਰ ਡਾਲਰ ਵੇਸਵਾਵਾਂ ਤੇ ਖਰਚ ਕੀਤਾ। ਉਸ ਨੂੰ ਅਪਣੀ ਜੇਬ ਵਿਚ ਬਟੂਆ ਨਹੀਂ ਸੀ ਹੁੰਦਾ, ਸਾਰਾ ਖਰਚ ਕੰਪਨੀ ਵਲੋਂ ਕੀਤਾ ਜਾਂਦਾ ਰਿਹਾ। ਬੱਸ ਇਹ ਐਸਕੌਰਟ ਖਰਚ ਦੇ ਵੇਰਵੇ ਦੇ ਕੇ ਕੰਪਨੀ ਤੋਂ ਵਸੂਲ ਕਰ ਲੈਂਦੀਆਂ ਰਹੀਆਂ। ਇਸ ਸ਼ਾਹੀ ਮਹਿਮਾਨ ਤੇ ਇਸ ਫੇਰੀ ਦੌਰਾਨ ਕੁੱਲ ਖਰਚਾ 19 ਲੱਖ 50 ਹਜ਼ਾਰ ਡਾਲਰ ਆਇਆ। ਇੱਕ ਵੱਡੀ ਸੋਹਣੀ ਕਿਸ਼ਤੀ ਵੀ ਗਦਾਫੀ ਦੇ ਮੁੰਡੇ ਨੂੰ ਲੈ ਕੇ ਦਿੱਤੀ। ਕੋਈ ਕੰਪਨੀ ਕਿਸੇ ਹੋਰ ਦੇਸ਼ ਵਿਚ ਰਿਸ਼ਵਤ ਦੇਵੇ, ਪੈਸੇ ਕਮਾ ਕੇ ਲਿਆਵੇ, ਦੇਸ਼ ਦੀ ਪੁਲਿਸ ਨੂੰ ਕੀ? ਇਸ ਤਰ੍ਹਾਂ ਦੇ ਕਾਨੂੰਨ ਵੀ ਇਨ੍ਹਾਂ ਹੀ ਕੰਪਨੀਆਂ ਦੇ ਕਹਿਣ ਤੇ ਬਣਾਏ ਗਏ ਸਨ। ਰੌਲਾ ਕੌਣ ਲੁੱਟੇ ਦਾ ਹੈ। ਦੋ ਵਿਚੋਂ ਇੱਕ ਨੇ ਵਿੰਗੇ ਟੇਢੇ ਤਰੀਕੇ ਨਾਲ ਠੇਕਾ ਲੈ ਲਿਆ। ਦੂਸਰੀ ਕੰਪਨੀ ਆਪਣੇ ਆਪ ਨੂੰ ਠੱਗਿਆ ਮਹਿਸੂਸ ਕੀਤਾ ਕਿ ਅਸਲ ਵਿਚ ਇਹ ਠੇਕਾ ਸਾਨੂੰ ਮਿਲਣਾ ਚਾਹੀਦਾ ਸੀ। ਸੋ ਇਹ ਝਗੜੇ ਨਿਬੇੜਨ ਲਈ, ਅਮੀਰ ਦੇਸ਼ਾਂ ਨੇ ਕਾਨੂੰਨ ਬਣਾਇਆ ਕਿ ਜੇਕਰ ਇੱਕ ਕੰਪਨੀ ਨੇ ਗਲਤ ਤਰੀਕੇ ਨਾਲ ਕਿਸੇ ਦੂਸਰੇ ਦਾ ਠੇਕਾ ਕਿਸੇ ਬਾਹਰਲੇ ਦੇਸ਼ ਵਿਚ ਵੀ ਹਥਿਆ ਲਿਆ ਤਾਂ ਉਥੇ ਦਿੱਤੀ ਰਿਸ਼ਵਤ ਦੇ ਦੋਸ਼ ਵਿਚ ਇੱਥੇ ਵੀ ਮੁਕੱਦਮਾ ਚਲਾਇਆ ਜਾ ਸਕਦਾ ਹੈ। ਲਓ ਜੀ ਵੱਡੀਆਂ ਕੰਪਨੀਆਂ ਲਈ, ਜੇ ਇੱਕ ਪਾਸੇ ਝਗੜਾ ਨਿਪਟਾਣ ਦਾ ਰਾਹ ਆ ਗਿਆ ਤਾਂ ਦੂਜੇ ਪਾਸੇ ਆਵਦੇ ਫਸਣ ਦਾ ਟੰਟਾ ਵੀ ਖੜ੍ਹਾ ਹੋ ਗਿਆ। ਫਿਰ ਇਸ ਦੇ ਪਾਰ ਉਤਾਰੇ ਲਈ, ਇਨ੍ਹਾਂ ਹੀ ਕੰਪਨੀਆਂ ਦੇ ਕਹਿਣ ਤੇ ਪਹਿਲਾਂ ਅਮਰੀਕਾ, ਫਿਰ ਇੰਗਲੈਂਡ ਅਤੇ ਫਿਰ ਕਨੇਡਾ ਵਿਚ ਇਹ ਕਾਨੂੰਨ ਬਣਵਾ ਲਿਆ ਕਿ ਜੇਕਰ ਸਰਕਾਰ ਚਾਹੇ ਤਾਂ ਕੰਪਨੀ ਨਾਲ ਗਲਬਾਤ ਕਰਕੇ, ਦਿੱਤੀ ਰਿਸ਼ਵਤ ਦੇ ਤਕਰੀਬਨ ਬਰਾਬਰ ਦੀ ਰਾਸ਼ੀ ਕੰਪਨੀ ਤੋਂ ਲੈਕੇ, ਕੰਪਨੀ ਨੂੰ ਧੋਖਧੜੀ, ਰਿਸ਼ਵਤ ਆਦਿ ਦੇ ਮੁਕੱਦਮ ਤੋਂ ਬਚਾਅ ਸਕਦੀ ਹੈ। ਜੋ ਹੋਇਆ ਸੋ ਹੋਇਆ ਹੁਣ ਇਸ ਨੂੰ ਇੱਥੇ ਹੀ ਠੱਪ ਕਰੋ ਦੀ ਨੀਤੀ। ਇਸ ਤਰ੍ਹਾਂ ਕਰਨ ਨਾਲ ਕੰਪਨੀ ਤੇ ਮੁਕੱਦਮਾ ਨਹੀਂ ਚਲੇਗਾ ਤੇ ਉਹ ਦੇਸ਼ ਵਿਚ ਦੁੱਧ ਧੋਤੀ ਹੀ ਰਹੇਗੀ ਅਤੇ ਸਰਕਾਰੀ ਠੇਕੇ ਲੈਂਦੀ ਰਹੇਗੀ। ਗੱਲ ਕੁਝ ਕੁ ਪੰਜਾਬ ਵਿਚ ਚਲਦੇ ਚੁਟਕਲੇ ਵਰਗੀ ਹੈ ਕਿ ਕੁਝ ਮਨਚਲੇ ਪੰਡਤ ਜੀ ਕੋਲ ਗਏ ਅਤੇ ਪੁੱਛਣ ਲੱਗੇ "ਪੰਡਤ ਜੀ ਜੇਕਰ ਕਿਸੇ ਤੋਂ ਗਧੀ ਮਰਜੇ ਤਾਂ ਕੀ ਪਾਪ ਲਗਦੈ", ਪੰਡਤ ਜੀ ਬੋਲੇ "ਇਹ ਤਾਂ ਮਹਾਂ ਪਾਪ ਹੈ, ਸੱਤ ਪੁਸ਼ਤਾਂ ਨਹੀਂ ਧੋਤਾ ਜਾਂਦਾ" ਮੁੰਡੇ ਕਹਿੰਦੇ "ਪੰਡਤ ਜੀ ਥੋਡੇ ਮੁੰਡੇ ਨੰਦਘੋਪ ਤੋਂ ਗਧੀ ਮਰਗੀ" ਨਾਲ ਹੀ ਪੰਡਤ ਜੀ ਬੋਲੇ "ਜਿਥੇ ਸਾਡਾ ਨੰਦਘੋਪ, ਗਧੀ ਮਾਰੀ ਦਾ ਕੋਈ ਨਾ ਦੋਸ਼"। ਸੋ ਇਹ ਕਾਨੂੰਨ ਤਾਂ ਆਮ ਕੰਪਨੀਆਂ ਨੂੰ ਠੀਕ ਰੱਖਣ ਲਈ ਹਨ, ਵੱਡੀਆਂ ਨੂੰ ਨਹੀਂ। ਇਸ ਮਾਮਲੇ ਵਿਚ ਬੱਸ ਸਾਡੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਪਣੀ ਮੰਤਰੀ ਨੂੰ ਇਸ ਕਾਨੂੰਨ ਤਹਿਤ ਕੰਪਨੀ ਨੂੰ ਰਾਹਤ ਦੇਣ ਲਈ ਦਬਾ ਪਾਇਆ ਜਾਂ ਉਨ੍ਹਾਂ ਮੁਤਾਬਿਕ ਸਿਰਫ ਕਿਹਾ।

ਟਰੂਡੋ ਮੁਤਾਬਿਕ ਜੋ ਕੁਝ ਵੀ ਹੋਇਆ ਇਹ ਸਭ ਬੱਸ ਆਪਸੀ ਗਲਤਫਹਿਮੀ, ਜੋਡੀ ਵਿਲਸਨ ਵਲੋਂ ਸਮਝਦਾਰੀ ਅਤੇ ਖੁਲ੍ਹੀ ਸੋਚ ਦੀ ਘਾਟ ਦਾ ਨਤੀਜਾ ਹੈ। ਗਲਤ ਕੁਝ ਵੀ ਨਹੀਂ ਹੋਇਆ। ਉਹ ਅਤੇ ਉਸ ਦੇ ਦਫਤਰ ਦੇ ਬੰਦੇ ਬੱਸ ਇਸ ਮਾਮਲੇ ਵਿਚ ਜੋਡੀ ਵਲੋਂ ਕੰਪਨੀ ਤੇ ਮੁਕੱਦਮਾ ਚਲਾਉਣ ਦੇ ਫੈਸਲੇ ਤੇ ਦੁਬਾਰਾ ਵਿਚਾਰ ਕਰਨ ਸਬੰਧੀ ਗਲ ਕਰਨਾ ਚਾਹੁੰਦੇ ਸਨ। ਉਹ ਇਹ ਸੁਣਨਾ ਨਹੀਂ ਸੀ ਚਾਹੁੰਦੀ। ਆਮ ਵੇਖਣ ਨੂੰ ਇਹ ਠੀਕ ਲਗਦਾ ਹੈ। ਮੰਤਰੀਆਂ ਨੂੰ ਪ੍ਰਧਾਨ ਮੰਤਰੀ ਦੀ ਸਲਾਹ ਮੁਤਾਬਿਕ ਹੀ ਚਲਣਾ ਪੈਂਦਾ ਹੈ। ਪਰ ਜੋਡੀ ਕੋਲ ਕਨੂੰਨ ਮੰਤਰੀ ਦੇ ਨਾਲ ਨਾਲ ਅਟਾਰਨੀ ਜਨਰਲ (ਪ੍ਰਮੁੱਖ ਸਰਕਾਰੀ ਵਕੀਲ) ਦਾ ਆਹੁਦਾ ਵੀ ਸੀ, ਤੇ ਜੋਡੀ ਮੁਤਾਬਿਕ ਪ੍ਰਧਾਨ ਮੰਤਰੀ ਤੇ ਉਸ ਦਾ ਅਮਲਾ ਉਸ ਨੂੰ ਅਦਾਲਤ ਦੇ ਕੰਮ ਕਾਰ ਵਿਚ ਦਖਲ ਦੇਣ ਲਈ ਕਹਿ ਰਿਹਾ ਸੀ। ਕੈਨੇਡਾ ਦੇ ਕਾਨੂੰਨ ਮੁਤਾਬਿਕ ਪ੍ਰਮੁੱਖ ਸਰਕਾਰੀ ਵਕੀਲ ਨੇ ਫੈਸਲਾ ਸਿਆਸੀ ਅਧਾਰ ਤੇ ਨਹੀਂ ਕਾਨੂੰਨੀ ਅਧਾਰ ਤੇ ਹੀ ਲੈਣਾ ਹੁੰਦਾ ਹੈ। ਸੋ ਜੂਡੀ ਮੁਤਾਬਿਕ ਇਹ ਦਬਾਅ ਉਸ ਨੂੰ ਗੈਰ ਕਾਨੂੰਨੀ ਕੰਮ ਕਰਨ ਲਈ ਪਾਇਆ ਜਾ ਰਿਹਾ ਸੀ। ਉਸ ਨੇ ਇਹ ਗੱਲ ਨਹੀਂ ਮੰਨੀ।




# ਨਿਊਜੀਲੈਂਡ ਦੀ ਇੱਕ ਮਸਜਿਦ 'ਚ ਮਾਰੇ ਗਏ ਬੇਗੁਨਾਹ ਲੋਕਾਂ ਦੇ ਕਤਲਾਂ ਦੀ ਸਖ਼ਤ ਨਿਖੇਧੀ




ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਅਦਾਰਾ ਸਿੱਖ ਵਿਰਸਾ ਤੇ ਅਦਾਰਾ ਸਰੋਕਾਰਾਂ ਦੀ ਆਵਾਜ ਵੱਲੋਂ ਜਾਰੀ ਸਾਂਝੀ ਪ੍ਰੈਸ ਸਟੇਟਮੈਂਟ ਵਿੱਚ ਪਿਛਲੇ ਦਿਨੀਂ ਨਿਊਜੀਲੈਂਡ ਦੀ ਇੱਕ ਮਸਜਿਦ ਵਿੱਚ ਨਮਾਜ਼ ਪੜ੍ਹ ਰਹੇ ਬੇਗੁਨਾਹ 50 ਵਿਅਕਤੀਆਂ ਨੂੰ ਨਸਲਵਾਦੀ ਅੱਤਵਾਦੀਆਂ ਵੱਲੋਂ ਅੰਧਾਧੁੰਦ ਫਾਇਰਿੰਗ ਕਰਕੇ ਮਾਰਨ ਤੇ ਦਰਜਨਾਂ ਹੋਰਾਂ ਨੂੰ ਜਖਮੀ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ, ਤਿੰਨਾਂ ਅਦਾਰਿਆਂ ਦੇ ਬੁਲਾਰਿਆਂ ਮਾਸਟਰ ਭਜਨ ਸਿੰਘ, ਹਰਚਰਨ ਸਿੰਘ ਪ੍ਰਹਾਰ ਤੇ ਹਰਬੰਸ ਸਿੰਘ ਵੱਲੋਂ ਕਿਹਾ ਗਿਆ ਕਿ ਰੰਗ, ਨਸਲ, ਕੌਮ, ਦੇੱਸ, ਧਰਮ, ਲਿੰਗ ਅਧਾਰਿਤ ਨਫ਼ਰਤ ਤੇ ਹਿੰਸਾ ਨੂੰ ਕਿਸੇ ਵੀ ਸੱਭਿਅਕ ਸਮਾਜ ਵਿੱਚ ਥਾਂ ਨਹੀਂ। ਉਨ੍ਹਾਂ ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕਰਦੇ ਹੋਏ, ਜਖਮੀਆਂ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕੀਤੀ। ਉਨ੍ਹਾਂ ਇਸ ਦੁੱਖ ਦੀ ਘੜੀ ਵਿੱਚ ਮੁਸਲਿਮ ਭਾਈਚਾਰੇ ਸਮੇਤ ਸਭ ਘੱਟ ਗਿਣਤੀਆਂ ਨਾਲ ਨਸਲਵਾਦ ਖ਼ਿਲਾਫ਼ ਲੜਨ ਦਾ ਪ੍ਰਣ ਦੁਹਾਰਾਇਆ। ਉਨ੍ਹਾਂ ਦੁਨੀਆਂ ਭਰ ਵਿੱਚ ਵੱਧ ਰਹੇ ਨਸਲਵਾਦ ਤੇ ਰਾਸ਼ਟਰਵਾਦ ਦੇ ਖਤਰਿਆਂ ਪ੍ਰਤੀ ਚਿੰਤਾ ਪ੍ਰਗਟ ਕਰਦੇ ਹੋਏ ਸਰਕਾਰਾਂ ਤੋਂ ਜਿੱਥੇ ਨਸਲਵਾਦੀ ਵਿਚਾਰਧਾਰਾ ਵਾਲੇ ਲੋਕਾਂ ਤੇ ਪਾਰਟੀਆਂ ਨੂੰ ਨੱਥ ਪਾਉਣ ਦੀ ਅਪੀਲ ਕੀਤੀ, ਉਥੇ ਲੋਕਾਂ ਨੂੰ ਵੀ ਸਾਵਧਾਨ ਤੇ ਲਾਮਬੰਦ ਹੋਣ ਦੀ ਅਪੀਲ ਕੀਤੀ। ਉਨ੍ਹਾਂ ਅਲਬਰਟਾ ਵਿੱਚ ਵੀ ਇੱਕ ਨਸਲਵਾਦੀ ਪਾਰਟੀ ਵੱਲੋਂ ਵੱਖ-ਵੱਖ ਭਾਈਚਾਰਿਆਂ ਤੇ ਇਮੀਗਰੈਂਟਸ ਖ਼ਿਲਾਫ਼ ਸੋਸ਼ਲ ਮੀਡੀਆ ਤੇ ਕੀਤੇ ਜਾ ਰਹੇ ਸਮਾਜ ਤੇ ਕਨੂੰਨ ਵਿਰੋਧੀ ਪ੍ਰਚਾਰ ਖ਼ਿਲਾਫ਼ ਪੁਲਿਸ ਤੇ ਅਲਬਰਟਾ ਸਰਕਾਰ ਨੂੰ ਸਮਾਂ ਰਹਿੰਦੇ ਕਾਰਵਾਈ ਕਰਨ ਦੀ ਅਪੀਲ ਕੀਤੀ ਤਾਂ ਕਿ ਅਜਿਹੀਆਂ ਤਾਕਤਾਂ ਆਪਣਾ ਸਿਰ ਨਾ ਚੁੱਕ ਸਕਣ।



ਸਤਨਾਮ ਸਿੰਘ ਮਾਣਕ

*ਕਿਛੁ ਸੁਣੀਐ ਕਿਛੁ ਕਹੀਐ*

# ਕਿਸ ਤਰ੍ਹਾਂ ਦੇ ਸਿਆਸੀ ਮਾਹੌਲ ਵਿਚ ਹੋ ਰਹੀਆਂ ਹਨ ਲੋਕ ਸਭਾ ਦੀਆਂ ਚੋਣਾਂ?

17ਵੀਂ ਲੋਕ ਸਭਾ ਦੀ ਚੋਣ ਲਈ ਚੋਣ ਮੈਦਾਨ ਪੂਰੀ ਤਰ੍ਹਾਂ ਭਖ ਚੁੱਕਾ ਹੈ। ਚੋਣ ਕਮਿਸ਼ਨ ਨੇ ਇਸ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਤੇ ਉਸ ਵਲੋਂ ਕਿਸੇ ਵੀ ਪਲ ਚੋਣ ਪ੍ਰੋਗਰਾਮ ਦਾ ਐਲਾਨ ਕੀਤਾ ਜਾ ਸਕਦਾ ਹੈ। ਦੂਜੇ ਪਾਸੇ ਦੇਸ਼ ਦੀਆਂ ਕੌਮੀ ਅਤੇ ਖੇਤਰੀ ਰਾਜਨੀਤਕ ਪਾਰਟੀਆਂ ਵਲੋਂ ਲੋਕ ਸਭਾ ਦੀਆਂ ਚੋਣਾਂ ਲਈ ਆਪੋ-ਆਪਣੇ ਉਮੀਦਵਾਰ ਐਲਾਨਣ ਦਾ ਸਿਲਸਿਲਾ ਵੀ ਆਰੰਭ ਹੋ ਗਿਆ ਹੈ। ਵੱਖ-ਵੱਖ ਪੱਧਰਾਂ 'ਤੇ ਛੋਟੀਆਂ-ਵੱਡੀਆਂ ਰਾਜਨੀਤਕ ਪਾਰਟੀਆਂ ਆਪੋ-ਆਪਣੇ ਗੱਠਜੋੜਾਂ ਨੂੰ ਵੀ ਅੰਤਿਮ ਰੂਪ ਦੇ ਰਹੀਆਂ ਹਨ। ਇਸ ਦੇ ਨਾਲ ਹੀ ਕੌਮੀ ਅਤੇ ਖੇਤਰੀ ਪਾਰਟੀਆਂ ਨੇ ਵੋਟਰਾਂ ਦੀ ਆਪਣੇ ਹੱਕ ਵਿਚ ਲਾਮਬੰਦੀ ਕਰਨ ਲਈ ਰੈਲੀਆਂ ਅਤੇ ਮੀਟਿੰਗਾਂ ਦਾ ਸਿਲਸਿਲਾ ਵੀ ਤੇਜ਼ ਕਰ ਦਿੱਤਾ ਹੈ।

ਰੈਲੀਆਂ ਕਰਨ ਦੇ ਸਿਲਸਿਲੇ ਵਿਚ ਭਾਜਪਾ ਦਾ ਹੱਥ ਉੱਪਰ ਦਿਖਾਈ ਦੇ ਰਿਹਾ ਹੈ ਕਿਉਂਕਿ ਪਿਛਲੇ 5 ਸਾਲਾਂ ਤੋਂ ਉਹ ਸੱਤਾ ਵਿਚ ਹੈ ਅਤੇ ਇਸ ਕਾਰਨ ਕਾਰਪੋਰੇਟ ਸੈਕਟਰ ਅਤੇ ਵੱਡੇ ਵਪਾਰੀਆਂ ਤੋਂ ਧਨ ਹਾਸਲ ਕਰਨ ਵਿਚ ਉਸ ਨੂੰ ਕੋਈ ਸਮੱਸਿਆ ਦਰਪੇਸ਼ ਨਹੀਂ ਹੈ। ਕੌਮੀ ਪੱਧਰ 'ਤੇ ਰੈਲੀਆਂ ਕਰਨ ਦੇ ਮਾਮਲੇ ਵਿਚ ਦੂਜਾ ਨੰਬਰ ਦੇਸ਼ ਦੀ ਸਭ ਤੋਂ ਪੁਰਾਣੀ ਕਾਂਗਰਸ ਪਾਰਟੀ ਦਾ ਹੈ। ਭਾਵੇਂ ਬਹੁਤੇ ਰਾਜਾਂ ਵਿਚ ਹੁਣ ਉਸ ਦੀ ਹਕੂਮਤ ਨਹੀਂ ਹੈ ਪਰ ਕੁਝ ਮਹੀਨੇ ਪਹਿਲਾਂ ਰਾਜਸਥਾਨ, ਮੱਧ ਪ੍ਰਦੇਸ਼, ਅਤੇ ਛੱਤੀਸਗੜ੍ਹ ਵਿਚ ਇਸ ਪਾਰਟੀ ਦੀਆਂ ਸਰਕਾਰਾਂ ਬਣਨ ਤੋਂ ਬਾਅਦ ਇਸ ਪਾਰਟੀ ਦੇ ਆਗੂਆਂ ਅਤੇ ਕੇਡਰ ਦੇ ਹੌਸਲੇ ਪਹਿਲਾਂ ਨਾਲੋਂ ਕੁਝ ਵਧੇ ਦਿਖਾਈ ਦਿੰਦੇ ਹਨ। ਇਸ ਵਲੋਂ ਵੀ ਵੱਖ-ਵੱਖ ਰਾਜਾਂ ਵਿਚ ਵੱਡੀਆਂ ਰੈਲੀਆਂ ਕਰ ਕੇ ਭਾਜਪਾ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਾਕੀ ਦੇਸ਼ ਭਰ ਦੀਆਂ ਖੇਤਰੀ ਪਾਰਟੀਆਂ ਵੀ ਆਪੋ-ਆਪਣੇ ਪੱਧਰ 'ਤੇ ਵੋਟਰਾਂ ਨੂੰ ਆਪਣੇ ਹੱਕ ਵਿਚ ਲਾਮਬੰਦ ਕਰਨ ਲਈ ਰੈਲੀਆਂ ਕਰਕੇ ਅਤੇ ਹੋਰ ਢੰਗ-ਤਰੀਕੇ ਵਰਤ ਕੇ ਆਪਣੀ ਸਰਗਰਮੀ ਦਿਖਾ ਰਹੀਆਂ ਹਨ।

ਆਮ ਹਾਲਤਾਂ ਵਿਚ ਕਿਸੇ ਵੀ ਜਮਹੂਰੀ ਦੇਸ਼ ਵਿਚ ਆਮ ਚੋਣਾਂ ਲੋਕਾਂ ਲਈ ਇਕ ਜਸ਼ਨ ਦੀ ਤਰ੍ਹਾਂ ਹੁੰਦੀਆਂ ਹਨ। ਜਮਹੂਰੀਅਤ ਦਾ ਜਸ਼ਨ ਜਿਸ ਵਿਚ ਖੁੱਲ੍ਹ ਕੇ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂ ਆਪਣੇ ਵਿਚਾਰ ਪੇਸ਼ ਕਰਦੇ ਹਨ। ਮੀਡੀਆ ਖੁੱਲ੍ਹ ਕੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਦੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਂਦਾ ਹੈ ਅਤੇ ਆਮ ਲੋਕ ਭੈਅ-ਮੁਕਤ ਹੋ ਕੇ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ ਦੇ ਵਿਚਾਰ ਸੁਣਦੇ ਹਨ ਅਤੇ ਰਾਜਨੀਤਕ ਪਾਰਟੀਆਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਦੇ ਹਨ। ਪਰ ਇਸ ਸਮੇਂ ਜਦੋਂ ਕਿ ਦੇਸ਼ ਵਿਚ 17ਵੀਂ ਲੋਕ ਸਭਾ ਦੀ ਚੋਣ ਲਈ ਸਿਆਸੀ ਅਮਲ ਦਾ ਆਗਾਜ਼ ਹੋ ਚੁੱਕਾ ਹੈ ਤਾਂ ਇਸ ਤਰ੍ਹਾਂ ਦੀ ਖੁੱਲ੍ਹ ਅਤੇ ਆਜ਼ਾਦੀ ਦੇਸ਼ ਦੇ ਲੋਕਾਂ ਵਿਚ ਦਿਖਾਈ ਨਹੀਂ ਦੇ ਰਹੀ। ਜਿਉਂ-ਜਿਉਂ ਚੋਣਾਂ ਨੇੜੇ ਆ ਰਹੀਆਂ ਹਨ, ਦੇਸ਼ ਵਿਚ ਇਕ ਡਰ ਅਤੇ ਭੈਅ ਦਾ ਮਾਹੌਲ ਭਾਰੂ ਹੁੰਦਾ ਜਾ ਰਿਹਾ ਹੈ। ਅਜਿਹਾ ਮਾਹੌਲ ਬਣਾਉਣ ਵਿਚ ਦੇਸ਼ ਦੇ ਵੱਖ-ਵੱਖ ਟੈਲੀਵਿਜ਼ਨ ਚੈਨਲ ਅਤੇ ਸੱਤਾਧਾਰੀ ਪਾਰਟੀ ਭਾਜਪਾ ਦੇ ਆਗੂ ਵੱਡਾ ਰੋਲ ਅਦਾ ਕਰ ਰਹੇ ਹਨ। ਪਿਛਲੇ ਕੁਝ ਦਿਨਾਂ ਵਿਚ ਇਸ ਦੇਸ਼ ਦੇ ਸਿਆਸੀ ਮਾਹੌਲ ਵਿਚ ਵੱਡੀ ਤਬਦੀਲੀ ਵੇਖਣ ਨੂੰ ਮਿਲੀ ਹੈ।

14 ਫਰਵਰੀ ਨੂੰ ਪੁਲਵਾਮਾ ਵਿਚ ਸੀ.ਆਰ.ਪੀ.ਐਫ. ਦੇ ਜਵਾਨਾਂ 'ਤੇ ਜੈਸ਼-ਏ-ਮੁਹੰਮਦ ਨਾਲ ਸਬੰਧਿਤ ਇਕ ਆਤਮਘਾਤੀ ਵਲੋਂ ਹਮਲਾ ਕਰਕੇ 40 ਜਵਾਨਾਂ ਨੂੰ ਸ਼ਹੀਦ ਕੀਤੇ ਜਾਣ, 26 ਫਰਵਰੀ ਨੂੰ ਇਸ ਦੇ ਪ੍ਰਤੀਕਰਮ ਵਜੋਂ ਭਾਰਤੀ ਫ਼ੌਜ ਵਲੋਂ ਪਾਕਿਸਤਾਨ ਦੇ ਸੂਬੇ ਖੈਬਰ ਪਖ਼ਤੂਨਖਵਾ ਵਿਚ ਬਾਲਾਕੋਟ ਵਿਖੇ ਜੈਸ਼-ਏ-ਮੁਹੰਮਦ ਦੇ ਸਿਖਲਾਈ ਕੇਂਦਰ 'ਤੇ ਹਮਲਾ ਕਰਨ ਅਤੇ ਇਸ ਤੋਂ ਬਾਅਦ ਪਾਕਿਸਤਾਨ ਵਲੋਂ ਜੰਮੂ-ਕਸ਼ਮੀਰ ਦੇ ਨੌਸ਼ਹਿਰਾ ਸੈਕਟਰ ਵਿਚ ਜਵਾਬੀ ਕਾਰਵਾਈ ਦੀ ਕੀਤੀ ਗਈ ਕੋਸ਼ਿਸ਼, ਜਿਸ ਵਿਚ ਭਾਰਤ ਦਾ ਇਕ ਹਵਾਈ ਜਹਾਜ਼ ਨਸ਼ਟ ਹੋ ਗਿਆ ਸੀ ਅਤੇ ਭਾਰਤ ਦਾ ਇਕ ਪਾਇਲਟ ਅਭਿਨੰਦਨ ਵੀ ਪਾਕਿਸਤਾਨ ਦੇ ਹੱਥ ਆ ਗਿਆ ਸੀ, ਨਾਲ ਲੋਕ ਸਭਾ ਦੀਆਂ ਚੋਣਾਂ ਦੀ ਬਹਿਸ ਦਾ ਏਜੰਡਾ ਹੀ ਬਦਲ ਗਿਆ ਹੈ ਜਾਂ ਬਦਲ ਦਿੱਤਾ ਗਿਆ ਹੈ।

ਉਪਰੋਕਤ ਘਟਨਾਕ੍ਰਮ ਤੋਂ ਪਹਿਲਾਂ ਲੋਕ ਸਭਾ ਦੀਆਂ ਚੋਣਾਂ ਲਈ ਜੋ ਦੇਸ਼ ਭਰ ਵਿਚ ਬਹਿਸ ਚੱਲ ਰਹੀ ਸੀ, ਉਸ ਵਿਚ ਲੋਕਾਂ ਦੇ ਮੁੱਦੇ ਬਹਿਸ ਦੇ ਕੇਂਦਰ ਵਿਚ ਸਨ। ਵਿਰੋਧੀ ਪਾਰਟੀਆਂ ਦੇ ਆਗੂ ਪਿਛਲੇ 5 ਸਾਲ ਤੋਂ ਕੇਂਦਰ ਵਿਚ ਰਾਜ ਕਰਦੀ ਆ ਰਹੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਦੀ ਜਵਾਬਦੇਹੀ ਕਰ ਰਹੇ ਸਨ। ਉਹ ਦੋਸ਼ ਲਾ ਰਹੇ ਸਨ ਕਿ ਸ੍ਰੀ ਨਰਿੰਦਰ ਮੋਦੀ ਨੇ 2014 ਦੀਆਂ ਲੋਕ ਸਭਾ ਦੀਆਂ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਗਏ ਬਹੁਤੇ ਵਾਅਦੇ ਪੂਰੇ ਨਹੀਂ ਕੀਤੇ। ਉਹ ਸ੍ਰੀ ਨਰਿੰਦਰ ਮੋਦੀ ਨੂੰ ਯਾਦ ਦਿਵਾ ਰਹੇ ਸਨ ਕਿ ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ਤੋਂ ਬਾਅਦ ਵਿਦੇਸ਼ਾਂ ਵਿਚ ਜਮ੍ਹਾਂ ਕਾਲਾ ਧਨ ਵਾਪਸ ਲਿਆ ਕੇ ਹਰੇਕ ਦੇ ਖਾਤੇ ਵਿਚ 15-15 ਲੱਖ ਰੁਪਿਆ ਜਮ੍ਹਾਂ ਕਰਵਾਇਆ ਜਾਏਗਾ। ਹਰ ਸਾਲ ਦੋ ਕਰੋੜ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ। ਕਿਸਾਨਾਂ ਨੂੰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਮੁਤਾਬਿਕ ਲਾਭਕਾਰੀ ਭਾਅ ਦਿੱਤੇ ਜਾਣਗੇ। 'ਸਬ ਕਾ ਸਾਥ, ਸਬ ਕਾ ਵਿਕਾਸ' ਦੇ ਨਾਅਰੇ ਅਧੀਨ ਦੇਸ਼ ਦੇ ਸਾਰੇ ਲੋਕਾਂ ਦਾ ਵਿਕਾਸ ਕੀਤਾ ਜਾਏਗਾ ਅਤੇ ਸਾਰਿਆਂ ਦੀ ਜਾਨ-ਮਾਨ ਦੀ ਰਾਖੀ ਯਕੀਨੀ ਬਣਾਈ ਜਾਏਗੀ। ਵਿਰੋਧੀ ਪਾਰਟੀਆਂ ਦੇ ਆਗੂ ਦੋਸ਼ ਲਾ ਰਹੇ ਸਨ ਕਿ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਆਪਣੇ ਇਹ ਵਾਅਦੇ ਨਿਭਾਉਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ। ਉਸ ਦੇ ਰਾਜ ਵਿਚ ਨੌਜਵਾਨਾਂ ਨੂੰ ਹਰ ਸਾਲ 2 ਕਰੋੜ ਰੁਜ਼ਗਾਰ ਤਾਂ ਕੀ ਮਿਲਣੇ ਸਨ, ਸਗੋਂ ਪਿਛਲੇ 5 ਸਾਲਾਂ ਵਿਚ ਇਕ ਕਰੋੜ ਦੇ ਲਗਪਗ ਨੌਕਰੀਆਂ ਵਿਚ ਕਮੀ ਆਈ ਹੈ। ਉਨ੍ਹਾਂ ਦੇ ਰਾਜ ਵਿਚ ਲੱਖਾਂ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰਨ ਲਈ ਮਜਬੂਰ ਹੋਏ ਹਨ। ਦੇਸ਼ ਭਰ ਵਿਚ ਲਗਾਤਾਰ ਘੱਟ-ਗਿਣਤੀਆਂ ਅਤੇ ਦਲਿਤਾਂ 'ਤੇ ਹਮਲੇ ਹੁੰਦੇ ਰਹੇ ਹਨ। ਗਊ ਰੱਖਿਆ ਦੇ ਨਾਂਅ 'ਤੇ ਭੂਤਰੀਆਂ ਭੀੜਾਂ ਨੇ ਘੱਟ-ਗਿਣਤੀਆਂ ਨਾਲ ਸਬੰਧਿਤ ਲੋਕਾਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਹੈ। ਭਾਜਪਾ ਤੋਂ ਵੱਖਰੇ ਵਿਚਾਰ ਰੱਖਣ ਵਾਲੇ ਬੁੱਧੀਜੀਵੀਆਂ ਦੇ ਕਤਲ ਹੋਏ ਅਤੇ ਲੋਕਤੰਤਰ ਦੀ ਥਾਂ ਭੀੜਤੰਤਰ ਵੱਧ ਮਜ਼ਬੂਤ ਹੋਇਆ ਅਤੇ ਸੱਤਾਧਾਰੀ ਪਾਰਟੀ ਦੀ ਸ਼ਹਿ 'ਤੇ ਭੂਤਰੀਆਂ ਭੀੜਾਂ ਸ਼ਰੇਆਮ ਕਾਨੂੰਨ ਆਪਣੇ ਹੱਥ ਵਿਚ ਲੈਂਦੀਆਂ ਰਹੀਆਂ। ਇਥੇ ਹੀ ਬੱਸ ਨਹੀਂ, ਵਿਰੋਧੀ ਪਾਰਟੀਆਂ ਇਹ ਵੀ ਦੋਸ਼ ਲਾ ਰਹੀਆਂ ਸਨ ਕਿ ਆਰਥਿਕ ਤੇ ਰਾਜਨੀਤਕ ਨੀਤੀਆਂ ਲਾਗੂ ਕਰਨ ਦੇ ਮਾਮਲੇ ਵਿਚ ਸ੍ਰੀ ਨਰਿੰਦਰ ਮੋਦੀ ਆਪਹੁਦਰੇ ਅਤੇ ਅਨਾੜੀ ਸਾਬਤ ਹੋਏ ਹਨ। ਪਹਿਲਾਂ ਨੋਟਬੰਦੀ ਅਤੇ ਬਾਅਦ ਵਿਚ ਨੁਕਸਦਾਰ ਜੀ.ਐਸ.ਟੀ. ਟੈਕਸ ਪ੍ਰਣਾਲੀ ਲਾਗੂ ਕਰਕੇ ਉਨ੍ਹਾਂ ਨੇ ਦੇਸ਼ ਦੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਅਤੇ ਇਸ ਕਾਰਨ ਕਿਸਾਨਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ। ਉਹ ਇਹ ਵੀ ਦੋਸ਼ ਲਾ ਰਹੇ ਸਨ ਕਿ ਰਾਫ਼ੇਲ ਜਹਾਜ਼ਾਂ ਦੀ ਖਰੀਦ ਵਿਚ ਪ੍ਰਧਾਨ ਮੰਤਰੀ ਨੇ ਗ਼ਲਤ ਢੰਗ ਨਾਲ ਦਖ਼ਲ ਦੇ ਕੇ ਇਕ ਸਨਅਤਕਾਰ ਨੂੰ ਲਾਭ ਪਹੁੰਚਾਇਆ ਹੈ ਅਤੇ ਇਹ ਜਹਾਜ਼ ਵੀ ਪਿਛਲੀ ਡਾ: ਮਨਮੋਹਨ ਸਿੰਘ ਦੀ ਸਰਕਾਰ ਵਲੋਂ ਕੀਤੇ ਗਏ ਸੌਦੇ ਨਾਲੋਂ ਮਹਿੰਗੇ ਖ਼ਰੀਦੇ ਗਏ ਹਨ।

ਵਿਰੋਧੀ ਪਾਰਟੀਆਂ ਦੇ ਇਨ੍ਹਾਂ ਦੋਸ਼ਾਂ ਕਾਰਨ ਸ੍ਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਕਾਫੀ ਦਬਾਅ ਹੇਠ ਮਹਿਸੂਸ ਕਰ ਰਹੀ ਸੀ ਤੇ ਉਨ੍ਹਾਂ ਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਆਗਾਮੀ ਲੋਕ ਸਭਾ ਚੋਣਾਂ ਵਿਚ ਸੱਤਾ ਉਨ੍ਹਾਂ ਦੇ ਹੱਥੋਂ ਜਾ ਸਕਦੀ ਹੈ। ਪਰ ਪੁਲਵਾਮਾ ਹਮਲੇ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਅਤੇ ਭੜਕਾਊ ਟੈਲੀਵਿਜ਼ਨ ਚੈਨਲਾਂ ਨੇ ਮਿਲ ਕੇ ਬੜੇ ਜ਼ੋਰਦਾਰ ਢੰਗ ਨਾਲ ਦੇਸ਼ ਵਿਚ ਜੰਗੀ ਜਨੂੰਨ ਇਸ ਤਰ੍ਹਾਂ ਭੜਕਾਇਆ ਕਿ ਲੋਕ ਸਭਾ ਦੀਆਂ ਚੋਣਾਂ ਲਈ ਚੱਲ ਰਹੀ ਬਹਿਸ ਵਿਚੋਂ ਲੋਕਾਂ ਦੇ ਉਪਰੋਕਤ ਸਾਰੇ ਭਖਦੇ ਮੁੱਦੇ ਅਲੋਪ ਹੋ ਗਏ। ਇਸ ਸਮੇਂ ਦੇਸ਼ ਵਿਚ ਘੁੰਮ-ਘੁੰਮ ਕੇ ਸ੍ਰੀ ਨਰਿੰਦਰ ਮੋਦੀ ਦੇਸ਼ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਦੇਸ਼ ਧ੍ਰੋਹੀ ਕਰਾਰ ਦੇ ਰਹੇ ਹਨ ਅਤੇ ਫ਼ੌਜ ਨੇ ਪਾਕਿਸਤਾਨ ਦੇ ਖਿਲਾਫ਼ ਜੋ ਵੀ ਕਾਰਵਾਈ ਕੀਤੀ ਹੈ, ਉਸ ਦਾ ਸਾਰਾ ਲਾਭ ਆਪ ਲੈਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਇਥੇ ਹੀ ਬੱਸ ਨਹੀਂ, ਉਹ ਫ਼ੌਜ ਅਤੇ ਆਮ ਲੋਕਾਂ ਦੇ ਜਜ਼ਬਾਤ ਵੀ ਵਿਰੋਧੀ ਪਾਰਟੀਆਂ ਦੇ ਖਿਲਾਫ਼ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੇ ਪਿੱਛੇ-ਪਿੱਛੇ ਭਾਜਪਾ ਦੇ ਦੂਜੇ ਆਗੂਆਂ ਨੇ ਵੀ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਧਮਕਾਉਣ ਵਾਲੀ ਭਾਸ਼ਣ ਸ਼ੈਲੀ ਅਪਨਾ ਲਈ ਹੈ। ਇਸ ਦਾ ਹੀ ਸਿੱਟਾ ਹੈ ਕਿ ਪੁਲਵਾਮਾ ਵਿਚ ਹਮਲਾ ਹੋਣ ਤੋਂ ਬਾਅਦ ਦੇਸ਼ ਭਰ ਵਿਚ ਕਸ਼ਮੀਰੀ ਵਿਦਿਆਰਥੀਆਂ 'ਤੇ ਭੜਕੇ ਲੋਕਾਂ ਵਲੋਂ ਹਮਲੇ ਕੀਤੇ ਗਏ ਅਤੇ ਪਿਛਲੇ ਦਿਨੀਂ ਲਖਨਊ ਵਿਚ ਸੜਕ ਕਿਨਾਰੇ ਸੁੱਕੇ ਮੇਵੇ ਵੇਚਣ ਵਾਲੇ ਕਸ਼ਮੀਰੀਆਂ 'ਤੇ ਭੜਕਾਏ ਹਿੰਦੂਤਵੀ ਸੰਗਠਨਾਂ ਦੇ ਲੋਕਾਂ ਵਲੋਂ ਹਮਲਾ ਕੀਤਾ ਗਿਆ। ਉੱਤਰ ਪ੍ਰਦੇਸ਼ ਵਿਚ ਇਕ ਟੀ.ਵੀ. ਚੈਨਲ ਦੇ ਇਕ ਪ੍ਰੋਗਰਾਮ ਵਿਚ ਇਕ ਨੌਜਵਾਨ ਵਲੋਂ ਭਾਜਪਾ ਵਿਰੁੱਧ ਬੋਲਣ 'ਤੇ ਭਾਜਪਾ ਸਮਰਥਕਾਂ ਵਲੋਂ ਨੌਜਵਾਨ ਦੀ ਸ਼ਰੇਆਮ ਕੁੱਟਮਾਰ ਕੀਤੀ ਗਈ। ਭਾਜਪਾ ਦੀ ਜੰਗੀ ਜਨੂੰਨ ਪੈਦਾ ਕਰਨ ਵਾਲੀ ਨੀਤੀ ਦਾ ਜਿਹੜੇ ਟੀ.ਵੀ. ਜਾਂ ਪ੍ਰਿੰਟ ਮੀਡੀਆ ਨਾਲ ਸਬੰਧਿਤ ਮੁੱਠੀ ਭਰ ਪੱਤਰਕਾਰ ਵਿਰੋਧ ਕਰ ਰਹੇ ਹਨ, ਭੜਕਾਏ ਲੋਕਾਂ ਵਲੋਂ ਉਨ੍ਹਾਂ ਨੂੰ ਵੀ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਪੁਲਵਾਮਾ ਦੀ ਦੁਰਘਟਨਾ ਤੋਂ ਪਹਿਲਾਂ ਦੇਸ਼ ਭਰ ਵਿਚ ਸ੍ਰੀ ਨਰਿੰਦਰ ਮੋਦੀ ਵਲੋਂ ਜੋ ਰੈਲੀਆਂ ਕੀਤੀਆਂ ਜਾ ਰਹੀਆਂ ਸਨ, ਉਨ੍ਹਾਂ ਵਿਚ ਨਾ ਤਾਂ ਸਰੋਤਿਆਂ ਵਲੋਂ ਕੋਈ ਉਤਸ਼ਾਹ ਦਿਖਾਇਆ ਜਾ ਰਿਹਾ ਸੀ ਅਤੇ ਨਾ ਹੀ ਮੋਦੀ-ਮੋਦੀ ਦੇ ਨਾਅਰੇ ਲੱਗ ਰਹੇ ਸਨ। ਪਰ ਹੁਣ ਜੋ ਰੈਲੀਆਂ ਸ੍ਰੀ ਨਰਿੰਦਰ ਮੋਦੀ ਵਲੋਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਵਿਚ ਮੋਦੀ-ਮੋਦੀ ਦੇ ਨਾਅਰੇ ਵੀ ਲਗਦੇ ਹਨ ਅਤੇ ਭੀੜਾਂ ਨਰਿੰਦਰ ਮੋਦੀ ਵਲੋਂ ਵਿਰੋਧੀ ਪਾਰਟੀਆਂ ਦੀ ਕੀਤੀ ਜਾ ਰਹੀ ਕਿਰਦਾਰਕੁਸ਼ੀ ਦਾ ਵੀ ਭਰਪੂਰ ਹੁੰਗਾਰਾ ਭਰਦੀਆਂ ਹਨ।

ਇਸ ਤਰ੍ਹਾਂ ਲਗਦਾ ਹੈ ਕਿ ਦੇਸ਼ ਵਿਚ ਜੰਗੀ ਜਨੂੰਨ ਪੈਦਾ ਕਰਕੇ ਭਾਜਪਾ ਆਗੂਆਂ ਨੇ ਲੋਕ ਸਭਾ ਦੀਆਂ ਚੋਣਾਂ ਦੇ ਸਾਰੇ ਅਮਲ ਨੂੰ ਅਗਵਾ ਕਰ ਲਿਆ ਹੈ। ਇਸ ਤਰ੍ਹਾਂ ਦੇ ਮਾਹੌਲ ਵਿਚ ਹੁਣ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਣੇ ਜਾਂ ਫ਼ੌਜ ਦੀ ਕਿਸੇ ਵੀ ਤਰ੍ਹਾਂ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਕਰਨਾ ਜਾਂ ਰਾਫੇਲ ਜਹਾਜ਼ਾਂ ਦੇ ਸਮਝੌਤੇ ਦੇ ਕਿਸੇ ਪਹਿਲੂ 'ਤੇ ਸਵਾਲ ਉਠਾਉਣੇ ਦੇਸ਼ ਨਾਲ ਗਦਾਰੀ ਕਰਨ ਵਾਲੀ ਗੱਲ ਹੋ ਗਈ ਹੈ। ਜੇਕਰ ਪਿੱਛੇ ਇਤਿਹਾਸ ਵੱਲ ਜਾਈਏ ਤਾਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਿਸੇ ਸਮੇਂ ਕਾਂਗਰਸ ਪਾਰਟੀ ਤੇ ਸ੍ਰੀਮਤੀ ਇੰਦਰਾ ਗਾਂਧੀ ਵੀ ਦੇਸ਼ ਵਿਚ ਇਸੇ ਤਰ੍ਹਾਂ ਦਾ ਸਿਆਸੀ ਜਾਂ ਜੰਗੀ ਜਨੂੰਨ ਪੈਦਾ ਕਰਕੇ ਸਿਆਸੀ ਲਾਭ ਉਠਾਉਣ ਦੀ ਕੋਸ਼ਿਸ਼ ਕਰਦੀ ਰਹੀ ਹੈ। ਇਕ ਸਮੇਂ ਸ੍ਰੀਮਤੀ ਇੰਦਰਾ ਗਾਂਧੀ ਨੇ ਕਿਹਾ ਸੀ ਕਿ ਵਿਰੋਧੀ ਪਾਰਟੀਆਂ ਉਨ੍ਹਾਂ ਨੂੰ ਹਟਾਉਣ ਲਈ ਇਕੱਠੀਆਂ ਹੋ ਰਹੀਆਂ ਹਨ, ਜਦੋਂ ਕਿ ਉਹ ਗ਼ਰੀਬੀ ਹਟਾਉਣਾ ਚਾਹੁੰਦੇ ਹਨ। 1971 ਦੀ ਪਾਕਿਸਤਾਨ ਨਾਲ ਹੋਈ ਜੰਗ ਸਮੇਂ ਵੀ ਸ੍ਰੀਮਤੀ ਇੰਦਰਾ ਗਾਂਧੀ ਨੇ ਜੰਗੀ ਜਨੂੰਨ ਪੈਦਾ ਕਰਕੇ ਇਸ ਨੂੰ ਬਾਅਦ ਵਿਚ ਵੋਟਾਂ 'ਚ ਬਦਲ ਕੇ ਚੋਣ ਜਿੱਤੀ ਸੀ। ਉਸ ਸਮੇਂ ਇੰਦਰਾ ਗਾਂਧੀ ਦੇ ਵੀ ਭਾਸ਼ਣ ਵੀ ਇਸੇ ਹੀ ਤਰ੍ਹਾਂ ਦੇ ਹੁੰਦੇ ਸਨ, ਜਿਸ ਤਰ੍ਹਾਂ ਦੇ ਭਾਸ਼ਣ ਅੱਜਕਲ੍ਹ ਸ੍ਰੀ ਨਰਿੰਦਰ ਮੋਦੀ ਦਿੰਦੇ ਦਿਖਾਈ ਦੇ ਰਹੇ ਹਨ। ਜਦੋਂ ਪਿਛਲੇ ਦਿਨੀਂ ਉਨ੍ਹਾਂ ਨੇ ਇਹ ਕਿਹਾ ਕਿ ਵਿਰੋਧੀ ਪਾਰਟੀਆਂ ਉਨ੍ਹਾਂ ਨੂੰ ਖ਼ਤਮ ਕਰਨ ਲਈ ਇਕੱਠੀਆਂ ਹੋ ਰਹੀਆਂ ਹਨ, ਜਦੋਂ ਕਿ ਉਹ ਦੇਸ਼ ਵਿਚੋਂ ਅੱਤਵਾਦ ਨੂੰ ਖ਼ਤਮ ਕਰਨ ਲਈ ਯਤਨ ਕਰ ਰਹੇ ਹਨ ਤਾਂ ਉਨ੍ਹਾਂ ਦੀ ਇਸ ਭਾਸ਼ਣ ਸ਼ੈਲੀ ਨਾਲ ਬਹੁਤ ਸਾਰੇ ਰਾਜਨੀਤਕ ਵਿਸ਼ਲੇਸ਼ਣਕਾਰਾਂ ਨੂੰ ਪੂਰੀ ਤਰ੍ਹਾਂ ਇੰਦਰਾ ਗਾਂਧੀ ਵਲੋਂ ਚੋਣਾਂ ਜਿੱਤਣ ਲਈ ਵਰਤੇ ਜਾਂਦੇ ਹਰਬਿਆਂ ਦੀ ਯਾਦ ਆ ਗਈ। 1984 ਵਿਚ ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਕਰਵਾਏ ਗਏ ਸਿੱਖ ਕਤਲੇਆਮ ਸਮੇਂ ਵੀ ਕਾਂਗਰਸ ਤੇ ਮੀਡੀਏ ਦੇ ਇਸ ਹਿੱਸੇ ਨੇ ਮਿਲ ਕੇ ਦੇਸ਼ ਵਿਚ ਇਸੇ ਤਰ੍ਹਾਂ ਦਾ ਜਨੂੰਨੀ ਤੇ ਡਰ-ਭੈਅ ਵਾਲਾ ਵਾਤਾਵਰਨ ਪੈਦਾ ਕੀਤਾ ਸੀ ਤੇ ਲੋਕ ਸਭਾ ਚੋਣ ਜਿੱਤੀ ਸੀ। ਸਿੱਖਾਂ ਨੂੰ ਹਾਸ਼ੀਏ 'ਤੇ ਧੱਕੇ ਜਾਣ ਕਾਰਨ ਉਸ ਸਮੇਂ ਵੀ ਦੇਸ਼ ਵਿਚ ਹਿੰਸਾ ਵਧੀ ਸੀ ਤੇ ਜਮਹੂਰੀਅਤ ਕਮਜ਼ੋਰ ਹੋਈ ਸੀ। ਸਿੱਖ ਭਾਈਚਾਰਾ ਮੁੱਖਧਾਰਾ ਤੋਂ ਦੂਰ ਚਲਾ ਗਿਆ ਸੀ। ਇਸ ਦੀ ਵੱਡੀ ਕੀਮਤ ਦੇਸ਼ ਵਾਸੀਆਂ ਨੇ ਅਦਾ ਕੀਤੀ ਸੀ।

ਇਸ ਸਭ ਕੁਝ ਨੂੰ ਦੇਖ ਕੇ ਦੇਸ਼ ਵਿਚ ਜਿਹੜੇ ਲੋਕ ਜਮਹੂਰੀਅਤ ਅਤੇ ਧਰਮ-ਨਿਰਪੱਖਤਾ ਨੂੰ ਮਜ਼ਬੂਤ ਦੇਖਣਾ ਚਾਹੁੰਦੇ ਹਨ, ਘੱਟ-ਗਿਣਤੀਆਂ ਅਤੇ ਦਲਿਤਾਂ ਦੇ ਹਿਤ ਸੁਰੱਖਿਅਤ ਵੇਖਣਾ ਚਾਹੁੰਦੇ ਹਨ, ਉਨ੍ਹਾਂ ਦੇ ਮੱਥੇ 'ਤੇ ਫ਼ਿਕਰ ਦੀਆਂ ਲਕੀਰਾਂ ਉੱਭਰ ਰਹੀਆਂ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਜਿਸ ਤਰ੍ਹਾਂ ਦੀ ਰਾਜਨੀਤੀ ਸ੍ਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਪਾਰਟੀ ਭਾਜਪਾ ਕਰ ਰਹੀ ਹੈ, ਉਸ ਨਾਲ ਦੇਸ਼ ਵਿਚ ਜਮਹੂਰੀਅਤ ਤਾਂ ਕਮਜ਼ੋਰ ਹੋਵੇਗੀ, ਇਸ ਦੇ ਨਾਲ ਹੀ ਦੇਸ਼ ਵਿਚ ਧਾਰਮਿਕ ਅਤੇ ਰਾਜਨੀਤਕ ਸਹਿਣਸ਼ੀਲਤਾ ਵੀ ਬੇਹੱਦ ਕਮਜ਼ੋਰ ਹੋ ਜਾਏਗੀ। ਲੋਕ ਆਪਸ ਵਿਚ ਹੀ ਲੜਨ ਲੱਗਣਗੇ। ਇਸ ਦਾ ਲਾਭ ਭਾਰਤ ਵਿਰੋਧੀ ਸ਼ਕਤੀਆਂ ਉਠਾ ਕੇ ਦੇਸ਼ ਵਿਚ ਖਾਨਾਜੰਗੀ ਵਰਗੇ ਹਾਲਾਤ ਪੈਦਾ ਕਰ ਸਕਦੀਆਂ ਹਨ। ਬਿਨਾਂ ਸ਼ੱਕ ਪਾਕਿਸਤਾਨ ਦੀ ਧਰਤੀ ਤੋਂ ਭਾਰਤ ਵੱਲ ਸੇਧਤ ਅੱਤਵਾਦ ਦਾ ਮਜ਼ਬੂਤੀ ਨਾਲ ਮੁਕਾਬਲਾ ਕਰਨ ਦੀ ਜ਼ਰੂਰਤ ਹੈ ਅਤੇ ਇਸ ਲਈ ਫ਼ੌਜ ਨੂੰ ਚੌਕਸ ਤੇ ਸਮਰੱਥ ਬਣਾਇਆ ਜਾਣਾ ਚਾਹੀਦਾ ਹੈ। ਪਰ ਇਸ ਲਈ ਫ਼ੌਜ ਦੇ ਸਿਆਸੀਕਰਨ ਦੀ ਨਹੀਂ ਸਗੋਂ ਉਸ ਨੂੰ ਪੇਸ਼ਾਵਰ ਬਣਾਉਣ ਤੇ ਆਧੁਨਿਕ ਸਾਧਨਾਂ ਨਾਲ ਲੈਸ ਕਰਨ ਦੀ ਜ਼ਰੂਰਤ ਹੈ। ਦੂਜੇ ਪਾਸੇ ਇਸ ਮੰਤਵ ਲਈ ਦੇਸ਼ ਵਿਚ ਧਰਮ-ਨਿਰਪੱਖਤਾ ਤੇ ਜਮਹੂਰੀਅਤ ਨੂੰ ਮਜ਼ਬੂਤ ਬਣਾਉਣਾ, ਦੇਸ਼ ਨੂੰ ਤੇ ਨੌਜਵਾਨਾਂ ਨੂੰ ਆਰਥਿਕ ਤੌਰ 'ਤੇ ਸਮਰੱਥ ਬਣਾਉਣਾ ਅਤੇ ਦੇਸ਼ ਵਿਚ ਅਮਨ ਅਤੇ ਸਦਭਾਵਨਾ ਦਾ ਮਾਹੌਲ ਸਥਾਪਿਤ ਕਰਨਾ ਵੀ ਬੇਹੱਦ ਜ਼ਰੂਰੀ ਹੈ। ਫ਼ੌਜ ਦਾ ਸਿਆਸੀਕਰਨ ਕਰਕੇ ਅਤੇ ਦੇਸ਼ ਵਿਚ ਘੱਟ-ਗਿਣਤੀਆਂ ਵਿਰੁੱਧ ਭੜਕਾਹਟਾਂ ਪੈਦਾ ਕਰਕੇ ਅਜਿਹੇ ਵੱਡੇ ਉਦੇਸ਼ਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਹੜੇ ਲੋਕ ਦੇਸ਼ ਨੂੰ ਅਤੇ ਲੋਕਾਂ ਨੂੰ ਪਿਆਰ ਕਰਦੇ ਹਨ, ਉਨ੍ਹਾਂ ਨੂੰ ਦੇਸ਼ ਵਿਚ ਦੇਸ਼ ਦੇ ਸਿਆਸੀ ਮੰਚ 'ਤੇ ਉੱਭਰ ਰਹੇ ਉਕਤ ਖ਼ਤਰਨਾਕ ਅਤੇ ਨਾਂਹ-ਪੱਖੀ ਰੁਝਾਨਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਮੁਕਾਬਲਾ ਕਰਨ ਲਈ ਲਾਮਬੰਦੀ ਕਰਨੀ ਚਾਹੀਦੀ ਹੈ।

ਲੋਕ ਸਭਾ ਦੀਆਂ ਚੋਣਾਂ ਮੋਦੀ ਸਰਕਾਰ ਦੀ ਪਿਛਲੀ ਪੰਜ ਸਾਲ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਹੋਣੀਆਂ ਚਾਹੀਦੀਆਂ ਹਨ ਨਾ ਕਿ ਜੰਗੀ ਜਨੂੰਨ ਦੇ ਆਧਾਰ 'ਤੇ। ਲੋਕ ਸਭਾ ਦੀਆਂ ਚੋਣਾਂ ਦੀ ਬਹਿਸ ਦੇ ਕੇਂਦਰ ਵਿਚ ਖੇਤੀ ਸੰਕਟ ਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਦੇਸ਼ ਵਿਚ ਵਧ ਰਹੀ ਧਾਰਮਿਕ ਅਤੇ ਰਾਜਨੀਤਕ ਅਸਹਿਣਸ਼ੀਲਤਾ ਦੇ ਮੁੱਦੇ ਵਾਪਸ ਲਿਆਉਣੇ ਜਮਹੂਰੀਅਤ ਪਸੰਦ ਅਤੇ ਧਰਮ-ਨਿਰਪੱਖ ਸ਼ਕਤੀਆਂ ਲਈ ਇਕ ਵੱਡੀ ਚੁਣੌਤੀ ਹੈ। ਇਸ ਨੂੰ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।







# ਕੈਨੇਡਾ ਬਰੈਂਪਟਨ ਵਿੱਚ ਐਲਾਇੰਸ ਆਫ ਪ੍ਰੋਗਰੈਸਿਵ ਕੈਨੈਡੀਅਨਸ ਸੀ. ਏ.ਵੱਲੋਂ ਸੰਸਾਰ ਔਰਤ ਦਿਵਸ

**ਡਾ. ਹਰਦੀਪ ਸਿੰਘ**









ਇਸ ਸਾਲ ਵੀ 10 ਮਾਰਚ ਵਾਲੇ ਐਤਵਾਰ ਨੂੰ ਕੈਨੇਡਾ ਬਰੈਂਪਟਨ ਵਿਖੇ ਐਲਾਇੰਸ ਆਫ ਪ੍ਰੋਗਰੈਸਿਵ ਕੈਨੈਡੀਅਨਸ ਸੀ. ਏ. ਵੱਲੋਂ ਇਨਕਲਾਬੀ ਜੋਸ਼ੋਖਰੋਸ਼ ਨਾਲ ਸੰਸਾਰ ਔਰਤ ਦਿਵਸਮਨਾਇਆ ਗਿਆ। ਇਸ ਵਿੱਚ ਸੰਸਾਰ ਦੇ ਕਈ ਦੇਸ਼ਾਂ ਦੇ ਵੱਖੋ ਵੱਖਰੇ ਸਿਆਸੀ, ਸੱਭਿਆਚਾਰਕ, ਰੰਗਾਂ, ਧਰਮਾਂ ਦੇ ਪਿਛੋਕੜ ਵਾਲੀਆਂ ਔਰਤਾਂ ਅਤੇ ਮਰਦਾਂ ਦੀ ਸ਼ਮੂਲੀਅਤ ਨੇ ਇਸ ਨੂੰ ਸੱਚੀ ਹੀ ਅੰਤਰ-ਰਾਸ਼ਟਰੀ ਰੂਪ ਦੇ ਦਿੱਤਾ। ਇਸ ਵਿੱਚ ਵਿਚਾਰ ਰੱਖਣ ਵਾਲੀਆਂ ਦਾ ਇੱਕ ਮਤ ਨਿਤਰਿਆ ਕਿ ਮੌਜੂਦਾ ਸਮੇਂ ਅੰਦਰ ਔਰਤ ਦੀ ਦੁਰਦਸ਼ਾ ਲਈ ਜ਼ੁੰਮੇਵਾਰ ਸੰਸਾਰ ਸਰਮਾਏਦਾਰੀ ਦੀ ਸਰਪ੍ਰਸਤੀ ਵਾਲਾ ਮਰਦ-ਪ੍ਰਧਾਨ ਸਮਾਜੀ ਪ੍ਰਬੰਧ ਹੈ ਜੋ ਸਾਰੀ ਵਰਕਿੰਗ ਕਲਾਸ ਦੀ ਲੁੱਟ ਨੂੰ ਜਾਰੀ ਰੱਖ ਰਹੀ ਹੈ। ਔਰਤ ਦੀ ਅਜ਼ਾਦੀ ਦਾ ਸੰਘਰਸ਼, ਸਮੁੱਚੀ ਵਰਕਿੰਗ ਕਲਾਸ ਦੇ ਸੰਘਰਸ਼ ਦਾ ਅਨਿਖੜਵਾਂ ਅੰਗ ਹੈ ਨਾਕਿ ਸਿਰਫ ਮਰਦਾਂ ਖਿਲਾਫ ਹੀ। ਇਸ ਲਈ ਔਰਤਾਂ ਨੂੰ ਇਨਕਲਾਬੀ ਸਮਾਜਿਕ ਤਬਦੀਲੀ ਦੇ ਸੰਘਰਸ਼ ਵਿੱਚ ਸਰਗਰਮ ਹੋਣਾ ਪਵੇਗਾ। ਇਸ ਪ੍ਰੋਗਰਾਮ ਦੇ ਬੁਲਾਰਿਆਂ ਵਿੱਚ ਕਮਿਊਨਿਸਟ ਪਾਰਟੀ ਆਫ ਕੈਨੇਡਾ (ML) ਦੀ ਐਨਾ ਡੀ ਕਾਰਲੋ, ਕਮਿਉਨਿਸਟ ਪਾਰਟੀ ਆਫ ਇਰਾਨ (ਕੁਮਾਲਾ) ਦੀ ਮੀਨੂ ਇਰਾਨੀ, ਗ੍ਰੀਨ ਪਾਰਟੀ ਕੈਨੇਡਾ ਦੀ ਪਾਲਿਨ ਥੋਰਨਹੈਮ, ਪੰਜਾਬੀ ਲਿਖਾਰਨ ਸੁਰਜੀਤ ਕੌਰ, ਆਰਫਾ ਆਈਮਕ (ਅਫਗਾਨਿਸਤਾਨ), ਮੀਨਾਰਾ ਬੇਗਮ (ਬਾਂਗਲਾ ਦੇਸ਼) ਆਦਿ ਸਨ। ਪ੍ਰੋਗਰਾਮ ਦੀ ਸੰਚਾਲਨਾ ਸਰਬਜੀਤ ਕੌਰ ਗਦਰੀ ਦੁਆਰਾ ਅਤੇ ਧੰਨਵਾਦ ਡਾ. ਨਵਕਿਰਨ ਕੌਰ ਨੇ ਕੀਤਾ। ਪੰਜਾਬ ਤੋਂ ਮਹਿਲਾ ਨਾਟਕ ਕਰਮੀ ਸੁਵਿਧਾ ਦੁੱਗਲ ਨੇ ਆਪਣੇ ਨਾਟਕ ਅਤੇ ਲੋਕ ਸੰਗੀਤ ਮੰਡਲੀ ਭਦੌੜ ਦੇ ਮਾਸਟਰ ਰਾਮ ਕੁਮਾਰ ਦੀ ਟੀਮ ਦੇ ਗਾਇਕ ਸੁਖਦੇਵ ਸਿੰਘ ਤੇ ਸਾਥੀਆਂ ਦੀ ਕਲਾ ਵੀ ਮੁੱਖ ਅਕਰਸ਼ਣ ਰਹੀ ।

ਸ਼ਹਿਰ ਦੇ ਹੋਰ ਸੂਝਵਾਨ ਲੋਕਾਂ ਤੋਂ ਇਲਾਵਾ 'ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ' ਦੇ ਕੋਆਰਡੀਨੇਟਰ, ਬਲਦੇਵ ਰੇਹਪਾ, ਅਖਬਾਰ ਸਰੋਕਾਰਾਂ ਦੀ ਅਵਾਜ ਦੇ ਹਰਬੰਸ ਸਿੰਘ, ਡਾ: ਹਰਦੀਪ ਸਿੰਘ, ਡਾ: ਬਲਜਿੰਦਰ ਸੇਖੋਂ, ਪਰਮਜੀਤ ਬੜਿੰਗ ਆਦਿ ਵੀ ਹਾਜਰ ਸਨ। ਪ੍ਰਬੰਧਕ ਸੰਸਥਾ ਦੇ ਕੋ-ਆਰਡੀਨੇਟਰ ਸ਼ਮਸ਼ਾਦ ਸ਼ਮਸ਼ ਅਤੇ ਇਸ ਦੇ ਬਰੈਂਪਟਨ ਆਰਗਿਨਾਜਰ ਹਰਪ੍ਰਿੰਦਰ ਗਦਰੀ ਨੇ ਪ੍ਰੋਗਰਾਮ ਦੀ ਸਫਲਤਾ ਲਈ ਸਾਰਿਆਂ ਦਾ ਧੰਨਵਾਦ ਕੀਤਾ।

## ਜੁਲਿਆਂਵਾਲਾ ਬਾਗ ਕਾਂਡ ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਸ਼ਹੀਦੀ ਸ਼ਰਧਾਂਜਲੀ ਪ੍ਰੋਗਰਾਮ 14 ਅਪਰੈਲ ਨੂੰ-ਇਨਕਲਾਬੀ ਨਾਟਕ ਅਤੇ ਗੀਤਾਂ ਦਾ ਪ੍ਰੋਗਰਾਮ

ਜਲਿਆਂਵਾਲਾ ਬਾਗ ਕਾਂਡ ਦੀ 100ਵੀ ਵਰ੍ਹੇਗੰਢ ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਸ਼ਹੀਦੀ ਸ਼ਰਧਾਂਜਲੀ ਪ੍ਰੋਗਰਾਮ ਇਸ ਸਾਲ 14 ਅਪਰੈਲ ਦਿਨ ਐਤਵਾਰ ਨੂੰ ਚਿੰਗੂਜ਼ੀ ਸੈਕੰਡਰੀ ਪਬਲਿਕ ਸਕੂਲ ਬਰੈਪਟਨ ਵਿੱਚ ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਅਤੇ ਨਾਰਥ ਅਮਰੀਕਨ ਤਰਕਸ਼ੀਲ ਸੋਸਾਈਟੀ ਵੱਲੋਂ ਸਾਂਝੇ ਤੌਰ 'ਤੇ ਅਯੋਜਿਤ ਕੀਤਾ ਜਾ ਰਿਹਾ ਹੈ। ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਵੱਲੋਂ ਹਰ ਸਾਲ ਦਾ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਸ਼ਹੀਦੀ ਸ਼ਰਧਾਂਜਲੀ ਪ੍ਰੋਗਰਾਮ ਇਸ ਸਾਲ ਜਲਿਆਂਵਾਲਾ ਬਾਗ ਕਾਂਡ ਦੀ 100'ਵੀਂ ਵਰ੍ਹੇਗੰਢ ਤਹਿਤ ਇਕੱਠਾ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਦੀਆਂ ਤਿਆਰੀਆਂ ਸਬੰਧੀ ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ ਦੀ ਮੀਟਿੰਗ ਬੀਤੇ ਐਤਵਾਰ ਸੰਸਥਾ ਦੇ ਪ੍ਰਧਾਨ ਸੁਰਿੰਦਰ ਸੰਧੂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਪ੍ਰੋਗਰਾਮ ਦੀਆਂ ਤਿਆਰੀਆਂ ਸਬੰਧੀ ਬਣਾਈ ਕਮੇਟੀ ਨੇ ਪ੍ਰੋਗਰਾਮ ਸਬੰਧੀ ਹੁਣ ਤੱਕ ਦੀਆਂ ਤਿਆਰੀਆਂ ਤੋਂ ਜਾਣੂ ਕਰਵਾਇਆ। ਇਸ ਸਾਲ ਦੇ ਪ੍ਰੋਗਰਾਮ ਵਿੱਚ ਇੰਡੀਆ ਤੋਂ ਸੰਸਥਾਵਾਂ ਦੇ ਖਾਸ ਸੱਦੇ 'ਤੇ ਆ ਰਹੇ ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾਂ ਹੇਠ ਜਲਿਆਂਵਾਲਾ ਬਾਗ ਕਾਂਡ ਬਾਰੇ ਨਾਟਕ ਪੇਸ਼ ਕੀਤਾ ਜਾਵੇਗਾ ਅਤੇ ਇਸ ਖੂਨੀ ਕਾਂਡ ਬਾਰੇ ਕੁਝ ਖਾਸ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਬੱਚਿਆਂ ਦੁਆਰਾ ਤਿਆਰ ਕੋਰਿਓਗਰਾਫੀ ਅਤੇ ਇਨਕਲਾਬੀ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ। ਦੋਨਾਂ ਸੰਸਥਾਵਾਂ ਵੱਲੋਂ ਲੋਕਾਂ ਨੂੰ ਪ੍ਰੋਗਰਾਮ ਵਾਲੇ ਦਿਨ ਨੂੰ ਰਾਖਵਾਂ ਰੱਖਣ ਦੀ ਅਪੀਲ ਕੀਤੀ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ ਕੀਤੀ। ਮੀਟਿੰਗ ਵਿੱਚ ਨਿਊਜ਼ੀਲੈਂਡ ਵਿੱਚ ਨਸਲਵਾਦੀ, ਮੁਸਲਿਮ ਅਤੇ ਅਵਾਸੀ ਵਿਰੋਧੀ, ਟਰੰਪ ਤੋਂ ਪ੍ਰਭਾਵਤ ਗੋਰੇ ਕਾਤਲ ਵੱਲੋਂ ਮਸਜਿਦ 'ਤੇ ਹਮਲਾ ਕਰ ਕੇ ਬੇਕਸੂਰ ਲੋਕਾਂ ਦੇ ਕਤਲ ਦੀ ਸਖਤ ਨਿਖੇਧੀ ਕੀਤੀ ਗਈ। ਸੱਜੇ ਪੱਖੀ ਕੰਜ਼ਰਵੇਟਿਵ ਪਾਰਟੀਆਂ, ਲੀਡਰਾਂ ਅਤੇ ਮੀਡੀਆ ਦੁਆਰਾ ਇੰਮੀਗਰਾਂਟਾਂ ਖਾਸ ਕਰਕੇ ਮੁਸਲਿਮ ਵਿਰੋਧੀ ਲਾਗਤਾਰ ਪ੍ਰਚਾਰ ਕਰਕੇ ਨਫਰਤ ਵਾਲਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ ਜੋ ਅਜਿਹੇ ਘਿਨੌਣੇ ਕਾਰਨਾਮਿਆਂ ਦਾ ਕਾਰਨ ਬਣ ਰਿਹਾ ਹੈ। ਮਿਹਨਤਕਸ਼ ਲੋਕਾਂ ਦੀਆਂ ਜੀਵਨ ਹਾਲਤਾਂ ਵਿੱਚ ਆ ਰਹੇ ਨਿਘਾਰ ਲਈ ਇੰਮੀਗਰਾਂਟ ਜ਼ਿੰਮੇਵਾਰ ਨਹੀਂ ਜਦਕਿ ਕਾਰਪੋਰੇਟ ਖੇਤਰ ਮੁਨਾਫੇ ਦੀ ਅੰਨੀ ਦੌੜ ਵਿੱਚ ਮਜਦੂਰਾਂ ਦੀਆਂ ਤਨਖਾਹਾਂ ਅਤੇ ਸੇਵਾਵਾਂ ਵਿੱਚ ਕਟੌਤੀਆਂ ਕਰ ਰਿਹਾ ਹੈ। ਸਰਕਾਰਾਂ ਇੱਕ ਪਾਸੇ ਕਾਰਪੋਰੇਟਾਂ ਦੇ ਟੈਕਸ ਲਗਾਤਾਰ ਘਟਾ ਰਹੀਆਂ ਹਨ ਅਤੇ ਸਰਕਾਰੀ ਆਮਦਨ ਘਟਨ ਕਾਰਨ ਲੋਕਾਂ ਤੇ ਟੈਕਸਾਂ ਦਾ ਭਾਰ ਪਾ ਕੇ ਸੇਵਾਵਾਂ ਕੱਟ ਕਰ ਰਹੀਆਂ ਹਨ। ਸਰਕਾਰਾਂ ਨੂੰ ਇਹਨਾਂ ਵਾਇਟ ਸੁਪਰਮਿਸਟ ਗਰੁੱਪਾਂ ਅਤੇ ਨਫਰਤ ਫਲਾਉਣ ਵਾਲੀਆਂ ਹੋਰ ਧਿਰਾਂ ਤੇ ਪਾਬੰਦੀ ਲਾਉਣ ਦੀ ਮੰਗ ਕੀਤੀ। ਸੰਸਥਾ ਨੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਲੋਕਾਂ ਉਪਰ ਲਗਾਤਾਰ ਹਮਲੇ ਤਹਿਤ ਸਿੱਖਿਆ, ਸਿਹਤ ਅਤੇ ਹੋਰ ਬੇਹੱਦ ਜ਼ਰੂਰੀ ਸੇਵਾਵਾਂ ਵਿੱਚ ਲਗਾਤਾਰ ਭਾਰੀ ਕਟੌਤੀਆਂ ਅਤੇ ਸੇਵਾਵਾਂ ਦਾ ਤੇਜ਼ੀ ਨਾਲ ਨਿੱਜੀਕਰਨ ਕਰਨ ਦਾ ਸਖਤ ਵਿਰੋਧ ਕੀਤਾ। ਬਰੈਂਪਟਨ ਵਿੱਚ 35 ਜਥੇਬੰਦੀਆਂ ਦੀ ਸਾਂਝੀ ਬਣੀ ਬਰੈਂਪਟਨ ਐਕਸ਼ਨ ਕੋਲੀਸ਼ਨ, ਜੋ ਕਿ ਬਰੈਂਪਟਨ ਵਿੱਚ ਇੱਕ ਹੋਰ ਪਬਲਿਕ ਹਸਪਤਾਲ ਬਣਾਉਣ ਅਤੇ ਯੂਨਵਿਰਸਿਟੀ ਦੀ ਮੰਗ ਨੂੰ ਲੈ ਕੇ ਸੰਘਰਸ਼ੀਲ ਹੈ, ਦੀ ਹਮਾਇਤ ਕੀਤੀ। ਸੰਸਥਾਂ ਦੇ ਦੋ ਮੈਂਬਰਾਂ ਇਸ ਕੋਲੀਸ਼ਨ ਦੀਆਂ ਕਾਰਵਾਈਆਂ ਵਿੱਚ ਲਗਾਤਾਰ ਹਿੱਸਾ ਲੈ ਰਹੇ ਹਨ। ਸੰਸਥਾਂ ਨੇ ਡੱਗ ਫੋਰਡ ਵੱਲੋਂ ਬਰੈਪਟਨ ਵਿੱਚ ਯੂਨੀਵਰਸਿਟੀ ਨਾ ਬਣਾਉਣਾ ਅਤੇ ਯੂਨੀਵਰਸਿਟੀ ਲਈ ਪਿਛਲੀ ਸਰਕਾਰ ਦੁਆਰਾ ਭੇਜੀ/90 ਮੀਲੀਅਨ ਦੀ ਗਰਾਂਟ ਖਾਰਜ਼ ਕਰਨ ਦੇ ਫੈਸਲੇ ਦਾ ਵਿਰੋਧ ਕੀਤਾ। ਹੋਰ ਜਾਣਕਾਰੀ ਲਈ ਸੰਸਥਾ ਦੇ ਪ੍ਰਧਾਨ ਸੁਰਿੰਦਰ ਸੰਧੂ ਨਾਲ 416 721 9671 ਜਾਂ ਸਕੱਤਰ ਸੁਰਜੀਤ ਸਹੋਤਾ ਨਾਲ 416 704 0745 ਤੇ ਸੰਪਰਕ ਕੀਤਾ ਜਾ ਸਕਦਾ ਹੈ।









# ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮਾਰਚ ਮਹੀਨੇ ਦੇ ਮਾਸਿਕ ਇਕੱਠ 'ਚ ਦੋ ਲੇਖਕਾਂ ਨਾਲ ਰੂ-ਬਰੂ



ਸਰ੍ਹੀ, (ਰੁਪਿੰਦਰ ਖੈਰਾ ਰੂਪੀ) 9 ਮਾਰਚ, 2019 ਸ਼ਨਿਚਰਵਾਰ ਬਾਅਦ ਦੁਪਹਿਰ 12:30 ਵਜੇ 7050, 120 ਸਰ੍ਹੀ ਇੰਡੋ ਕੈਨੇਡੀਅਨ ਸਿਨੀਅਰ ਸੈਂਟਰ ਵਿਖੇ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦਾ ਮਾਸਿਕ ਇਕੱਠ ਹੋਇਆ। ਜਿਸ ਵਿੱਚ ਇੱਕ ਲੇਖਕ ਅਤੇ ਲੇਖਿਕਾ ਨੂੰ ਸਰੋਤਿਆਂ ਦੇ ਰੂ-ਬਰੂ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸਭਾ ਦੇ ਪ੍ਰਧਾਨ ਹਰਭਜਨ ਸਿੰਘ ਮਾਂਗਟ, ਜਨਮ ਦਿਵਸ ਵੱਜੋਂ ਕ੍ਰਿਸ਼ਨ ਭਨੋਟ ਅਤੇ ਸੁਰਜੀਤ ਸਿੰਘ ਮਾਧੋ ਪੁਰੀ ਸਟੇਜ ਤੇ ਸੁਸ਼ੋਭਿਤ ਹੋਏ। ਸਟੇਜ ਦੀ ਕਾਰਵਾਈ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਵੱਲੋਂ ਨਿਭਾਈ ਗਈ।

ਆਰੰਭ ਵਿੱਚ ਹਰਜੀਤ ਸਿੰਘ ਬੱਸੀ ਨੇ ਆਪਣੀ ਕਵਿਤਾ ਪੇਸ਼ ਕੀਤੀ, ਬਿਕਰ ਸਿੰਘ ਖੋਸਾ ਨੇ ਆਪਣੀ ਗ਼ਜ਼ਲ ਪੇਸ਼ ਕੀਤੀ, ਹਰਸ਼ਰਨ ਕੌਰ ਨੇ ਕਵਿਤਾ ਸਾਂਝੀ ਕੀਤੀ, ਉਪਰੰਤ ਇਸ ਸਾਲ ਦਾ ਨਵਾਂ ਸ਼ੁਰੂ ਕੀਤਾ ਗਿਆ ਲੇਖਕ ਰੂ-ਬ-ਰੂ ਦੇ ਹਿੱਸੇ ਵਿੱਚ ਕਵਿਤਰੀ ਪਰਮਿੰਦਰ ਸਵੈਚ ਵੱਲੋਂ ਤਿੰਨ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ ਅਤੇ ਦੂਜੇ ਕਵੀ ਸ਼ਾਹਗੀਰ ਸਿੰਘ ਗਿੱਲ ਵੱਲੋਂ ਆਪਣੀਆਂ ਤਿੰਨ ਰਚਨਾਵਾਂ ਸਾਂਝੀਆਂ ਕੀਤੀਆਂ। ਇਹ ਰੂ-ਬ-ਰੂ ਬਹੁਤ ਹੀ ਰੋਚਕ ਰਿਹਾ। ਇਨ੍ਹਾਂ ਦੋਨਾਂ ਲੇਖਕਾਂ ਨੂੰ ਸਭਾ ਦੇ ਪ੍ਰਧਾਨ ਹਰਭਜਨ ਸਿੰਘ ਮਾਂਗਟ ਅਤੇ ਸਭਾ ਦੇ ਡਾਇਰੈਕਟਰਜ਼ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਂਟ ਕੀਤਾ ਗਿਆ।

ਕਵੀ ਦਰਬਾਰ ਜਾਰੀ ਰੱਖਦਿਆਂ ਗੁਰਬਚਨ ਸਿੰਘ ਮੋਗਾ ਨੂੰ ਸਟੇਜ ਤੇ ਬੁਲਾਇਆ ਗਿਆ, ਯੂ.ਬੀ.ਸੀ ਤੋਂ ਆਏ ਡਾ: ਸਰਵਨ ਸਿੰਘ ਰੰਧਾਵਾ ਵੱਲੋਂ ਸਰੋਤਿਆਂ ਨੂੰ ਕੁੱਝ ਸੁਨੇਹਾ ਦਿੱਤਾ ਗਿਆ। ਪ੍ਰਿਤਪਾਲ ਗਿੱਲ ਨੇ ਆਪਣੀ ਇੱਕ ਰਚਨਾ ਸਾਂਝੀ ਕੀਤੀ 2019 ਦੀ ਸਾਹਿਤਕਾਰ ਚੋਣ ਕਮੇਟੀ (ਅਜੈਬ ਸਿੰਘ ਸਿੱਧੂ, ਕੇਵਲ ਸਿੰਘ ਨਿਰਦੋਸ਼, ਸੁੱਖਗੋਹਲਵੜ੍ਹ, ਅਮਰੀਕ ਪਲਾਹੀ) ਦੇ ਮੈਂਬਰ ਅਜੈਬ ਸਿੰਘ ਸੰਧੂ ਵੱਲੋਂ ਇਸ ਸਾਲ ਦੇ ਸਰਵੋਤਮ ਸਾਹਿਤਕਾਰ ਦਾ ਨਾਮ ਐਲਾਨਿਆ ਗਿਆ। ਹਾਜ਼ਰ ਸਰੋਤਿਆਂ ਵਿੱਚ ਸਰਬਜੀਤ ਕੌਰ ਰੰਧਾਵਾ, ਨਿਰਮਲ ਕੌਰ, ਸੁਖਵਿੰਦਰ ਕੌਰ, ਗੁਰਜਿੰਦਰ ਕੌਰ, ਜਗਦੇਵ ਢਿੱਲੋਂ, ਮਲਕੀਤ ਸਿੰਘ ਮਾਂਗਟ, ਬਲਬੀਰ ਸਿੰਘ ਗਰਚਾ ਹਾਜ਼ਰ ਸਰੋਤਿਆਂ ਵਿੱਚ ਸ਼ਾਮਲ ਸਨ।



ਸੁਰਜੀਤ ਸਿੰਘ ਮਾਧੋ ਪੁਰੀ ਨੇ ਅਤੇ ਸ਼ਿਵ ਕੁਮਾਰ ਦੀ ਰਚਨਾ (ਭੱਠੀਵਾਲੀਏ) ਤਰੰਨਮ ਵਿੱਚ ਪੇਸ਼ ਕੀਤੀ, ਸੁਰਜੀਤ ਕਲਸੀ ਬੂ ਲਿੰਗਬਾਰੇ ਜਾਣਕਾਰੀ ਦਿੱਤੀ। ਪਰਮਜੀਤ ਨੇ ਆਪਣੀ ਇੱਕ ਰਚਨਾ ਸਾਂਝੀ ਕੀਤੀ, ਹਰਚੰਦ ਗਿੱਲ (ਰਚਨਾ), ਰੂਪਿੰਦਰ ਖੈਰਾਰੂਪੀ ਨੇ ਨਾਰੀ ਦਿਵਸ ਮੌਕੇ ਆਪਣੀ ਇੱਕ ਰਚਨਾ ਤਰੰਨਮ 'ਚ ਪੇਸ਼ ਕੀਤੀ, ਇੰਦਰਜੀਤ ਧਾਮੀ ਵੱਲੋਂ ਕੁੱਝ ਵਿਚਾਰ ਅਤੇ ਰਚਨਾ ਸਾਂਝੀ ਕੀਤੀ ਗਈ, ਹਰਚਰਨ ਸਿੰਘ ਸਿੱਧੂ (ਰਚਨਾ), ਮਨਜੀਤ ਸਿੰਘ ਮਲ੍ਹਾ ਵੱਲੋਂ ਰੂਪਿੰਦਰ ਰੂਪੀ ਦੀ ਇੱਕ ਗ਼ਜ਼ਲ (ਸੜਕ ਤੇ ਮੈਂ ਦੇਖਦੀ) ਤਰੰਨਮ ਵਿੱਚ ਪੇਸ਼ ਕੀਤੀ, ਸੁੱਖੀ ਸਿੱਧੂ (ਰਚਨਾ), ਹਰਪਾਲ ਬਰਾੜ (ਕਹਾਣੀ), ਦਵਿੰਦਰ ਜੌਹਲ (ਰਚਨਾਵਾਂ), ਕ੍ਰਿਸ਼ਨ ਭਨੋਟ (ਤਾਜ਼ਾ ਗ਼ਜ਼ਲ), ਖ਼ੁਸ਼ਹਾਲ ਗਲੋਟੀ (ਰਚਨਾ), ਅਮਰੀਕ ਸਿੰਘ ਲੇਲ੍ਹ (ਰਚਨਾ) ਬਰਜਿੰਦਰ ਢਿੱਲੋਂ (ਰਚਨਾ), ਸੁਖਵਿੰਦਰ ਘੁਮਾਣ (ਕਵਿਤਾ), ਗੁਰਮੀਤ ਸਿੱਧੂ (ਰਚਨਾ), ਪਲਵਿੰਦਰ ਸਿੰਘ ਰੰਧਾਵਾ (ਤਰੰਨਮ ਵਿੱਚ ਭਾਵੁਕ ਗੀਤ), ਸਰੋਕਾਰਾਂ ਦੀ ਆਵਾਜ਼ ਦੇ ਸਰੀ ਤੋਂ ਇਂਚਾਰਜ ਲੇਖਿਕਾ ਪਰਮਿੰਦਰ ਕੌਰ ਸਵੈਚ, ਅੰਤ ਵਿੱਚ ਸਭਾ ਦੇ ਪ੍ਰਧਾਨ ਹਰਭਜਨ ਮਾਂਗਟ ਵੱਲੋਂ ਪ੍ਰਧਾਨਗੀ ਭਾਸ਼ਨ ਵਿੱਚ ਸਮੁੱਚੇ ਸਮਾਗਮ ਦੀ ਸ਼ਲਾਘਾ ਕੀਤੀ ਗਈ ਅਤੇ ਔਰਤ ਦਿਵਸ ਦੀ ਮੁਬਾਰਕ ਦਿੱਤੀ ਗਈ। ਸਭਾ ਦੇ ਸਕੱਤਰ ਪਲਵਿੰਦਰ ਰੰਧਾਵਾ ਨੇ ਸਮਾਗਮ ਨੂੰ ਸਮੇਟਦਿਆਂ ਸਭ ਦਾ ਧੰਨਵਾਦ ਕੀਤਾ ਅਤੇ 31 ਮਾਰਚ, 2019 ਐਤਵਾਰ ਸ਼ਾਮ 6:00 ਨੂੰ ਹੋਣ ਵਾਲੇ ਸਲਾਨਾ ਸਮਾਗਮ ਦੀ ਜਾਣਕਾਰੀ ਦਿੱਤੀ।

# ਜੁਝਾਰੂ ਕਾਵਿ ਅਰਧ ਸ਼ਤਾਬਦੀ ਸਮਾਗਮ 'ਚ ਦਰਸ਼ਨ ਖਟਕੜ ਦਾ ਸਨਮਾਨ



ਸਾਹਿਤ ਕਲਾ ਕੇਂਦਰ ਜਲੰਧਰ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਵਿਚ ਜੁਝਾਰੂ ਵਿਦਰੋਹੀ ਕਾਵਿ ਧਾਰਾ ਦੀ ਅਰਧ ਸ਼ਤਾਬਦੀ ਨੂੰ ਸਮਰਪਿਤ ਕਰਵਾਏ ਸਮਾਗਮ ਦੌਰਾਨ ਕਵੀ ਦਰਸ਼ਨ ਖਟਕੜ ਨੂੰ ਤੀਜੇ ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ ਪੰਜਾਬੀ ਸਾਹਿਤ ਦੇ ਚਿੰਤਕ ਡਾ. ਸੁਖਦੇਵ ਸਿੰਘ ਸਿਰਸਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨਾਲ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਯੂ.ਕੇ.) ਦੇ ਆਗੂ ਕਾਮਰੇਡ ਕੁਲਬੀਰ ਸਿੰਘ ਸੰਘੇੜਾ, ਪੰਜਾਬੀ ਭਵਨ ਸਰੀ ਦੇ ਸੰਸਥਾਪਕ ਸੁੱਖੀ ਬਾਠ, ਸੀਪੀਆਈ (ਐਮ-ਐਲ) ਨਿਊ ਡੈਮੋਕਰੇਸੀ ਦੇ ਆਗੂ ਕਾਮਰੇਡ ਅਜਮੇਰ ਸਿੰਘ, ਸਨਮਾਨਿਤ ਸ਼ਾਇਰ ਦਰਸ਼ਨ ਖਟਕੜ ਅਤੇ ਕੇਂਦਰ ਦੇ ਪ੍ਰਧਾਨ ਡਾ. ਗੋਪਾਲ ਸਿੰਘ ਬੁੱਟਰ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਏ।

ਸਮਾਗਮ ਦੇ ਆਰੰਭ ਵਿਚ ਕੇਂਦਰ ਦੇ ਮੀਤ ਪ੍ਰਧਾਨ ਇੰਜਨੀਅਰ ਮਨੋਹਰ ਸਿੰਘ ਖਹਿਰਾ ਨੇ ਸਵਾਗਤੀ ਸ਼ਬਦ ਕਹੇ। ਸ਼ਾਇਰ ਖਟਕੜ ਦੀ ਸ਼ਾਇਰੀ ਅਤੇ ਵਿਚਾਰਧਾਰਾ ਬਾਰੇ ਪ੍ਰੋ. ਨਵਰੂਪ ਕੌਰ ਮਾਗੋ ਅਤੇ ਪ੍ਰੋ. ਅਰਵਿੰਦਰ ਕੌਰ ਕਾਕੜਾ ਨੇ ਖੋਜ ਪੱਤਰ ਪੇਸ਼ ਕੀਤੇ। ਵਿਦਿਆਰਥੀ ਆਗੂ ਜਸਕਰਨ ਆਜ਼ਾਦ ਨੇ ਵਿਚਾਰ-ਚਰਚਾ ਦਾ ਆਰੰਭ ਕੀਤਾ। ਇਸ ਚਰਚਾ ਵਿਚ ਪ੍ਰਧਾਨਗੀ ਮੰਡਲ ਤੋਂ ਇਲਾਵਾ ਮਨਜੀਤ ਸਿੰਘ, ਅਮਰੀਕ ਪਲਾਹੀ, ਮਾਸਟਰ ਮੱਖਣ ਸਿੰਘ ਬੱਲ, ਮਾਸਟਰ ਨਿਰਮਲ ਸਿੰਘ ਤੇ ਹਰਬੰਸ ਹਮਾਇਤੀ ਨੇ ਹਿੱਸਾ ਲਿਆ। ਸਾਹਿਤ ਕਲਾ ਕੇਂਦਰ ਵੱਲੋਂ ਦਰਸ਼ਨ ਖਟਕੜ ਨੂੰ ਯਾਦਗਾਰੀ ਚਿੰਨ੍ਹ, ਇਕ ਸ਼ਾਲ ਤੇ 31000 ਰੁਪਏ ਦੀ ਨਗ਼ਦ ਰਾਸ਼ੀ ਸਮੇਤ ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਯੂਐਸਏ ਵਾਸੀ ਰਵਿੰਦਰ ਸਹਿਰਾਅ ਤੇ ਸੁਖਵਿੰਦਰ ਕੰਬੋਜ ਨੇ ਆਪਣੇ ਤੌਰ 'ਤੇ ਦਰਸ਼ਨ ਖਟਕੜ ਨੂੰ ਵੀਹ ਹਜ਼ਾਰ ਰੁਪਏ, ਮਾਸਟਰ ਗੁਰਦਾਵਰ ਸਿੰਘ ਬਰੈਂਪਟਨ ਨੇ ਦਸ ਹਜ਼ਾਰ ਰੁਪਏ ਤੇ ਸੋਹਣ ਸਿੰਘ ਪਰਮਾਰ ਨੇ ਵੀਹ ਹਜ਼ਾਰ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ।

ਕਾਮਰੇਡ ਦਰਸ਼ਨ ਖਟਕੜ ਨੇ ਆਪਣੇ ਸਾਹਿਤਕ ਸਫ਼ਰ, ਵਿਚਾਰਧਾਰਾ ਤੇ ਰਚਨਾ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਜੁਝਾਰੂ ਵਿਦਰੋਹੀ ਕਾਵਿ-ਧਾਰਾ ਭਗਤੀ ਕਾਵਿ ਤੋਂ ਸ਼ੁਰੂ ਹੋਏ ਨਾਬਰੀ ਦੇ ਸਾਹਸ ਤੋਂ ਹੀ ਸ਼ੁਰੂ ਹੋ ਗਈ ਸੀ। ਉਨ੍ਹਾਂ ਆਪਣੀਆਂ ਕੁੱਝ ਰਚਨਾਵਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

ਸਮਾਗਮ ਵਿਚ ਵੱਡੀ ਗਿਣਤੀ ਲੋਕ ਹਿਤੈਸ਼ੀ ਜੱਥੇਬੰਦੀਆਂ, ਸਾਹਿਤਕ ਜੱਥੇਬੰਦੀਆਂ ਅਤੇ ਸਾਹਿਤਕਾਰਾਂ ਨੇ ਹਿੱਸਾ ਲਿਆ। ਇਸ ਸਮੇਂ ਨਰਿੰਦਰਪਾਲ ਕੰਗ, ਧਰਮ ਸਿੰਘ ਧਿਆਨਪੁਰ, ਪ੍ਰੋ. ਸੁਰਜੀਤ ਜੱਜ, ਦਲਬੀਰ ਸਿੰਘ ਰਿਆੜ, ਮੁਖਵਿੰਦਰ ਸਿੰਘ ਸੰਧੂ ਅਤੇ ਗੁਰਦਿਆਲ ਸਿੰਘ ਖਹਿਰਾ (ਕੈਲਗਰੀ) ਨੇ ਹਿੱਸਾ ਲਿਆ। ਸਮਾਗਮ ਦੇ ਅਖੀਰ ਵਿੱਚ ਡਾ. ਸਿਰਸਾ ਨੇ ਜੁਝਾਰੂ ਵਿਦਰੋਹੀ ਕਾਵਿ ਧਾਰਾ ਦੇ ਸਮਾਜਿਕ ਸਰੋਕਾਰਾਂ ਦੀ ਸਮੀਖਿਆ ਕੀਤੀ ਅਤੇ ਇਸ ਲਹਿਰ ਨੂੰ ਅਜੋਕੇ ਦੌਰ ਵਿੱਚ ਵੀ ਪੂਰਨ ਰੂਪ ਵਿੱਚ ਪ੍ਰਸੰਗਿਕ ਦੱਸਿਆ।









ਨਰਭਿੰਦਰ
93544-30211



## 1919 ਦੀ ਖੂਨੀ ਵੈਸਾਖੀ

# ਲੋਕ ਲਹਿਰਾਂ ਦੀ ਇਕ ਪ੍ਰੇਰਣਾ ਸ੍ਰੋਤ

ਵਿਸ਼ਵ ਇਤਿਹਾਸ ਦੀ ਬੀਤੀ ਸਦੀ ਦੇ ਦੂਸਰੇ ਦਹਾਕੇ 'ਚ ਵਾਪਰਿਆ ਜਲ੍ਹਿਆਂਵਾਲਾ ਕਤਲੇਆਮ ਕਾਂਡ ਰਾਜ ਦੇ ਜੰਗਲੀਪੁਣੇ ਅਤੇ ਸਾਮਰਾਜੀ ਬਰਾਬਰਤਾ ਦੀ ਉਘੜਵੀਂ ਮਿਸਾਲ ਹੈ। 13 ਅਪ੍ਰੈਲ 1919 ਨੂੰ ਵਿਸਾਖੀ ਦੇ ਮੌਕੇ ਚੌਧਰੀ ਜੱਲ੍ਹੇ ਦੀ ਬੇਆਬਾਦ ਜਗ੍ਹਾ ਵਿਚ ਇਕ ਰੋਸ ਮੀਟਿੰਗ ਕਰ ਰਹੇ ਹਜ਼ਾਰਾਂ ਭਾਰਤੀਆਂ ਨੂੰ ਅੰਗਰੇਜ਼ੀ ਹੁਕਮਰਾਨਾਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਭੁੰਨ ਦਿੱਤਾ ਸੀ ਜਿਸ 'ਚ ਹਜ਼ਾਰਾਂ ਦੀ ਗਿਣਤੀ 'ਚ ਲੋਕ ਸ਼ਹੀਦ ਹੋਏ ਹਜ਼ਾਰਾਂ ਜ਼ਖ਼ਮੀ ਹੋਏ। ਇਸ ਖੂਨੀ ਸਾਕੇ ਨੂੰ ਅੰਜਾਮ ਦੇਣ ਵਾਲਾ ਐਡਵਰਡ ਹੈਰੀ ਡਾਇਰ ਸੀ। ਭਾਰਤ ਦੀ ਅਜ਼ਾਦੀ ਦੀ ਲਹਿਰ ਵਿਚ ਇਸ ਘਟਨਾ ਦੀ ਅਹਿਮੀਅਤ ਇਸ ਪੱਖੋਂ ਦੇਖੀ ਜਾਸਕਦੀ ਹੈ ਕਿ ਸਾਮਰਾਜੀ ਜੁਲਮ ਦੀ ਇੰਤਹਾ ਦੇ ਬਾਵਜੂਦ ਨਾ ਅਜ਼ਾਦੀ ਦੀ ਮੰਗ ਨੂੰ ਕੋਈ ਆਂਚ ਆਈ ਨਾ ਹੀ ਅਜ਼ਾਦੀ ਦੀ ਲੜਾਈ ਹੀ ਪਸਤ ਹੋਈ। ਸਗੋਂ ਇਸ ਘਟਨਾ ਨੇ ਹਰ ਭਾਰਤੀ ਅੰਦਰ ਇਕ ਜਵਾਲਾ ਬਾਲਣ ਦਾ ਕੰਮ ਲਗਾਤਾਰ ਕੀਤਾ ਅਤੇ ਲਗਾਤਾਰ ਤਿੰਨ ਦਹਾਕੇ ਪ੍ਰੇਰਣਾ ਦਾ ਸਰੋਤ ਬਣੀ ਰਹੀ।

ਅੱਜ ਇਸ ਘਟਨਾ ਨੂੰ 100 ਸਾਲ ਹੋਣ ਜਾ ਰਹੇ ਹਨ ਅਤੇ ਰਾਜ ਦੇ ਜ਼ਬਰ ਦੇ ਪ੍ਰਤੀਕ ਦੇ ਤੌਰ 'ਤੇ ਜਲ੍ਹਿਆਂਵਾਲੇ ਬਾਗ ਦਾ ਸਾਕਾ ਅੱਜ ਵੀ ਯਾਦ ਕੀਤਾ ਜਾਂਦਾ ਹੈ ਕਿਉਂਕਿ ਜਲ੍ਹਿਆਂ ਵਾਲੇ ਬਾਗ ਦੇ ਕਤਲੇਆਮ ਦਾ ਸਬੰਧ ਇਕ ਵਿਅਕਤੀ, ਇਕ ਕੌਮ, ਇਕ ਲੋਕਾਂ ਦੇ ਸਮੂਹ ਦੇ ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ ਨਾਲ ਜੁੜਿਆ ਹੋਇਆ ਹੈ, ਇਸ ਲਈ ਜਦੋਂ ਵੀ ਤੇ ਜਿਥੇ ਵੀ ਰਾਜ ਵਿਚਾਰਾਂ ਦੀ ਅਜ਼ਾਦੀ ਦੇ ਪ੍ਰਗਟਾਅ ਪ੍ਰਤੀ ਜ਼ਾਲਮਾਨਾ ਰੁਖ ਅਪਣਾਏਗਾ, ਜਲ੍ਹਿਆਂਵਾਲਾ ਬਿੰਬ ਮੁੜ ਸੰਜੀਵ ਹੋ ਉਠੇਗਾ। ਕਿਉਂਕਿ ਲੁੱਟ ਅਤੇ ਪੂੰਜੀ ਦੀ ਮੁਨਾਫ਼ਾਪ੍ਰਸਤ ਸੱਤਾ ਕੋਲ ਸਿਰਫ਼ ਜ਼ਬਰ ਦੀ ਬੰਦੂਕ ਤੋਂ ਸਿਵਾ ਹੋਰ ਕੁਝ ਨਹੀਂ ਹੁੰਦਾ, ਉਹ ਭਲੇ ਕਿੰਨੇ ਵੀ ਜਮਹੂਰੀ ਚੋਲੇ ਪਹਿਨੇ ਜਾਂ ਬਦਲੇ।



ਇਸ ਤੋਂ ਪਹਿਲਾਂ ਕਿ 1919 ਅਤੇ ਅਜੋਕੇ ਪ੍ਰਸੰਗ ਨੂੰ ਛੂਹੀਏ, ਅਸੀਂ 1919 ਦੀਆਂ ਘਟਨਾਵਾਂ ਤੋਂ ਪਹਿਲੇ ਪੰਜਾਬ ਉਤੇ ਇਕ ਪੰਛੀ ਝਾਤ ਜ਼ਰੂਰ ਪਾਵਾਂਗੇ ਤਾਂ ਕਿ ਇਤਿਹਾਸ ਨੂੰ ਵਾਚਦਿਆਂ, ਲੋਕਾਈ ਦੇ ਰੋਹ ਅਤੇ ਗੁੱਸੇ ਦੇ ਕਾਰਨਾਂ ਨੂੰ ਸਮਝਿਆ ਜਾ ਸਕੇ।

ਅੰਗਰੇਜ਼ਾਂ ਨੇ ਜਦੋਂ ਪੰਜਾਬ ਉਤੇ ਕਬਜ਼ਾ ਕੀਤਾ ਸੀ ਤਾਂ ਉਨ੍ਹਾਂ ਦੀ ਪਹਿਲੀ ਦੁਚਿਤੀ ਇਹ ਸੀ ਕਿ 1. ਪੰਜਾਬ ਵਿਚ ਵੀ ਦੇਸ਼ ਦੇ ਹੋਰਨਾਂ ਹਿੱਸਿਆਂ ਵਾਂਗੂੰ ਸਥਾਨਕ ਰਾਜਕੀ ਸਟੇਟ (ਰਾਜਾਸ਼ਾਹੀ) ਨੂੰ ਬਹਾਲ ਰੱਖਿਆ ਜਾਵੇ? ਜਿਵੇਂ ਪਟਿਆਲਾ, ਜੀਂਦ, ਨਾਭਾ, ਕਪੂਰਥਲਾ, ਜੂਨਾਗੜ੍ਹ, ਫਰੀਦਕੋਟ, ਹੈਦਰਾਬਾਦ ਆਦਿ ਰਿਆਸਤੀ ਸਟੇਟਾਂ ਨੂੰ ਬਹਾਲ ਰੱਖਿਆ ਸੀ। 2. ਜਾਂ ਫਿਰ ਪੰਜਾਬ ਨੂੰ ਸਿੱਧੇ ਅੰਗਰੇਜ਼ੀ ਰਾਜ ਦੇ ਅਧੀਨ ਲੈ ਲਿਆ ਜਾਵੇ? ਇਸ ਕਸ਼ਮਕਸ਼ ਵਿਚ ਦੂਸਰੇ ਵਿਚਾਰ ਦੀ ਜਿੱਤ ਹੋਈ। ਇਹਦਾ ਕਾਰਨ ਦੂਸਰੇ ਵਿਚਾਰਾਂ ਵਾਲੀ ਅਗਰੇਜ਼ੀ ਧਿਰ ਕੋਲ ਦਲੀਲ ਇਹ ਸੀ ਕਿ – ਪੰਜਾਬ ਇਕ ਜ਼ਰਖੇਜ਼ ਜ਼ਮੀਨ ਵਾਲਾ ਰਾਜ ਹੈ ਅਤੇ ਇਥੋਂ ਇੰਗਲੈਂਡ ਦੀਆਂ ਕੱਪੜਾਂ ਸਨਅਤਾਂ ਲਈ ਕੱਚਾ ਮਾਲ ਦੇਣ ਲਈ ਅਥਾਹ ਸਮਰੱਥਾ ਹੈ। ਅਸੀਂ ਇਸ ਨੂੰ ਹੋਰ ਵਿਕਸਤ ਕਰਕੇ ਆਪਣੀ ਸਨਅਤ ਨੂੰ ਵਿਕਸਿਤ ਕਰਦਿਆਂ ਵਿਸ਼ਵ ਮੰਡੀ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋ ਸਕਦੇ ਹਾਂ। ਇਹੋ ਕਾਰਨ ਸੀ ਕਿ ਰਣਜੀਤ ਸਿੰਘ ਤੇ ਸਿੱਖ ਰਾਜ ਦੀ ਇੱਛਾ ਪਾਲਣ ਵਾਲੇ ਸਰਦਾਰ ਘਰਾਣਿਆਂ ਨੂੰ ਆਪਸੀ ਝਗੜਿਆਂ ਅਤੇ ਖ਼ੂਨੀ ਟਕਰਾਵਾਂ ਵਿਚ ਉਲਝਾ ਕੇ ਕਪਟੀ ਕੂਟਨੀਤੀ ਵਰਤਦਿਆਂ ਅੰਗਰੇਜ਼ਾਂ ਨੇ ਪੰਜਾਬ ਨੂੰ ਸਿੱਧਾ ਕਬਜ਼ੇ ਵਿਚ ਲੈ ਲਿਆ। ਇਸ ਖ਼ੂਨੀ ਖਾਨਾਜੰਗੀ ਵਿਚ ਕੁਝ ਸਰਕਾਰਾਂ ਨੇ ਅੰਗਰੇਜ਼ਾਂ ਨਾਲ ਵਫਾਦਾਰੀਆਂ ਨਿਭਾਉਣ ਦਾ ਅਹਿਦ ਕਰ ਲਿਆ ਅਤੇ ਬਰਤਾਨਵੀ ਸੱਤਾ ਅੱਗੇ ਝੁਕ ਗਏ। ਜਿਹੜੇ ਨਾ ਝੁਕੇ ਜਾਂ ਅੰਗਰੇਜ਼ਾਂ ਦੀ ਈਨ ਮੰਨਣ ਤੋਂ ਇਨਕਾਰੀ ਹੋ ਗਏ ਉਨ੍ਹਾਂ ਪਰਿਵਾਰਾਂ ਦਾ ਖੁਰਾ ਖੋਜ ਦੀ ਮਿੱਟਾ ਦਿੱਤਾ ਗਿਆ। ਉਨ੍ਹਾਂ ਨੂੰ ਤਾਂ ਪੈਦਾਵਾਰੀ ਸਰੋਤਾਂ ਅਤੇ ਇਥੋਂ ਤੱਕ ਜ਼ਮੀਨਾਂ ਵਿਹੂਣੇ ਵੀ ਕਰ ਦਿੱਤਾ ਗਿਆ। ਬਹੁਤੇਰੇ ਪਹਿਲਾਂ ਦੋ ਸਿੱਖ ਯੁੱਧਾਂ 'ਚ ਅਗਲੇ ਸਿੱਖ ਯੁੱਧਾਂ ਵਿਚ ਸ਼ਹੀਦ ਹੋ ਗਏ ਬਾਕੀ ਲਾਹੌਰ ਤੋਂ ਬਾਹਰ ਪਸਰੀ ਇਲਾਕਿਆਂ ਤੇ ਪਿੰਡਾਂ 'ਚ ਖਾਨਾ ਜੰਗੀ ਦੀ ਭੇਂਟ ਚੜ੍ਹ ਗਏ ਅਤੇ ਕਈ ਪਰਿਵਾਰਾਂ ਦੇ ਮੁਖੀਆਂ ਅਤੇ ਗਭਰੇਟਾਂ ਦਾ ਸਫ਼ਾਇਆ ਹੀ ਕਰ ਦਿੱਤਾ ਜਿਨ੍ਹਾਂ ਨੂੰ ਪੀੜ੍ਹੀਆਂ ਸੰਤਾਪ ਭੁਗਤਣਾ ਪਿਆ।

ਇਹੀ ਕਾਰਨ ਕਿ 1857 ਦੇ ਦੇਸ਼ ਵਿਆਪੀ ਪਸਰੇ ਗਦਰ ਸਮੇਂ ਪੰਜਾਬੀਆਂ ਨੂੰ ਅਗਵਾਈ ਦੇ ਕੇ ਅੰਗਰੇਜ਼ਾਂ ਵਿਰੁੱਧ ਲਾਮਬੰਦ ਕਰਨ ਵਾਲੀ ਕੋਈ ਸ਼ਖਸੀਅਤ ਨਹੀਂ ਸੀ ਉਭਰੀ ਹਾਲਾਂਕਿ ਪੰਜਾਬੀਆਂ ਵਿਚ ਇਸ ਬੇਚੈਨੀ ਦੀ ਅੱਗ ਝੁਲਸ ਰਹੀ ਸੀ ਅਤੇ ਕਿਤੇ ਕਿਤੇ ਇਹ ਪ੍ਰਗਟ ਵੀ ਹੋਈ। ਦੂਸਰੇ ਪਾਸੇ ਅੰਗਰੇਜ਼ਾਂ ਦੇ ਵਫਾਦਾਰ ਸਰਦਾਰਾਂ ਨੇ ਦੇਸ਼ ਦੇ ਦੂਸਰੇ ਹਿੱਸਿਆਂ ਵਿਚ ਪਸਰੇ 1857 ਦੇ ਗਦਰ ਨੂੰ ਦਬਾਉਣ ਲਈ ਉਨ੍ਹਾਂ ਦਾ ਸਾਥ ਦਿੱਤਾ। ਇਸ ਦੀ ਇਕ ਮਿਸਾਲ ਹੀ ਦੇਣੀ ਚਾਹਾਂਗੇ ਜਿਨ੍ਹਾਂ 'ਚੋਂ ਇਕ ਸੀ। ਮਜੀਠੀਆ ਪਰਿਵਾਰ/ਸਰ ਦਾ ਰੁਤਬਾ ਹਾਸਲ ਕਰਨ ਵਾਲੇ ਸਰ ਸੁੰਦਰ ਸਿੰਘ ਮਜੀਠੀਆ ਦੇ ਪਿਤਾ ਰਾਜਾ ਸੂਰਤ ਸਿੰਘ ਨੇ 37ਵੀਂ ਨੇਟਿਵ ਇਨਫੈਂਨਟਰੀ ਵਿਚ ਸ਼ਾਮਲ ਹੋ ਕੇ ਬਨਾਰਸ ਵਿਖੇ ਅੰਗਰੇਜ਼ਾਂ ਵਲੋਂ ਲੜਾਈ ਲੜੀ ਅਤੇ ਜ਼ਖ਼ਮੀ ਵੀ ਹੋਇਆ। ਇਸ ਵਫਾਦਾਰੀ ਬਦਲੇ ਉਹਨੂੰ 4800 ਰੁਪਏ ਸਲਾਨਾ ਪੈਨਸ਼ਨ ਅਤੇ ਯੂ. ਪੀ. ਦੇ ਗੋਰਖਪੁਰ ਜ਼ਿਲ੍ਹੇ ਵਿਚ ਜਗੀਰ ਵੀ ਮਿਲੀ। 1875 ਵਿਚ ਉਹਨੂੰ ਆਨਰੇਰੀ ਮੈਜਿਸਟ੍ਰੇਟ ਦਾ ਅਹੁਦਾ ਵੀ ਦਿੱਤਾ। ਯਾਦ ਰੱਖੋ ਬਿਕਰਮ ਸਿੰਘ ਮਜੀਠੀਆ ਅਤੇ ਹਰਸਿਮਰਤ ਕੌਰ ਬਾਦਲ ਇਸੇ ਖਾਨਦਾਨ 'ਚੋਂ ਹਨ। ਉਹੀ ਦੌਰ ਸੀ ਜਦੋਂ ਪੰਜਾਬ ਵਿਚ ਕੂਕਾ ਵਿਦਰੋਹ ਜੋਬਨ ਉਤੇ ਸੀ। ਯਾਦ ਰਹੇ ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਪਿਛੋਂ ਬਾਬਾ ਬੀਰ ਸਿੰਘ ਨੌਰੰਗਜਬਾਦੀਏ ਦੇ ਚੇਲਿਆਂ ਨੇ ਅੰਗਰੇਜ਼ੀ ਰਾਜ ਨੂੰ ਪ੍ਰਵਾਨ ਨਹੀਂ ਸੀ ਕੀਤਾ ਅਤੇ ਪਹਿਲਾਂ ਮਹਾਰਾਜ ਸਿੰਘ ਨੇ ਅੰਗਰੇਜ਼ਾਂ ਵਿਰੁੱਧ ਬਗਾਵਤ ਦੀ ਕੋਸ਼ਿਸ਼ ਕੀਤੀ ਪਰ ਉਹਨੂੰ ਫੜ ਕੇ ਸ਼ਹੀਦ ਕਰ ਦਿੱਤਾ ਗਿਆ। ਪਿਛੋਂ ਮਾਝੇ ਦੇ ਖਿੱਤੇ ਵਿਚ ਖੁਦਾ ਸਿੰਘ ਨਾਂ ਦੇ ਬਾਗੀ ਨੇ ਪਿੰਡ ਪਿੰਡ ਅੰਗਰੇਜ਼ਾਂ ਵਿਰੁੱਧ ਕਾਲੇ ਕੱਪੜੇ ਪਾ ਕੇ ਪ੍ਰਚਾਰ ਕੀਤਾ। 1870 ਵਿਚ ਕੂਕਾ ਲਹਿਰ ਦੇ ਮੁਖੀ ਬਾਬਾ ਰਾਮ ਸਿੰਘ ਨੇ ਇਕ ਵਿਸ਼ਾਲ ਲਹਿਰ ਉਸਾਰਨ ਦੀ ਭੂਮਿਕਾ ਨਿਭਾਈ। ਜਿਸ ਦੇ ਉਤੇ ਅੰਗਰੇਜ਼ਾਂ ਨੇ ਕਹਿਰ ਢਾਇਆ। ਅੰਮ੍ਰਿਤਸਰ ਤੇ ਰਾਏਕੋਟ ਵਿਖੇ ਕੂਕੇ ਫਾਸ਼ੀ ਚਾੜ੍ਹੇ ਗਏ ਅਤੇ ਮਲੇਰਕੋਟਲੇ ਨੇੜੇ 66 ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਗਿਆ ਸੀ। ਜਿਨ੍ਹਾਂ 'ਚ ਇਕ 13-14 ਸਾਲ ਦਾ ਨਾਬਾਲਕ ਵਰਿਆਮ ਸਿੰਘ ਵੀ ਸੀ। ਬਾਬਾ ਗੁਮ ਸਿੰਘ ਨੂੰ ਅਤੇ ਕਈ ਸੂਬਿਆਂ ਨੂੰ ਜਲਾਵਤਨ ਕਰਕੇ ਰੇਗੂਨ ਭੇਜ ਦਿੱਤਾ ਗਿਆ ਸੀ।










ਅੰਗਰੇਜ਼ਾਂ ਨੇ ਹਕੂਮਤ ਕਾਇਮ ਕਰਦਿਆਂ ਹੀ ਇਸੇ ਦੌਰਾਨ ਜਿਹੜੇ ਨਵੇਂ ਫੁਰਮਾਨ ਜਾਰੀ ਕੀਤੇ ਸਨ ਉਹ ਬੜੇ ਬੇਰਹਿਮ ਸਨ। ਪਹਿਲਾਂ ਰਾਜ (ਰਣਜੀਤ ਸਿੰਘ ਸਮੇਂ) ਕਿਸਾਨ ਪਾਸੋਂ ਕੁੱਲ ਉਤਪਾਦਤ ਫਸਲ ਦਾ ਇਕ ਹਿੱਸਾ ਟੈਕਸ ਵਜੋਂ ਵਸੂਲਦਾ ਸੀ ਪਰ ਅੰਗਰੇਜ਼ਾਂ ਨੇ ਨਗਦ ਟੈਕਸ ਵਸੂਲਣ ਦਾ ਫੁਰਮਾਨ ਜਾਰੀ ਕਰ ਦਿੱਤਾ। ਭਾਵ ਫਸਲ ਦੇ ਉਤਪਾਦਨ ਨਾਲ ਇਹ ਦਾ ਸਬੰਧ ਨਹੀਂ ਸੀ। ਫਸਲ ਹੋਈ ਜਾਂ ਨਹੀਂ ਹੋਈ ਬੀਜ ਜਾਂ ਨਹੀਂ ਬੀਜੀ, ਕੁਦਰਤੀ ਕਰੋਪੀ ਨਾਲ ਮਾਰੀ ਗਈ ਜਾਂ ਹੋਰ ਕਿਸੇ ਕਾਰਨ ਤਬਾਹ ਹੋਈ। ਇਹ ਦਾ ਹਕੂਮਤ ਲਈ ਕੋਈ ਲੈਣਾ ਦੇਣਾ ਨਹੀਂ ਸੀ। ਉਨ੍ਹਾਂ ਨੂੰ ਤਾਂ ਬੱਝਵਾਂ ਮਾਲੀਆ ਚਾਹੀਦਾ ਸੀ। ਇਸ ਬੱਝਵੀਂ ਟੈਕਸ ਪ੍ਰਣਾਲੀ ਦਾ ਸਿੱਟਾ ਇਹ ਨਿਕਲਿਆ ਕਿ ਕਿਸਾਨ ਦਿਨੋਂ ਦਿਨ ਕਰਜ਼ਾਈ ਹੋਣ ਲੱਗਾ। ਅੰਗਰੇਜ਼ਾਂ ਨੇ ਨਵੀਂ ਪ੍ਰਣਾਲੀ ਤਹਿਤ ਟੈਕਸ ਉਗਰਾਹੁਣ ਵਾਲੀ ਨੰਬਰਦਾਰ, ਜਗੀਰਦਾਰਾਂ, ਜ਼ੈਲਦਾਰਾਂ ਦੀ ਇਕ ਫੌਜ ਵੀ ਖੜ੍ਹੀ ਕਰ ਲਈ। ਨਵੀਂ ਟੈਕਸ ਪ੍ਰਣਾਲੀ ਨੇ ਕਿਸਾਨੀ ਨੂੰ ਕਿੰਨੀ ਬੇਕਿਰਕੀ ਨਾਲ ਪੀੜਤ ਕੀਤਾ ਹੋਵੇਗਾ। ਇਹ ਦੀ ਇਕ ਮਿਸਾਲ ਇਕ ਲੋਕ ਬੋਲੀ ਤੋਂ ਜਿਹੜੀ ਅਜੇ ਵੀ ਬਚੀ ਖੁਚੀ ਮਿਲਦੀ ਹੈ, ਵੇਖੀ ਜਾ ਸਕਦੀ ਹੈ।

**ਨੰਬਰਦਾਰਾ ਤੂੰ ਮਾਮਲਾ ਮੁਆਫ਼ ਕਰ ਦੇਹ**
**ਅਗਾਂਹ ਤੋਂ ਵਾਹੀ ਕਰਾਂਗੇ ਖੜਕਾ ਕੇ ਜੀ।**

1878 ਤੋਂ ਲੈ ਕੇ 1900 ਤੱਕ ਪੰਜਾਬ ਵਿਚੋਂ ਲੱਖਾਂ ਪੰਡਾਂ ਨਰਮਾ, ਕਪਾਹ ਦੀ ਰੂੰ ਤੇਲ ਵਾਲੀਆਂ ਫਸਲਾਂ, ਦਾਲਾਂ, ਸੂਤ ਆਦਿ ਬਰਤਾਨਵੀ ਸਨਅਤਾਂ ਅਤੇ ਮੰਡੀ ਲਈ ਜਾਂਦੀਆਂ ਰਹੀਆਂ। ਇਹਦਾ ਵੇਰਵਾ ਕਿਸੇ ਹੋਰ ਲੇਖ ਦੀ ਮੰਗ ਕਰਦਾ ਹੈ। 1878-79 ਦੀ ਇਕ ਰਿਪੋਰਟ ਮੁਤਾਬਕ ਪੰਜਾਬ ਦੀ ਕਿਰਸਾਨੀ ਸਿਰ 75 ਕਰੋੜ ਦਾ ਕਰਜ਼ਾ ਸੀ। ਹਰ ਸਾਲ ਇਸ ਦਾ ਵਿਆਜ ਹੀ 13 ਕਰੋੜ ਬਣਦਾ ਸੀ ਅਤੇ ਹਰ ਕਿਰਸਾਨ ਲਗਭਗ 463 ਰੁਪਏ ਦਾ ਕਰਜ਼ਾਈ ਸੀ। ਜ਼ਹਿਨ ਦਾ ਰੇਟ ਉਨ੍ਹੀਂ ਦਿਨੀਂ 50-75 ਰੁਪਏ ਪ੍ਰਤੀ ਏਕੜ ਜਾਂ ਵੱਧ ਤੋਂ ਵੱਧ 100 ਰੁਪਏ ਏਕੜ ਹੀ ਸੀ। ਪੰਜਾਬ ਦੇ ਕਿਸਾਨ ਸਰਕਾਰੀ ਮਾਲੀਆ ਹੀ ਲਗਭਗ 4.50 ਕਰੋੜ ਦੇ ਲਗਭਗ ਅਦਾ ਕਰਦੇ ਸਨ। ਕਿਸਾਨਾਂ ਦੀ ਜ਼ਮੀਨ ਦਾ 45 ਫੀਸਦੀ ਹਿੱਸਾ ਗਹਿਣੇ ਪਿਆ ਹੋਇਆ ਸੀ।

ਇਹੋ ਗਰੀਬੀ ਅਤੇ ਕਰਜ਼ੇ ਦੀ ਗ੍ਰਿਫ਼ਤ 'ਚ ਆਏ ਕਿਸਾਨ ਹੀ ਅੰਗਰੇਜ਼ਾਂ ਦੀ ਫੌਜ 'ਚ ਭਰਤੀ ਹੋਣ ਲਈ ਮਜ਼ਬੂਰ ਸਨ ਜਾਂ ਬਾਹਰ ਮਜ਼ਦੂਰੀ ਕਰਨ ਲਈ ਤੁਰ ਪੈਂਦੇ ਸਨ। ਪਹਿਲੀ ਸੰਸਾਰ ਜੰਗ ਭਾਵ 1913-15 ਦਰਮਿਆਨ ਹਰ ਪੰਜਾਬੀ ਦੀ ਸਲਾਨਾ ਆਮਦਨ ਮਹਿਜ 30 ਰੁਪਏ ਹੀ ਸੀ। ਪੰਜਾਬ ਵਿਚ ਆਬਾਦੀ ਪੱਖੋਂ ਮੁਸਲਮਾਨ 51 ਫੀਸਦੀ ਹਿੰਦੂ 33 ਫੀਸਦੀ ਸਿੱਖ 11 ਫੀਸਦੀ ਅਤੇ ਹੋਰ ਵਰਗਾਂ ਦੀ ਆਬਾਦੀ 15 ਫੀਸਦੀ ਸੀ। ਅੰਗਰੇਜ਼ੀ ਫੌਜ 'ਚ ਮੁਸਲਮਾਨਾਂ ਦੀ ਗਿਣਤੀ 51.4 ਫੀਸਦੀ, ਹਿੰਦੂ 22.6 ਫੀਸਦੀ ਅਤੇ ਸਿੱਖ 26 ਫੀਸਦੀ ਸਨ। ਪਹਿਲੀ ਸੰਸਾਰ ਜੰਗ 'ਚ ਝੋਕਣ ਲਈ ਅੰਗਰੇਜ਼ਾਂ ਨੇ ਪੰਜਾਬ ਨੂੰ ਵਿਸ਼ੇਸ਼ ਤੌਰ 'ਤੇ ਚੁਣਿਆ ਸੀ। ਜੰਗ 'ਚ ਅਥਾਹ ਫੌਜੀ ਤਾਕਤ ਦੀ ਲੋੜ ਹੋਣ ਕਰਕੇ ਦਫ਼ਾ 107/51 ਹੇਠ ਲੋਕ ਗ੍ਰਿਫ਼ਤਾਰ ਕਰ ਲਏ ਜਾਂਦੇ ਅਤੇ ਜ਼ਬਰੀ ਫੌਜ ਦੇ ਰੰਗਰੂਟ ਬਣਾ ਕੇ ਬਾਹਰਲੇ ਦੇਸ਼ਾਂ 'ਚ ਲੜਾਈ ਲਈ ਭੇਜ ਦਿੱਤੇ ਜਾਂਦੇ। ਇਸ ਅਮਲ 'ਚ ਸਕੂਲੀ ਬੱਚੇ ਵੀ ਬਖਸ਼ੇ ਨਹੀਂ ਗਏ। ਸਕੂਲਾਂ 'ਚੋਂ ਜ਼ਬਰੀ ਫੌਜੀ ਭਰਤੀ ਕੀਤੇ ਬੱਚਿਆਂ 'ਚੋਂ ਜਿਹੜੇ ਰੰਗਰੂਟ ਬਣਾ ਕੇ ਵਿਸ਼ਵ ਯੁੱਧ 'ਚ ਭੇਜੇ ਗਏ ਸਨ, 'ਚੋਂ 7494 ਬੱਚੇ ਜੰਗ ਦਾ ਖਾਜਾ ਬਣੇ ਭਾਵ ਮਾਰੇ ਗਏ। ਅੰਗਰੇਜ਼ ਹਰ ਮਹੀਨੇ ਪੰਜਾਬ 'ਚੋਂ 14290 ਰੰਗਰੂਟ ਲੜਾਕੇ, 1790 ਖੱਚਰਾਂ ਦੇ ਮਹਿਰ ਅਤੇ 860 ਅਣਲੜਾਕੇ ਭਰਤੀ ਕਰਕੇ ਪਹਿਲੀ ਸੰਸਾਰ ਜੰਗ ਸਮੇਂ ਲੜਾਈ ਦੇ ਮੈਦਾਨ ਵਿਚ ਭੇਜਦਾ ਸੀ। ਇਸ ਜ਼ਬਰੀ ਭਰਤੀ ਵਿਰੁੱਧ ਲੋਕ ਗੀਤਾਂ ਵਿਚੋਂ ਇਕ ਹੂਕ ਵੀ ਮਿਲਦੀ ਹੈ :

**ਤੁਰ ਗਿਆ ਲਾਮਾਂ ਨੂੰ**
**ਲੇਖ ਜਾਣਗੇ ਨਾਲੇ,**

ਭਾਵ ਗਰੀਬੀ ਤੇ ਭੁੱਖ ਮਰੀ ਨਾਲ ਇਥੇ ਵੀ ਮੌਤ ਹੈ ਅਤੇ ਬਾਹਰ ਲੜਾਈ ਵਿਚ ਹਰ ਸਮੇਂ ਮੌਤ ਮੰਡਲਾਉਂਦੀ ਸੀ।

ਪੰਜਾਬ ਦੀ ਵਾਗਡੋਰ ਸਰ ਮਾਈਕਲ ਓਡਵਾਇਰ ਐਂਡ ਡੈਨਜ਼ਿਲ ਇਬਟਸਨ ਦੋ ਅੰਗਰੇਜ਼ ਮਹਾਂਰਥੀਆਂ ਦੇ ਹੱਥ ਸੀ। ਜਿਹੜੇ ਬੇਕਿਰਕ ਅਤੇ ਜਾਂਗਲੀ ਸੋਚ ਵਾਲੀ ਪ੍ਰਵਿਰਤੀ ਦੇ ਮਾਲਕ ਤਾਂ ਸਨ ਹੀ ਉਨ੍ਹਾਂ ਨੂੰ ਉਪਰੋਂ ਵੀ ਆਦੇਸ਼ ਸੀ ਕਿ ਪੰਜਾਬ ਵਿਚ ਕੋਈ ਰਾਜਸੀ ਲਹਿਰ ਨਹੀਂ ਉਠਣੀ ਚਾਹੀਦੀ। ਅੰਗਰੇਜ਼ਾਂ ਨੇ ਮਾਹੌਲ ਅਜਿਹਾ ਹੀ ਬਣਾ ਦਿੱਤਾ ਸੀ ਕਿ ਪਹਿਲੀ ਸੰਸਾਰ ਜੰਗ ਸਿਰਫ਼ ਪੰਜਾਬੀਆਂ ਨੇ ਹੀ ਲੜੀ ਹੈ। 7 ਫਰਵਰੀ 1918 ਦੀ ਇਕ ਰਿਪੋਰਟ ਮੁਤਾਬਕ 1917 ਵਿਚ 26702 ਆਦਮੀ ਫੌਜ 'ਚੋਂ ਭਗੌੜੇ ਹੋਏ, ਜਿਨ੍ਹਾਂ 'ਚੋਂ 17338 ਮੁੜ ਗ੍ਰਿਫ਼ਤਾਰ ਕਰ ਲਏ ਗਏ। ਇਸ ਜੰਗ ਵਿਚ ਕੁੱਲ 392495 ਪੰਜਾਬੀ ਜੁਆਨ ਮਾਰੇ ਗਏ। ਭਾਵ ਪੰਜਾਬ ਦੇ ਹਰ ਘਰ 'ਚ ਸੱਥਰ ਵਿਛ ਗਏ ਸਨ। ਇਹੀ ਕਾਰਨ ਕਿ ਹਰ ਪੰਜਾਬੀ ਦੇ ਅੰਦਰ ਅੰਗਰੇਜ਼ਾਂ ਵਿਰੁੱਧ ਇਕ ਮੂਕ ਨਫ਼ਰਤ ਪਲ ਰਹੀ ਸੀ।

ਦੂਸਰੇ ਪਾਸੇ ਬਰਤਾਨੀ ਹਕੂਮਤ ਨੇ ਜਬਰੀ ਭਰਤੀ ਪਿਛੋਂ ਜਬਰੀ ਜੰਗੀ ਫੰਡ ਲਾ ਦਿੱਤੇ ਸਨ। ਇਕੱਲੇ ਪੰਜਾਬ ਨੇ ਪਹਿਲੀ ਸੰਸਾਰ ਜੰਗ ਦੌਰਾਨ ਲੱਖਾਂ ਪੁੱਤ ਮਰਵਾਉਣ ਦੇ ਨਾਲ ਨਾਲ 11 ਕਰੋੜ ਦਾ ਜੰਗੀ ਖਰਚਾ ਵੀ ਅਦਾ ਕੀਤਾ। ਇਕੱਲੇ ਦਰਬਾਰ ਸਾਹਿਬ ਦੀ ਗੋਲਕ ਵਿਚੋਂ ਉਦੋਂ ਦੇ ਅੰਗਰੇਜ਼ ਵਫਾਦਾਰ ਸਰਬਰਾਹਾਂ ਨੇ 50000 ਰੁਪਏ ਜੰਗੀ ਫੰਡ ਲਈ ਕੱਢ ਕੇ ਅੰਗਰੇਜ਼ਾਂ ਨੂੰ ਦਿੱਤੇ। ਜਦੋਂ ਵਿਸ਼ਵ ਯੁੱਧ ਮੁੱਕਿਆ ਤਾਂ 1918 ਵਿਚ ਪੰਜਾਬ ਵਿਚ ਡੇਢ ਲੱਖ ਨਾਮ ਕੱਟੇ ਫੌਜੀ ਸਨ।

ਪੂਰੀ ਅਰਥ ਵਿਵਸਥਾ ਢਹਿ ਢੇਰੀ ਹੋ ਗਈ ਸੀ। ਕਰਜ਼ਾਈ ਅਤੇ ਲਾਚਾਰ ਕਿਸਾਨੀ ਨੂੰ ਕੋਈ ਰਾਹਤ ਨਹੀਂ ਸੀ। ਅੰਗਰੇਜ਼ਾਂ ਨੇ ਪਹਿਲਾਂ ਲੋਕਾਂ ਦੇ ਵਿਦਰੋਹਾਂ ਨੂੰ ਕੁਚਲਣ ਲਈ ਡਿਫੈਂਸ ਆਫ ਇੰਡੀਆ ਰੂਲ ਲਾਇਆ ਸੀ ਜਿਹੜਾ ਜੰਗ ਖਤਮ ਹੋਣ ਪਿਛੋਂ ਖਤਮ ਹੋ ਗਿਆ ਸੀ। ਜੰਗ ਪਿਛੋਂ ਬਣੇ ਭਿਆਨਕ ਹਾਲਤਾਂ ਨਾਲ ਨਜਿੱਠਣ ਲਈ ਸਰਕਾਰ ਨਵੇਂ ਕਾਲੇ ਕਾਨੂੰਨ ਲਿਆਉਣ ਦੀ ਤਿਆਰੀ ਕਰ ਰਹੀ ਸੀ।

ਤਸਵੀਰ ਦਾ ਦੂਸਰਾ ਪਹਿਲੂ ਇਹ ਕਿ ਪੰਜਾਬ ਵਿਚ ਜਾਗਰੂਕ ਲਹਿਰਾਂ ਦਾ ਉਥਾਨ ਵੀ ਸਾਹਮਣੇ ਆ ਰਿਹਾ ਸੀ ਜਿਨ੍ਹਾਂ 'ਚ ਪਹਿਲੀ 1907 ਵਿਚ ਉਠੀ ਪਗੜੀ ਸੰਭਾਲ ਜੱਟਾ ਲਹਿਰ ਦੇ ਨਾਂ ਨਾਲ ਜਾਣੀ ਜਾਂਦੀ ਹੈ ਅਤੇ ਜਿਸ ਦੀ ਅਗਵਾਈ ਸਰਦਾਰ ਅਜੀਤ ਸਿੰਘ, ਲਾਲਾ ਲਾਜਪਤ ਰਾਏ, ਸੂਫ਼ੀ ਅੰਬਾ ਪ੍ਰਸਾਦ ਅਤੇ ਲਾਲ ਚੰਦ ਫਲਕ ਆਦਿ ਕਰ ਰਹੇ ਸਨ। ਜਿਹਨੂੰ ਤਾਕਤ ਨਾਲ ਦਬਾਅ ਦਿੱਤਾ ਗਿਆ ਸੀ ਅਤੇ ਆਗੂ ਜਲਾਵਤਨ ਕਰ ਦਿੱਤੇ ਗਏ ਸਨ। ਇਸ ਤੋਂ ਅਗਲੇਰੇ ਪੜਾਅ 'ਚ 1914-15 'ਚ ਉਭਰੀ ਗਦਰ ਪਾਰਟੀ ਲਹਿਰ ਦੇ ਨਾਂ ਨਾਲ ਜਾਣੀ ਜਾਂਦੀ ਲਹਿਰ ਸੀ। ਜਿਸ 'ਚ ਲਗਭਗ 6000 ਗਦਰੀ ਜੋ ਬਾਹਰਲੇ ਦੇਸ਼ਾਂ 'ਚ ਮਜ਼ਦੂਰੀ ਕਰਨ ਗਏ ਸਨ ਅਤੇ ਦੇਸ਼ ਨੂੰ ਅਜ਼ਾਦ ਕਰਾਉਣ ਦੀ ਸਪਿਰਟ ਲੈ ਕੇ ਭਾਰਤ ਪਰਤੇ ਸਨ। ਇਨ੍ਹਾਂ ਦੇ ਮੋਢੀਆਂ 'ਚੋਂ ਕਰਤਾਰ ਸਿੰਘ ਸਰਾਭਾ, ਸੋਹਨ ਸਿੰਘ ਭਕਨਾ ਸ਼ਹੀਦ ਉਸਫਾਕ ਉਲਾ ਖਾਂ ਆਦਿ ਸਨ। ਇਸ ਲਹਿਰ ਦਾ ਕੇਂਦਰ ਵਧੇਰੇ ਕਰਕੇ ਕੇਂਦਰੀ ਮਾਝਾ ਇਲਾਕਾ ਦੁਆਬਾ ਤੇ ਮਾਲਵਾ ਸੀ। ਜਿਨ੍ਹਾਂ ਨੇ ਅੰਗਰੇਜ਼ੀ ਫੌਜ 'ਚ ਬਗਾਵਤ ਕਰਾਉਣ ਦੀ ਕੋਸ਼ਿਸ਼ ਕਰਨੀ ਸੀ ਅਤੇ ਅੰਗਰੇਜ਼ੀ ਰਾਜ ਵਿਰੁੱਧ 1857 ਵਰਗੇ ਗਦਰ ਦਾ ਬਾਨ੍ਹਣੂੰ ਬੰਨ੍ਹਣਾ ਸੀ ਪਰ ਇਹ ਅਸਫ਼ਲ ਹੋ ਗਈ ਅਤੇ ਅੰਗਰੇਜ਼ਾਂ ਨੇ ਇਸ ਨੂੰ ਪੂਰੇ ਜ਼ਬਰਦਸਤ ਨਾਲ ਕੁਚਲਿਆ। ਸੈਂਕੜਿਆਂ ਨੂੰ ਫਾਂਸੀਆਂ, ਕਾਲੇ ਪਾਣੀ, ਉਮਰ ਕੈਦਾਂ 'ਤੇ ਜੇਲ੍ਹਾਂ ਤਸੀਹਿਆਂ ਅਤੇ ਜਾਇਦਾਦਾਂ ਜ਼ਬਤ ਕਰਨ ਦੇ ਹੱਥਕੰਡੇ ਅਪਨਾ ਕੇ ਤਹਿਸ਼ ਨਹਿਸ਼ ਕਰ ਦਿੱਤਾ ਸੀ। ਤੀਸਰਾ ਸਾਕਾ ਸੀ ਬਜਬਜ ਘਾਟ ਦਾ ਜਿਸ 'ਚ ਜ਼ਿਆਦਾਤਰ ਪੰਜਾਬੀ ਜੋ ਮਜ਼ਦੂਰੀ ਕਰਨ ਕੈਨੇਡਾ ਜਾ ਰਹੇ ਸਨ ਪਰ ਕੈਨੇਡਾ ਸਰਕਾਰ ਦੇ ਨਸਲੀ ਵਿਤਕਰੇ ਕਾਰਨ ਜਦੋਂ ਉਹ ਵਾਪਸ ਭਰਤੀ ਬੰਦਰਗਾਹ ਬਜਬਜ ਘਾਟ ਉਤੇ ਆ ਕੇ ਉਤਰੇ ਤਾਂ ਅੰਗਰੇਜ਼ ਹਕੂਮਤ ਨੇ ਗੋਲੀਆਂ ਨਾਲ ਭੁੰਨ ਸੁੱਟੇ ਸਨ। ਇਨ੍ਹਾਂ ਘਟਨਾਵਾਂ ਨੇ ਨਾ ਸਿਰਫ਼ ਪੰਜਾਬ ਦੀ ਫਿਜ਼ਾ 'ਚ ਰਾਜਸੀ ਚੇਤਨਾ ਦੇ ਬੀਜ ਬੀਜ ਦਿੱਤੇ ਸਨ, ਸਗੋਂ ਇਨ੍ਹਾਂ ਨੇ ਕਿਸਾਨੀ ਬੇਚੈਨੀ ਨੂੰ ਇਕ ਸੰਦੇਸ਼ ਵੀ ਦਿੱਤਾ ਸੀ। ਅੰਗਰੇਜ਼ ਰਾਜ ਪ੍ਰਤੀ ਪੰਜਾਬੀ ਲੋਕਾਈ 'ਚ ਨਫ਼ਰਤ ਪਣਪਣੀ ਸ਼ੁਰੂ ਹੋ ਗਈ ਸੀ। ਤੀਸਰਾ ਪੱਖ ਨੋਟ ਕਰਨ ਵਾਲਾ ਹੈ ਕਿ ਇਸ ਸਮੇਂ ਤੱਕ ਪੰਜਾਬ ਵਿਚ ਕਿਸੇ ਵੀ ਕਿਸਮ ਦੀ ਫਿਰਕੂ ਜਾਂ ਮਜ਼ਬ੍ਹੀ ਫਿਜ਼ਾ ਨੂੰ ਕੋਈ ਥਾਂ ਨਹੀਂ ਸੀ ਮਿਲੀ।

ਸਰਕਾਰੀ ਅੰਕੜਿਆਂ ਮੁਤਾਬਕ ਦਸ ਹਜ਼ਾਰ (10 ਹਜ਼ਾਰ) ਲੋਕ ਜੇਲ੍ਹਾਂ ਵਿਚ ਨਜ਼ਰਬੰਦ ਹੋਏ ਸਨ ਜਾਂ ਪਿੰਡਾਂ ਵਿਚ ਹੱਦ ਬੰਦ, ਜਾਂ ਸਰਕਾਰ ਦੀ ਕਰੜੀ ਨਿਗਰਾਨੀ ਹੇਠ ਸਨ। ਜੰਗ ਦੌਰਾਨ ਅੰਗਰੇਜ਼ਾਂ ਦੀਆਂ ਸਾਰੀਆਂ ਨਜ਼ਰਾਂ ਜੰਗ ਉਤੇ ਸਨ ਅਤੇ ਤਾਕਤ ਨਾਲ ਰਾਜ ਬਣਾਈ ਰੱਖਣ ਦੀ ਨੀਤੀ 'ਤੇ ਹੀ ਚਲ ਰਹੇ ਸਨ।

ਇਕ ਹੋਰ ਮਹੱਤਵਪੂਰਨ ਪੱਖ ਕਿ ਜੰਗ ਪਿਛੋਂ ਮਹਿੰਗਾਈ ਆਪਣੀ ਸਿਖਰ ਉਤੇ ਪਹੁੰਚ ਗਈ ਸੀ ਜਿਹੜੀ ਕਣਕ ਤਿੰਨ ਰੁਪਏ ਮਣ ਹੁੰਦੀ ਸੀ ਉਹ 7 ਰੁਪਏ ਮਣ ਵਿਕਣ ਲੱਗੀ। ਭੁੱਖਮਰੀ ਦੇ ਨਾਲ ਨਾਲ ਅਰਾਜਕਤਾ ਫੈਲ ਗਈ ਸੀ। ਅੰਗਰੇਜ਼ ਸਰਕਾਰ ਨੇ ਪਹਿਲੀ ਸੰਸਾਰ ਜੰਗ ਸਮੇਂ ਹੋਈਆਂ ਜ਼ਿਆਦਤੀਆਂ ਦੇ ਸਬੰਧ ਵਿਚ ਇਕ ਕਮੇਟੀ ਬਣਾਈ ਜਿਸ ਜਿਸ ਨੇ ਜਿਹੜੀ ਰਿਪੋਰਟ ਦਿੱਤੀ ਉਸ ਵਿਚ ਸਖ਼ਤ ਕਾਨੂੰਨ ਬਣਾਉਣ ਦੀ ਸਿਫਾਰਸ਼ ਕੀਤੀ ਗਈ ਸੀ। ਇਕ ਸਰਕਾਰੀ ਰਿਪੋਰਟ ਕਹਿੰਦੀ ਹੈ, "ਸੂਬੇ ਦੇ ਪੂਰਬ ਅਤੇ ਪੱਛਮ ਵਿਚ ਪੜ੍ਹੀਆਂ ਲਿਖੀਆਂ ਸ਼੍ਰੇਣੀਆਂ ਨਵੇਂ ਪ੍ਰਭਾਵਾਂ ਤੋਂ ਪ੍ਰਭਾਵਿਤ ਹੋ ਰਹੇ ਹਨ'। 'ਲੋਕਾਂ ਦੇ ਗਿਆਨ ਦਾ ਘੇਰਾ ਵਿਸ਼ਾਲ ਹੋ ਰਿਹਾ ਹੈ'। ਇਕ ਅੰਗਰੇਜ਼ੀ ਅਧਿਕਾਰੀ ਦੀ ਰਿਪੋਰਟ ਮੁਤਾਬਕ (ਪੰਜਾਬ ਦੇ) ਲੈਫਟੀਨੈਂਟ ਗਵਰਨਰ ਨੂੰ ਮਹਿਸੂਸ ਹੋਇਆ ਕਿ ਕੁਝ ਲੀਡਰ ਦਿਖਾਈ ਦਿੰਦੇ ਹਨ ਜੋ ਕਿ ਉਹ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਕੱਢਣਾ ਚਾਹੁੰਦੇ ਹਨ ਜਾਂ ਕਿਸੇ ਹਾਲਤ ਵਿਚ ਰਾਜ ਸ਼ਕਤੀ ਤੋਂ ਲਾਹੁਣਾ ਚਾਹੁੰਦੇ ਹਨ... ਉਹ ਸਮਝਦੇ ਹਨ ਕਿ ਸਾਰੇ ਹਾਲਤ ਬਹੁਤ ਹੱਦ ਤੱਕ ਖਤਰਨਾਕ ਹਨ ਅਤੇ ਫੌਰੀ ਤੌਰ 'ਤੇ ਇਲਾਜ ਕੀਤੇ ਜਾਣ ਦੀ ਮੰਗ ਕਰਦੇ ਹਨ।"

ਇਹੋ ਉਹ ਸੋਚ ਤੇ ਲੋੜ ਸੀ ਕਿ ਕਿਵੇਂ ਡਿਫੈਂਸ ਆਫ਼ ਇੰਡੀਆ ਰੂਲ ਵਰਗਾ ਕਾਨੂੰਨ ਹੋਵੇ ਜਿਸ ਨਾਲ ਉਨ੍ਹਾਂ ਦੀ ਦਮਨਕਾਰੀ ਨੀਤੀਆਂ ਨੂੰ ਜਾਰੀ ਰੱਖਣ ਵਿਚ ਸਹਾਇਤਾ ਮਿਲੇ ਅਤੇ ਉਹ ਅਧਿਕਾਰੀਆਂ ਨੂੰ ਅਥਾਹ ਸ਼ਕਤੀ ਦੇਵੇ। ਇਸੇ ਕਰਕੇ ਜਸਟਿਸ ਰੌਲਟ ਜਿਹੜੇ ਹਿਜ ਮੈਜਸਟੀ ਹਾਈ ਕੋਰਟ ਆਫ਼ ਜਸਟਿਸ ਕੇ ਕਿੰਗਜ਼ ਬੈਂਚ ਡਵੀਜ਼ਨ ਸਨ ਦੀ ਅਗਵਾਈ ਹੇਠ ਕਮੇਟੀ ਦਾ ਗਠਨ ਕੀਤਾ ਸੀ। ਵੇਖਣ ਨੂੰ ਲੱਗਦਾ ਸੀ ਕਿ ਇਹ ਲੋਕਾਂ 'ਤੇ ਹੋਈਆਂ ਜ਼ਿਆਦਤੀਆਂ ਦੀ ਜਾਂਚ ਕਰਨ ਲਈ ਕਮੇਟੀ ਜਾਂ ਕਮਿਸ਼ਨ ਬਣਿਆ ਹੈ ਪਰ ਇਹਦਾ ਕੰਮ ਇਹ ਸੀ ਕਿ 1. ਹਿੰਦੋਸਤਾਨ ਵਿਚ ਇਨਕਲਾਬੀ ਲਹਿਰ ਨਾਲ ਸਬੰਧਤ ਮੁਜਰਮਾਨਾ ਸਾਜ਼ਿਸ਼ ਦੇ ਸੁਭਾਅ ਵਿਸਥਾਰ ਬਾਰੇ ਪੜਤਾਲ ਤੇ ਰਿਪੋਰਟ ਕਰਨਾਂ 2. ਅਜਿਹੀਆਂ ਸਾਜ਼ਿਸ਼ਾਂ ਨਾਲ ਨਿਪਟਣ ਵੇਲੇ ਉੱਠਣ ਵਾਲੀਆਂ ਮੁਸ਼ਕਿਲਾਂ 'ਤੇ ਗੌਰ ਤੇ ਪ੍ਰੀਖਿਆ ਕਰਨੀ ਅਤੇ ਕਾਨੂੰਨ ਬਣਾਉਣ ਦੀ ਸਲਾਹ ਦੇਣੀ ਇਕ ਕਮੇਟੀ ਨੇ ਜਿਹੜੀਆਂ ਗਵਾਹੀਆਂ ਤੇ ਬਿਆਨਾਂ ਦੇ ਅਧਾਰ ਉਤੇ ਰਿਪੋਰਟ ਤਿਆਰ ਕੀਤੀ ਸੀ ਉਹ ਜ਼ਿਆਦਾ ਕਰਕੇ ਪੁਲਿਸ ਵਲੋਂ ਹੀ ਸਨ। ਇਹਦੀਆਂ ਚਾਰ ਮੀਟਿੰਗਾਂ ਲਾਹੌਰ ਵਿਚ ਹੋਈਆਂ ਅਤੇ ਬਾਕੀ ਸਾਰੀਆਂ ਕਲਕੱਤੇ ਵਿਚ। 15 ਅਪ੍ਰੈਲ 1918 ਨੂੰ ਜਿਹੜੀ ਰਿਪੋਰਟ ਇਸ ਨੇ ਪੇਸ਼ ਕੀਤੀ ਇਹਨੇ ਦੋ ਬਿੱਲ ਡਰਾਫਟ ਕਰਕੇ ਸਰਕਾਰ ਨੂੰ ਦਿੱਤੇ। ਇਨ੍ਹਾਂ ਨੂੰ ਹੀ ਰੌਲਟ ਐਕਟ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

**ਬਿਲ ਨੰ.** ਇਕ ਦਾ ਮੰਤਵ ਤਾਜ਼ੀਰਾਤੇ ਹਿੰਦ ਅਤੇ ਕ੍ਰਿਮੀਨਲ ਪ੍ਰੋਸੀਜ਼ਰ ਕੋਡ ਵਿਚ ਤਰਮੀਮ ਕਰਨਾ ਸੀ ਤਾਂ ਕਿ ਉਹ ਰਾਜ ਦੇ ਖਤਰੇ ਵਾਲੀਆਂ ਸਰਗਰਮੀਆਂ ਨੂੰ ਪ੍ਰਭਾਵਸ਼ਾਲੀ ਰੋਲ ਪਾ ਸਕੇ। ਇਸ ਵਿਚ 1. ਕਿਸੇ ਵਿਅਕਤੀ ਜਿਸ ਦੇ ਕਬਜ਼ੇ 'ਚੋਂ ਵਿਦਰੋਹੀ ਡਾਕੂਮੈਂਟ ਫੜੇ ਜਾਣ ਜਾਂ ਉਸ ਦੀ ਅਜਿਹੀ ਡਾਕੂਮੈਂਟ ਵੰਡਣ ਜਾਂ ਪ੍ਰਕਾਸ਼ਿਤ ਕਰਨ ਦੀ ਨੀਯਤ ਹੋਵੇ। ਇਹਦੇ ਇਕ ਹੋਰ ਸੈਕਸ਼ਨ ਵਿਚ 'ਵਿਦਰੋਹ ਡਾਕੂਮੈਂਟ ਦੀ ਵਿਆਖਿਆ ਕੀਤੀ ਹੈ, 'ਜਿਸ ਡਾਕੂਮੈਂਟ ਵਿਚ ਕੋਈ ਲਿਖਤ ਜਾਂ ਸੰਕੇਤ ਹੋਵੇ, ਜਿਹੜਾ ਤਾਜ (King) ਜਾਂ ਇਹਦੀ ਸਰਕਾਰ ਦੇ ਵਿਰੁੱਧ ਉਸ ਦੇ ਅਫ਼ਸਰਾਂ ਜਾਂ ਅਫ਼ਸਰਾਂ ਦੀ ਕਿਸੇ ਸ਼੍ਰੇਣੀ ਜਾਂ ਸਰਕਾਰ ਦੀ ਸੇਵਾ ਵਿਚਾਲੇ ਕਿਸੇ ਨਿੱਜੀ ਅਫ਼ਸਰ ਦੇ ਵਿਰੁੱਧ ਹੋਵੇ, ਜਾਂ ਕਿਸੇ ਨੂੰ ਤਾਜ ਦੇ ਵਿਰੁੱਧ ਜੰਗ ਕਰਨ ਲਈ ਜਾਂ ਅਜਿਹੀ ਜੰਗ ਕਰਨ ਦੇ ਮੰਤਵ ਨਾਲ ਹਥਿਆਰ ਇਕੱਠੇ ਕਰਨ ਲਈ ਉਕਸਾਉਂਦਾ ਹੋਵੇ। ਇਸ ਕੇਸ ਵਿਚ ਸਜ਼ਾ ਭੁਗਤਣ ਪਿਛੋਂ ਵੀ ਅਜਿਹੇ ਵਿਅਕਤੀ ਲਈ ਹੋਰ ਇਲਾਕੇ ਵਿਚ ਦਾਖ਼ਲ ਨਾ ਹੋਣ, ਪਬਲਿਕ ਜਲਸੇ ਵਿਚ ਤਕਰੀਰ ਨਾ ਕਰਨ ਜਾਂ ਰਾਜਨੀਤਕ ਮਸਲੇ ਵਿਚ ਸਹਾਇਤਾ ਕਰਨ ਅਤੇ ਆਪਣੇ ਹੀ ਖੇਤਰ ਵਿਚ ਸਖ਼ਤ ਨਜ਼ਰਬੰਦੀ ਦੀਆਂ ਪਾਬੰਦੀਆਂ ਇਸ ਕਾਨੂੰਨ 'ਚ ਦਰਜ ਸਨ।

**ਦੂਸਰਾ ਬਿਲ** : ਜਿਹਦੇ ਪੰਜ ਹਿੱਸੇ ਸਨ, ਦਾ ਨਾਂ 'ਦਾ ਕ੍ਰਿਮੀਨਲ ਲਾਅ ਐਮਰਜੈਂਸੀ ਪਾਵਰਜ਼ ਬਿੱਲ' ਸੀ ਅਤੇ ਸਮੁੱਚੇ ਭਾਰਤ ਲਈ ਸੀ। ਇਹਦੇ ਸਮੁੱਚੇ ਪੰਜ ਹਿੱਸਿਆਂ 'ਚੋਂ ਪਹਿਲੇ ਤਿੰਨ ਦੇ ਕੁੱਲ 37 ਸੈਕਸ਼ਨ ਪੁਲਿਸ, ਜਾਂਚ ਏਜੰਸੀ ਜੁਡੀਸ਼ਰੀ ਅਤੇ ਸਰਕਾਰ ਨੂੰ ਅਥਾਹ ਤਾਕਤਾਂ ਦਿੱਤੀਆਂ ਗਈਆਂ ਸਨ। ਇਥੋਂ ਤੱਕ ਕਿ ਇਕ ਵੇਰ ਸਜ਼ਾ ਭੁਗਤਣ ਪਿਛੋਂ ਵੀ ਸਜ਼ਾ ਵਧਾਉਣ ਤੇ ਜ਼ੁਰਮਾਨੇ ਲਾਗੂ ਕਰਨ ਤੱਕ ਦੀ ਤਾਕਤ ਦਿੱਤੀ ਗਈ ਸੀ। ਇਹਦੇ ਚੌਥੇ ਤੇ ਪੰਜਵੇਂ ਹਿੱਸੇ ਵਿਚ ਡਿਫੈਂਸ ਆਫ਼ ਇੰਡੀਆ ਰੂਲ ਦੇ ਮੁਕਣ ਉਤੇ ਸੈਕਸ਼ਨ 37 ਹੇਠ ਕੈਦ ਵਧਾਉਣ ਦੇ ਅਧਿਕਾਰ ਸਨ ਅਤੇ ਇਸ ਨੂੰ ਅਦਾਲਤ ਵਿਚ ਵੀ ਨਹੀਂ ਵੰਗਾਰਿਆ ਜਾ ਸਕਦਾ ਸੀ।

ਇਨ੍ਹਾਂ ਕਾਨੂੰਨਾਂ ਨੂੰ ਜੇ ਗਹੁ ਨਾਲ ਵਾਚੋ ਤਾਂ ਤੁਹਾਨੂੰ ਸਪਸ਼ਟ ਹੋ ਜਾਂਦਾ ਹੈ ਕਿ ਕਿੰਨੇ ਖਤਰਨਾਕ ਸਨ ਅਤੇ ਇਹ ਰਵਾਇਤ ਅੱਜ ਵੀ ਰਾਜ ਕਰ ਰਹੀਆਂ ਜਮਾਤਾਂ ਅਪਣਾ ਰਹੀਆਂ ਹਨ। ਮਿਸਾਲ ਵਜੋਂ ਬਿੱਲ ਨੰਬਰ ਇਕ ਦੇ ਪਹਿਲੇ ਹਿੱਸੇ ਨੂੰ ਲਈਏ ਤਾਂ ਇਹਦੇ ਅਰਥ ਹਨ - ਜੇ ਕੋਈ ਪੁਸਤਕ ਜਾਂ ਅਖ਼ਬਾਰ ਜਿਸ ਨੂੰ ਵਿਦਰੋਹੀ ਖਿਆਲ ਕੀਤਾ ਜਾਵੇ। ਇਸ ਵਿਸ਼ੇ ਤੋਂ ਅਣਜਾਣ ਕਿਸੇ ਬੇਗੁਨਾਹ ਨੌਜਵਾਨ ਤੋਂ ਪ੍ਰਾਪਤ ਹੋ ਜਾਂਦੀ ਹੈ ਉਸ ਨੂੰ ਕਸੂਰਵਾਰ ਠਹਿਰਾ ਦਿੱਤਾ ਜਾਵੇਗਾ, ਜਦੋਂ ਤੱਕ ਉਹ ਖੁਦ ਇਹ ਸਾਬਤ ਨਾ ਕਰੇ ਕਿ ਉਹ ਇਸ ਨੂੰ ਕਾਨੂੰਨੀ ਮੰਤਵ ਵਾਸਤੇ ਲਈ ਫਿਰਦਾ ਸੀ। ਇਹ ਨਵਾਂ ਦੋਸ਼ ਬਰਤਾਨਵੀ ਨਿਆਂ ਦੇ ਇਕ ਬੁਨਿਆਦੀ ਨਿਯਮ ਨੂੰ ਬਦਲ ਦਿੰਦਾ ਹੈ। ਇਸ ਦੀ ਬਜਾਏ ਕਿ ਸਰਕਾਰ ਕਥਿਤ ਦੋਸ਼ੀ ਦਾ ਕਸੂਰ ਸਾਬਤ ਕਰੇ, ਇਹ ਦੋਸ਼ੀ ਹੋਵੇਗਾ, ਕਿ ਉਹ ਆਪਣੀ ਬੇਗੁਨਾਹੀ ਸਾਬਤ ਕਰੇ ਅਤੇ ਇਥੋਂ ਤੱਕ ਹੀ ਨਹੀਂ ਸਜ਼ਾ ਭੁਗਤਾਨ ਪਿਛੋਂ ਵੀ ਸਰਕਾਰੀ ਧਮਕੀਆਂ ਅਤੇ ਅਜ਼ਾਦੀ ਲਈ ਕੋਈ ਥਾਂ ਨਹੀਂ ਛੱਡੀ ਗਈ।

**ਬਿੱਲ ਨੰ.** ਦੋ ਇਸ ਤੋਂ ਵੀ ਖਤਰਨਾਕ ਸੀ ਕਿ ਪੀੜਤ ਵਿਅਕਤੀ ਨੂੰ ਆਪਣੇ ਬਚਾਅ ਤੋਂ ਵੀ ਵਾਂਝਿਆ ਕਰਦਾ ਸੀ। ਮਿਸਾਲ ਲਈ ਇਹਦਾ ਸੈਕਸ਼ਨ ਨੰ. 10 'ਚ ਗਵਾਹ ਦੀ ਗਵਾਹੀ ਦਾ ਹੀ ਖੁਲਾਸਾ ਹੀ ਰਿਕਾਰਡ ਮੰਨ ਲਿਆ ਜਾਣਾ ਉਸ 'ਤੇ ਬਹਿਸ ਦੀ ਲੋੜ ਹੀ ਨਹੀਂ ਜਾਣੀ-ਇਕ ਮਾਨਿਆ ਪ੍ਰਬੰਧ ਸੀ। ਇਹ ਮਦ ਜਿਆਂ ਦੇ ਤਰਕ ਦੇ ਹੀ ਵਿਰੁੱਧ ਜਾਂਦੀ ਹੈ ਕਿ ਕੋਈ ਜੱਜ ਕਿਸੇ ਗਵਾਹ ਦੇ ਬਿਆਨ ਨੂੰ ਹੂ-ਬ-ਹੂ ਪ੍ਰਵਾਨ ਕਰ ਲਵੇ ਅਤੇ ਉਸ ਉਤੇ ਕਿਸੇ ਬਹਿਸ ਦੀ ਲੋੜ ਹੀ ਨਾ ਸਮਝੇ। ਸੈਕਸ਼ਨ 15 ਅਨੁਸਾਰ ਇਸ ਦੇ ਅਧੀਨ ਇਸ ਤਰ੍ਹਾਂ ਦਾ ਹੁਕਮ ਕਿਸੇ ਵੀ ਵਿਅਕਤੀ ਦੇ ਵਿਰੁੱਧ ਸਿਰਫ਼ ਸ਼ੱਕ ਦੀ ਬਿਨਾਂ ਉਤੇ ਅਤੇ ਬਿਨਾਂ ਮੁਕੱਦਮਾ ਚਲਾਏ ਪਾਸ ਕੀਤਾ ਜਾ ਸਕਦਾ ਹੈ। ਸੈਕਸ਼ਨ 27 ਇਹ ਤਾਕਤ ਦਿੰਦਾ ਸੀ ਕਿ ਸਥਾਨਕ ਸਰਕਾਰ ਆਪਣੀ ਮਰਜ਼ੀ ਨਾਲ ਕੋਈ ਵੀ ਆਦੇਸ਼ ਜਾਰੀ ਕਰ ਸਕਦੀ ਹੈ। ਮੁੱਕਦੀ ਗੱਲ ਇਨ੍ਹਾਂ ਬਿੱਲਾਂ ਜਿਹੜੇ ਰੌਲਟ ਐਕਟ ਦੇ ਨਾਂ ਹੇਠ ਬਦਨਾਮ ਹੋਏ, ਦਾ ਸਿੱਧਾ ਅਰਥ ਇਹ ਨਿਕਲਦਾ ਸੀ ਕਿ



ਕਿਸੇ ਵਿਅਕਤੀ ਨੂੰ ਜਦੋਂ ਚਾਹੋ ਗ੍ਰਿਫ਼ਤਾਰ ਕਰੋ, ਜਿਨ੍ਹਾਂ ਚਿਰ ਚਾਹੋ ਜੇਲ੍ਹ 'ਚ ਸੁੱਟ ਦਿਓ ਅਤੇ ਜਿਥੇ ਚਾਹੋ ਉਹਦਾ ਮੂੰਹ ਅਤੇ ਹੱਥ ਬੰਨ੍ਹ ਕੇ ਹੱਦ ਬੰਦ ਕਰ ਦਿਓ। ਇਹ ਕਾਲੇ ਬਿੱਲ 18 ਜਨਵਰੀ 19 ਨੂੰ ਗਜ਼ਟ ਆਫ਼ ਇੰਡੀਆ 'ਚ ਪ੍ਰਕਾਸ਼ਿਤ ਹੋਏ ਅਤੇ ਦੇਸ਼ ਭਰ 'ਚ ਇਨ੍ਹਾਂ ਨੂੰ ਲੈ ਕੇ ਬੇਚੈਨੀ ਫੈਲ ਗਈ। ਕਾਂਗਰਸ ਨੇ ਉਦੋਂ ਜਿਹੜਾ ਮਤਾ ਪਾਸ ਕੀਤਾ-ਉਹਦਾ ਸਾਰ ਸੀ ਕਿ ਰੌਲਟ ਕਮੇਟੀ ਦੀਆਂ ਸਿਫ਼ਾਰਸ਼ਾਂ ਉਤੇ ਜੇ ਅਮਲ ਕੀਤਾ ਗਿਆ ਤਾਂ ਹਿੰਦੋਸਤਾਨੀ ਲੋਕਾਂ ਦੇ ਬੁਨਿਆਦੀ ਹੱਕਾਂ ਵਿਚ ਦਖ਼ਲ ਅੰਦਾਜ਼ੀ ਹੋਵੇਗੀ।"

ਵਾਇਸਰਾਏ ਲਾਰਡ ਚੈਮਸਫੋਰਡ ਨੇ ਇਸ ਬੇਚੈਨੀ 'ਤੇ ਰੋਸ ਦੀ ਪ੍ਰਵਾਹ ਨਾ ਕਰਦਿਆਂ 6 ਫਰਵਰੀ 1919 ਨੂੰ ਇਹ ਬਿੱਲ ਇੰਪੀਰੀਅਲ ਲੈਜਿਸਲੇਟਿਵ ਅਸੈਂਬਲੀ 'ਚ ਪੇਸ਼ ਕੀਤੇ ਅਤੇ 7 ਫਰਵਰੀ ਨੂੰ ਮਾਮੂਲੀ ਬਹਿਸ ਪਿਛੋਂ ਸੀਲੈਕਟ ਕਮੇਟੀ 'ਚ ਪੇਸ਼ ਹੋਏ ਜਿਥੇ ਬਹਿਸ ਮੁਆਬਸਾ ਚਲਦਾ ਰਿਹਾ। 'ਹਿੰਦੂ ਅਖ਼ਬਾਰ ਨੇ 26 ਅਗਸਤ 2019 ਨੂੰ ਲਿਖਿਆ ਕਿ "ਨਿਯਮਬੱਧ ਚਿਤਾਵਨੀ ਦੀ ਅਵਾਜ਼ ਰੱਬੀ ਆਵਾਜ਼ ਹੈ ਅਤੇ ਉਹ ਮਨੁੱਖ ਜਿਹੜਾ ਇਸ ਆਵਾਜ਼ ਨੂੰ ਸੁਣਨ ਤੋਂ ਇਨਕਾਰ ਕਰਦਾ ਹੈ, ਮਨੁੱਖੀ ਸਤਿਕਾਰ ਦੀ ਹੱਤਕ ਕਰਦਾ ਹੈ।"

ਸੀਲੈਕਟ ਕਮੇਟੀ ਨੇ ਭਾਰਤੀ ਮੈਂਬਰਾਂ ਦੀ ਸਰਬਸੰਮਤੀ ਨਾਲ ਇਕਜੁਟ ਵਿਰੋਧ ਦੇ ਬਾਵਜੂਦ ਇਨ੍ਹਾਂ ਬਿੱਲਾਂ ਨੂੰ ਲਗਭਗ ਉਵੇਂ ਦਾ ਉਵੇਂ ਹੀ ਪ੍ਰਵਾਨ ਕਰ ਲਿਆ। ਭਾਰਤੀ ਮੈਂਬਰ ਜਿਨ੍ਹਾਂ 'ਚ ਮਦਨ ਮੋਹਨ ਮਾਲਵੀਆ, ਵਿਰਕ ਭਾਈ ਪਟੇਲ, ਖਾਪਰਡੇ ਆਦਿ ਨੇ ਤਾਂ ਦਸਤਖ਼ਤ ਹੀ ਨਹੀਂ ਕੀਤੇ ਸਨ। ਗਾਂਧੀ ਆਪਣੀ ਆਦਤ ਅਨੁਸਾਰ ਸਰਕਾਰ ਨੂੰ ਬਿੱਲ ਨਾ ਪਾਸ ਕਰਨ ਦੀਆਂ ਬੇਨਤੀਆਂ ਕਰਦੇ ਰਹੇ ਪਰ ਹਕੂਮਤਾਂ ਲਈ ਬੇਨਤੀਆਂ ਦੇ ਕੋਈ ਮਿਹਣੇ ਨਹੀਂ ਹੁੰਦੇ। ਦੇਸ਼ ਭਰ ਵਿਚ ਇਹਦਾ ਜਬਰਦਸਤ ਵਿਰੋਧ ਹੋ ਰਿਹਾ ਸੀ ਅਤੇ ਇਹ ਵਿਰੋਧ ਦੀ ਜਵਾਲਾ ਪੰਜਾਬ ਵਿਚ ਜ਼ਿਆਦਾ ਤਿੱਖੀ ਇਸ ਕਰਕੇ ਸੀ ਕਿ ਪੰਜਾਬ ਜਾਬਰ ਦਾ ਸੰਤਾਪ ਪਹਿਲਾਂ ਹੀ ਹੰਢਾ ਰਿਹਾ ਸੀ। ਅੰਗਰੇਜ਼ ਪੰਜਾਬ ਵਿਚ ਕਿਸੇ ਵੀ ਕਿਸਮ ਦੇ ਵਿਰੋਧ ਨੂੰ ਬਰਦਾਸ਼ਤ ਕਰਨ ਲਈ ਤਿਆਰ ਹੀ ਨਹੀਂ ਸਨ। 1918 ਦੇ ਅਖੀਰ ਤੱਕ ਸਮੁੱਚੇ ਭਾਰਤ ਸਮੇਤ ਪੰਜਾਬ ਦਾ ਮਾਹੌਲ ਗਰਮਾ ਗਿਆ ਸੀ। ਕੋਈ ਸ਼ਹਿਰ ਜਾਂ ਕਸਬਾ ਅਜਿਹਾ ਨਹੀਂ ਸੀ ਜਿਥੇ ਅੰਗਰੇਜ਼ਾਂ ਵਿਰੁੱਧ ਗੁੱਸਾ ਤੇ ਰੋਹ ਨਾ ਪ੍ਰਗਟ ਹੋ ਰਿਹਾ ਹੋਵੇ। ਲਾਹੌਰ ਲਾਇਲਪੁਰ ਤੋਂ ਪਿਛੋਂ ਸਭ ਤੋਂ ਜ਼ਿਆਦਾ ਵਿਰੋਧ ਹੋ ਰਿਹਾ ਸੀ ਤਾਂ ਉਹ ਕੇਂਦਰ ਸੀ ਅੰਮ੍ਰਿਤਸਰ। ਅੰਮ੍ਰਿਤਸਰ ਵਿਚ ਫਰਵਰੀ ਦੀ 6 ਅਤੇ 13 ਤਰੀਕਾਂ ਨੂੰ ਤਿੱਖੇ ਪ੍ਰਦਰਸ਼ਨ ਹੋਏ ਫਿਰ ਇਵੇਂ ਦਾ ਹੀ ਬਹੁਤ ਜੋਸ਼ੀਲਾ ਪ੍ਰਦਰਸ਼ਨ ਰੌਲਟ ਬਿਲ ਦੇ ਵਿਰੋਧ ਵਿਚ ਲਾਹੌਰ ਤੇ ਅੰਮ੍ਰਿਤਸਰ ਵਿਚ ਇਕੋ ਦਿਨ ਹੋਇਆ। ਇਸ ਰੋਸ ਪ੍ਰਦਰਸ਼ਨ ਵਿਚ ਕਾਂਗਰਸ ਸਮੇਤ ਸਮੁੱਚੀਆਂ ਰਾਜਸੀ ਧਿਰਾਂ ਸ਼ਾਮਲ ਸਨ। ਯਾਦ ਰਹੇ ਉਦੋਂ ਤੱਕ ਸਿੱਖਾਂ ਦੀ ਕੋਈ ਅਲੱਗ ਲਹਿਰ ਨਹੀਂ ਸੀ ਭਾਵ ਅਕਾਲੀ ਲਹਿਰ ਦਾ ਨਾਮ ਨਿਸ਼ਾਨ ਵੀ ਨਹੀਂ ਸੀ। ਅੰਗਰੇਜ਼ ਵਿਰੋਧੀ ਲਹਿਰ ਵਿਚ ਮੁਸਲਮ ਹਿੰਦੂ ਤੇ ਸਿੱਖ ਬਿਨਾਂ ਕਿਸੇ ਧਾਰਮਿਕ ਪਹਿਚਾਣ ਰੱਖਣ ਦੇ ਸਿਰਫ਼ ਰਾਜਸੀ ਪਹਿਚਾਨ ਦੇ ਤੌਰ 'ਤੇ ਹਿੱਸਾ ਲੈ ਰਹੇ ਸਨ। (ਇਹ ਦਾ ਜ਼ਿਕਰ ਇਸ ਲਈ ਕਰਨਾ ਪੈ ਰਿਹਾ ਹੈ ਕਿ ਜਲਿਆਂਵਾਲੇ ਕਾਂਡ ਤੋਂ ਕੁਝ ਸਾਲ ਪਿਛੋਂ ਪੂਰੀ ਆਜ਼ਾਦੀ ਦੀ ਤਹਿਰੀਕ ਵਿਚ ਵਿਸ਼ੇਸ਼ ਕਰਕੇ 1925 ਦੇ ਨੇੜੇ ਤੇੜੇ ਧਾਰਮਿਕ ਪਹਿਚਾਣਾ ਦਾ ਬੋਲਬਾਲਾ ਸ਼ੁਰੂ ਹੋਇਆ ਜਿਹਦੇ ਸਿੱਟੇ 1947 ਤੇ ਫਿਰ ਅੱਜ ਤੱਕ ਭੁਗਤਣੇ ਪੈ ਰਹੇ ਹਨ)

ਅੰਮ੍ਰਿਤਸਰ ਵਿਚ 6-13 ਅਤੇ 28 ਫਰਵਰੀ ਨੂੰ ਹੋਏ ਹਜ਼ਾਰਾਂ ਲੋਕਾਂ ਦੇ ਪ੍ਰਦਰਸ਼ਨ ਦੀ ਅਗਵਾਈ ਡਾ. ਸੈਫ਼ ਉਲਦੀਨ ਕਿਚਲੂ ਅਤੇ ਡਾ. ਸਤਿਆਪਾਲ ਕਰ ਰਹੇ ਸਨ। 30 ਮਾਰਚ ਨੂੰ ਹਿੰਦੋਸਤਾਨ ਭਰ ਵਿਚ ਪ੍ਰੋਟੈਸਟ ਦਿਨ ਮਨਾਇਆ ਜਾ ਰਿਹਾ ਸੀ ਜਿਹਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਪੰਜਾਬ ਅਤੇ ਅੰਮ੍ਰਿਤਸਰ ਵਿਚ ਵੀ ਹੋ ਰਹੀਆਂ ਸਨ। 29 ਮਾਰਚ ਨੂੰ ਸਰਕਾਰ ਨੇ ਡਾ. ਸਤਿਆਪਾਲ ਉਤੇ



ਪਾਬੰਦੀ ਲਾ ਦਿੱਤੀ ਕਿ ਉਹ ਕਿਸੇ ਜਲਸੇ ਵਿਚ ਸ਼ਾਮਲ ਨਹੀਂ ਹੋ ਸਕਦੇ। ਇਹਦੇ ਬਾਵਜੂਦ 30 ਮਾਰਚ ਨੂੰ ਹੋਏ ਪ੍ਰਦਰਸ਼ਨ ਜਿਸ ਨੂੰ ਡਾ. ਕਿਚਲੂ ਨੇ ਸੰਬੋਧਨ ਕੀਤਾ, ਵਿਚ ਸਰਕਾਰੀ ਰਿਪੋਰਟ ਮੁਤਾਬਕ ਹੀ 30 ਹਜ਼ਾਰ ਲੋਕ ਸ਼ਾਮਲ ਹੋਏ। 4 ਅਪ੍ਰੈਲ ਨੂੰ ਡਾ. ਕਿਚਲੂ ਦੇ ਭਾਸ਼ਣ ਦੇਣ ਉਤੇ ਵੀ ਪਾਬੰਦੀ ਲਾ ਦਿੱਤੀ ਗਈ ਪਰ ਲਹਿਰਾਂ ਤਾਂ ਕਦੇ ਰੁਲਦੀਆਂ ਨਹੀਂ ਉਹ ਆਪਣੇ ਨਵੇਂ ਲੀਡਰ ਪੈਦਾ ਕਰ ਲੈਂਦੀਆਂ ਹਨ। 6 ਅਪ੍ਰੈਲ ਨੂੰ ਸਾਰੇ ਪੰਜਾਬ ਵਿਚ ਇਨ੍ਹਾਂ ਹੀ ਮੁੱਦਿਆਂ ਉਤੇ ਜ਼ਬਰਦਸਤ ਹੜਤਾਲ ਹੋਈ। ਸਰਕਾਰੀ ਰਿਪੋਰਟ ਮੁਤਾਬਕ ਪੰਜਾਬ ਦੇ 45 ਸ਼ਹਿਰ ਇਸ ਹੜਤਾਲ ਦੀ ਲਪੇਟ ਵਿਚ ਸਨ ਅਤੇ ਵਿਸ਼ੇਸ਼ ਗੱਲ ਕਿ ਇਹ ਹੜਤਾਲ ਸ਼ਹਿਰੀ ਮੱਧ ਵਰਗੀ ਤਬਕੇ ਤੱਕ ਸੀਮਤ ਨਹੀਂ ਸੀ ਪਿੰਡਾਂ 'ਚੋਂ ਕਿਰਸਾਨੀ ਅਤੇ ਸ਼ਹਿਰੀ ਮਜ਼ਦੂਰ ਵੀ ਇਸ 'ਚ ਸ਼ਾਮਲ ਹੋ ਚੁੱਕੇ ਸਨ। ਅੰਮ੍ਰਿਤਸਰ ਵਿਚ ਹੜਤਾਲ ਦਾ ਮੁੱਖ ਕੇਂਦਰ ਬਣ ਗਿਆ।

8 ਅਪ੍ਰੈਲ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਉਪਰਲੇ ਅਧਿਕਾਰੀਆਂ ਨੂੰ ਚਿੱਠੀ ਲਿਖੀ, "ਸਾਨੂੰ ਹੁਣ ਜਾਂ ਫੇਰ ਆਪਣੀ ਸ਼ਕਤੀ ਦਾ ਦਿਖਾਵਾ ਕਰਨਾ ਹੀ ਪੈਣਾ ਹੈ, ਪਰ ਇਸ ਲਈ ਸਾਨੂੰ ਮਜ਼ਬੂਤ ਫੋਰਸ ਲੈ ਕੇ ਆਉਣੀ ਹੀ ਚਾਹੀਦੀ ਹੈ ਤਾਂ ਕਿ ਆਖਰੀ ਸਿੱਟਾ ਕੱਢਣ ਲਈ ਕੋਸ਼ਿਸ਼ ਕਰੀਏ ਅਤੇ ਵੇਖੀਏ ਕਿ ਅੰਮ੍ਰਿਤਸਰ ਵਿਚ ਕਿਸ ਦਾ ਰਾਜ ਹੈ।"

ਉਪਰੋਕਤ ਚਿੱਠੀ 'ਚੋਂ ਸਮੁੱਚੀ ਸਥਿਤੀ ਬਹੁਤ ਸਪਸ਼ਟ ਹੁੰਦੀ ਹੈ। ਲੋਕਾਂ ਦੇ ਸ਼ਾਂਤਮਈ ਰੋਸ ਵਿਖਾਵਿਆਂ ਮੂਹਰੇ ਸਰਕਾਰੀ ਵਿਵਸਥਾ ਬੌਂਕਰੀ ਬਣੀ ਪਈ ਹੈ। ਜੇ ਸ਼ਾਂਤਮਈ ਰੋਸ ਵਿਖਾਵਿਆਂ ਤੋਂ ਡਰਦੀ ਹਕੂਮਤ 'ਆਪਣੇ ਰਾਜ' ਦੀ ਹੋਂਦ ਦਾ ਅਹਿਸਾਸ ਕਰਵਾਉਣ ਉਤੇ ਤੁਲ ਪੈਂਦੀ ਹੈ ਤਾਂ ਸਮਝ ਲਾਓ ਕਿੰਨੀ ਵਿਆਪਕ ਪੱਧਰ ਦਾ ਭੈਅ ਅੰਗਰੇਜ਼ੀ ਹਕੂਮਤ ਵਿਚ ਪਾਇਆ ਜਾ ਰਿਹਾ ਸੀ।

ਇਥੇ ਚਾਰ ਲਾਈਨਾਂ ਅੱਗੇ ਜਾਣ ਤੋਂ ਪਹਿਲਾਂ ਹੋਰ ਜੋੜਨੀਆਂ ਭਾਸਦੀਆਂ ਹਨ। ਪੰਜਾਬ ਵਿਚ ਸਮਾਜਿਕ ਤੇ ਆਰਥਿਕ ਬੇਚੈਨੀ ਤਾਂ ਸਿਖਰ 'ਤੇ ਸੀ ਜਿਹਦਾ ਜ਼ਿਕਰ ਅਸੀਂ ਉਪਰ ਕੀਤਾ ਹੈ ਪਰ ਇਕ ਹੋਰ ਪੱਖ ਕਿ ਪੰਜਾਬ ਦਾ ਲੈਫਟੀਨੈਂਟ ਗਵਰਨਰ ਸਰ ਮਾਈਕਲ ਓਡਵਾਇਰ ਕੀ ਸ਼ੈਅ ਸੀ ਦੱਸਣਾ ਜ਼ਰੂਰੀ ਹੈ। ਆਇਰਲੈਂਡ ਦਾ ਇਕ ਮਹਾਂ ਜਗੀਰਦਾਰ ਘਰਾਣੇ ਦਾ ਹੰਕਾਰੀ ਸ਼ਖ਼ਸ਼ ਉਹ ਆਪਣੇ ਆਪ ਨੂੰ ਪੰਜਾਬ ਦਾ ਮਾਲਕ ਹੀ ਨਹੀਂ ਖ਼ੁਦਾ ਹੀ ਸਮਝਦਾ ਸੀ ਅਤੇ ਉਹਦੇ ਆਲੇ ਦੁਆਲੇ ਝੋਲੀ ਚੁੱਕਾਂ ਵਿਚੋਂ ਸਰਦਾਰ ਬਹਾਦਰ ਗੱਜਣ ਸਿੰਘ ਨਾਰੰਗਵਾਲ, ਮਲਕ ਉਮਰ ਹਿਯਾਤ ਖਾਂ ਟਿਵਾਣਾ, ਰਾਏ ਬਹਾਦਰ ਅਮਰ ਨਾਥ ਗਦਾਰ ਵੀ ਸਨ। ਸਾਮਰਾਜੀ ਹੈਂਕੜਬਾਜ਼ ਨੌਕਰਸ਼ਾਹ ਡੰਡੇ ਦੇ ਜ਼ੋਰ ਰਾਜ ਕਰਨ ਵਿਚ ਯਕੀਨ ਰੱਖਦਾ ਸੀ। ਉਹ ਖ਼ੁਦ ਲਿਖਦਾ ਹੈ, "ਸਾਡਾ ਫਰਜ਼ ਸਾਡੀ ਇੰਪੀਰੀਅਲ ਪੁਜੀਸ਼ਨ ਵੱਲ ਹੈ। ਹਿੰਦੋਸਤਾਨ ਵਿਚਲੇ ਸਾਡੇ ਆਪਣੇ ਬੰਦਿਆਂ ਅਤੇ ਹਿੰਦੋਸਤਾਨ ਵਿਚ ਲਾਏ ਹਜ਼ਾਰਾਂ ਮਿਲੀਅਨਜ਼ ਬਰਤਾਨਵੀ ਸਰਮਾਏ ਵੱਲ..." ਇਹਦੇ ਨਾਲ ਹੀ ਉਹ ਪੰਜਾਬ ਨੂੰ ਲੜਾਕੂ ਲੋਕਾਂ ਦਾ ਘਰ ਸਮਝਦਾ ਸੀ। ਜਿਹੜੇ ਅੰਗਰੇਜ਼ ਸਾਮਰਾਜ ਦੇ ਵਿਸਥਾਰ ਅਤੇ ਬਚਾਈ ਰੱਖਣ ਅਤੇ ਉਹਦੀ ਰਾਖੀ ਕਰਨ ਵਿਚ ਵਿਤੋਂ ਵਧੇਰੇ ਫੌਜੀ ਸਪਲਾਈ ਕਰਨ ਦੇ ਸਮਰੱਥ ਸੀ। ਸੋ ਓਡਵਾਇਰ ਇਸ ਜ਼ਖ਼ੀਰੇ ਨੂੰ ਜਿਹਨੇ ਪਹਿਲੀ ਸੰਸਾਰ ਜੰਗ ਅਤੇ ਪਹਿਲਾਂ ਵੀ ਸਾਮਰਾਜੀ ਵਿਸਥਾਰ ਲਈ ਭੂਮਿਕਾ ਨਿਭਾਈ ਸੀ, ਆਪਣੇ ਮਾਲਕਾਂ ਲਈ (ਬਰਤਾਨਵੀ ਰਾਜ ਲਈ) ਰਾਖਵੀਂ ਰੱਖਣਾ ਚਾਹੁੰਦਾ ਸੀ ਅਤੇ ਚਾਹੁੰਦਾ ਸੀ ਕਿ ਪੰਜਾਬ ਵਿਚ ਕਿਸੇ ਕਿਸਮ ਦੀ ਰਾਜਸੀ ਚੇਤਨਾ ਦਾ ਪ੍ਰਸਾਰ ਨਾ ਹੋਵੇ।

ਪਰ ਇਹਦੇ ਉਲਟ ਪੰਜਾਬ ਦੇ ਲੋਕਾਂ ਵਿਚ ਸਰ ਮਾਈਕਲ ਓਡਵਾਇਰ ਵਿਰੁੱਧ ਬਹੁਤ ਜ਼ਿਆਦਾ ਬੇਚੈਨੀ ਸੀ। ਵਿਸ਼ੇਸ਼ ਕਰਕੇ ਉਹਨੇ ਪਿਛਲੇਰੇ ਦਹਾਕੇ 'ਚ ਜਿਹੜਾ ਜ਼ਬਰ ਢਾਹਿਆ ਸੀ ਅਤੇ ਜਿੰਨੇ ਟੈਕਸ ਇਕੱਠੇ ਕੀਤੇ ਸਨ ਉਹ ਇਸ ਦਾ ਕਾਰਨ ਸਨ। ਇਹ ਓਡਵਾਇਰ ਦੀ ਪਹਿਲੀ ਪਾਲਿਸੀ ਦਾ ਸਿੱਟਾ ਸੀ ਕਿ ਪੰਜਾਬ ਵਿਚ ਅੰਗਰੇਜ਼ੀ ਰਾਜ ਵਿਰੁੱਧ ਰਾਜਸੀ ਚੇਤਨਾ ਬਹੁਤ ਤੇਜ਼ੀ ਨਾਲ ਫੈਲ ਰਹੀ ਸੀ। ਉਪਰੋਕਤ ਹਵਾਲਾ ਹਾਲਤਾਂ ਨੂੰ ਸਮਝਣ ਲਈ ਦੇਣਾ ਪੈ ਰਿਹਾ ਹੈ।

9 ਅਪ੍ਰੈਲ ਰਾਮ ਨੌਮੀ ਦਾ ਤਿਉਹਾਰ ਸੀ। ਇਸ ਤਿਉਹਾਰ ਨੂੰ ਹਿੰਦੂ ਤੇ ਮੁਸਲਮਾਨਾਂ ਨੇ ਸਾਂਝੇ ਤੌਰ 'ਤੇ ਮਨਾਇਆ। ਹਿੰਦੂਆਂ ਦੇ ਤਿਉਹਾਰ ਵਿਚ ਮੁਸਲਮਾਨਾਂ ਦਾ ਭਰਾਵਾਂ ਵਾਂਗੂੰ ਸ਼ਰੀਕ ਹੋਣਾ ਇਕ ਤੰਦਰੁਸਤ ਭਾਈਚਾਰੇ ਦੀ ਸਿਖਰ ਸੀ। ਹਿੰਦੂ ਰਾਮ ਨੌਮੀ ਦਾ ਜਲੂਸ ਕੱਢ ਰਹੇ ਸਨ ਤਾਂ ਮੁਸਲਮਾਨਾਂ ਨੇ ਪਾਣੀ ਦੀਆਂ ਛਬੀਲਾਂ ਲਾਈਆਂ। ਇਕ ਦੂਸਰੇ ਨੂੰ ਮੁਬਾਰਕਾਂ ਦਿੱਤੀਆਂ, ਗਲਵਕੜੀਆਂ ਪਾ ਕੇ ਖ਼ੁਸ਼ੀਆਂ ਜ਼ਾਹਿਰ ਕੀਤੀਆਂ ਅਤੇ ਇਕੋ ਗਲਾਸ ਵਿਚ ਪਾਣੀ ਪੀਤਾ। ਇਸ ਦਿਨ ਹਰ ਥਾਂ ਸ਼ਹਿਰ 'ਚ ਹਿੰਦੂ-ਮੁਸਲਮਾਨ (ਜੈ) (ਏਕਤਾ) ਜ਼ਿੰਦਾਬਾਦ ਦੇ ਨਾਹਰੇ ਲਗਦੇ ਰਹੇ। ਪੂਰਾ ਭਾਈਚਾਰਕ ਤੇ ਉਤਸ਼ਾਹ ਦਾ ਮਾਹੌਲ ਸੀ ਕੋਈ ਭੜਕਾਹਟ ਨਹੀਂ ਸੀ। ਇਸ ਮਾਹੌਲ ਨੂੰ ਵੇਖ ਕੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਉਤੇ ਚਲਣ ਵਾਲੀਆਂ ਤਾਕਤਾਂ ਦੇ ਸੱਤੇ ਕੱਪੜੀ ਅੱਗ ਲੱਗਣੀ ਹੀ ਲੱਗਣੀ ਸੀ ਪਰ ਸ਼ਹਿਰ ਵਿਚ ਕਿਸੇ ਵੀ ਕਿਸਮ ਦੀ ਕੋਈ ਭੜਕਾਹਟ ਨਹੀਂ ਸੀ। ਇਥੋਂ ਤੱਕ ਕਿ ਰਾਮ ਨੌਮੀ ਦੇ ਤਿਉਹਾਰ ਵਿਚ ਸ਼ਰਧਾ ਤੇ ਭਾਈਚਾਰਾ ਤਾਂ ਸਿਖਰ ਉਤੇ ਸੀ, ਅੰਗਰੇਜ਼ਾਂ ਵਿਰੁੱਧ ਵੀ ਕਿਸੇ ਕਿਸਮ ਦਾ ਨਾਅਰਾ ਨਹੀਂ ਸੀ ਲੱਗਾ। ਇਹ ਦਿਨ ਰਾਜਸੀ ਮਾਹੌਲ ਤੋਂ ਉਪਰ ਉੱਠ ਕੇ ਮਨਾਇਆ ਜਾ ਰਿਹਾ ਸੀ।

10 ਅਪ੍ਰੈਲ ਨੂੰ ਗਾਂਧੀ ਜੀ ਦਾ ਪੰਜਾਬ ਆਉਣ ਦਾ ਪ੍ਰੋਗਰਾਮ ਸੀ। ਉਨ੍ਹਾਂ ਦੀ ਗ੍ਰਿਫ਼ਤਾਰੀ ਅਤੇ ਘਰੇ ਨਜ਼ਰਬੰਦੀ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਸਨ ਜਦੋਂ ਗਾਂਧੀ ਜੀ ਪਲਵਲ ਸਟੇਸ਼ਨ (ਹੁਣ ਹਰਿਆਣਾ) ਪਹੁੰਚੇ ਤਾਂ ਗ੍ਰਿਫ਼ਤਾਰ ਕਰ ਲਏ ਗਏ। ਅੰਮ੍ਰਿਤਸਰ ਵਿਚ 10 ਅਪ੍ਰੈਲ ਦੇ ਦਿਨ ਦੀ ਸ਼ੁਰੂਆਤ ਸੁੱਖਾਂ ਭਰੀ ਸੀ ਪਰ ਇਹ ਕੋਈ ਨਹੀਂ ਸੀ ਜਾਣਦਾ ਕਿ ਅੱਗੇ ਕੀ ਹੋਣ ਵਾਲਾ ਹੈ।

9 ਅਪ੍ਰੈਲ ਸ਼ਾਮ ਨੂੰ ਹੀ ਸਰ ਮਾਈਕਲ ਓਡਵਾਇਰ ਨੇ ਡਿਪਟੀ ਕਮਿਸ਼ਨਰ ਨੂੰ ਹਦਾਇਤ ਭੇਜ ਦਿੱਤੀ ਕਿ ਡਾ. ਕਿਚਲੂ ਤੇ ਡਾ. ਸਤਿਆਪਾਲ ਨੂੰ ਗ੍ਰਿਫ਼ਤਾਰ ਕਰਕੇ ਧਰਮਸ਼ਾਲਾ ਲਿਜਾ ਕੇ ਨਜ਼ਰਬੰਦ ਕਰ ਦਿਓ।' ਅਤੇ ਨਾਲ ਹੀ ਡਿਪਟੀ ਕਮਿਸ਼ਨਰ ਦੀ ਮੰਗ ਉਤੇ ਹੋਰ ਫੌਜੀ ਕੁਮਕਾਂ ਭੇਜਣ ਦੀ ਵੀ ਬੇਨਤੀ ਪ੍ਰਵਾਨ ਕਰਦਿਆਂ ਲਾਹੌਰ ਤੋਂ ਡਵੀਜ਼ਨ ਦੇ ਜਨਰਲ ਆਫਿਸ ਕਮਾਂਡਰ ਨੂੰ ਭੇਜ ਦਿੱਤਾ। ਡਿਪਟੀ ਕਮਿਸ਼ਨਰ ਸਿੱਧੀ ਗ੍ਰਿਫ਼ਤਾਰੀ ਤੋਂ ਡਰਦਾ ਸੀ ਉਹਨੇ ਨਾਟਕੀ ਢੰਗ ਨਾਲ ਦੋਹਾਂ ਆਗੂਆਂ ਨੂੰ 10 ਅਪ੍ਰੈਲ ਨੂੰ ਸਵੇਰੇ ਹੀ ਆਪਣੇ ਬੰਗਲੇ 'ਤੇ ਸੱਦਿਆ। ਦੋਵੇਂ ਆਗੂ ਆਪਣੇ ਸਾਥੀਆਂ ਸਮੇਤ ਜਦੋਂ ਪਹੁੰਚੇ ਤਾਂ ਪਹਿਲਾਂ ਤਹਿਸ਼ੁਦਾ ਸਕੀਮ ਨਾਲ ਇਕ ਤੰਬੂ ਵਿਚ ਬਿਠਾ ਲਿਆ। ਫੇਰ ਅੰਦਰ ਸੱਦ ਕੇ ਗ੍ਰਿਫ਼ਤਾਰੀ ਤੇ ਜਲਾਵਤਨੀ ਦੇ ਵਾਰੰਟ ਤਾਲੀਮ ਕਰਵਾਏ ਅਤੇ ਫੌਰੀ ਕਾਰਾਂ ਰਾਹੀਂ ਧਰਮਸ਼ਾਲਾ ਭੇਜ ਦਿੱਤਾ।

ਅੰਮ੍ਰਿਤਸਰ ਸ਼ਹਿਰ ਦੇ ਲੋਕਾਂ ਨੂੰ ਇਹਦੀ ਕਨਸੋਅ 10 ਕੁ ਵਜੇ ਲੱਗੀ। 12 ਵਜੇ ਹਜ਼ਾਰਾਂ ਲੋਕਾਂ ਦਾ ਜਲੂਸ ਸ਼ਹਿਰ ਦੇ ਬਜ਼ਾਰਾਂ 'ਚੋਂ ਹੁੰਦਾ ਹੋਇਆ ਡੀ. ਸੀ. ਅੰਮ੍ਰਿਤਸਰ ਦੇ ਦਫ਼ਤਰ ਵੱਲ ਜਾਣ ਨੂੰ ਉਤਾਵਲਾ ਹੋ ਤੁਰਿਆ। ਜਲੂਸ ਸ਼ਹਿਰ 'ਚੋਂ ਨਿਕਲ ਕੇ ਉੱਚਾ ਪੁੱਲ (ਭੰਡਾਰੀ ਪੁੱਲ) ਉਤੇ ਪਹੁੰਚਿਆ ਤਾਂ ਪੁਲਿਸ ਨੇ ਜਬਰੀ ਰੋਕਣ ਦੀ ਕੋਸ਼ਿਸ਼ ਕੀਤੀ ਪਰ ਜਲੂਸ ਰੁਕਿਆ ਨਹੀਂ। ਇਸ ਪ੍ਰਦਰਸ਼ਨ ਵਿਚ ਲੋਕਾਂ ਦੀ ਸਮੂਲੀਅਤ ਹੀ ਐਨੀ ਸੀ ਕਿ ਪੁਲਿਸ ਨੂੰ ਨਾ ਸਿਰਫ਼ ਪਿਛੇ ਹਟਣਾ ਪਿਆ ਸਗੋਂ ਭੱਜਣਾ ਪਿਆ। ਜਿਉਂ ਹੀ ਇਹ ਮੁਜ਼ਾਹਰਾਕਾਰੀ ਪੁੱਲ ਪਾਰ ਕਰਕੇ ਡੀ. ਸੀ. ਦਫ਼ਤਰ ਵਲ ਵੱਧ ਰਹੇ ਸਨ ਕਿ ਹੋਰ ਪੁਲਿਸ ਫੋਰਸ ਅਤੇ ਘੋੜ ਸਵਾਰ ਪੁਲਿਸ ਆ ਪਹੁਚੀ। ਐਕਸਟਰਾ ਅਸਿਸਟੈਂਟ ਕਮਿਸ਼ਨਰ ਮਿ. ਐਫ. ਏ. ਕੂਨਰ ਨੇ ਪਹੁੰਚਦਿਆਂ ਹੀ ਪਿਕਟ ਕਮਾਂਡਰ ਲੈਫਟੀਨੈਂਟ ਡਿੱਕੀ ਨੂੰ ਆਦੇਸ਼ ਦਿੱਤਾ ਕਿ ਡਟ ਕੇ ਗੋਲੀ ਚਲਾਓ। ਉਹ ਨੇ ਦੋ ਘੋੜ ਸਵਾਰਾਂ ਨੂੰ ਓਟ ਲੈ ਕੇ ਗੋਲੀ ਚਲਾਉਣ ਦੇ ਆਦੇਸ਼ ਦਿੱਤੇ। ਐਨ ਇਸ ਸਮੇਂ ਮਿਸਟਰ ਪਲੋਮਰ ਡੀ. ਐਸ. ਪੀ. 30 ਹਥਿਆਰਬੰਦ ਸਿਪਾਹੀਆਂ ਦੀ ਟੁਕੜੀ ਲੈ ਕੇ ਗੱਡੀਆਂ 'ਚ ਪਹੁੰਚ ਗਿਆ। ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਦਰਮਿਆਨ ਮਹਿਜ 40 ਗਜ਼ ਦਾ ਫਾਸਲਾ ਹੀ ਸੀ। ਇਨਫੈਂਟਰੀ ਦੇ ਫਾਇਰ ਖੋਲ੍ਹਣ ਦੀ ਦੇਰ ਹੀ ਸੀ ਕਿ ਇਸ ਮੌਕੇ 22 ਪ੍ਰਦਰਸ਼ਨਕਾਰੀ ਸ਼ਹੀਦ ਹੋ ਗਏ। ਦੋ ਵਕੀਲ ਮਿਸਟਰ ਗੁਰਦਿਆਲ ਸਿੰਘ ਅਤੇ ਮਕਬੂਲ ਮਹਿਮੂਦ ਨੇ ਲੋਕਾਂ ਨੂੰ ਵਾਪਸ ਜਾਣ ਦੀ ਅਪੀਲ ਕੀਤੀ। ਲੋਕ ਆਪਣੇ ਸਾਥੀਆਂ ਦੀਆਂ ਲਾਸ਼ਾਂ ਲੈ ਕੇ ਸ਼ਹਿਰ ਨੂੰ ਵਾਪਸ ਪਰਤਣਾ ਚਾਹੁੰਦੇ ਸਨ।

ਇਹ ਮੁਜ਼ਾਹਰਾਕਾਰੀ ਜਿਹੜੇ ਡਾ. ਕਿਚਲੂ ਤੇ ਸਤਿਪਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿਚ ਸ਼ਾਂਤਮਈ ਰੋਸ ਪ੍ਰਗਟ ਕਰਨ ਜਾ ਰਹੇ ਸਨ। ਨਫ਼ਰਤ ਤੇ ਗੁੱਸਾ ਲੈ ਕੇ ਸ਼ਹਿਰ ਨੂੰ ਜਦੋਂ ਵਾਪਸ ਪਰਤਿਆ ਤਾਂ ਖਿੰਡ ਗਿਆ।

ਇਕ ਮਿਸਨਰੀ ਅੰਗਰੇਜ਼ੀ ਔਰਤ ਮਿਸਜ ਮਰਸਿਲਾ ਸ਼ੇਰਵੁੱਡ ਜੋ ਅਧਿਆਪਕਾ ਸੀ ਜਦੋਂ ਕੂਚਾ ਕੌੜਿਆ ਕੋਲ ਸਾਈਕਲ 'ਤੇ ਜਾ ਰਹੀ ਸੀ ਤਾਂ ਕਿਸੇ ਨੇ ਡਾਂਗ ਮਾਰ ਕੇ ਹੇਠਾਂ ਸੁੱਟ ਦਿੱਤਾ। ਇਕ ਹਿੰਦੋਸਤਾਨੀ ਉਹਨੂੰ ਘਰੇ ਲੈ ਗਿਆ ਤੇ ਉਹਦੀ ਜਾਨ ਬਚਾਈ। ਇਵੇਂ ਹੀ ਇਕ ਅੰਗਰੇਜ਼ ਡਾ. ਮਿਸਜ ਈਸਾਬਲ ਮੈਰੀ ਈਗਡਨ ਜਿਸ ਦੀ ਜ਼ਨਾਨਾ ਹਸਪਤਾਲ 'ਚ ਡਿਊਟੀ ਸੀ, ਨੇ ਜਦੋਂ ਇਹ ਸ਼ਬਦ ਕਹੇ ਕਿ "ਇਨ੍ਹਾਂ ਲੋਕਾਂ ਨਾਲ ਇਵੇਂ ਹੀ ਹੋਣਾ ਚਾਹੀਦਾ ਹੈ।" ਤਾਂ ਲੋਕ ਉਹਦੇ ਪਿਛੇ ਪੈ ਗਏ। ਉਹਨੇ ਕਿਸੇ ਹੋਰ ਘਰ ਲੁੱਕ ਕੇ ਜਾਨ ਬਚਾਈ। ਗੁੱਸੇ 'ਚ ਲੋਕਾਂ ਨੇ ਨੈਸ਼ਨਲ ਬੈਂਕ ਨੂੰ ਅੱਗ ਲਾ ਦਿੱਤੀ ਅਤੇ ਉਹਦੇ ਮੈਨੇਜਰ ਨੂੰ ਮਾਰ ਦਿੱਤਾ। ਇਵੇਂ ਹੀ ਇਲਾਇੰਸ ਬੈਂਕ ਨੂੰ ਜਦੋਂ ਹਜੂਮ ਨੇ ਤੇਲ ਸੁੱਟ ਕੇ ਅੱਗ ਲਾ ਦਿੱਤੀ ਤਾਂ ਉਹਦੇ ਮੈਨੇਜਰ ਨੇ ਬਾਲਕੋਨੀ 'ਚੋਂ ਲੰਘਦੇ ਹਜੂਮ ਉਤੇ ਗੋਲੀ ਚਲਾ ਦਿੱਤੀ ਉਹਨੇ ਉਤੋਂ ਛਾਲ ਮਾਰ ਦਿੱਤੀ ਤੇ ਬਲਦੀ ਅੱਗ ਵਿਚ ਆ ਡਿੱਗਾ। ਚਾਰਟਰਡ ਬੈਂਕ ਦੇ ਮੈਨੇਜਰ ਤੇ ਅਸਿਸਟੈਂਟ ਵੀ ਮਸੀਂ ਲੁਕ ਛਿਪ ਕੇ ਕੋਤਵਾਲੀ ਪਹੁੰਚਿਆ ਤਾਂ ਉਨ੍ਹਾਂ ਦਾ ਬਚਾਅ ਹੋਇਆ।

ਇਨ੍ਹਾਂ ਮੁਜ਼ਾਹਰਾਕਾਰੀਆਂ ਦਾ ਇਕ ਹਿੱਸਾ ਰੇਲਵੇ ਵਰਕਸ਼ਾਪ ਵਲ ਨੂੰ ਵਧਿਆ ਜਿਥੇ ਉਨ੍ਹਾਂ ਨੇ ਮਿਸਤਰੀ ਵਰਕਸ ਦੇ ਇਲੈਕਟ੍ਰੀਸ਼ਲ ਸਾਰਜੈਂਟ ਰੋਲੈਂਡ ਅਤੇ ਰੇਲਵੇ ਦੇ ਇਕ ਗਾਰਡ ਨੂੰ ਵੀ ਮਾਰ ਦਿੱਤਾ। ਰਿਲੀਜਸ਼ ਬੁੱਕ ਸੁਸਾਇਟੀ (Religions Book Society) ਦੇ ਦਫ਼ਤਰ, ਇਕ ਗਿਰਜੇ ਘਰ, ਇਕ ਸਕੂਲ ਤੇ ਤਿੰਨ ਡਾਕਘਰਾਂ ਨੂੰ ਅੱਗ ਲਾ ਦਿੱਤੀ। ਤਾਰ ਘਰ ਦੇ ਬਾਹਰ ਲੋਕਾਂ ਦੀ ਭੀੜ ਉਤੇ ਪੁਲਿਸ ਨੇ ਗੋਲੀ ਚਲਾਈ।

10 ਅਪ੍ਰੈਲ ਦੀਆਂ ਘਟਨਾਵਾਂ ਵਿਚ 22 ਭਾਰਤੀ ਅਤੇ 5 ਅੰਗਰੇਜ਼ ਮਾਰੇ ਗਏ। ਸਮੁੱਚੇ ਪ੍ਰਦਰਸ਼ਨਕਾਰੀ ਰੌਲਟ ਬਿਲ ਦੇ ਵਿਰੁੱਧ ਬਰਤਾਨਵੀ ਹਕੂਮਤ ਦੇ ਵਿਰੁੱਧ ਅਤੇ ਹਿੰਦੂ ਮੁਸਲਮਾਨ ਜੈ ਦੇ ਹੱਕ 'ਚ ਨਾਅਰੇ ਲਾ ਰਹੇ ਸਨ। ਪੂਰੇ ਸ਼ਹਿਰ ਦੇ ਅੰਦਰਲੇ ਹਿੱਸੇ ਉਤੇ ਪ੍ਰਦਰਸ਼ਨਕਾਰੀਆਂ ਦਾ ਹੀ ਦਬਦਬਾ ਸੀ।

10 ਅਪ੍ਰੈਲ ਨੂੰ ਸ਼ਾਮੀ ਲਾਹੌਰ ਤੋਂ ਕਮਿਸ਼ਨਰ ਕਿਚਨ ਤੇ ਡੀ.ਆਈ.ਜੀ. ਵੀ ਪਹੁੰਚ ਗਿਆ। 19 ਗੋਰਖਾ ਫੌਜ ਦੇ 260 ਸਿਪਾਹੀ ਜਿਹੜੇ ਪਿਸ਼ਾਵਰ ਜਾ ਰਹੇ ਸਨ ਇਥੇ ਹੀ ਰੋਕ ਲਏ ਗਏ। ਰਾਤ ਨੂੰ ਇਕ ਗੱਡੀ ਰਾਹੀਂ 175 ਬਲੋਚੀ 125 ਰਾਇਲ ਸਾਸੈਕਸ ਰਜਮੈਂਟ ਦੇ ਸਿਪਾਹੀ ਆ ਗਏ। ਸਮੁੱਚੇ ਸ਼ਹਿਰ ਨੂੰ ਫੌਜ ਹਵਾਲੇ ਕਰ ਦਿੱਤਾ ਗਿਆ। ਇਨ੍ਹਾਂ ਦਾ ਕਮਾਂਡਰ ਮੇਜਰ ਮੈਕਡਾਨਲਡ ਸੀ। ਬ੍ਰਿਗੇਡੀਅਰ ਡਾਇਰ ਜਲੰਧਰ ਬ੍ਰਿਗੇਡ ਦਾ ਕਮਾਂਡਰ ਸੀ। ਉਥੋਂ 100 ਗੋਰੇ ਅਤੇ 200 ਭਾਰਤੀ ਫੌਜੀ ਵੀ ਪਹੁੰਚੇ। 10 ਅਪ੍ਰੈਲ ਦੀ ਰਾਤ ਚੁੱਪ ਚਾਪ ਗੁਜ਼ਾਰੀ। 11 ਅਪ੍ਰੈਲ ਨੂੰ ਵਕੀਲਾਂ ਦੇ ਇਕ ਡੈਪੂਟੇਸ਼ਨ ਨੇ ਗੋਲੀ ਨਾਲ ਮਰਨ ਵਾਲਿਆਂ ਦੀਆਂ ਲਾਸ਼ਾਂ ਦੇ ਸਸਕਾਰ ਕਰਨ ਦੀ ਆਗਿਆ ਮੰਗੀ। ਡਿਪਟੀ ਕਮਿਸ਼ਨਰ ਨੇ ਨਾਂਹ ਕਰ ਦਿੱਤੀ ਅਤੇ ਗਿਣਤੀ ਦੇ ਆਦਮੀਆਂ ਨਾਲ ਸਸਕਾਰ ਕੀਤਾ ਗਿਆ। ਸ਼ਹਿਰ ਤੋਂ ਬਾਹਰ ਪਿੰਡਾਂ ਵਿਚ ਬੇਚੈਨੀ ਫੈਲ ਗਈ ਸੀ ਪਰ ਸ਼ਹਿਰ ਵਿਚ ਚੁੱਪ ਚਾਪ ਤੇ ਸ਼ਾਂਤ ਮਾਹੌਲ ਸੀ। 11 ਅਪ੍ਰੈਲ ਨੂੰ ਫੌਜ ਨੇ ਸ਼ਹਿਰ 'ਚ ਮਾਰਚ ਕੀਤਾ ਅਤੇ ਦਫ਼ਾ 144 ਲਾ ਕੇ ਕਰਫਿਊ ਵਰਗੇ ਹਾਲਤ ਬਣਾ ਦਿੱਤੇ। ਰੇਲ ਦੇ ਤੀਸਰੇ ਦਰਜੇ ਦੇ ਟਿਕਟਾਂ 'ਤੇ ਸਫ਼ਰ ਕਰਕੇ ਅੰਮ੍ਰਿਤਸਰ ਆਉਣ ਵਾਲਿਆਂ ਤੇ ਮਨਾਹੀ ਲਾਗੂ ਹੋ ਗਈ ਅਤੇ ਸ਼ਹਿਰ 'ਚ ਬਾਹਰੋਂ ਆਉਣ ਤੋਂ ਲੋਕ ਰੋਕ ਦਿੱਤੇ।

11 ਅਪ੍ਰੈਲ ਨੂੰ ਸਤਿਆਗ੍ਰਹਿ ਕਮੇਟੀ ਦੀ ਮੀਟਿੰਗ ਡਾ. ਬਸ਼ੀਰ ਦੇ ਘਰੇ ਹੋਈ। ਇਸ 'ਚ 10 ਅਪ੍ਰੈਲ ਨੂੰ ਗੋਲੀ ਚਲਾਉਣ ਦੀ ਪੜਤਾਲ ਦੀ ਮੰਗ ਕੀਤੀ ਅਤੇ ਇਸ ਨੂੰ ਲੈ ਕੇ ਹੜਤਾਲ ਕਰਨ ਦਾ ਫੈਸਲਾ ਲਿਆ। 11 ਅਪ੍ਰੈਲ ਨੂੰ ਬ੍ਰਿਗੇਡੀਅਰ ਡਾਇਰ ਜਲੰਧਰੋਂ ਮੰਗਵਾ ਲਿਆ। ਸ਼ਹਿਰ ਦਾ ਮਾਲਕ ਹੁਣ ਡਾਇਰ ਸੀ। ਉਹਨੇ ਜ਼ਿਲ੍ਹਾ ਵਿਚ ਅਧਿਕਾਰੀਆਂ ਨਾਲ ਰੇਲ ਦੇ ਡੱਬੇ ਵਿਚ ਇਕ ਮੀਟਿੰਗ ਕੀਤੀ। ਡੀ. ਸੀ. ਅੰਮ੍ਰਿਤਸਰ ਦੇ ਵਿਚਾਰ ਸਨ ਕਿ 1857 ਵਰਗੇ ਹਾਲਾਤ ਬਣ ਰਹੇ ਹਨ। ਮਸ਼ਵਰੇ ਵਿਚ ਇਹ ਵੀ ਆਇਆ ਕਿ ਲਾਹੌਰ ਤੋਂ ਇਕ ਫੌਜੀ ਹਵਾਈ ਜਹਾਜ਼ ਸ਼ਹਿਰ ਉਤੇ ਬੰਬਾਰੀ ਕਰਨ ਲਈ ਵੀ ਤਿਆਰ ਰੱਖਿਆ ਜਾਵੇ। ਡਾਇਰ ਕੋਲ 475 ਗੋਰੇ ਅਤੇ 710 ਭਾਰਤੀ ਫੌਜੀ ਸਿਪਾਹੀ ਸਨ। ਉਹਨੇ ਹਵਾਈ ਜਹਾਜ਼ ਰਾਹੀਂ ਸ਼ਹਿਰ ਦਾ ਉਤੋਂ ਗੇੜਾ ਵੀ ਲਾਇਆ।

12 ਅਪ੍ਰੈਲ ਨੂੰ ਡਾਇਰ 125 ਅੰਗਰੇਜ਼ ਅਤੇ 310 ਭਾਰਤੀ ਫੌਜੀਆਂ ਨਾਲ ਅੰਮ੍ਰਿਤਸਰ ਦੇ ਬਾਹਰਲੇ ਬਾਰਾਂ ਦਰਵਾਜ਼ਿਆਂ ਉਤੇ ਗਸ਼ਤ ਕਰਦਾ ਮਾਰਸ਼ਲ ਲਾਅ ਲਾਉਣ ਦਾ ਐਲਾਨ ਕਰ ਰਿਹਾ ਸੀ ਤਾਂ ਸੁਲਤਾਨਵਿੰਡ ਗੇਟ ਉਤੇ ਲੋਕਾਂ ਦੇ ਹਜੂਮ ਨੇ ਤਿੱਖੇ ਨਾਅਰਿਆਂ ਨਾਲ ਉਸ ਦਾ ਵਿਰੋਧ ਕੀਤਾ ਇਸ ਦਿਨ 12 ਹੋਰ ਆਗੂ ਗ੍ਰਿਫ਼ਤਾਰ ਕਰ ਲਏ ਗਏ। ਇਸੇ ਦਿਨ ਹਿੰਦੂ ਮਹਾਂ ਸਭਾ ਦੇ ਸਕੂਲ ਵਿਚ ਇਕ ਸਾਂਝਾ ਜਲਸਾ ਹੋਇਆ। ਇਨ੍ਹਾਂ ਦਿਨਾਂ ਵਿਚ ਹੀ ਇਨ੍ਹਾਂ ਘਟਨਾਵਾਂ ਦੇ ਵਿਰੋਧ ਵਿਚ ਲਾਹੌਰ ਗੁਜਰਾਂਵਾਲਾ ਲਾਇਲਪੁਰ ਆਦਿ ਸ਼ਹਿਰਾਂ ਵਿਚ ਜਬਰਦਸਤ ਰੋਸ ਮੁਜ਼ਾਹਰੇ ਹੋਏ।

ਖ਼ੂਨੀ ਦਿਨ 13 ਅਪ੍ਰੈਲ 1919 ਦਿਨ ਐਤਵਾਰ ਨੂੰ ਬ੍ਰਿਗੇਡੀਅਰ ਡਾਇਰ ਲਾਮ ਲਸ਼ਕਰ ਲੈ ਕੇ ਸ਼ਹਿਰ ਦੇ ਅੰਦਰ ਵਲ ਨੂੰ ਨਿਕਲਿਆ ਉਹਨੇ ਸ਼ਹਿਰ ਦੇ 19 ਥਾਵਾਂ ਉਤੇ ਮਾਰਸ਼ਲ ਲਾਅ ਦਾ ਐਲਾਨ ਕੀਤਾ ਅਤੇ ਆਦੇਸ਼ ਦਿੱਤੇ ਕਿ "ਲੋਕ ਘਰਾਂ ਵਿਚ

ਹੀ ਰਹਿਣ। ਕਿਸੇ ਜਲਸੇ ਜਲੂਸ ਦੀ ਆਗਿਆ ਨਹੀਂ। ਲੋਕਾਂ ਦੇ ਚਹੁੰ ਤੋਂ ਵੱਧ ਇਕੱਠੇ ਹੋਣ ਦੀ ਮਨਾਹੀ ਹੈ।

ਸੰਯੋਗ ਵਸ ਇਸ ਦਿਨ ਵਿਸਾਖੀ ਦਾ ਤਿਉਹਾਰ ਸੀ। ਦੂਰੋਂ ਨੇੜਿਓਂ ਅਤੇ ਨੇੜਲੇ ਪਿੰਡਾਂ ਤੋਂ ਲੋਕ ਸ਼ਰਧਾ ਭਾਵਨਾ ਨਾਲ ਵਿਸਾਖੀ ਮਨਾਉਣ ਲਈ 11 ਅਤੇ 12 ਅਪ੍ਰੈਲ ਤੋਂ ਹੀ ਸ਼ਹਿਰ ਦੇ ਬਾਹਰ ਲੱਗੀਆਂ ਸਾਰੀਆਂ ਪਾਬੰਦੀਆਂ ਦੇ ਬਾਵਜੂਦ ਸ਼ਹਿਰ ਅੰਦਰ ਦਾਖ਼ਲ ਹੋ ਰਹੇ ਸਨ।

ਡਾਇਰ ਦੇ ਕਾਫ਼ਲੇ ਮੂਹਰੇ ਚਿੱਟੇ ਘੋੜੇ ਤੇ ਅਸ਼ਰਫ ਖਾਂ, ਪੁਲਿਸ ਸਿਟੀ ਇੰਸਪੈਕਟਰ ਉਹਦੇ ਨਾਲ ਥਾਣੇਦਾਰ ਉ ਬੈਦ ਉਲਾ। ਨਾਇਬ ਤਹਿਸੀਲਦਾਰ ਮਲਕ ਫਤਹਿ ਖਾਂ ਅਤੇ ਪਿਛੇ ਟਾਂਗੇ ਉਤੇ ਢੋਲ ਵਾਲਾ। ਉਸ ਪਿਛੋਂ ਗੋਰੀ ਪੈਦਲ ਫੌਜ, ਪਿਛੇ ਦੋ ਟਾਂਗੇ ਇਕ ਵਿਚ ਜਨਰਲ ਡਾਇਰ ਤੇ ਡਿਪਟੀ ਕਮਿਸ਼ਨਰ ਇਰਵਿੰਗ। ਦੂਸਰੀ ਵਿਚ ਐਸ. ਪੀ. ਰੀਹਲ ਅਤੇ ਡੀ. ਐਸ. ਪੀ. ਪਲੋਮਰ ਪਿਛੇ ਬਾਕੀ ਭਾਰਤੀ ਫੌਜ।

ਸਤਿਆਗ੍ਰਹੀਆਂ ਦਾ ਮੱਤ ਸੀ ਕਿ ਹਰਿਮੰਦਰ ਸਾਹਿਬ ਦੇ ਨੇੜਲੇ ਇਲਾਕੇ (ਜਿਥੇ ਅੱਜ ਕੱਲ੍ਹ ਗੁਰੂ ਰਾਮ ਦਾਸ ਸਰਾਂ, ਸਮੁੰਦਰੀ ਹਾਲ ਤੇ ਗੁਰੂ ਨਾਨ ਨਿਵਾਸ ਆਦਿ ਹਨ, ਇਹ ਜਗ੍ਹਾ ਉਨ੍ਹੀਂ ਦਿਨੀਂ ਖਾਲੀ ਹੁੰਦੀ ਸੀ। ਇਮਾਰਤਾਂ ਨਹੀਂ ਸਨ। ਇਥੇ ਮੇਲੇ ਉਤੇ ਲੱਗਣ ਵਾਲੀਆਂ ਦੁਕਾਨਾਂ ਹੀ ਲੱਗਦੀਆਂ ਹੁੰਦੀਆਂ ਸਨ।) ਵਿਚ ਮੀਟਿੰਗ ਕਰ ਲਵਾਂਗੇ। ਇਸ ਦੀ ਕਨਸੋਅ ਡੀ. ਸੀ. ਅੰਮ੍ਰਿਤਸਰ ਨੂੰ ਲੱਗ ਗਈ ਸੀ। ਉਹਨੇ ਦਰਬਾਰ ਸਾਹਿਬ ਦੇ ਸਰਬਰਾਹਾਂ ਨੂੰ ਸੰਦੇਸ਼ ਭੇਜਿਆ ਕਿ ਇਥੇ ਕਿਸੇ ਜਲਸੇ ਮੀਟਿੰਗ ਦੀ ਇਜਾਜ਼ਤ ਨਾ ਦਿੱਤੀ ਜਾਵੇ। ਅੰਗਰੇਜ਼ਾਂ ਸੰਗ ਵਫਾਦਾਰੀ ਪੁਗਾਉਂਦਿਆਂ ਉਨ੍ਹਾਂ ਨੇ ਸਤਿਆਗ੍ਰਹੀਆਂ ਨੂੰ ਇਸ ਜੁਰਮ ਉਤੇ ਜਲਸਾ ਕਰਨ ਤੋਂ ਨਾਂਹ ਕਰ ਦਿੱਤੀ। ਪਹਿਲੀ ਤੇ ਦੂਸਰੀ ਕਤਾਰ ਦੀ ਜ਼ਿਆਦਾ ਲੀਡਰਸ਼ਿਪ ਫੜੀ ਜਾ ਚੁੱਕੀ ਸੀ। ਜਿਉਂ ਹੀ ਜਨਰਲ ਡਾਇਰ ਦੇ ਮਨਾਹੀ ਦੇ ਫੁਰਮਾਨ ਅਤੇ ਹਰਿਮੰਦਰ ਸਾਹਿਬ ਦੀ ਨੇੜਲੀ ਜਗ੍ਹਾ ਉਤੇ ਮੀਟਿੰਗ ਤੋਂ ਨਾਂਹ ਕਰਨ ਦੀ ਗੱਲ ਆਈ ਤਾਂ ਇਕ ਗਰੀਬ ਦੁਕਾਨਦਾਰ ਅਤੇ ਇਕ ਮਰਾਸੀ ਨੇ ਪੀਪਾ ਲੈ ਕੇ ਸਾਰੇ ਸ਼ਹਿਰ ਵਿਚ ਮਨਿਆਦੀ ਕਰ ਦਿੱਤੀ ਕਿ ਮੀਟਿੰਗ ਭਾਵ ਜਲਸਾ ਚੌਧਰੀ ਜਲ੍ਹੇ ਵਾਲੀ ਜ਼ਮੀਨ ਉਤੇ ਹੋਵੇਗੀ। ਇਹ ਚੌਧਰੀ ਜਲ੍ਹੇ ਦੀ ਇਸ ਜਗ੍ਹਾ ਦੇ ਚੁਫੇਰੇ ਮਕਾਨ ਸਨ ਮਹਿਜ਼ ਇਕ ਛੋਟਾ ਜਿਹਾ ਰਸਤਾ ਸੀ। ਲੋਕ ਇਥੇ ਕੂੜਾ ਕਰਕਟ ਹੀ ਸੁੱਟਦੇ ਹੁੰਦੇ ਸਨ। ਇਹਨੂੰ ਮਜ਼ਾਕ ਵਜੋਂ ਜੂਏ ਦਾ ਬਾਗ ਕਿਹਾ ਜਾਂਦਾ ਸੀ। ਸਿਤਮ ਦੀ ਗੱਲ ਇਹ ਕਿ ਸ਼ਹਿਰ ਵਿਚ ਮਾਰਸ਼ਲ ਲਾਅ ਹਰ ਪਾਸੇ ਤਸ਼ੱਦਤ ਦਾ ਖੌਫ਼ਜ਼ਦਾ ਦੌਰ ਤਿੰਨ ਦਿਨ ਪਹਿਲਾਂ ਹੀ ਵਾਪਰਿਆ। ਗੋਲੀ ਕਾਂਡ, ਪਰ ਫੇਰ ਵੀ ਸ਼ਾਮੀਂ ਚਾਰ ਵਜੇ ਹਜ਼ਾਰਾਂ ਦੀ ਗਿਣਤੀ 'ਚ ਲੋਕ ਧਾਅ ਨੇ ਚੌਧਰੀ ਜਲ੍ਹੇ ਵਾਲੀ ਜਗ੍ਹਾ ਭਾਵ 'ਬਾਗ' ਵਿਚ ਆ ਪਹੁੰਚੇ।

ਡਾ. ਕਿਚਲੂ ਦੀ ਫੋਟੋ ਸਟੇਟ ਉਤੇ ਰੱਖੀ ਹੋਈ ਸੀ। ਗੋਪੀ ਨਾਥ ਕਵਿਤਾ ਪੜ੍ਹ ਰਿਹਾ ਸੀ। ਵਕੀਲ ਲਾਲ ਕਨ੍ਹਈਆ ਭਾਸ਼ਣ ਦੇ ਰਿਹਾ ਸੀ। ਸਟੇਜ ਉਤੇ ਦੁਰਗਾ ਦਾਸ, ਰਾਏ ਰਾਮ ਸਿੰਘ, ਦਾਰਾ ਸਿੰਘ, ਅਬਦੁੱਲਾ ਮਜੀਦ, ਹੰਸ ਗੜ੍ਹ, ਗੁਰਬਖਸ਼ ਰਾਏ ਆਦਿ ਆਗੂ ਬੈਠੇ ਸਨ। ਪੂਰੀ ਕਾਰਵਾਈ ਸ਼ਾਂਤਮਈ ਚਲ ਰਹੀ ਸੀ ਅਤੇ ਉਨ੍ਹਾਂ ਦੇ ਭਾਸ਼ਣਾਂ ਵਿਚ ਆਪਣੇ ਆਗੂਆਂ ਦੀ ਰਿਹਾਈ, ਰੋਲਿਟ ਬਿਲ ਦਾ ਵਿਰੋਧ ਅਤੇ ਜਬਰ ਤਸ਼ੱਦਦ ਦਾ ਵਿਰੋਧ ਆਦਿ ਹੀ ਸਨ। ਸ਼ਹਿਰ ਉਤੇ ਹਵਾਈ ਜਹਾਜ਼ ਘੁੰਮ ਰਿਹਾ ਸੀ। ਕਰਾਊਨ ਸਿਨੇਮੇ ਦਾ ਮੈਨੇਜਰ ਭੇਸ ਬਦਲ ਕੇ ਮੀਟਿੰਗ ਦੀ ਮੁਖਬਰੀ ਕਰਨ ਕੋਤਵਾਲੀ ਗਿਆ ਡਾਇਰ ਦੇ ਸੱਤੀਂ ਕੱਪੜੀ ਅੱਗ ਲੱਗ ਗਈ।

ਠੀਕ 5.15 ਉਤੇ ਡਾਇਰ 90 ਹਥਿਆਰਬੰਦ ਫੌਜੀ ਸਿਪਾਹੀਆਂ ਅਤੇ ਮਸ਼ੀਨਗੰਨਾਂ ਵਾਲੀਆਂ ਦੋ ਹਥਿਆਰਬੰਦ ਮੋਟਰਾਂ ਲੈ ਕੇ ਪਹੁੰਚ ਗਿਆ। ਉਹਦੇ ਅਫ਼ਸਰਾਂ ਨੂੰ ਵੀ ਹੈਰਾਨੀ ਹੋਈ ਜਦੋਂ ਉਹਨੇ (ਡਾਇਰ ਨੇ) ਉਨ੍ਹਾਂ ਨੂੰ ਕਿਹਾ ਕਿ "ਉਹ ਉਹਦੇ ਨਾਲ ਨਹੀਂ ਜਾਣਗੇ। ਜੇ ਉਥੇ ਕੁਝ ਕਰਨਾ ਹੋਇਆ, ਉਹਨੇ ਕਿਹਾ (ਡਾਇਰ ਨੇ) ਉਹ ਇਕੱਲਾ ਹੀ ਕਰੇਗਾ।"

ਉਹਦੀ ਜੀਵਨੀ ਲਿਖਣ ਵਾਲੇ ਕਾਲਵਿਨ ਨੇ ਵੀ ਲਿਖਿਆ ਕਿ ਡਾਇਰ ਦੇ ਲਫ਼ਜ਼ ਸਨ, "ਈਸ਼ਵਰ ਨੇ ਆਪ ਉਨ੍ਹਾਂ ਨੂੰ ਮੇਰੇ ਹੱਥਾਂ 'ਚ ਦੇ ਦਿੱਤਾ।" (ਇਕ ਕਸਾਈ ਹੋਰ ਕੀ ਕਹਿ ਸਕਦਾ ਸੀ)

ਉਹਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ਵੀ ਨਾ ਉਡੀਕਿਆ ਅਤੇ ਜਲਸੇ ਵੱਲ ਚੜ੍ਹਾਈ ਕਰ ਦਿੱਤੀ ਜਿਸ ਗਲੀ 'ਚੋਂ ਉਹ ਲੰਘਿਆ ਮਹਿਜ਼ ਸਾਢੇ ਸੱਤ ਫੁੱਟ ਹੀ ਚੌੜੀ ਸੀ। ਉਹਨੂੰ ਅਫ਼ਸੋਸ ਰਿਹਾ ਕਿ ਉਹਦੀਆਂ ਆਰਮਡ ਕਾਰਾਂ ਅੰਦਰ ਨਹੀਂ ਲੰਘ ਸਕੀਆਂ।

ਉਹਨੇ ਅੰਦਰ ਵੜਦਿਆਂ ਹੀ ਵੀਹ ਹਜ਼ਾਰ ਲੋਕਾਂ ਦਾ ਇਕੱਠ ਵੇਖਿਆ ਜੋ ਸ਼ਾਂਤੀ ਨਾਲ ਬੈਠੇ ਆਪਣੇ ਆਗੂਆਂ ਦੇ ਵਿਚਾਰ ਸੁਣ ਰਹੇ ਸਨ। ਸਟੇਜ ਮਹਿਜ਼ 60 ਗਜ਼ 'ਤੇ ਹੀ ਹੋਵੇਗੀ। ਉਹਨੇ 40 ਗੋਰਖੇ ਸਿਪਾਹੀ ਆਪਣੇ ਪਿਛੇ ਖੜ੍ਹੇ ਕਰ ਲਏ। 50 ਹਥਿਆਰਬੰਦ ਫੌਜੀ ਜੋ ਗੋਰਖਾ ਰੈਜਮੈਂਟ ਦੇ ਸਨ ਉਚੀ ਥਾਂ ਖੜ੍ਹੇ ਕਰ ਦਿੱਤੇ। ਉਹਨੇ ਚਾਰੇ ਪਾਸੇ ਘੇਰਿਆ, ਕੋਈ ਚਿਤਾਵਨੀ ਨਹੀਂ ਦਿੱਤੀ। ਠੀਕ 5.30 ਵਜੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਉਨ੍ਹਾਂ ਉਦੋਂ ਤੱਕ ਗੋਲੀ ਚਲਾਈ ਜਦੋਂ ਤੱਕ ਬਾਰੂਦ ਖਤਮ ਨਾ ਹੋ ਗਿਆ। 1650 ਰਾਊਂਡ ਗੋਲੀ ਚਲਾਈ ਗਈ।

15-20 ਮਿੰਟਾਂ ਤੱਕ ਗੋਲੀ ਚਲਦੀ ਰਹੀ। ਲੋਕ ਦਾਣਿਆਂ ਵਾਂਗੂੰ ਭੁੰਨੇ ਜਾਂਦੇ ਰਹੇ। ਚਾਰੇ ਪਾਸੇ ਕੁਰਲਾਹਟ ਮਚ ਗਈ। ਇਸ ਜਗ੍ਹਾ ਦੇ ਚਾਰੇ ਪਾਸੇ 8-8 ਫੁੱਟ ਉਚੀਆਂ ਕੰਧਾਂ ਸਨ। ਇਕ ਪਾਸੇ ਖੂਹ ਸੀ। ਹਫ਼ਰਾ ਦਫ਼ੜੀ 'ਚ ਲੋਕ ਇਕ ਦੂਜੇ ਦੇ ਉਤੇ ਡਿੱਗ ਰਹੇ ਸਨ। ਲੋਕਾਂ ਬਚਾਅ ਲਈ ਖੂਹ 'ਚ ਛਾਲਾਂ ਮਾਰੀਆਂ। ਉਹ ਗੋਲੀ ਚਲਾ ਕੇ ਲੋਕਾਂ ਨੂੰ ਭੁੰਨ ਕੇ ਪੂਰੀ ਕਤਲੇਆਮ ਮਚਾ ਕੇ ਬੜੀ ਤਸੱਲੀ ਨਾਲ ਰਾਮ ਬਾਗ ਜਿਥੇ ਉਹਦਾ ਟਿਕਾਣਾ ਸੀ, ਵੱਲ ਚਲ ਪਿਆ। ਸੂਰਜ ਡੁੱਬਣ ਵਿਚ 6 ਮਿੰਟ ਬਾਕੀ ਸਨ। ਉਹ ਨਹੀਂ ਸੀ ਜਾਣਦਾ ਕਿ ਉਹਦਾ ਇਹ ਕਾਰਾ ਦੁਨੀਆਂ ਦੇ ਇਤਿਹਾਸ ਵਿਚ ਕਾਲੇ ਕਾਰਨਾਮੇ ਦੇ ਤੌਰ 'ਤੇ ਸਦਾ ਲਈ ਦਰਜ ਹੋ ਜਾਵੇਗਾ। ਅੰਗਰੇਜ਼ ਸਾਮਰਾਜ ਦੇ ਸੂਰਜ ਡੁੱਬਣ ਦੀ ਨੀਂਹ ਰੱਖ ਦਿੱਤੀ ਸੀ।

ਇਸ ਕਤਲੇਆਮ ਵਿਚ ਗੈਰ ਸਰਕਾਰੀ ਰਿਕਾਰਡ ਮੁਤਾਬਕ 1000 ਤੋਂ ਵੱਧ ਲੋਕ ਸ਼ਹੀਦ ਹੋਏ 1500 ਤੋਂ ਵੱਧ ਜ਼ਖ਼ਮੀ ਹੋਏ। ਸਰਕਾਰੀ ਰਿਪੋਰਟ 350 ਆਦਮੀ ਅਤੇ 41 ਬੱਚੇ ਸ਼ਹੀਦ ਹੋਏ। ਇਕ ਸਤ ਮਹੀਨੇ ਦਾ ਬੱਚਾ ਵੀ ਸੀ। ਚਸ਼ਮਦੀਦ ਗਵਾਹਾਂ ਨੇ ਜਿਨ੍ਹਾਂ ਨੇ ਪਿਛੋਂ ਕਾਂਗਰਸ ਵਲੋਂ ਬਿਠਾਈ ਜਾਂਚ ਕਮੇਟੀ ਨੂੰ ਅਤੇ ਹੰਟਰ ਕਮਿਸ਼ਨ ਨੂੰ ਗਵਾਹੀਆਂ ਦਿੱਤੀਆਂ, ਨੇ ਦੱਸਿਆ ਕਿ ਇਸ 'ਬਾਗ' ਵਿਚ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ। ਇਸ ਜਗ੍ਹਾ ਵਿਚ ਆਉਣ ਲਈ ਸਿਰਫ਼ ਇਕ ਹੀ ਰਾਹ ਸੀ ਜਿਹਨੂੰ ਡਾਇਰ ਨੇ ਪਹਿਲਾਂ ਹੀ ਕਬਜ਼ੇ 'ਚ ਕਰ ਲਿਆ ਸੀ। ਇਤਿਹਾਸ ਵਿਚ ਅਜਿਹੇ ਭਿਆਨਕ ਮੌਤ ਦੇ ਤਾਂਡਵ ਨੂੰ ਪਹਿਲੀ ਵਾਰ ਵੇਖਿਆ ਗਿਆ। ਰਾਤ ਨੂੰ ਡਾਇਰ ਅਤੇ ਡੀ. ਸੀ. ਅੰਮ੍ਰਿਤਸਰ ਨੇ ਫਿਰ ਗਸ਼ਤ ਕੀਤੀ।

ਇਸ ਜ਼ਬਰ ਜੁਲਮ ਦੀਆਂ ਤਾਰਾਂ ਇੰਗਲੈਂਡ ਤੱਕ ਪਹੁੰਚ ਗਈਆਂ। 14 ਅਪ੍ਰੈਲ ਨੂੰ ਸਰਕਾਰ ਨੇ ਐਲਾਨ ਕਰ ਦਿੱਤਾ ਕਿ, "ਹਰ ਢੰਗ ਨਾਲ ਭਾਵੇਂ ਉਹ ਕਿੰਨੇ ਵੀ ਭਿਆਨਕ ਹੋਣ ਉਹ ਇਸ ਬਗਾਵਤ ਨੂੰ ਹਰ ਹਾਲਤ ਰੋਕੇਗੀ। ਅਥਾਹ ਫੌਜੀ ਸ਼ਕਤੀ ਵਰਤਣ ਤੋਂ ਗੁਰੇਜ਼ ਨਹੀਂ ਕਰੇਗੀ।"



ਅੰਮ੍ਰਿਤਸਰ ਤੋਂ ਪਿਛੋਂ 15 ਅਪ੍ਰੈਲ ਨੂੰ ਲਾਹੌਰ ਤੇ ਗੁਜਰਾਂਵਾਲਾ, 18 ਅਪ੍ਰੈਲ ਜ਼ਿਲ੍ਹਾ ਗੁਜਰਾਤ, 20 ਅਪ੍ਰੈਲ ਲਾਇਲਪੁਰ ਤੇਹੋਰ ਸ਼ਹਿਰਾਂ ਵਿਚ ਵਾਇਸ ਰਾਏ ਦੀ ਇਜ਼ਾਜਤ ਲੈ ਕੇ ਮਾਰਸ਼ਲ ਲਾਅ ਲਾ ਦਿੱਤਾ ਗਿਆ ਪਰ ਇਸ ਦੇ ਬਾਵਜੂਦ ਇਨ੍ਹਾਂ ਸ਼ਹਿਰਾਂ ਤੇ ਆਸ ਪਾਸ ਹਜ਼ਾਰਾਂ ਬਗਾਵਤੀ ਤੇ ਅੰਗਰੇਜ਼ਾਂ ਵਿਚ ਵੀ ਰੋਸ ਪ੍ਰਗਟਾਵਿਆਂ ਦੀ ਇਕ ਲੰਬੀ ਲਿਸਟ ਹੈ।

ਅੰਮ੍ਰਿਤਸਰ ਵਿਚ ਘਟਨਾ ਤੋਂ ਪਿਛੋਂ ਸ਼ਹਿਰ ਦੇ ਪਾਣੀ ਅਤੇ ਬਿਜਲੀ ਦੇ ਕੁਨੈਕਸ਼ਨ ਕੱਟ ਦਿੱਤੇ ਗਏ। ਸਤਿਆਗ੍ਰਹੀਆਂ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਸ਼ਰੇਆਮ ਬਜ਼ਾਰ ਵਿਚ ਕੋੜੇ ਮਾਰੇ ਗਏ। ਲੋਕਾਂ ਨੂੰ ਰੀਂਗ ਕੇ ਢਿੱਡ ਭਾਰ ਚੱਲਣ ਲਈ ਮਜ਼ਬੂਰ ਕੀਤਾ ਅਤੇ ਪਿੱਠ ਪਿਛੇ ਕੋੜੇ ਮਾਰ ਮਾਰ ਕੇ ਤਸ਼ੱਦਦ ਕੀਤਾ। ਮਾਰਸ਼ਲ ਲਾਅ ਹੇਠ ਅੰਮ੍ਰਿਤਸਰ ਸਮੇਤ ਹੋਰਾਂ ਥਾਵਾਂ ਉਤੇ ਅੰਗਰੇਜ਼ੀ ਹਕੂਮਤ ਵਲੋਂ ਕੀਤੇ ਗਏ ਜ਼ੁਲਮੋ-ਤਸ਼ੱਦਦ ਦੀ ਇਕ ਲੰਬੀ ਦਾਸਤਾਨ ਹੈ।

ਹੰਟਰ ਕਮਿਸ਼ਨ ਸਾਹਮਣੇ ਡਾਇਰ ਨੇ ਬੜੇ ਹੰਕਾਰੀ ਲਹਿਜੇ 'ਚ ਪ੍ਰਵਾਨ ਕੀਤਾ ਕਿ 'ਉਹਨੇ ਬਿਨਾਂ ਚਿਤਾਵਨੀ ਦਿੱਤਿਆਂ ਗੋਲੀ ਚਲਾਉਣ ਦਾ ਆਦੇਸ਼ ਦਿੱਤਾ ਸੀ।' ਉਹਨੇ 25 ਅਗਸਤ 1919 ਨੂੰ ਲਿਖਤੀ ਰਿਪੋਰਟ ਜਿਹੜੀ ਜਨਰਲ ਸਟਾਫ਼ ਡਵੀਜ਼ਨ ਨੂੰ ਪੇਸ਼ ਕੀਤੀ ਵਿਚ, "ਲਿਖਿਆ, ਮੈਂ ਗੋਲੀਆਂ ਚਲਾਈਆਂ ਅਤੇ ਉਦੋਂ ਤੱਕ ਚਲਾਉਣੀਆਂ ਜਾਰੀ ਰੱਖੀਆਂ ਜਦੋਂ ਤੱਕ ਭੀੜ ਤਿੱਤਰ ਬਿੱਤਰ ਨਹੀਂ ਹੋ ਗਈ।" 'ਮੇਰੇ ਵਲੋਂ ਬਹੁਤ ਘੱਟ ਮਾਤਰਾ ਵਿਚ ਚਲਾਈਆਂ ਗਈਆਂ ਇਹ ਗੋਲੀਆਂ ਸਨ।' ਉਹਨੇ ਕਿਹਾ, "ਮੈਂ ਪੂਰੇ ਪੰਜਾਬ ਵਿਚ (ਰਾਜ ਦੀ) ਦਹਿਸ਼ਤ ਫੈਲਾਉਣੀ ਚਾਹੁੰਦਾ ਸਾਂ।" ਤਾਂ ਕਿ ਲੋਕ ਰਾਜ ਤੋਂ ਖੌਫ਼ਜ਼ਦਾ ਹੋਣ।'

1818 ਦੇ ਰੈਜੂਲੇਸ਼ਨ ਮੁਤਾਬਕ ਅੰਮ੍ਰਿਤਸਰ ਵਿਚ ਹੀ ਲਗਭਗ 1000 ਲੋਕਾਂ ਉਤੇ 114 ਮੁਕੱਦਮੇ ਦਰਜ ਕੀਤੇ ਗਏ। ਜਿਨ੍ਹਾਂ ਵਿਚ 108 ਨੂੰ ਮੌਤ ਦੀ ਸਜ਼ਾ, 265 ਨੂੰ ਉਮਰ ਕੈਦ ਅਤੇ ਬਾਕੀਆਂ ਨੂੰ ਹੋਰ ਕੈਦਾਂ ਸੁਣਾਈਆਂ ਗਈਆਂ।

ਅੰਮ੍ਰਿਤਸਰ ਵਿਚ ਮਾਰਸ਼ਲ ਲਾਅ ਦਾ ਇੰਚਾਰਜ ਜਨਰਲ ਡਾਇਰ ਸੀ ਜਿਹਨੇ ਮਾਰਸ਼ਲ ਲਾਅ ਲੱਗਣ ਤੋਂ ਪਹਿਲਾਂ ਹੀ ਸ਼ਹਿਰ ਵਿਚ ਮਾਰਸ਼ਲ ਲਾਅ ਲਾ ਦਿੱਤਾ ਸੀ। ਦੋ ਆਦਮੀਆਂ ਦੇ ਖਲੋਣ ਦੀ ਮਨਾਹੀ, ਸਾਇਕਲ ਤੇ ਕੋਈ ਆਦਮੀ ਨਹੀਂ ਚੜ੍ਹ ਸਕਦਾ। ਤੀਜੇ ਦਰਜੇ ਦੇ ਟਿਕਟ ਬੰਦ, ਸਾਰੇ ਗੱਡੇ ਤੇ ਟਾਂਗੇ ਇਕ ਥਾਂ ਇਕੱਠੇ ਕਰ ਦਿੱਤੇ ਗਏ। ਡਾਇਰ ਨੇ ਇਕ ਬਦਨਾਮ ਕਰਾਲਿੰਗ ਆਰਡਰ ਜਾਰੀ ਕੀਤਾ ਜਿਸ ਤਹਿਤ ਕੂਚਾ ਕੌੜੀਆਂ ਵਾਲੀ 150 ਗਜ਼ ਲੰਬੀ ਗਲੀ 'ਚੋਂ ਲੰਘਣ ਵਾਲਾ ਹਰ ਆਦਮੀ ਗੋਡਿਆਂ ਅਤੇ ਕੂਹਣੀਆਂ ਭਾਰ ਹੋ ਕੇ ਲੰਘੇਗਾ। ਇਹ ਹੁਕਮ ਸਵੇਰੇ 6 ਵਜੇ ਤੋਂ ਸ਼ਾਮ 8 ਵਜੇ ਤੱਕ ਜਾਰੀ ਰਹਿੰਦਾ ਇਹ ਹੁਕਮ ਡਾਕਟਰਾਂ ਅਤੇ ਸਫ਼ਾਈ ਵਾਲਿਆਂ ਉਤੇ ਵੀ ਲਾਗੂ ਸੀ। ਹਾਲਾਂਕਿ ਇਸ ਗਲੀ ਦੇ ਲੋਕ ਸਾਊ ਤੇ ਅਮਨਪਸੰਦ ਸ਼ਹਿਰੀ ਸਨ। ਇਹਦਾ ਕਾਰਨ ਇਹ ਸੀ ਕਿ 10 ਅਪ੍ਰੈਲ ਨੂੰ ਇਕ ਮਿਸ਼ਨਰ (ਅਧਿਆਪਕਾ) ਜਦੋਂ ਸਾਇਕਲ ਉਤੇ ਲੰਘ ਰਹੀ ਸੀ ਤਾਂ ਹਜੂਮ ਨੇ ਉਹਨੂੰ ਸਾਇਕਲ ਤੋਂ ਹੇਠਾਂ ਸੁੱਟ ਦਿੱਤਾ ਸੀ। ਹਾਲਾਂਕਿ ਇਕ ਹਿੰਦੋਸਤਾਨੀ ਨੇ ਉਹਨੂੰ ਸੁਰੱਖਿਆ ਦਿੱਤੀ ਸੀ। ਲੋਕਾਂ ਨੂੰ ਬੈਂਤਾਂ ਨਾਲ ਕੁੱਟਿਆ ਜਾਂਦਾ। 11 ਆਦਮੀਆਂ ਨੂੰ ਬੈਂਤਾਂ ਨਾਲ ਇਸ ਕਰਕੇ ਕੁੱਟਿਆ ਕਿ ਉਨ੍ਹਾਂ ਅੰਗਰੇਜ਼ਾਂ ਨੂੰ ਸਲਾਮ ਨਹੀਂ ਸੀ ਕੀਤੀ। ਮਾਰਸ਼ਲ ਲਾਅ ਹੇਠ 298 ਆਦਮੀਆਂ ਤੇ ਕੇਸ ਦਰਜ ਹੋਏ 51 ਨੂੰ ਮੌਤ, 48 ਨੂੰ ਉਮਰ ਕੈਦ, 2 ਨੂੰ 10 ਸਾਲ, 79 ਨੂੰ ਸਤ ਸਾਲ, 10 ਨੂੰ ਪੰਜ ਸਾਲ, 13 ਨੂੰ ਤਿੰਨ ਸਾਲ ਤੇ ਬਾਕੀਆਂ ਨੂੰ ਇਸ ਤੋਂ ਘੱਟ ਸਜ਼ਾਵਾਂ ਹੋਈਆਂ।

ਜਿਸ ਅੰਗਰੇਜ਼ ਐਡੀਟਰ ਹੋਰਨੀਮਨ ਨੇ 13 ਅਪ੍ਰੈਲ ਦੀ ਘਟਨਾ ਦੀ ਅੱਖੀਂ ਡਿੱਠੀ ਖ਼ਬਰ ਇੰਗਲੈਂਡ ਦੇ ਅਖ਼ਬਾਰ ਨੂੰ ਭੇਜੀ ਉਹਨੂੰ ਭਾਰਤ ਵਿਚੋਂ ਬਾਹਰ ਕੱਢ ਦਿੱਤਾ। ਟ੍ਰਿਬਿਊਨ (ਲਾਹੌਰ) ਦੇ ਸੰਦਾਪਕ ਕਾਲੀ ਨਾਥ ਰਾਏ ਨੂੰ ਫੜ ਲਿਆ ਗਿਆ। ਦੋਹਾਂ ਨੂੰ ਡੇਢ ਡੇਢ ਸਾਲ ਦੀਆਂ ਸਜ਼ਾਵਾਂ ਵੀ ਹੋਈਆਂ।

ਜਿਹੜੇ ਮੁਕੱਦਮੇ ਬਣਾਏ ਗਏ ਉਨ੍ਹਾਂ ਨੂੰ 'ਬਾਦਸ਼ਾਹ ਵਿਰੁੱਧ ਜੰਗ' ਦੇ ਦੋਸ਼ ਹੇਠ ਦਰਜ ਕੀਤਾ ਗਿਆ। ਪੰਜਾਬ ਨੈਸ਼ਨਲ ਬੈਂਕ ਦੇ ਬਾਨੀ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ 'ਚ ਸੁੱਟ ਦਿੱਤਾ ਗਿਆ। ਉਹਦਾ ਬਿਆਨ ਇਹ ਸੀ ਕਿ "ਅੰਗਰੇਜ਼ ਉਹਦੇ ਨਾਲ ਆਰਥਿਕ ਕਿੜ ਰੱਖਦੇ ਸਨ ਇਸ ਕਰਕੇ ਕਿ ਅੰਗਰੇਜ਼ ਬੈਂਕ ਦੇ ਮੁਕਾਬਲੇ ਭਾਰਤੀ ਕਿਵੇਂ ਆਰਥਿਕ ਦਖ਼ਲ ਅੰਦਾਜ਼ੀ ਤੇ ਕਾਰੋਬਾਰ ਵਧਾ ਰਹੇ ਸਨ।"

17 ਦਿਨ ਬਾਅਦ 30 ਅਪ੍ਰੈਲ ਨੂੰ ਦਰਬਾਰ ਸਾਹਿਬ ਦੇ ਸਰਬਰਾਹ ਸਰਦਾਰ ਬਹਾਦਰ ਅਰੂੜ ਸਿੰਘ ਨੇ ਜਨਰਲ ਡਾਇਰ ਅਤੇ ਬ੍ਰਿਗੇਡ ਮੇਜਰ ਕੈਪਟਨ ਬ੍ਰਿਗਜ਼ ਨੂੰ ਦਰਬਾਰ ਸਾਹਿਬ ਬੁਲਾ ਕੇ ਸਿਰੋਪਾ ਭੇਟ ਕੀਤਾ। ਇਹ ਮਹਿਜ਼ ਗਦਾਰੀ ਹੀ ਨਹੀਂ ਸ਼ਰਮਨਾਕ ਕਾਰਾ ਵੀ ਸੀ। ਜਿਹਦਾ ਪਸ਼ਚਾਤਾਪ ਅਜੇ ਤੱਕ ਸਿਰਮੌਰ ਸਿੱਖ ਸੰਸਥਾਵਾਂ ਨੇ ਨਹੀਂ ਕੀਤਾ। ਜਦੋਂ ਮਾਈਕਲ ਉਡਵਾਇਰ ਨੂੰ ਰਿਟਾਇਰਮੈਂਟ ਹੋਣ ਦਾ ਹੁਕਮ ਮਿਲ ਗਿਆ ਸੀ ਤਾਂ 12 ਮਈ ਨੂੰ ਵੱਖ-ਵੱਖ ਫਿਰਕਿਆਂ ਦੇ ਆਗੂਆਂ ਨੇ ਓਡਵਾਇਰ ਦੇ ਸਨਮਾਨ ਵਿਚ ਇਕ ਸਭਾ ਕੀਤੀ ਅਤੇ ਸਨਮਾਨ ਪੱਤਰ ਪੜ੍ਹੇ। ਮੁਸਲਮਾਨ ਤਬਕੇ ਵਲੋਂ ਥਾਨ ਬਹਾਦਰ ਸਈਅਦ ਮਹਿੰਦੀ ਸ਼ਾਹ ਅਤੇ ਹਿੰਦੂਆਂ ਵਲੋਂ ਰਾਜਾ ਨਰਿੰਦਰ ਨਾਥ ਅਤੇ ਸਿੱਖਾਂ ਵਲੋਂ ਸਰ ਸੁੰਦਰ ਸਿੰਘ ਮਜੀਠੀਏ ਨੇ ਇਹ ਸਨਮਾਨ ਪੱਤਰ ਪੜ੍ਹੇ। ਸਿੱਖਾਂ ਦੇ ਇਸ ਪੱਤਰ ਵਿਚ ਦਰਜ ਹੈ ਕਿ, "ਹਜ਼ੂਰ ਨੇ ਓਡਵਾਇਰ ਨੇ ਹਾਲਤ ਨੂੰ ਸਿਆਣਪ ਨਾਲ ਨਜਿੱਠਿਆ ਹੈ। ਇਹ ਬਹੁਤ ਅਫਸੋਸ ਦਾ ਮਾਮਲਾ ਹੈ ਕਿ ਹਜ਼ੂਰ ਦੀ ਸਫ਼ਲ ਹਕੂਮਤ ਦੇ ਵਿਰੁੱਧ, ਕੁਝ ਬਦਮਾਸ਼ ਲੋਕਾਂ ਵਲੋਂ ਮੁਲਕ ਦੇ ਅਮਨ ਨੂੰ ਬੇਦਰਦੀ ਨਾਲ ਤਬਾਹ ਕਰਨ ਦੀ ਸ਼ਰਾਰਤ ਭਰੀ ਕੋਸ਼ਿਸ਼ ਕੀਤੀ ਹੈ। ਕਈ ਥਾਵਾਂ ਉਤੇ (ਅੰਗਰੇਜ਼ਾਂ ਉਤੇ) ਜ਼ੁਲਮ ਢਾਹੇ ਹਨ। ਇਨ੍ਹਾਂ ਸੂਬੇ ਦੀਆਂ ਪਵਿੱਤਰਤਾ ਨੂੰ ਦਾਗ ਦਾਗ ਕੀਤਾ ਹੈ ਪਰ ਤੁਹਾਡੀ ਹਜ਼ੂਰ ਦੀ ਹਾਲਤ ਉਤੇ ਮਜਬੂਤ ਪਕੜ ਅਤੇ ਅਪਣਾਈਆਂ ਗਈਆਂ ਤਰਤੀਬਾਂ ਨੇ ਬੁਰਾਈ ਨੂੰ ਮੁੱਢ ਵਿਚ ਹੀ ਨੱਪ ਲਿਆ ਹੈ।"

'ਪਰ ਸਾਡੇ ਲਈ ਇਹ ਮੁਬਾਰਕਬਾਦ ਦਾ ਮਸਲਾ ਹੈ ਕਿ ਸਾਡੇ ਫਿਰਕੇ ਨੇ ਆਪਣੇ ਆਪ ਨੂੰ ਇਸ ਗੜਬੜ ਨਾਲ ਜੁੜਨ ਤੋਂ ਵੱਖਰਾ ਰੱਖਿਆ ਹੈ। ਹਿਜ ਮਜਿਸਿਟੀ ਬਾਦਸ਼ਾਹ ਸਲਾਮਤ ਦੇ ਤਖਤ ਵਲ ਆਪਣੀ ਰਵਾਇਤੀ ਵਫਾਦਾਰੀ ਅਤੇ ਸ਼ਰਧਾ ਨੂੰ ਦਾਗ ਨਹੀਂ ਲੱਗਣ ਦਿੱਤਾ।"

ਇਸ ਸਿੱਖ ਪ੍ਰਤੀਨਿਧ ਮੰਡਲ ਵਿਚ ਸਰਦਾਰ ਬਹਾਦਰ ਗੱਜਣ ਸਿੰਘ ਜੈ ਸਿੰਘ ਪਲੀਡਰ, ਮਹਿਤਾਬ ਸਿੰਘ, ਸੁੰਦਰ ਸਿੰਘ ਗੁੱਜਰ ਖਾਂ, ਸੋਢੀ ਲਾਲ ਸਿੰਘ ਫਿਰੋਜ਼ਪੁਰ, ਚੌਧਰੀ ਬਸੰਤ ਸਿੰਘ ਜਲੰਧਰ, ਰਾਮ ਸਿੰਘ ਕਾਬਲੀ, ਮਿਹਰ ਸਿੰਘ ਚਾਵਲਾ ਲਾਹੌਰ, ਡੰਡਾ ਸਿੰਘ ਮਲਵਈ, ਮਹੰਤ ਨਰਾਇਣ ਸਿੰਘ ਨੌਰੰਗਾਬਾਦ, ਗੁਰਬਚਨ ਸਿੰਘ ਗ੍ਰੰਥੀ, ਸਰਦਾਰ ਸੁੰਦਰ ਸਿੰਘ ਮਜੀਠੀਆ ਸਮੇਤ ਕੁੱਲ 22 ਦਸਤਖ਼ਤ ਹਨ।

ਇਨ੍ਹਾਂ ਅੰਗਰੇਜ਼ਪ੍ਰਸਤ ਵਫਾਦਾਰਾਂ ਨੇ ਤਾਂ ਜਲਿਆਂਵਾਲੇ ਕਾਂਡ 'ਚ ਸ਼ਹੀਦਾਂ ਦੇ ਸਿਵੇ ਠੰਡੇ ਵੀ ਨਹੀਂ ਸੀ ਹੋਏ ਕਿ ਡੰਡੌਤਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਧਰ ਇਸ ਕਾਂਡ ਦੇ ਵਿਰੋਧ ਵਿਚ ਰਾਬਿੰਦਰ ਨਾਥ ਟੈਗੋਰ ਨੇ ਆਪਣੀ ਨਾਇਟ ਹੁੱਡ (ਸਰ) ਦੀ ਉਪਾਧੀ ਵਾਪਸ ਕਰ ਦਿੱਤੀ ਸੀ। ਨਾਵਲਕਾਰ ਨਾਨਕ ਸਿੰਘ ਨੇ ਖ਼ੂਨੀ ਵਿਸਾਖੀ ਨਾਂ ਦੀ ਲੰਬੀ ਕਵਿਤਾ ਲਿਖੀ ਸੀ ਜਿਸ ਉਤੇ ਅੰਗਰੇਜ਼ਾਂ ਨੇ ਪਾਬੰਦੀ ਠੋਕ ਦਿੱਤੀ ਸੀ। ਦੇਸ਼ ਭਰ ਤੇ ਵਿਦੇਸ਼ਵਿਚ ਇਸ ਕਾਂਡ ਦੀ ਨਾ ਸਿਰਫ਼ ਭਰਵੀਂ ਨਿੰਦਾ ਹੋਈ ਸਗੋਂ ਰੋਸ ਪ੍ਰਦਰਸ਼ਨ ਵੀ ਹੋਏ। ਅੰਗਰੇਜ਼ੀ ਰਾਜਨੂੰ ਕੋਸਿਆ ਗਿਆ।

ਲਾਹੌਰ ਤੋਂ ਨਿਕਲਣ ਵਾਲੇ 'ਇਨਕਲਾਬ' ਨੇ 1919 ਦੇ ਅੰਕ ਵਿਚ ਲਿਖਿਆ ਸੀ ਕਿ ਓਡਵਾਇਰ ਤੇ ਡਾਇਰ ਨੇ ਅੱਤਿਆਚਾਰਾਂ ਦੀਆਂ ਪੁਰਾਣੀਆਂ ਕਹਾਣੀਆਂ ਭੁਲਾ ਦਿੱਤੀਆਂ ਸਨ। ਇਹ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਕਿ ਇਹਨੇ ਭਾਰਤੀ ਲੋਕਾਂ ਨੂੰ ਉਨ੍ਹਾਂ ਦੇ ਕੌਮੀ ਜੀਵਨ ਤੋਂ ਵਾਂਝਿਆ ਕਰ ਦਿੱਤਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਕੌਮੀ ਪ੍ਰੈਸ ਨੇ ਉਹਨੂੰ ਆਪਣੇ ਸਮੇਂ ਦੀ ਨਾਦਰਸ਼ਾਹੀ ਜਿਣਸ ਕਹਿ ਕੇ ਨਵਾਜਿਆ ਸੀ। ਉਹ ਭਾਰਤੀ ਕੌਮੀ ਆਜ਼ਾਦੀ ਪ੍ਰਤੀ ਉਨੀ ਹੀ ਨਫ਼ਰਤ ਰੱਖਦਾ ਸੀ ਜਿੰਨੀ ਅੰਗਰੇਜ਼ ਆਇਰਲੈਂਡ ਦੀ ਕੌਮੀ ਆਜ਼ਾਦੀ ਪ੍ਰਤੀ ਰੱਖਦੇ ਹਨ।"

ਸਮਝਣਯੋਗ ਹੈ ਕਿ ਇਸ ਸਮੁੱਚੇ ਦੌਰ ਵਿਚ ਲੋਕਾਂ ਦੀ ਅਗਵਾਈ ਕੋਈ ਸੰਸਥਾ ਨਹੀਂ ਸੀ ਕਰ ਰਹੀ ਸਗੋਂ ਇਹ ਪਿਛਲੇਰੇ 10 ਸਾਲਾਂ ਦੇ ਅੱਤਿਆਚਾਰੀ ਰਾਜ ਵਿਰੁੱਧ ਲੋਕਾਂ ਦੀ ਆਪ ਮੁਹਾਰੇ ਪੈਦਾ ਹੋਈ ਬੇਚੈਨੀ ਦਾ ਸਿੱਟਾ ਜਾਂ ਪ੍ਰਗਟਾਵਾ ਸੀ। ਜਲਿਆਂਵਾਲੇ ਕਾਂਡ ਤੇ ਮਾਰਸ਼ਲ ਲਾਅ ਸਮੇਂ ਲੋਕਾਈ ਉਤੇ ਹੋਏ ਤਸ਼ੱਦਦ ਦੀਆਂ ਘਟਨਾਵਾਂ ਨੇ ਪੰਜਾਬ ਵਿਚ ਇਕ ਨਵੀਂ ਜਾਗ੍ਰਿਤੀ ਤੇ ਅੰਗਰੇਜ਼ ਵਿਰੋਧੀ ਲਹਿਰਾਂ ਲਈ ਜਰਖੇਜ਼ ਜ਼ਮੀਨ ਤਿਆਰ ਕਰ ਦਿੱਤੀ। ਲਗਾਤਾਰ ਤਿੰਨ ਚਾਰ ਦਹਾਕੇ ਇਸੇ ਜਰਖ਼ੇਜ਼ ਜ਼ਮੀਨ 'ਚੋਂ ਅੰਗਰੇਜ਼ਾਂ ਨੂੰ ਕੱਢਣ ਵਾਲੇ ਮਰਜੀਵੜਿਆਂ ਦੀ ਫਸਲ ਉਗਦੀ ਰਹੀ। ਮਹਿਜ਼ 8-10 ਸਾਲ ਦਾ ਮੁੰਡਾ ਜਲ੍ਹਿਆਂਵਾਲੇ ਬਾਗ ਨੂੰ ਸੱਜਦਾ ਕਰਨ ਆਉਂਦਾ ਹੈ ਅਤੇ ਲਹੂ ਦੀ ਭਿੱਜੀ ਮਿੱਟੀ ਨੂੰ ਸੰਭਾਲਦਿਆਂ ਪ੍ਰਣ ਕਰਦਾ ਹੈ ਅਤੇ ਫਾਂਸੀ ਚੜ੍ਹ ਜਾਂਦਾ ਹੈ। ਇਕ ਹੋਰ ਯਤੀਮਖਾਨੇ ਵਿਚ ਪਲਣ ਵਾਲਾ ਨੌਜਵਾਨ ਸਿਰ 'ਤੇ ਕੱਫਣ ਬੰਨ੍ਹ ਕੇ ਲੰਮਾ ਸਮਾਂ ਇੰਤਜ਼ਾਰ ਕਰਦਾ ਕਰਦਾ ਆਖਿਰ :

– 13 ਮਾਰਚ 1940 ਨੂੰ ਪੂਰੇ 20 ਸਾਲ 11 ਮਹੀਨੇ ਪਿਛੋਂ ਲੰਡਨ 'ਚ ਜਾ ਕੇ ਜਲ੍ਹਿਆਂਵਾਲੇ ਕਾਂਡ ਦਾ ਬਦਲਾ ਲੈਂਦਾ ਹੈ। ਮੁਹੰਮਦ ਸਿੰਘ ਅਜ਼ਾਦ (ਊਧਮ ਸਿੰਘ) ਨੂੰ ਇਸ ਕਰਜ਼ ਲਾਹੁਣ ਲਈ ਇਕ ਲੰਮਾ ਇੰਤਜ਼ਾਰ ਕਰਨਾ ਪਿਆ ਅਤੇ ਫਾਂਸੀ ਦਾ ਰੱਸਾ ਚੁੰਮਣਾ ਪਿਆ।

ਰਾਜ ਕਰਨ ਵਾਲੀਆਂ ਜਮਾਤਾਂ ਦੇ ਦਿਮਾਗਾਂ ਵਿਚ ਲੋਕਾਂ ਦੇ ਰੋਹ ਨੂੰ ਅੰਨ੍ਹੀ ਤਾਕਤ ਨਾਲ ਦਬਾਉਣ ਦਾ ਭੂਤ ਸਵਾਰ ਹੁੰਦਾ ਹੈ ਪਰ ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਅੰਨ੍ਹਾ ਤਸ਼ੱਦਦ ਇਕ ਐਸੀ ਜਵਾਲਾ ਨੂੰ ਜਨਮ ਦਿੰਦਾ ਹੈ। ਜਿਹਦੇ ਵਿਚ ਰਾਜ ਕਰਨ ਵਾਲੇ ਵੀ ਦੇਰ ਸਵੇਰ ਭਸਮ ਹੋ ਜਾਂਦੇ ਹਨ। ਯਾਦ ਰਹੇ ਜਲ੍ਹਿਆਂਵਾਲੇ ਬਾਗ ਦੀ ਘਟਨਾ ਨੇ ਦੇਸ਼ ਦੀ ਅਜ਼ਾਦੀ ਦੀ ਲਹਿਰ ਨੂੰ ਹੋਰ ਉਚੇਰੀਆਂ ਸਿਖਰਾਂ ਵੱਲ ਪਹੁੰਚਾਇਆ। ਜੇ 8 ਸਾਲ ਦਾ ਬੱਚਾ ਲਹੂ ਰਤੀ ਮਿੱਟੀ ਲੈ ਕੇ ਪ੍ਰਣ ਲੈਂਦਾ ਹੈ ਤਾਂ ਉਸ ਮਿੱਟੀ ਦਾ ਨਤੀਜਾ ਹੈ ਕਿ 23 ਸਾਲ ਦੀ ਉਮਰ ਵਿਚ ਉਹ ਜਾਬਰ ਅੰਗਰੇਜ਼ਾਂ ਤੋਂ ਭਾਰਤ ਮੁਕਤ ਕਰਾਉਣ ਦਾ ਹੋਕਰਾ ਲਾਉਂਦਾ ਹੈ ਤਾਂ ਲੱਖਾਂ ਕਰੋੜਾਂ ਭਾਰਤੀਆਂ ਦੀ ਆਵਾਜ਼ ਉਹਦੇ ਨਾਲ ਆ ਮਿਲਦੀ ਹੈ। ਉਹ ਸਾਰੇ ਭਾਰਤੀਆਂ ਲਈ ਬਰਾਬਰੀ ਵਾਲੇ ਸਮਾਜ ਸਿਰਜਣ ਦਾ ਹੋਕਾ ਦਿੰਦਾ ਫਾਂਸੀ ਦਾ ਰੱਸਾ ਚੁੰਮ ਲੈਂਦਾ ਹੈ। ਇਹ ਜਲ੍ਹਿਆਂਵਾਲੇ ਬਾਗ ਦੀ ਖ਼ੂਨੀ ਘਟਨਾ ਹੀ

**ਤੇਰੀ ਖਾਤਰ ਅਜ਼ਾਦੀ ਏ ਛੱਡ ਕੇ ਵਤਨ ਪਿਆਰੇ ਨੂੰ**
**ਲੱਖਾਂ ਜੋਬਨ ਰੁੱਤੇ ਤੁਰ ਗਏ ਚਾਕ ਵਿਚਾਰੇ**
**ਪਹਿਲਾਂ ਫੌਜਾਂ ਦੇ ਵਿਚ ਗਦਰ ਕਰਾਇਆ ਖੇਤਰ ਲਈ**
**ਲਹਿਰਾਂ ਫੇਰ ਚਲਾਈਆਂ ਵਿਚ ਦੇਸ਼ ਦੇ ਸਾਰੇ,**
**ਕਾਮਾਗਾਟਾ ਮਾਰੂ ਲੈ ਕੇ ਗਦਰੀ ਚਲ ਪਏ ਸੀ।**
**ਪਜ ਬਜ ਘਾਟ ਤੇ ਜਿਹੜੇ ਗੋਲੀਆਂ ਨਾਲ ਖਿਲਾਰੇ**
**ਵਾਰੀ ਭਗਤ ਗੁਰੂ ਸੁਖਦੇਵ ਜਮਾਲੀ ਤੇਰੇ ਤੋਂ**
**ਮਚ ਗਈ ਚਿੱਖਾ ਜਿਨ੍ਹਾਂ ਦੀ ਸਤਲੁਜ ਦੇ ਕਿਨਾਰੇ**
**ਔਖਾਂ ਨਾਲ ਲਿਆਂਦੀ ਖੂਨ ਡੋਲ ਕੇ ਯੋਧਿਆਂ ਨੇ**
**ਤੇਰੇ ਲੈਣ ਲਈ ਨੀ ਸੋਹਣੀ ਏ ਨਜ਼ਾਰੇ**
**ਤੂੰ ਤਾਂ ਮਹਿਲਾਂ ਦੇ ਵਿਚ ਜਾ ਕੇ ਬਹਿ ਗਈ ਖੇੜਿਆਂ ਦੇ**
**ਆਸਾਂ ਲਾਈ ਬੈਠੇ ਰਹਿ ਗਏ ਚਾਕ ਵਿਚਾਰੇ**

ਅੱਜ ਦੋਂ ਇਸ ਘਟਨਾ ਨੂੰ 100 ਸਾਲ ਹੋਣ ਵਾਲੇ ਹਨ ਤਾਂ ਇਤਿਹਾਸ ਬਿਲਕੁਲ ਐਨ ਉਸੇ ਮੁਹਾਨੇ ਤੇ ਖੜ੍ਹਾ ਹੈ। ਬੇਸ਼ੱਕ 1947 'ਚ ਅੰਗਰੇਜ਼ ਹਕੂਮਤ ਨੂੰ ਭਾਰਤੀ ਲੋਕਾਂ ਨੇ ਦਫ਼ਾ ਕਰ ਦਿੱਤਾ ਪਰ ਰਾਜ 'ਤੇ ਕਾਬਜ਼ ਹੋਣ ਵਾਲੀਆਂ ਧਿਰਾਂ ਦਾ ਜਮਾਤੀ ਕਿਰਦਾਰ ਨਹੀਂ ਬਦਲਿਆ। ਇਸ ਸੱਤਾ ਤਬਦੀਲੀ ਦੇ 80 ਸਾਲਾਂ ਪਿਛੋਂ ਵੀ ਦੇਸ਼ ਦੇ ਆਵਾਮ ਦੀ ਸਥਿਤੀ ਬਦ ਤੋਂ ਬਦਤਰ ਹੋਈ ਹੈ।



ਬੂਟਾ ਸਿੰਘ ਨਵਾਂਸ਼ਹਿਰ
94634-74342

# ਜਲਿਆਂਵਾਲਾ ਬਾਗ਼ ਸਾਕੇ ਦੇ ਸੌ ਸਾਲ ਅਤੇ ਅੱਜ ਦੀਆਂ ਚੁਣੌਤੀਆਂ



2019 ਵਿਚ ਜੱਲਿਆਂਵਾਲਾ ਬਾਗ਼ ਸਾਕੇ ਨੂੰ ਸੌ ਸਾਲ ਪੂਰੇ ਹੋ ਜਾਣਗੇ। ਸੰਨ 1919 ਦੀ 13 ਅਪ੍ਰੈਲ ਨੂੰ ਅੰਗਰੇਜ਼ ਬਸਤੀਵਾਦੀ ਹਕੂਮਤ ਦੀ ਫ਼ੌਜ ਨੇ ਅੰਮ੍ਰਿਤਸਰ ਦੇ ਇਸ ਬਾਗ਼ ਵਿਚ ਜੁੜੇ ਹਜ਼ਾਰਾਂ ਲੋਕਾਂ ਨੂੰ ਮਸ਼ੀਨ ਗੰਨਾਂ ਨਾਲ ਭੁੰਨ ਦਿੱਤਾ ਸੀ। ਇਸ ਕਤਲੇਆਮ ਦੀ ਕਮਾਨ ਕਰਨ ਵਾਲੇ ਜਨਰਲ ਡਾਇਰ ਵੱਲੋਂ ਬਰਤਾਨਵੀ ਪਾਰਲੀਮੈਂਟ ਨੂੰ ਭੇਜੀ ਚਿੱਠੀ ਵਿਚ ਦਿੱਤੀ ਗਿਣਤੀ ਅਨੁਸਾਰ ਇਸ ਕਾਂਡ ਵਿਚ 379 ਲੋਕ ਮਾਰੇ ਗਏ ਅਤੇ 1100 ਦੇ ਕਰੀਬ ਜ਼ਖਮੀ ਹੋਏ ਸਨ। ਇੰਡੀਅਨ ਨੈਸ਼ਨਲ ਕਾਂਗਰਸ ਵੱਲੋਂ ਕੀਤੀ ਜਾਂਚ ਅਨੁਸਾਰ ਉਸ ਦਿਨ 1000 ਦੇ ਕਰੀਬ ਲੋਕ ਮਾਰੇ ਗਏ ਅਤੇ 1500 ਜ਼ਖ਼ਮੀ ਹੋਏ ਸਨ। ਨਿੱਹਥੇ ਲੋਕਾਂ ਦੇ ਕਤਲੇਆਮ ਨਾਲ ਲੋਕਾਂ ਵਿਚ ਬਸਤੀਵਾਦ ਵਿਰੁੱਧ ਸੁਲਗ ਰਿਹਾ ਗੁੱਸਾ ਸਗੋਂ ਪ੍ਰਚੰਡ ਹੋ ਗਿਆ ਅਤੇ ਬਸਤੀਵਾਦੀ ਗ਼ੁਲਾਮੀ ਤੋਂ ਬੰਦ-ਖ਼ਲਾਸੀ ਪਾਉਣ ਦੀ ਜ਼ਰੂਰਤ ਹੋਰ ਵੀ ਸ਼ਿਦਤ ਨਾਲ ਮਹਿਸੂਸ ਕੀਤੀ ਜਾਣ ਲੱਗੀ। ਇੰਞ ਇਸ ਸਾਕੇ ਨੇ ਆਜ਼ਾਦੀ ਲਈ ਸੰਘਰਸ਼ ਉੱਪਰ ਮਹੱਤਵਪੂਰਨ ਛਾਪ ਛੱਡੀ।

ਬਸਤੀਵਾਦੀ ਰਾਜ ਦੀ ਫ਼ਿਕਰਮੰਦੀ ਇਹ ਸੀ ਕਿ 1915 ਦੀ ਗ਼ਦਰ ਲਹਿਰ ਨੂੰ ਕੁਚਲਣ ਲਈ ਗ਼ਦਰੀ ਇਨਕਲਾਬੀਆਂ ਨੂੰ ਜੋ ਵੱਡੀ ਤਾਦਾਦ ਵਿਚ ਫਾਂਸੀਆਂ ਅਤੇ ਕਾਲੇਪਾਣੀ ਦੀਆਂ ਮਿਸਾਲੀ ਸਜ਼ਾਵਾਂ ਦਿੱਤੀਆਂ ਗਈਆਂ ਸਨ ਉਹ ਵੀ ਆਜ਼ਾਦੀ ਦੀ ਤਾਂਘ ਨੂੰ ਦਬਾ ਨਹੀਂ ਸਕੀਆਂ ਸਨ। ਗ਼ਦਰੀ ਲੀਡਰਸ਼ਿਪ 1915 ਦੇ ਤਜ਼ਰਬੇ ਤੋਂ ਸਬਕ ਸਿੱਖ ਕੇ ਅਤੇ 1917 ਦੇ ਅਕਤੂਬਰ ਇਨਕਲਾਬ ਤੋਂ ਪ੍ਰੇਰਨਾ ਲੈਕੇ ਨਵੀਂਆਂ ਲੀਹਾਂ ਉੱਪਰ ਮੁੜ-ਜਥੇਬੰਦ ਹੋਣ ਲਈ ਗੰਭੀਰਤਾ ਨਾਲ ਯਤਨਸ਼ੀਲ ਸੀ। ਅੰਗਰੇਜ਼ ਹੁਕਮਰਾਨਾਂ ਨੇ ਇਸ ਨਵੀਂ ਸਥਿਤੀ ਨਾਲ ਨਜਿੱਠਣ ਲਈ ਅੰਗਰੇਜ਼ ਜੱਜ ਸਿਡਨੀ ਰੌਲਟ ਦੀ ਅਗਵਾਈ ਹੇਠ 1918 ਵਿਚ "ਸੈਡੀਸ਼ਨ ਕਮੇਟੀ" ਬਣਾਈ ਸੀ ਜਿਸ ਨੇ ਗ਼ੁਲਾਮ ਪਰਜਾ ਉੱਪਰ ਬਸਤੀਵਾਦੀ ਰਾਜ ਢਾਂਚੇ ਦੀ ਜਕੜ ਹੋਰ ਮਜ਼ਬੂਤ ਕਰਨ ਲਈ 1915 ਦੇ ਡਿਫੈਂਸ ਆਫ ਇੰਡੀਆ ਐਕਟ ਵਿਚ ਹੋਰ ਵਾਧੇ ਕਰਕੇ ਨਵਾਂ ਐਕਟ ਲਾਗੂ ਕਰਨ ਦੀ ਸਿਫ਼ਾਰਸ਼ ਕੀਤੀ ਸੀ ਜੋ ਰੌਲਟ ਐਕਟ ਵਜੋਂ ਜਾਣਿਆ ਜਾਵੇਗਾ।

ਇਹ ਉਹ ਸਾਲ ਸਨ ਜਦੋਂ ਪਹਿਲੀ ਸੰਸਾਰ ਜੰਗ ਦੌਰਾਨ ਕਾਂਗਰਸ ਵੱਲੋਂ ਬਰਤਾਨਵੀ ਰਾਜ ਨੂੰ ਰਿਆਇਤਾਂ ਲੈਣ ਲਈ ਦਿੱਤੀ ਹਮਾਇਤ ਦਾ ਪ੍ਰਭਾਵ ਖ਼ਤਮ ਹੋ ਚੁੱਕਾ ਸੀ। ਮੁਲਕ ਦੀਆਂ ਤਮਾਮ ਦੇਸ਼ਭਗਤ ਤਾਕਤਾਂ, ਰਾਜ ਹਿਤੈਸ਼ੀ ਕਾਂਗਰਸ ਸਮੇਤ, ਦੇ ਵਿਰੋਧ ਦੇ ਬਾਵਜੂਦ ਅੰਗਰੇਜ਼ ਹਕੂਮਤ ਵੱਲੋਂ 18 ਮਾਰਚ ਨੂੰ ਰੌਲਟ ਐਕਟ ਲਾਗੂ ਕਰ ਦਿੱਤਾ ਗਿਆ ਸੀ। ਐੱਮ.ਕੇ. ਗਾਂਧੀ ਜੋ ਜੰਗ ਦੌਰਾਨ ਅੰਗਰੇਜ਼ੀ ਫ਼ੌਜ ਵਿਚ ਭਰਤੀ ਕਰਾਉਣ ਦਾ ਮੋਹਰੀ ਸੀ ਉਸ ਦੀ ਅਗਵਾਈ ਹੇਠ ਹੁਣ ਕਾਂਗਰਸ ਵੱਲੋਂ ਵੀ ਰੌਲਟ ਐਕਟ ਬਣਾਏ ਜਾਣ ਵਿਰੁੱਧ ਸ਼ਾਂਤਮਈ ਸੱਤਿਆਗ੍ਰਹਿ ਕਰਨ ਦੇ ਸੱਦੇ ਦਿੱਤੇ ਜਾ ਰਹੇ ਸਨ। ਲੋਕ ਮੁੜ ਆਜ਼ਾਦੀ ਦੇ ਸੰਘਰਸ਼ ਵਿਚ ਕੁੱਦਣ ਲਈ ਅਹੁਲ ਰਹੇ ਸਨ। ਪੰਜਾਬ ਵਿਚ ਰੌਲਟ ਐਕਟ ਵਿਰੁੱਧ ਵਿਆਪਕ ਰੋਸ ਲਹਿਰ ਬਣ ਚੁੱਕੀ ਸੀ ਅਤੇ ਸ਼ਹਿਰਾਂ ਵਿਚ ਇਸ ਦੇ ਖ਼ਿਲਾਫ਼ ਰੋਸ ਰੈਲੀਆਂ ਹੋ ਰਹੀਆਂ ਸਨ। ਲਾਹੌਰ ਅਤੇ ਅੰਮ੍ਰਿਤਸਰ ਵਿਚ ਕਾਲੇ ਕਾਨੂੰਨ ਵਿਰੁੱਧ ਵੱਡੇ ਵੱਡੇ ਇਕੱਠ ਹੋ ਰਹੇ ਸਨ। ਇਕੱਠਾਂ ਤੋਂ ਵੀ ਵਧੇਰੇ ਅੰਗਰੇਜ਼ੀ ਰਾਜ ਨੂੰ ਫ਼ਿਕਰ ਧਾਰਮਿਕ ਫਿਰਕਿਆਂ ਦਰਮਿਆਨ ਪੀਡੀ ਹੋ ਰਹੀ ਸਾਂਝ ਦਾ ਸੀ। ਇਸ ਦਾ ਸਾਖਿਆਤ ਰੂਪ ਰਾਮ ਨੌਮੀ ਮੌਕੇ ਕੱਢੇ ਗਏ ਜਲੂਸ ਸਨ ਜਿੱਥੇ ਹਿੰਦੂ-ਮੁਸਲਮਾਨ ਛਬੀਲਾਂ ਉੱਪਰ ਇਕੋ ਗਿਲਾਸ ਤੋਂ ਪਾਣੀ ਪੀਂਦੇ ਅਤੇ ਪੱਗਾਂ ਵਟਾਉਂਦੇ ਆਮ ਦੇਖੇ ਗਏ ਸਨ।

ਅੰਗਰੇਜ਼ੀ ਰਾਜ ਵਿਰੁੱਧ ਵਧ ਰਹੀ ਰੋਸ ਲਹਿਰ ਨੂੰ ਰੋਕਣ ਲਈ 10 ਅਪ੍ਰੈਲ ਨੂੰ ਪੰਜਾਬ ਦੇ ਲੈਫਟੀਨੈਂਟ ਗਵਰਨਰ ਮਾਈਕਲ ਓਡਵਾਇਰ ਦੇ ਹੁਕਮਾਂ ਤਹਿਤ ਅੰਮ੍ਰਿਤਸਰ ਦੀਆਂ ਦੋ ਬਾਰਸੂਖ਼ ਸ਼ਖਸੀਅਤਾਂ ਡਾ. ਸੈਫ਼ੂਦੀਨ ਕਿਚਲੂ ਅਤੇ ਡਾ. ਸੱਤਪਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਜਿਸ ਤੋਂ ਗੁੱਸੇ ਵਿਚ ਆਕੇ ਲਾਹੌਰ ਅਤੇ ਅੰਮ੍ਰਿਤਸਰ ਦੇ ਲੋਕਾਂ ਵੱਲੋਂ ਉਸੇ ਦਿਨ ਹੜਤਾਲ ਅਤੇ ਰੋਸ ਪ੍ਰਦਰਸ਼ਨ ਦੇ ਸੱਦੇ ਨੂੰ ਜੋ ਬੇਮਿਸਾਲ ਹੁੰਗਾਰਾ ਦਿੱਤਾ ਗਿਆ ਉਸ ਨੂੰ ਦੇਖਕੇ ਓਡਵਾਇਰ ਅਤੇ ਉਸ ਦੇ ਅਫ਼ਸਰਾਂ ਦੇ ਹੋਸ਼ ਉੱਡ ਗਏ ਸਨ। ਰਾਜ ਪ੍ਰਸ਼ਾਸਨ ਦੀਆਂ ਧਮਕੀਆਂ ਅਤੇ ਦਹਿਸ਼ਤਵਾਦੀ ਪੇਸ਼ਬੰਦੀਆਂ ਲੋਕਾਂ ਦੇ ਜੋਸ਼ ਨੂੰ ਦਬਾਉਣ ਤੋਂ ਅਸਮਰੱਥ ਸਨ। ਰੋਸ ਲਹਿਰ ਮੱਠੀ ਨਹੀਂ ਪੈ ਰਹੀ ਸੀ। 11 ਅਪ੍ਰੈਲ ਨੂੰ ਜੁੰਮੇ ਦੇ ਦਿਨ ਲਾਹੌਰ ਦੀ ਬਾਦਸ਼ਾਹੀ ਮਸਜਿਦ ਵਿਚ 35000 ਲੋਕਾਂ ਦਾ ਵਿਸ਼ਾਲ ਇਕੱਠ ਹੋਇਆ ਜਿਸ ਵਿਚ ਮੁਸਲਮਾਨ, ਸਿੱਖ ਅਤੇ ਹਿੰਦੂ ਸ਼ਾਮਲ ਸਨ। ਉੱਤਰੀ ਹਿੰਦੁਸਤਾਨੀ ਦੀ ਪ੍ਰਮੁੱਖ ਮਸਜਿਦ ਦੇ ਉੱਚੇ ਮੰਚ ਤੋਂ ਪਹਿਲੀ ਵਾਰ ਸ਼ਹਿਰ ਦੇ ਮੁਹਤਬਰ ਹਿੰਦੂ ਆਗੂਆਂ ਨੂੰ ਮੁਸਲਿਮ ਸੰਗਤਾਂ ਨੂੰ ਸੰਬੋਧਨ ਕਰਨ ਦੀ ਇਜਾਜ਼ਤ ਦਿੱਤੀ ਗਈ ਜੋ ਵਧ ਰਹੀ ਹਿੰਦ-ਮੁਸਲਿਮ ਏਕਤਾ ਦੀ ਪ੍ਰਤੀਕ ਸੀ।

ਇਹ ਪਿਛੋਕੜ ਸੀ ਜਿਸ ਵਿਚ ਵਿਸਾਖੀ ਦੇ ਦਿਨ ਓਡਵਾਇਰ ਦੇ ਆਦੇਸ਼ ਅਨੁਸਾਰ ਜਨਰਲ ਡਾਇਰ ਨੇ ਬਾਗ਼ ਵਿਚ ਜੁੜੇ ਇਕੱਠ ਦਾ ਕਤਲੇਆਮ ਕੀਤਾ। ਓਡਵਾਇਰ ਦਾ ਮੱਤ ਸੀ ਕਿ ਲੋਕ ਬੇਚੈਨੀ ਨਾਲ ਨਜਿੱਠਣ ਲਈ ਸਿਰਫ਼ ਤੇ ਸਿਰਫ਼ ਫ਼ੌਜੀ ਹੱਲ ਹੀ ਕੀਤਾ ਜਾਣਾ ਚਾਹੀਦਾ ਹੈ। ਓਡਵਾਇਰ ਨੇ ਹੀ ਡਾਇਰ ਦੀ ਡਿਊਟੀ ਅੰਮ੍ਰਿਤਸਰ ਵਿਚ ਵੱਧ ਰਹੀ ਲੋਕ ਬੇਚੈਨੀ ਨੂੰ ਸਖ਼ਤੀ ਨਾਲ ਕੁਚਲਣ ਲਈ ਲਗਾਈ ਸੀ।

ਬਾਗ਼ ਦੇ ਤਿੰਨ ਪਾਸੇ ਉੱਚੀਆਂ ਇਮਾਰਤਾਂ ਸਨ ਅਤੇ ਨਿਕਲਣ ਲਈ ਇਕੋ ਇਕ ਰਸਤਾ ਉਹ ਗੇਟ ਸੀ ਜਿਥੇ ਡਾਇਰ ਦੇ ਫ਼ੌਜੀ ਦਸਤੇ ਨਾਕਾ ਲਗਾਈ ਖੜ੍ਹੇ ਸਨ। ਇਕੱਠੇ ਹੋਣ ਉੱਪਰ ਸਰਕਾਰੀ ਪਾਬੰਦੀ ਦੇ ਐਲਾਨ ਸਾਰੇ ਲੋਕਾਂ ਤਕ ਪਹੁੰਚੇ ਨਹੀਂ ਸਨ ਅਤੇ ਉਹ ਆਮ ਦੀ ਤਰ੍ਹਾਂ ਵਿਸਾਖੀ ਦੇ ਦਿਨ ਦਰਬਾਰ ਸਾਹਿਬ ਨੇੜੇ ਬਾਗ਼ ਵਿਚ ਤਿਓਹਾਰ ਮਨਾਉਣ ਲਈ ਆ ਜੁੜੇ ਸਨ। ਜਿਥੇ ਡਾਇਰ ਦੀ ਅਗਵਾਈ ਹੇਠ ਫ਼ੌਜੀ ਦਸਤਿਆਂ ਵੱਲੋਂ ਦਸ ਹਜ਼ਾਰ ਲੋਕਾਂ ਦੇ ਇਕੱਠ ਉੱਪਰ ਬਿਨਾ ਚੇਤਾਵਨੀ ਦਿੱਤੇ ਗੋਲੀਆਂ ਦੀਆਂ ਬੌਛਾੜਾਂ ਕਰ ਦਿੱਤੀਆਂ ਗਈਆਂ ਅਤੇ ਪੁਰਅਮਨ ਬੈਠੇ ਲੋਕਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ ਗਿਆ। ਪੂਰੇ ਦਸ ਮਿੰਟ ਮਸ਼ੀਨਗੰਨਾਂ ਉਦੋਂ ਤਕ ਮੌਤ ਵਰਸਾਉਂਦੀਆਂ ਰਹੀਆਂ ਜਦੋਂ ਤਕ ਮੈਗਜ਼ੀਨਾਂ ਦਾ ਗੋਲੀਸਿੱਕਾ ਮੁੱਕ ਨਹੀਂ ਗਿਆ। ਅੰਗਰੇਜ਼ ਪ੍ਰਸ਼ਾਸਕਾਂ ਨੇ ਆਪਣੀ ਇਸ ਕਾਤਲਾਨਾ ਮਨਸ਼ਾ ਨੂੰ ਲੁਕੋਇਆ ਨਹੀਂ। ਇਸ ਕਾਂਡ ਦੀ ਜਾਂਚ ਲਈ ਬਣਾਏ ਹੰਟਰ ਕਮਿਸ਼ਨ ਅੱਗੇ ਡਾਇਰ ਨੇ ਸਪਸ਼ਟ ਮੰਨਿਆ ਸੀ ਕਿ ਉਸ ਦਾ ਮਨੋਰਥ ਇਕੱਠ ਨੂੰ ਖਿੰਡਾਉਣਾ ਨਹੀਂ ਸਗੋਂ ਮਿਸਾਲੀ ਸਬਕ ਸਿਖਾਉਣ ਲਈ ਕਤਲੇਆਮ ਨੂੰ ਅੰਗਰੇਜ਼ੀ ਰਾਜ ਦੀ ਅਜਿੱਤ ਤਾਕਤ ਦਾ ਸੰਦੇਸ਼ ਬਣਾਉਣਾ ਸੀ। ਇਹੀ ਵਜ੍ਹਾ ਸੀ ਕਿ ਇਸ ਤੋਂ ਅਗਲੇ ਦਿਨਾਂ ਵਿਚ ਸਿੱਧਾ ਫ਼ੌਜੀ ਰਾਜ ਲਾਗੂ ਕਰਕੇ ਅੰਮ੍ਰਿਤਸਰ ਦੇ ਗਲੀ ਬਜ਼ਾਰਾਂ ਨੂੰ ਜਨਤਕ ਤਸੀਹਾ ਕੇਂਦਰ ਬਣਾ ਦਿੱਤਾ ਗਿਆ। ਗੁੱਜਰਾਂਵਾਲਾ ਵਿਚ ਫ਼ੌਜ ਦੇ ਜਹਾਜ਼ਾਂ ਵੱਲੋਂ ਬੰਬ ਸੁੱਟਕੇ ਅਤੇ ਮਸ਼ੀਨਗੰਨਾਂ ਚਲਾਕੇ ਦਰਜਨਾਂ ਮੁਜ਼ਾਹਰਾਕਾਰੀਆਂ ਨੂੰ ਕਤਲ ਕੀਤਾ ਗਿਆ। ਮਾਰਸ਼ਲ ਲਾਅ ਦੇ ਦਿਨਾਂ ਵਿਚ ਚਲਾਏ ਫੌਰੀ ਮੁਕੱਦਮਿਆਂ ਰਾਹੀਂ ਫਾਂਸੀ ਜਾਂ ਲੰਮੀ ਕੈਦ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਇਸ ਕਤਲੇਆਮ ਦੇ ਜ਼ਿੰਮੇਵਾਰ ਡਾਇਰ ਅਤੇ ਓਡਵਾਇਰ ਨੂੰ ਮਹਿਜ਼ ਏਨੀ ਕੁ ਸਜ਼ਾ ਮਿਲੀ ਕਿ ਉਹਨਾਂ ਨੂੰ ਬਰਤਾਨਵੀ ਸਰਕਾਰ ਨੇ ਲੰਦਨ ਵਾਪਸ ਬੁਲਾ ਲਿਆ ਜਿੱਥੇ ਉਹਨਾਂ ਨੂੰ ਨਗ਼ਦ ਇਨਾਮ ਸਮੇਤ ਕਈ ਤਰ੍ਹਾਂ ਦੇ ਸ਼ਾਹੀ ਸਨਮਾਨ ਮਿਲੇ। ਇਹ ਇਨਕਲਾਬੀ ਯੋਧਾ ਊਧਮ ਸਿੰਘ ਸੀ ਜੋ ਕੇਵਲ ਇਹਨਾਂ ਬੁੱਚੜਾਂ ਨੂੰ ਸਜ਼ਾ ਦੇਣ ਲਈ ਹੀ ਨਹੀਂ ਸਗੋਂ ਅੰਗਰੇਜ਼ ਸਾਮਰਾਜਵਾਦੀ ਰਾਜ ਨੂੰ ਆਜ਼ਾਦੀ ਦੇ ਜਜ਼ਬੇ ਦੀ ਤਾਕਤ ਦਾ ਅਹਿਸਾਸ ਕਰਾਉਣ ਲਈ ਅਗਲੇ ਸਾਲਾਂ ਵਿਚ ਉਹਨਾਂ ਦੀ ਰਾਜਧਾਨੀ ਵਿਚ ਪਹੁੰਚੇਗਾ ਅਤੇ ਸਾਮਰਾਜਵਾਦ ਦੀ ਹਿੱਕ ਉੱਪਰ ਜੰਗੇ-ਆਜ਼ਾਦੀ ਦਾ ਪਰਚਮ ਬੁਲੰਦ ਕਰਕੇ ਖ਼ੁਦ ਨੂੰ ਅਜਿੱਤ ਸਮਝਦੇ ਬਰਤਾਨਵੀ ਰਾਜ ਨੂੰ ਕੰਬਣੀ ਛੇੜ ਦੇਵੇਗਾ।

ਅੱਜ ਇਕ ਸਦੀ ਬਾਦ ਜੱਲਿਆਂਵਾਲਾ ਬਾਗ਼ ਦੇ ਸਾਕੇ ਨੂੰ ਉਸ ਦੀ ਸੱਚੀ ਭਾਵਨਾ ਵਿਚ ਯਾਦ ਕਰਨਾ ਇਸ ਕਰਕੇ ਜ਼ਰੂਰੀ ਹੈ ਕਿਉਂਕਿ ਸੱਤ ਦਹਾਕੇ ਤੋਂ ਜਿਸ ਰਾਜ ਨੂੰ ਧਰਮਨਿਰਪੱਖ, ਸਮਾਜਵਾਦੀ ਗਣਤੰਤਰ ਅਤੇ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਰਾਰ ਦੇ ਕੇ ਸਾਡੇ ਮੁਲਕ ਦੇ ਲੋਕਾਂ ਉੱਪਰ ਥੋਪਿਆ ਗਿਆ ਹੈ, 1947 ਤੋਂ ਪਹਿਲੇ ਬਸਤੀਵਾਦੀ ਰਾਜ ਦੇ ਸਾਰੇ ਜਾਬਰ ਨਕਸ਼ ਉਸ ਦੇ ਵਜੂਦ-ਸਮੋਏ ਹਨ। ਇਸ ਸਾਕੇ ਦੇ ਖ਼ਾਸ ਪ੍ਰਸੰਗ ਵਿਚ ਤਿੰਨ ਖ਼ਾਸ ਪਹਿਲੂਆਂ ਦੀ ਲਗਾਤਾਰਤਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

ਜਿਸ ਫਿਰੰਗੀ ਰਾਜ ਨੇ ਚੰਦ ਮਿੰਟਾਂ ਵਿਚ ਇਕ ਹਜ਼ਾਰ ਤੋਂ ਵਧੇਰੇ ਲੋਕਾਂ ਨੂੰ ਲਾਸ਼ਾਂ ਦੇ ਢੇਰ ਵਿਚ ਬਦਲ ਦਿੱਤਾ ਸੀ ਉਹ ਦੂਜੇ ਮੁਲਕ ਉੱਪਰ ਫ਼ੌਜੀ ਤਾਕਤ ਦੇ ਜ਼ੋਰ ਸਾਮਰਾਜਵਾਦੀ ਧਾੜਵੀ ਲੁੱਟ ਨੂੰ ਥੋਪਣ ਅਤੇ ਸਲਾਮਤ ਰੱਖਣ ਦਾ ਸਾਧਨ ਸੀ। 1947 ਤੋਂ ਬਾਦ ਦਾ ਰਾਜ ਢਾਂਚਾ ਸਾਡੇ ਮੁਲਕ ਉੱਪਰ ਸਾਮਰਾਜਵਾਦ, ਦਲਾਲ ਸਰਮਾਏਦਾਰੀ ਅਤੇ ਜਗੀਰੂ ਜਮਾਤ ਦੇ ਗੱਠਜੋੜ ਦੇ ਕੰਟਰੋਲ ਨੂੰ ਬਣਾਈ ਰੱਖਣ ਦਾ ਸੰਦ ਹੈ। 1990 ਤੋਂ ਲਾਗੂ ਕੀਤੀ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦੀ ਢਾਂਚਾ-ਢਲਾਈ ਰਾਹੀਂ ਅਖਾਉਤੀ ਕਲਿਆਣਕਾਰੀ ਰਾਜ ਦਾ ਮਖੌਟਾ ਵੀ ਲਾਹ ਦਿੱਤਾ ਗਿਆ ਅਤੇ ਰਾਜ ਸਿੱਧੇ ਤੌਰ 'ਤੇ ਆਲਮੀ ਅਤੇ ਦੇਸੀ ਕਾਰਪੋਰੇਟ ਸਰਮਾਏ ਲਈ ਕੰਮ ਕਰ ਰਿਹਾ ਹੈ। ਰਾਜ ਦੀ ਇਹ ਭੂਮਿਕਾ ਪਿਛਲੇ ਸਤਾਈ ਸਾਲਾਂ ਤੋਂ ਕੁਦਰਤੀ ਵਸੀਲਿਆਂ ਅਤੇ ਕਿਰਤ ਸ਼ਕਤੀ ਦੀ ਲੁੱਟਖਸੁੱਟ ਨੂੰ ਹੋਰ ਵੀ ਖ਼ੂੰਖ਼ਾਰ ਬਣਾਕੇ ਕਾਰਪੋਰੇਟ ਖੇਤਰ ਨੂੰ ਰਜਾਉਣ ਦੀਆਂ ਨੀਤੀਆਂ ਦੀ ਸ਼ਕਲ ਵਿਚ ਦਿਨ-ਰਾਤ ਆਪਣਾ ਰੰਗ ਦਿਖਾ ਰਿਹਾ ਹੈ।

ਆਪਣੇ ਧਾੜਵੀ ਹਿਤਾਂ ਦੀ ਸਲਾਮਤੀ ਲਈ ਜਬਰ ਅਤੇ ਦਾਬੇ ਨੂੰ ਕਾਨੂੰਨੀ ਵਾਜਬੀਅਤ ਦੇਣ ਵਾਲੇ ਕਾਲੇ ਕਾਨੂੰਨ ਲਿਆਉਣਾ ਬਸਤੀਵਾਦੀ ਨੀਤੀ ਦਾ ਅਨਿੱਖੜ ਹਿੱਸਾ ਸੀ। ਜਿਸ ਤਹਿਤ ਪਹਿਲਾਂ ਕੰਪਨੀ ਰਾਜ ਅਧੀਨ 1818 ਦਾ ਬੰਗਾਲ ਰੈਗੂਲੇਸ਼ਨਜ਼ ਅਤੇ ਫੇਰ ਲਾਰਡ ਮੈਕਾਲੇ ਦੀ ਅਗਵਾਈ ਵਿਚ ਬਸਤੀਵਾਦੀ ਲੀਹਾਂ 'ਤੇ ਇੰਡੀਅਨ ਪੀਨਲ ਕੋਡ, ਕ੍ਰਿਮੀਨਲ ਪ੍ਰੋਸੀਜ਼ਰ ਕੋਡ ਵਗੈਰਾ ਦਾ ਕਾਨੂੰਨੀ ਢਾਂਚਾ ਬਣਾਇਆ ਗਿਆ। "ਜਰਾਇਮਪੇਸ਼ਾ", "ਰਾਜਧ੍ਰੋਹ", "ਰਾਜ ਵਿਰੁੱਧ ਜੰਗ", "ਰਾਜ ਵਿਰੁੱਧ ਸਾਜ਼ਿਸ਼", "ਕਾਨੂੰਨ ਦਾ ਰਾਜ" "ਬਾਗ਼ੀ" "ਡਿਫੈਂਸ ਆਫ ਇੰਡੀਆ" ਵਗੈਰਾ, ਇਹ ਸਭ ਬਸਤੀਵਾਦੀ ਹਿਤਾਂ ਲਈ ਜੰਗੇ-ਆਜ਼ਾਦੀ ਨੂੰ ਕੁਚਲਣ ਅਤੇ ਵਾਜਬ ਵਿਰੋਧ ਦੀ ਸੰਘੀ ਘੁੱਟਣ ਲਈ ਪ੍ਰੀਭਾਸ਼ਤ ਕੀਤਾ ਨਹਾਇਤ ਜਾਬਰ ਸਜ਼ਾ-ਵਿਧਾਨ ਸੀ। ਜਿਸ ਉੱਪਰ ਲੋੜ ਅਨੁਸਾਰ ਨਾਗਰਿਕ ਹੱਕਾਂ, ਸ਼ਹਿਰੀ ਆਜ਼ਾਦੀਆਂ ਅਤੇ ਸੀਮਤ ਜਹੇ ਸਿਆਸੀ ਹੱਕਾਂ ਦਾ ਮੁਲੰਮਾ ਚਾੜ੍ਹਕੇ ਗੌਰਮਿੰਟ ਆਫ ਇੰਡੀਆ ਐਕਟ 1935 ਤਕ ਵਿਸਤਾਰਿਆ ਗਿਆ। ਇਸੇ ਐਕਟ ਨੂੰ 1947 ਦੀ ਸੱਤਾ ਬਦਲੀ ਤੋਂ ਬਾਦ ਘੜੇ ਗਏ ਸੰਵਿਧਾਨ ਦਾ ਅਧਾਰ ਬਣਾਇਆ ਗਿਆ। ਬੇਸ਼ਕ ਜੰਗੇ-ਆਜ਼ਾਦੀ ਦੌਰਾਨ ਉੱਭਰੇ ਅਤੇ ਕੌਮਾਂਤਰੀ ਪੱਧਰ 'ਤੇ ਵਾਪਰ ਰਹੀਆਂ ਯੁਗਪਲਟਾਊ ਤਬਦੀਲੀਆਂ ਦੇ ਜ਼ਬਰਦਸਤ ਪ੍ਰਭਾਵ ਹੇਠ ਵਿਕਸਤ ਤੇ ਪ੍ਰਫੁੱਲਤ ਹੋਏ ਜਮਹੂਰੀ ਮੁੱਲਾਂ ਨੂੰ ਹਾਲਾਤ ਦੇ ਦਬਾਓ ਹੇਠ ਸੰਵਿਧਾਨ ਵਿਚ ਰਸਮੀ ਤੌਰ 'ਤੇ ਸ਼ਾਮਲ ਕਰ ਲਿਆ ਗਿਆ ਲੇਕਿਨ ਇਸ ਬਾਹਰੀ ਹਾਰ-ਸ਼ਿੰਗਾਰ ਹੇਠ ਰਾਜ ਢਾਂਚੇ ਦਾ ਮੂਲ ਜਾਬਰ ਆਪਾਸ਼ਾਹ ਸੁਭਾਅ ਉਵੇਂ ਦਾ ਉਵੇਂ ਰਿਹਾ। ਕਿਉਂਕਿ ਰਾਜ ਹੁਣ ਬਦਲੇ ਹੋਏ ਹਾਲਾਤ ਵਿਚ ਸਾਮਰਾਜਵਾਦੀਆਂ ਦੇ ਨਾਲ-ਨਾਲ ਨਵੀਂਆਂ ਦੇਸੀ ਹੁਕਮਰਾਨਾਂ ਜਮਾਤਾਂ ਦੇ ਹਿਤਾਂ ਲਈ ਵਿਸ਼ਾਲ ਮਿਹਨਤਕਸ਼ ਅਤੇ ਦੱਬੇਕੁਚਲੇ ਅਵਾਮ ਨੂੰ ਦਰੜਣ ਅਤੇ ਦਬਾਕੇ ਰੱਖਣ ਦੇ ਸੰਦ ਦੀ ਭੂਮਿਕਾ ਵਿਚ ਆ ਚੁੱਕਾ ਸੀ। ਇਸੇ ਕਰਕੇ "ਰਾਜਧ੍ਰੋਹ", "ਰਾਜ ਵਿਰੁੱਧ ਜੰਗ", "ਕਾਨੂੰਨ ਦਾ ਰਾਜ" "ਰਾਜ ਵਿਰੁੱਧ ਸਾਜ਼ਿਸ਼" ਵਗੈਰਾ ਨੂੰ ਨਾ ਕੇਵਲ ਸੰਵਿਧਾਨ ਘੜਨ ਵਾਲੀਆਂ ਕਾਰਜਕਾਰੀ ਸੰਸਥਾਵਾਂ ਵੱਲੋਂ ਜਾਰੀ ਰੱਖਿਆ ਗਿਆ ਹੈ ਸਗੋਂ ਜੁਡੀਸ਼ਰੀ ਵੱਲੋਂ ਵੀ ਪੂਰੇ ਜੋਸ਼-ਖ਼ਰੋਸ਼ ਨਾਲ ਬੁਲੰਦ ਕੀਤਾ ਜਾਂਦਾ ਹੈ। ਅਫਸਪਾ, ਐੱਨ.ਐੱਸ.ਏ., ਟਾਡਾ-ਪੋਟਾ ਅਤੇ ਇਹਨਾਂ ਦਾ ਅਜੋਕਾ ਰੂਪ ਯੂ.ਏ.ਪੀ.ਏ., ਮਕੋਕਾ, ਪਕੋਕਾ, ਪਬਲਿਕ ਸਕਿਊਰਿਟੀ ਐਕਟ ਵਗੈਰਾ ਬਸਤੀਵਾਦੀ ਜ਼ਮਾਨੇ ਦੇ ਰੌਲਟ ਐਕਟ ਅਤੇ ਹੋਰ ਕਾਨੂੰਨਾਂ ਦੀ ਲਗਾਤਾਰਤਾ ਤੋਂ ਅੱਗੇ ਉਹਨਾਂ ਨੂੰ ਮਾਤ ਪਾਉਂਦੇ ਹਨ। ਇਹ ਸਾਰੇ ਕਾਨੂੰਨ ਆਦਮਖ਼ੋਰ ਲੋਟੂ ਜਮਾਤਾਂ ਲਈ ਤਾਂ ਮਜ਼ਬੂਤ ਸੁਰੱਖਿਆ ਕਵੱਚ ਦਾ ਕੰਮ ਹੀ ਕਰਦੇ ਹਨ ਜਦਕਿ ਮਿਹਨਤਕਸ਼ ਤੇ ਦੱਬੇਕੁਚਲੇ ਲੋਕਾਂ, ਧਾਰਮਿਕ ਘੱਟਗਿਣਤੀਆਂ ਤੇ ਕੌਮੀਅਤਾਂ ਦੇ ਹੱਕ ਖੋਂਹਦੇ ਅਤੇ ਉਹਨਾਂ ਦੀ ਹੱਕ-ਜਤਾਈ ਨੂੰ ਬੇਕਿਰਕੀ ਨਾਲ ਕੁਚਲਦੇ ਹਨ। ਓਡਵਾਇਰਾਂ-ਰੌਲਟਾਂ ਦੀ ਤਰ੍ਹਾਂ 1947 ਦੀ ਸੱਤਾਬਦਲੀ ਰਾਹੀਂ ਰਾਜ-ਭਾਗ 'ਤੇ ਕਾਬਜ਼ ਹੋਈ ਜਮਾਤ ਵੀ ਲੋਕ ਬੇਚੈਨੀ ਨਾਲ ਨਜਿੱਠਣ ਲਈ 'ਫ਼ੌਜੀ ਹੱਲ' ਉੱਪਰ ਅੰਨ੍ਹਾ ਯਕੀਨ ਰੱਖਦੀ ਹੈ। ਇਸ ਲਈ ਸਮੂਹ ਹਾਸ਼ੀਆਗ੍ਰਸਤ, ਕਮਜ਼ੋਰ ਅਤੇ ਨਿਤਾਣੇ ਹਿੱਸਿਆਂ ਨੂੰ ਦਬਾਉਣ ਲਈ ਇਹਨਾਂ ਕਾਨੂੰਨਾਂ ਨੂੰ ਜ਼ੋਰਦਾਰ ਵਿਰੋਧ ਦੇ ਬਾਵਜੂਦ ਬਸਤੀਵਾਦੀ ਰਾਜ ਦੀ ਤਰ੍ਹਾਂ ਸਗੋਂ ਹੋਰ ਵੀ ਬਦਰੰਗ ਹੋ ਕੇ ਥੋਪਣ ਤੋਂ ਹੁਕਮਰਾਨਾਂ ਨੂੰ ਕੋਈ ਗੁਰੇਜ਼ ਨਹੀਂ ਹੈ ਕਿਉਂਕਿ ਆਦਮਖ਼ੋਰ ਲੋਟੂ ਜਮਾਤਾਂ ਦੇ ਹਿਤਾਂ ਲਈ ਸਮਾਜ ਦੇ ਵਿਸ਼ਾਲ ਹਿੱਸਿਆਂ ਨੂੰ ਕਾਨੂੰਨੀ ਢਾਂਚੇ ਰਾਹੀਂ ਹੱਕਾਂ ਤੋਂ ਵਾਂਝੇ ਕਰਕੇ ਲਾਚਾਰ ਤੇ ਬੇਵੱਸ ਬਣਾਕੇ ਰੱਖਣਾ ਜ਼ਰੂਰੀ ਹੈ। 1947 ਤੋਂ ਬਾਦ ਦੇਸੀ ਹੁਕਮਰਾਨਾਂ ਵੱਲੋਂ ਜੱਲਿਆਂਵਾਲਾ ਸਾਕੇ ਦੀ ਤਰਜ਼ 'ਤੇ ਪਤਾ ਨਹੀਂ ਐਸੇ ਕਿੰਨੇ ਕਾਂਡਾਂ ਨੂੰ ਅੰਜਾਮ ਦਿੱਤਾ ਗਿਆ ਹੈ।

ਜੱਲਿਆਂਬਾਗ਼ ਸਾਕੇ ਦਾ ਤੀਜਾ ਮੁੱਖ ਪਹਿਲੂ ਦਬਾਏ ਹੋਏ ਲੋਕਾਂ ਦੀ ਏਕਤਾ ਨੂੰ ਤੋੜਕੇ ਉਹਨਾਂ ਨੂੰ ਆਪਸ ਵਿਚ ਲੜਾਕੇ ਰੱਖਣ ਦੀ ਨੀਤੀ ਵਿਰੁੱਧ ਸੰਘਰਸ਼ ਹੈ। "ਪਾੜੋ ਤੇ ਰਾਜ ਕਰੋ" ਦੀ ਬਸਤੀਵਾਦੀ ਨੀਤੀ ਨੂੰ 1947 ਤੋਂ ਪਿੱਛੋਂ ਹਾਕਮ ਜਮਾਤਾਂ ਨੇ ਨਾ ਕੇਵਲ ਆਪਣੀ ਰਾਜ-ਕਲਾ ਦਾ ਧੁਰਾ ਬਣਾ ਲਿਆ ਸਗੋਂ ਮਜ਼੍ਹਬਾਂ, ਜਾਤਾਂ ਅਧਾਰਤ ਵੰਡੀਆਂ ਨੂੰ ਹੋਰ ਵਿਸਤਾਰ ਦੇ ਕੇ ਇਸ ਨੂੰ ਹੋਰ ਵੀ ਸੰਸਥਾਗਤ ਤੇ ਪ੍ਰਵੀਨ ਬਣਾ ਲਿਆ ਗਿਆ। ਹੁਣ ਨਾ ਕੇਵਲ ਫਿਰਕੂ ਫ਼ਸਾਦ ਹਾਕਮ ਜਮਾਤੀ ਚੋਣ ਸਿਆਸਤ ਦਾ ਪੱਕਾ ਲੱਛਣ ਬਣ ਗਏ ਸਗੋਂ ਵੱਖ-ਵੱਖ ਬਹਾਨੇ ਬਣਾਕੇ ਧਾਰਮਿਕ ਤੇ ਹੋਰ ਘੱਟਗਿਣਤੀਆਂ ਦੀ ਨਸਲਕੁਸ਼ੀ ਵੀ ਰਾਜ ਦੀ ਨੀਤੀ ਦਾ ਹਿੱਸਾ ਬਣ ਗਈ। ਸੱਤਾਬਦਲੀ ਤੋਂ ਤੁਰੰਤ ਬਾਦ ਪੁਣਛ (ਜੰਮੂ) ਵਿਚ 2 ਲੱਖ ਤੋਂ ਵਧੇਰੇ ਅਤੇ ਇਸੇ ਤਰ੍ਹਾਂ ਹੈਦਰਾਬਾਦ-ਸਿਕੰਦਰਾਬਾਦ ਵਿਚ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ। ਫਰਵਰੀ 1983 ਵਿਚ ਨੇਲੀ (ਅਸਾਮ) ਵਿਚ ਮਹਿਜ਼ ਛੇ ਘੰਟਿਆਂ ਵਿਚ 1800 ਮੁਸਲਮਾਨਾਂ ਦਾ ਕਤਲੇਆਮ, 1984 ਵਿਚ ਪੰਜ ਹਜ਼ਾਰ ਸਿੱਖਾਂ ਦਾ ਕਤਲੇਆਮ, 2002 ਵਿਚ ਗੁਜਰਾਤ ਵਿਚ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ ਇਹਨਾਂ ਵਧੇਰੇ ਚਰਚਿਤ ਮਿਸਾਲਾਂ ਤੋਂ ਇਲਾਵਾ ਹਾਸ਼ਿਮਪੁਰਾ, ਬਾਬਰੀ ਮਸਜਿਦ ਤੋੜਣ ਤੋਂ ਬਾਦ ਮੁੰਬਈ ਕਤਲੇਆਮ ਤੋਂ ਲੈ ਕੇ ਮੁਜ਼ੱਫਰਨਗਰ ਨਗਰ ਵਰਗੇ ਪਤਾ ਨਹੀਂ ਕਿੰਨੇ ਕਾਂਡ ਰਾਜ ਦੀ ਮਿਲੀਭੁਗਤ ਨਾਲ ਕੀਤੇ ਗਏ ਹਨ। ਇਸ ਵਿਚ ਦਲਿਤਾਂ, ਆਦਿਵਾਸੀਆਂ, ਕਸ਼ਮੀਰੀ, ਨਾਗਾ, ਮਨੀਪੁਰੀ ਅਤੇ ਹੋਰ ਕੌਮੀਅਤਾਂ ਨੂੰ ਸ਼ਾਮਲ ਕਰ ਲਿਆ ਜਾਵੇ ਤਾਂ ਕਾਂਡਾਂ ਦੀ ਤਾਦਾਦ ਸੈਂਕੜਿਆਂ ਵਿਚ ਹੋ ਜਾਵੇਗੀ।

ਉਸ ਵਕਤ ਆਜ਼ਾਦੀ ਦੇ ਸੰਘਰਸ਼ ਵਿਚ ਜੁੱਟੀਆਂ ਤਾਕਤਾਂ ਨੇ ਆਪਣੇ ਸਾਂਝੇ ਦੁਸ਼ਮਣ ਦੀ ਸ਼ਨਾਖ਼ਤ ਕਰਦੇ ਹੋਏ ਆਪਸੀ ਸਾਂਝ ਅਤੇ ਏਕਤਾ ਨੂੰ ਮਜ਼ਬੂਤ ਬਣਾਉਣ ਦੀ ਜ਼ਰੂਰਤ ਨੂੰ ਸ਼ਿਦਤ ਨਾਲ ਮਹਿਸੂਸ ਕੀਤਾ ਸੀ ਅਤੇ ਇਸ ਪਾਸੇ ਠੋਸ ਪੇਸ਼ਕਦਮੀਂ ਕਰਦਿਆਂ ਬਸਤੀਵਾਦੀ ਰਾਜ ਨੂੰ ਦ੍ਰਿੜ ਚੁਣੌਤੀ ਦਿੱਤੀ ਸੀ। ਅਮਰੀਕਾ ਵਿਚ ਗ਼ਦਰ ਪਾਰਟੀ ਵੱਲੋਂ ਅਪਣਾਏ ਬੁਨਿਆਦੀ ਪ੍ਰੋਗਰਾਮ ਤੋਂ ਲੈਕੇ ਨੌਜਵਾਨ ਭਾਰਤ ਸਭਾ, ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਅਤੇ ਉਸ ਦੌਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀਆਂ ਹੋਰ ਕਈ ਇਨਕਲਾਬੀ ਅਤੇ ਦੇਸ਼ਭਗਤ ਜਥੇਬੰਦੀਆਂ ਦੇ ਮਨੋਰਥਪੱਤਰਾਂ ਵਿਚ ਮਜ਼੍ਹਬ, ਜਾਤ, ਖੇਤਰ ਆਦਿ ਸੰਕੀਰਣ ਦਾਇਰਿਆਂ ਤੋਂ ਉੱਪਰ ਉੱਠਕੇ ਵਿਸ਼ਾਲ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੇ ਸਾਂਝੇ ਹਿਤ ਨੂੰ ਅਧਾਰ ਬਣਾਇਆ ਗਿਆ ਸੀ। ਕਿਰਤੀ ਕਿਸਾਨ ਪਾਰਟੀ, ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲੀਆਂ ਲਹਿਰਾਂ ਦਾ ਸਿਧਾਂਤਕ ਅਧਾਰ ਹੀ ਕਿਰਤੀ ਅਵਾਮ ਦੀ ਜਮਾਤੀ ਏਕਤਾ ਸੀ। ਅਜੋਕੇ ਸਮਾਜੀ ਤੇ ਰਾਜਸੀ ਪ੍ਰਬੰਧ ਹੇਠ ਦਾਬੇ ਅਤੇ ਲੁੱਟਖਸੁੱਟ ਦਾ ਸ਼ਿਕਾਰ ਤਮਾਮ ਹਿੱਸਿਆਂ ਨੂੰ ਸਾਂਝੇ ਦੁਸ਼ਮਣ ਦੀ ਸ਼ਨਾਖ਼ਤ ਕਰਨ ਦੀ ਜ਼ਰੂਰਤ ਨੂੰ ਆਪਣੀ ਚੇਤਨਾ ਅਤੇ ਸੂਝ ਦਾ ਹਿੱਸਾ ਬਣਾਉਣਾ 1919 ਦੇ ਸਾਕੇ ਦੀ ਇਤਿਹਾਸਕ ਵਿਰਾਸਤ ਦਾ ਬਹੁਤ ਹੀ ਪ੍ਰਸੰਗਿਕ ਸਬਕ ਹੈ ਜਿਸ ਨੂੰ ਆਤਮਸਾਤ ਕਰਨਾ ਜ਼ਰੂਰੀ ਹੈ।

ਅੰਗਰੇਜ਼ ਬਸਤੀਵਾਦੀਆਂ ਵਾਲਾ ਤਾਕਤ ਦਾ ਗ਼ਰੂਰ ਅੱਜ ਦੇ ਹੁਕਮਰਾਨਾਂ ਦੇ ਜਾਬਰ ਕਾਰਿਆਂ ਵਿੱਚੋਂ ਡੁੱਲ੍ਹ-ਡੁੱਲ੍ਹ ਪੈ ਰਿਹਾ ਹੈ। ਜਿਵੇਂ ਓਡਵਾਇਰ ਨੂੰ ਰੌਲਟ ਐਕਟ ਵਿਰੁੱਧ ਸ਼ਾਂਤਮਈ ਪ੍ਰਦਰਸ਼ਨਾਂ ਵਿਚ ਰਾਜ ਵਿਰੁੱਧ ਖ਼ਤਰਨਾਕ ਸਾਜ਼ਿਸ਼ ਅਤੇ ਬਗ਼ਾਵਤ ਦੀ ਬੂ ਆ ਰਹੀ ਸੀ, ਉਸੇ ਤਰ੍ਹਾਂ ਅੱਜ ਹਿੰਦੂਤਵ ਫਾਸ਼ੀਵਾਦੀ ਬੁੱਧੀਜੀਵੀਆਂ ਅਤੇ ਜਮਹੂਰੀ ਸ਼ਖ਼ਸੀਅਤਾਂ ਤੇ ਕਾਰਕੁੰਨਾਂ ਦੀ ਸਥਾਪਤੀ ਨਾਲ ਅਸਹਿਮਤੀ ਨੂੰ ਰਾਜ ਵਿਰੁੱਧ ਬਗ਼ਾਵਤ ਅਤੇ ਮੋਦੀ ਦੀ ਹੱਤਿਆ ਦੀ ਮਾਓਵਾਦੀ ਸਾਜ਼ਿਸ਼ ਕਰਾਰ ਦੇ ਕੇ ਕੁਚਲਣ ਲਈ ਪੂਰਾ ਤਾਣ ਲਗਾ ਰਹੇ ਹਨ। ਇਸ ਸ਼ਤਾਬਦੀ ਨੂੰ ਰਸਮੀਂ ਤੌਰ 'ਤੇ ਮਨਾਉਣ ਤੋਂ ਪਾਰ ਜਾਕੇ ਅੱਜ ਦੀਆਂ ਚੁਣੌਤੀਆਂ ਨਾਲ ਮੱਥਾ ਲਾਉਣ ਦੇ ਕਾਬਲ ਹੋਣਾ ਹੀ ਇਸ ਸਾਕੇ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# Budget 2019: A small step on the long road to national pharmacare



Danyaal Raza




For many observers, incremental change has come to define the federal government's approach to policy change. With the release of this week's federal budget, it is clear that national drug coverage is no exception to this rule.

One year ago, as part of Budget 2018, Bill Morneau heralded the creation of an Advisory Council on the Implementation of National Pharmacare. Led by former Ontario Minister of Health, Eric Hoskins, the Council was tasked to advise the Minister of Health and the Minister of Finance on just how to implement national pharmacare. Earlier this month, an interim report was released by the council, laying out some preliminary steps towards such an implementation. Budget 2019 has largely backed those early recommendations with funding.

In the interim report, the Council called for the creation of a national drug agency; the development of a comprehensive, evidence-based national formulary; and an investment in drug data and information technology systems. These three recommendations were offered as the foundational elements of a national pharmacare plan. Budget 2019 includes a $35 million investment in the creation of the Canadian Drug Agency, which will be tasked to a create an evidence-based list or formulary of prescribed drugs, as well as negotiate prescription drug prices on behalf of the public. Given the scope of the budget, the investment is relatively modest, likely because much of the infrastructure to do this currently exists. For example, the heavy lifting on evidence-based evaluations of new drugs is largely done by the Canadian Agency for Drugs and Technologies in Health (CADTH). CADTH is an independent not-for-profit organization jointly funded by federal and provincial governments. As a part of their mandate, CADTH evaluates clinical, economic, and patient-oriented evidence on drugs. These evaluations are used by public drug plans across the country to determine what drugs are worth paying for, and which aren't. Notably, there is little pick-up of these recommendations by drug plans administered through private insurance companies.

On the issue of pooled negotiations with pharma, the Canadian Drug Agency will likely build on the foundation established by the Pan-Canadian Pharmaceutical Alliance (PCPA). Founded in 2010, the PCPA already conducts joint provincial/territorial/federal negotiations for brand name and generic drugs on behalf of publicly funded drug programs. Created in-part to help level the playing field with pharma, the PCPA began joint negotiations for a limited list of 6 medications. Today, that list is 60. With the hundreds of drugs currently being paid for by public drug plans, this is still certainly modest. We don't yet know when the Canadian Drug Agency will be created, or what it will look like, but it may be able to catalyze the work of CADTH and the PCPA as it aligns evidence-based decision making with drug purchasing decisions and negotiations.

It is important to note that though this announcement is promising, it does not increase access to prescription drugs for people in Canada. At best, it can be seen as the beginning of a much broader wave of health care reforms. The big question of whether Canada's approach to national pharmacare will be a single-payer or multi-payer system remains unanswered. We won't hear more from the federal government's Advisory Council on this question until it presents its final report in June of 2019.

What we do know from both peer-reviewed medical literature and the Parliamentary Budget Office (PBO), is the superiority of a universal public plan over a "fill the gaps" approach. According to the PBO, universal public pharmacare would improve access to live-saving prescription drugs, while also reducing spending by 4 billion dollars. Other research has found that adopting the best practices from around the world would result in savings of 4 billion to 7 billion dollars. In contrast, in 1997, Quebec adopted a mixed public-private 'fill-the-gaps' approach to drug coverage. Now, Quebecers have amongst the highest per-capita drug spending in the country.

While we wait for the big question of a single vs multi-payer program to be answered, we can expect plenty of backlash from insurance companies and the pharma industry. They will continue to fight back against any measures that reduce their market share, their prices, or their profits.

Health care reformers will need to hold the government's feet to the fire. In this journey of incremental reform, they have backed off on price reforms before. Budget 2019's commitment to fair and affordable drug access for all, regardless of region or income, should not suffer the same fate.

# ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਪ੍ਰੋਗਰਾਮ

ਈਸਟ ਇੰਡੀਅਨ ਡੀਫੈਂਸ ਕਮੇਟੀ ਸੱਦਾ ਦਿੰਦੀ ਹੈ ਕਿ

ਸਾਲ 2019 ਜਲ੍ਹਿਆਂਵਾਲੇ ਬਾਗ ਦਾ ਸ਼ਤਾਬਦੀ ਵਰ੍ਹਾ ਹੈ। 13 ਅਪਰੈਲ, 1919 ਨੂੰ ਬਰਤਾਨਵੀ ਬਸਤੀਵਾਦ ਸਰਕਾਰ ਸਮੇਂ ਮਾਈਕਲ ਓਡਵਾਇਰ ਦੇ ਹੁਕਮਾਂ ਅਨੁਸਾਰ ਜਨਰਲ ਡਾਇਰ ਦੁਆਰਾ ਨਿਹੱਥੇ, ਨਿਰਦੋਸ਼ ਲੋਕ ਜੋ ਸ਼ਾਂਤਮਈ ਢੰਗ ਨਾਲ ਵਿਸਾਖੀ ਮਨ ਾਉਣ ਅਤੇ ਰੋਲਟ ਐਕਟ ਦਾ ਵਿਰੋਧ ਕਰਨ ਲਈ ਇਕੱਠੇ ਹੋਏ ਸਨ, ਉਨ੍ਹਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਸੀ, ਜਿਸ ਵਿੱਚ 1500 ਤੋਂ ਉੱਤੇ ਲੋਕ ਮਾਰੇ ਗਏ ਸਨ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਹੀ ਜਖ਼ਮੀ ਹੋਏ ਸਨ। ਇਸ ਤੋਂ ਪਹਿਲਾਂ ਅਮਰੀਕਾ–ਕੈਨੇਡਾ ਵਿੱਚੋਂ ਉੱਠੀ ਕ੍ਰਾਂਤੀਕਾਰੀ ਹਥਿਆਰਬੰਦ ਗ਼ਦਰ ਲਹਿਰ ਦੇ ਦੇਸ਼ ਭਗਤਾਂ ਨੂੰ ਫਾਂਸੀਆਂ ਚਾੜ੍ਹ ਕੇ ਜਾਂ ਕਾਲੇ ਪਾਣੀਆਂ ਦੀਆਂ ਜੇਲ੍ਹਾਂ ਵਿੱਚ ਸਿੱਟ ਕੇ ਸ਼ਾਂਤ ਕੀਤਾ ਜਾ ਰਿਹਾ ਸੀ, ਉਦੋਂ ਹੀ ਇਹ ਵਹਿਸ਼ੀ, ਜ਼ੁਲਮੀ, ਅਸਭਿਅਕ ਤੇ ਭਿਆਨਕ ਕਾਰਨਾਮਾ ਕੀਤਾ ਗਿਆ ਸੀ ਜੋ ਲੋਕਾਂ ਨੂੰ ਡਰਾਉਣ, ਦਬਾਉਣ, ਧਮਕਾਉਣ ਤੇ ਜਾਗਰੂਕ ਲੋਕਾਂ ਨੂੰ ਆਪਣੇ ਹੱਕਾਂ ਦੀ ਅਵਾਜ਼ ਬੰਦ ਕਰਨ ਲਈ ਕੁੱਝ ਘੰਟੇ ਪਹਿਲਾਂ ਦਫਾ 144 ਲਾ ਕੇ, ਜਿਸਦਾ ਬਹੁਤੇ ਲੋਕਾਂ ਨੂੰ ਪਤਾ ਵੀ ਨਹੀਂ ਸੀ ਜਾਣ ਬੁੱਝ ਕੇ ਸ਼ਾਜਿਸ਼ ਤਹਿਤ ਲਗਾਤਾਰ ਗੋਲੀਆਂ ਦੀ ਬੁਛਾੜ ਕਰਕੇ ਕੀਤਾ ਗਿਆ ਜਿਸ ਵਿੱਚ ਨਿਹੱਥੇ ਆਦਮੀ, ਔਰਤਾਂ ਤੇ ਬੱਚੇ ਜਾਨਾਂ ਦੇ ਕੇ ਇਸਦੀ ਭੇਂਟ ਚੜ੍ਹ ਗਏ, ਇਹ ਬ੍ਰਿਟਿਸ਼ ਗੌਰਮਿੰਟ ਦੇ ਇਤਿਹਾਸ ਦਾ ਇੱਕ ਭਿਆਨਕ ਕਾਲਾ ਪੰਨਾ ਹੈ। ਇਹ ਕਤਲੇਆਮ ਕਰਕੇ ਵੀ ਬਰਤਾਨਵੀ ਬਸਤੀਵਾਦੀ ਸਰਕਾਰ ਲੋਕਾਂ ਦੀ ਪੂਰਨ ਅਜ਼ਾਦੀ ਦੀ ਮੰਗ ਨੂੰ ਠੱਲ੍ਹ ਨਹੀਂ ਸੀ ਪਾ ਸਕੀ ਸਗੋਂ ਇਸ ਰੋਹ ਵਿੱਚੋਂ ਹੀ ਨੌਜਵਾਨ ਭਾਰਤ ਸਭਾ, ਬੱਬਰ ਲਹਿਰ, ਕਿਰਤੀ ਲਹਿਰ ਅਤੇ ਅਕਾਲੀ ਲਹਿਰ ਦੇ ਰੂਪ ਵਿੱਚ ਅਨੇਕਾਂ ਦੇਸ਼ ਭਗਤਾਂ ਨੇ ਆਪਣੀਆਂ ਜ਼ਿੰਦਗੀਆਂ ਅਰਪਤ ਕਰ ਦਿੱਤੀਆਂ ਅਤੇ ਅਜ਼ਾਦੀ ਦੀ ਲੜਾਈ ਜਾਰੀ ਰੱਖੀ, ਜਿਸਦੇ ਸਿੱਟੇ ਵਜੋਂ 1940 ਵਿੱਚ 21 ਸਾਲਾਂ ਬਾਅਦ ਸ਼ਹੀਦ ਊਧਮ ਸਿੰਘ ਨੇ ਇਸ ਸਾਕੇ ਦਾ ਬਦਲਾ ਲੰਡਨ ਵਿੱਚ ਮਿਸਟਰ ਓਡਵਾਇਰ ਨੂੰ ਗੋਲੀ ਮਾਰ ਕੇ ਲਿਆ ਸੀ। 1947 ਵਿੱਚ ਆਈ ਦੇਸ਼ ਦੀ ਅਜ਼ਾਦੀ ਆਰਥਕ, ਸਮਾਜਿਕ ਤੇ ਰਾਜਨੀਤਕ ਤਬਦੀਲੀ ਨਹੀਂ ਸਗੋਂ ਸਿਰਫ਼ ਸਤ੍ਹਾ ਦੀ ਤਬਦੀਲੀ ਸੀ ਜਿਸ ਵਿੱਚ ਅੰਗਰੇਜ਼ ਆਪਣੇ ਹੱਥਠੋਕਿਆਂ ਨੂੰ ਦੇਸ਼ ਦੀ ਵਾਗਡੋਰ ਸੰਭਾਲ ਗਏ ਸਨ ਪਰ ਲੁੱਟ ਖਸੁੱਟ ਉਵੇਂ ਦੀ ਉਵੇਂ ਰਹੀ।

ਅੱਜ ਵੀ ਲੋਕ ਆਪਣੇ ਹੱਕਾਂ ਦੀ ਅਜ਼ਾਦੀ ਦੀ ਲੜਾਈ ਇਸ ਕੋਝੇ ਸਿਸਟਮ ਦੇ ਖਿਲਾਫ਼ ਲੜ ਰਹੇ ਹਨ। ਆਓ 100 ਸਾਲ ਪਹਿਲਾਂ ਵਾਪਰੀ ਇਸ ਘਟਨਾ ਦੇ ਸੰਦਰਭ ਵਿੱਚ ਦੇਖੀਏ ਕਿ ਭਾਰਤ ਵਾਸੀਆਂ ਨੂੰ ਅੱਜ ਵੀ ਜਿਸ ਜਬਰ ਜ਼ੁਲਮ ਤੇ ਅਸ਼ਾਂਤੀ ਦੇ ਮਾਹੌਲ ਵਿੱਚ ਜੀਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ, ਉਸਦੇ ਖਾਤਮੇ ਦਾ ਇੱਕੋ ਇੱਕ ਰਾਹ ਨਵਜਮਹੂਰੀ ਇਨਕਲਾਬ ਹੈ, ਇਸ ਸਬੰਧੀ ਗੰਭੀਰ ਵਿਚਾਰਾਂ ਕਰਨ ਦੀ ਲੋੜ ਹੈ ਤਾਂ ਕਿ ਅਸੀਂ ਆਪਣੇ ਸ਼ਹੀਦਾਂ ਨੂੰ ਸ਼ਰਧਾਂਜ਼ਲੀਆਂ ਦੇਣ ਦੇ ਨਾਲ ਨਾਲ ਉਨ੍ਹਾਂ ਦੀ ਸੋਚ ਦੀ ਪੁਖਤਗੀ ਨੂੰ ਮੁੱਢ ਤੋਂ ਵਿਚਾਰੀਏ। ਇਸ ਪ੍ਰੋਗਰਾਮ ਵਿੱਚ ਜਿੱਥੇ ਵਿਦਵਾਨ ਇਤਿਹਾਸ ਦੇ ਪੰਨਿਆਂ ਨੂੰ ਫਰੋਲਣਗੇ ਉੱਥੇ ਅੱਜ ਦੇ ਹਲਾਤਾਂ ਦੇ ਮੱਦੇ ਨਜ਼ਰ ਨਜ਼ਰੀਏ ਵੀ ਸਾਂਝੇ ਕੀਤੇ ਜਾਣਗੇ।

**ਪ੍ਰੋਗਰਾਮ ਦਾ ਵੇਰਵਾ**

**ਦਿਨ ਐਤਵਾਰ - 21 ਅਪਰੈਲ, 2019 ਸਮਾਂ - 12:30**

**ਸਥਾਨ - ਗਰੈਂਡ ਤਾਜ ਬੈਂਕੁਇਟ ਹਾਲ ਸਰ੍ਹੀ (8388-128 ਸਟਰੀਟ)**

**ਪੇਸ਼ਕਾਰੀਆਂ - ਵਿਦਵਾਨਾਂ ਵਲੋਂ ਭਾਸ਼ਨ, ਗੀਤ-ਸੰਗੀਤ, ਕਵਿਤਾਵਾਂ ਅਤੇ ਔਰਤਾਂ ਦਾ ਪ੍ਰੋਗਰੈਸਿਵ ਗਿੱਧਾ ਵੀ ਪੇਸ਼ ਕੀਤਾ ਜਾਵੇਗਾ।**

**ਚਾਹ ਪਾਣੀ ਦਾ ਵੀ ਪ੍ਰਬੰਧ ਹੋਵੇਗਾ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ।**

**ਇਕਬਾਲ ਪੁਰੇਵਾਲ ਪ੍ਰਧਾਨ-604 720 1652 ਹਰਭਜਨ ਚੀਮਾ ਸੈਕਟਰੀ-604 377 2415**

**ਈਸਟ ਇੰਡੀਅਨ ਡੀਫੈਂਸ ਕਮੇਟੀ #489, 7360-130 ਸਟਰੀਟ, ਸਰ੍ਹੀ ਬੀ. ਸੀ. V3W 1S3**

# Book regarding Udham Singh with new facts released

**"UDHAM SINGH Hero in the cause of Indian Freedom"**






regarding the life storey of Udham Singh and Jallianwala Bagh incident released today. Rakesh Kumar is the resident of Sunam Udham Singh Wala and writer of ten books.

Udham Singh a National Hero born on 26 December 1899 at Sunam (District Sangrur). In Caxton Hall London on 13 March 1940 He fired six shots. He killed Michael O'Dwyer and wounded three English officers .All were against the Indian Freedom. Udham Singh was hanged in London on 31 July 1940 at the age of 40 years.

In Court during proceeding in front of Judge he says (shouting) "I do not care about sentence of death. It means nothing at all. I do not care about dying or any thing. We are suffering from the British Empire. I am not afraid to die. I am proud to die. I want to help my native land freedom and I hope when I have gone that in my place will come others of my countrymen to drive the dirty dogs. I am standing before an English jury in an English Court. You people go to India and when You come back you are given prizes and put into the House of Commons, but when we come to England we are put to death…Machine guns on the streets of India there is only slavery killing, mutilating and destroying. We know what is going on in India, people do not read about it in the papers. Hundreds of thousands of people being killed by dirty dogs. When judge made the proclamation of the sentence of death on Udham Singh. He shouted three words Inqulab, Inqulab, Inqulab and down with British Imperialism.

Rakesh told that he collected latest four files (more then 800 pages) regarding Udham Singh ,released by British Government few days back. As you know that British Government placed ban on Udham Singh's all documents for hundred years by judge during trial .He say for this book also collected number of books of Foreign and Indian writer regarding Jallianwala Bagh and Udham Singh. Few of them collected from USA and England as there are not available in India. Todays Jallianwala Bagh Satabdi (1919-2019) is celebrated, so this book has more significance on this occasion. Rakesh Kumar already wrote two books regarding Udham Singh ,Two books regarding Ghadr movement, two regarding Bhagat Singh and his friends secret Hq at Ferozepur. Three technical books regarding Railway Land Management.

Rakesh got highest awards in Indian Railways. He also got Baba Farid Honesty award Faridkot as most honest person.

On this release occasion my prominent personalities are present. Joginder Singh Ugraha, Jarnail Singh,Rajinder Goyal, Bharpur Singh,Dr Ajay,Kuldeep Bassi,Bhupinder Singh,Kuldeep Sekha,Dinesh Kumar,Shiv Jindal.

**Rakesh Kumar**
**Mob 9530503412,**
**rppalak46@gmail.com**

# Aim high, spend low: Federal budget 2019



David Macdonald

The Liberal government has given us an election budget, but it's hedged. Despite a "surprise" boost in government revenue, there aren't many big ticket items compared to previous Liberal budgets. But there are big promises of big future programs—ideas to be fleshed out only after the next election. The risk here is that if the Liberals are not spending the money now and lose the election, a new government might use the increased fiscal breathing room for other priorities. Just ask the 2015 Martin government, whose pre-budget child care program was cancelled and rolled into the unhelpful Universal Child Care Benefit by the incoming Conservatives.

On the macro front, Budget 2019 announces another surprise revenue boost (since the fall economic update) of $6 billion this fiscal year (ending in 12 days) and $5 billion for each of next two years. Combine that with the $3 billion "risk adjustment" that is just subtracted from revenues and you've got some serious money available without changing the deficit figures at all. There was so much extra money that the gas tax transfer to cities got a $2.2 billion kick in the pants with the cheque going out the door before March 31, a short-term boon for city infrastructure. But with a deficit of only 1% of GDP (roughly $20 billion a year), the debt-to-GDP ratio is actually falling: the government could have spent roughly $10 billion more this year (ahem, the cost of a universal pharmacare program) and kept that ratio constant.

Housing affordability is a big issue for many young Canadians who have been on the losing end of 10%-per-year house price increases. The challenge is to balance their interests with those of existing homeowners who are enjoying (and relying on) the appreciating value of their homes. For the past decade, that was achieved by letting new home buyers rack up historically high mortgage debt. That particular approach has largely run its course, so the government is introducing two new types of debt millennials can access to buy a house: their RRSP savings, and a new no-interest loan/equity stake (home mortgage) offered by the Canada Mortgage and Housing Corporation (CMCH).

In the short term, these programs will make it easier for people to afford homes, although at the cost of owing CMHC and having to pay back into personal RRSPs. The trouble is that access to these new types of debt, even if they are interest free, will likely further drive up house prices until, say, next year around this time. The affordability benefit is wiped out and we're back to where we started.

There is no shortcut to housing affordability. But the government should be meeting millennials where they are, which is the rental market. There is plenty of money in previous budgets for affordable housing focused on low income households. These are laudable and important efforts, however, they won't necessarily have a big impact on middle class renters. That group needs purpose-built rental apartment buildings, in other words—not condos—to reduce high rental costs while they wait out housing prices. Measures on that front were much less a focus in this budget.

Workplace training is another important issue addressed in Budget 2019. Employers often bemoan the "skills mismatch" that they say results in their not being able to find the employees they need. This is supposed to be the workers' fault, even though recent generations of Canadians are the most educated in the industrialized world (and have the student debt to show for it). Despite historically low unemployment, these workers have also not seen raises anywhere near where they should be. A new Canada Training Credit in the 2019 budget will provide workers with $250 a year from the feds (which workers have to match) to get the training employers want. (Incidentally, average university tuition went up $220 last year.) This is combined with a four additional weeks of EI leave so workers can get training at EI expense and get off the company payroll.

While employers are vocal about the skills mismatch, they are completely missing in action when it comes to funding on-the-job training. These initiatives let them off the hook. Canadian employers spend far less on training than employers elsewhere. Forcing workers with high student debt to spend even more on training is just not fair. The government could have nationalized the Quebec approach of requiring employers who don't spend enough on training to pay into a training fund.

The Liberal government has been hyping pharmacare since



the fall. The Hoskins commission that was struck to investigate the issue released its interim report just a few weeks ago. It made three recommendations, two of which are in this budget: the creation of a national drug agency, and the creation of a national formulary. The budget also included a co-ordinating body for catastrophic drug coverage, something most provinces offer.

It's hard to tell what this will mean in practice, since the Hoskins commission's full report isn't expected until June and the government will not commit to a detailed plan until then. This budget therefore does not take a position on the big issue of whether pharmacare will mean a fill-the-gaps approach within existing coverage or a public, first payer system that targets drug costs. The budget highlights a possible $3 billion in savings through lower drug costs (a federal first payer system would save roughly $6 billion), which recognizes how we pay some of the highest per capita drug costs in the world. The CCPA will comment on the Hoskins recommendations when we see them.

There were some changes to seniors programs. CPP for seniors over 70 will now be auto-enrolled. The government knows your age and whether you're eligible for CPP; there's no excuse for not paying it out simply because a person failed to fill out some paperwork. Auto-enrollment is an obvious and important measure to make sure seniors receive the benefits they deserve. Call centres for old age benefits will also be beefed up to acknowledge that seniors are less likely to have a computer and go online.

Finally, there is a change in how much employment earnings one can make before Guaranteed Income Supplement money is clawed back. What's interesting about this measure is that it doesn't include CPP income, which is how the 2019 Alternative Federal Budget would structure it. If you're getting GIS as a senior, you're by definition in poverty, so this measure supports working poor seniors. The reason why we targeted the CPP exemption was it would give a break to low income seniors who can't work, not just those who can.

There are some interesting turns on the tax front in Budget 2019. For one, the much loathed (by progressives anyway) stock option deduction has been capped. This was suggested in the fall of 2017, but then apparently abandoned. Under the plan announced today, you can still get $200,000 worth of stock options run through the deduction, which seems an absurdly high cap for rich executives, but as one of the most unequal tax expenditures its closure is a step in the right direction. The trouble is, in the absence of other tax changes CEOs and other top executives will just shift how they are paid (to stock awards, for example), which is the danger of a one-off approach to tax expenditures instead of a comprehensive review.

CRIMES OF BRITISH EMPIRE

## The Jallianwala Bagh Massacre

### April 1919 – April 2019

The year 2019 marks the hundredth anniversary of Jallianwala Bagh massacre. On April 13, 1919 General Dyer, the Butcher of Amritsar, ordered the firing on unarmed and peaceful gathering of Indians assembled in the Bagh to celebrate the festival of Baisakhi and protest the repressive Rowlatt Act. Over 1500 men, women and children were slaughtered and hundreds were injured. Jallianwala Bagh massacre is one of the most brutal act of barbarism perpetrated by the British colonialist empire on the people of India. This violent and horrific incident was orchestrated by General Dyer and ordered by Michael O'Dwyer, Governor of Punjab.

This "deliberate, determined and cold blooded murder" of innocents sent shock waves around the world. The people of India were enraged with resentment and indignation. The whole nation became united against the British rulers and in support of freedom struggle. This incident also resulted in strengthening the revolutionary spirit of the Indian people. Ghadar Party had initiated this spirit by giving the call for complete and full independence. It also declared that freedom can be achieved only by the force of arms. This incident also gave rise to new revolutionaries like Bhagat Singh and Udham Singh and BabbarAkali movement in the early 1920s. Bhagat Singh brought the blood soaked soil from the Bagh at the age of twelve and vowed to avenge the martyrdom of thousands whereas Udham Singh took revenge by shooting Michael O'Dwyer in London in 1940. It also repudiated the policy of nonviolence advocated by Mahatma Gandhi. The "freedom" attained in 1947 was atransfer of power when the British colonialists handed the reins to its trusted class. There was no change in the political, economic and social structure which was set up by the British to loot and plunder India. Not only the draconian laws enacted by the British to oppress and torture the patriotic people remained intact but were strengthened. The communal oppressive injustice is the approved policy of the class which came to power in 1947 to the present. This is the reason that abhorred events such as in 1984 and 2002 take place. People are ceaselessly provoked in the name of religion, caste and nationality.

People of India want change and freedom from such a system. People will enjoy genuine freedom only by getting rid of the present system. The change can be brought only by the new democratic revolution. All the progressive and democratic forces need to be united in the struggle to achieve it. This would be a real tribute to the martyrs of Jallianwala Bagh massacre.

**East Indian Defence Committee is commemorating the 100th. anniversary of Jallianwala Bagh tragedy on**

**April 21, 2019 at Grand Taj Palace (8388-128th, Street, Surrey) at 1pm.**

**We call upon all progressive and democratic people to attend and participate.**

# Brief historic detail of Brampton Hospital

**Harinder Hundal**

1. Peel memorial hospital was built in 1925. It had 367 beds.
2. It was closed in 2007 and later it was demolished. It superseded to Peel memorial centre for integrated health and wellness in 2017.
3. In 2002-03 the government decided to open another hospital in Brampton. The 1st announcement was that they would open a public funded hospital but later a P3 public private partnership model was adopted.
4. It was the 1st P3 hospital in Canada. It was designed, built, financed and maintained by a group of multinational consortiums - a group of profit seeking companies and financiers.
5. 608 beds were promised plus another 112 beds at peel memorial site into 2006 so in total there were 720 beds in our community but in reality, only 479 were built by 2007. Peel memorial was closed which caused a loss of 479 beds (367+112).
6. It was promised that hospitals will cost $325-$350 million but instead it costed $650 million and with the equipment, it was $887 million. Local funding was required of $100 million over 25 years but it raised to $230-$260 million.
7. Auditor general revealed cost overruns, the auditor made a report in 2008. Its cost increased from projected $357 to $614 million. Government paid higher rate of internet, higher consultation fee. It would have saved $200 million if it was built public.
8. Most of patient support services, patient records, transportation patients, disinfection, security, etc. are being taken over by profit seeking consortiums to run for 25 years.
9. Most of the hospitals control is in private hands. They run according to their mandate to extract maximum profits.
10. Brampton hospital's emergency dept is one of the busiest in Canada.
11. Brampton civic hospital emergency dept was built to handle 90 000 patients annually but it had 138,000 in 2016-17 which was the highest in the region.
12. Between 2016-17, 4350 patients receive care in hallway stayed 40 to 70 hours on stretchers in corridors.
13. Hospital are to run at 80% of the capacity but most of Ontario hospitals including Brampton civic hospital are over 100%.
14. Brampton civic hospital had now 608 beds and the population is above 600 000 so it has 1 bed for every 1000 people, that is the lowest in Canada, Ontario average is 2.3 beds per 1000 people. Natalie Mehra of Ontario Health Coalition while speaking in a meeting in Brampton organised by GTA West club of Communist Party on Health care crisis. She said Brampton Civic Hospital due to serious funding and staffing cuts, is not able to run all 608 beds. Many departments all closed and beds in use are less than 500.
15. 33 admitted patients waited for beds daily in 2017, an increase of 88%.
16. On November 2017, the Liberal government announced that it will add 37 new beds to Brampton civic hospital. It happened after the uproar over Brampton hospital overcrowding issue, it was a national news at that time.
17. Dr. Eric Hoskins, health minister, Vic Dhillon, HarinderMalhi, Linda Jaffrey appeared at the peel memorial centre for announcement.
18. Two announcements were made by the health minister:
19. 37 more beds. 2) Phase 2 of peel memorial.
20. Health minister admitted that Brampton is the fastest growing city in Canada. We need to provide proper care to the residents.
21. Hoskin said Phase 2 of Peel memorial hospital will add 110 more beds.
22. Instead of phase 2 peel memorial full fledge hospital - peel memorial centre for integrated health and wellness centre was opened.
23. The hours are 8 am to 10pm. Provides day surgeries, urgent care, rehabilitation, mental health, clinic for mothers and newborn babies etc.
24. Urgent care centre had 195 visits per day in 2017-2018 compare to an expected of 120 patients per day.
25. Total 62 000 patients visited peel memorial in 2017, it means around 20,000 more than expected visited.
26. If we look at Ontario's of 2.3 beds per 1000 for a population, Brampton with population close to 600,000 should have 1380 beds. Other provinces average is 3.5 beds per 1000, In that case we should have 2100 beds.
27. Brampton immediately needs another full fledge hospital to serve its people.

# Rachhpal Kaur Gill - UNIVERSITY (Process by which it was originally voted that Brampton Should get university:

Under the previous Government (Liberal Party) On December 20, 2013, the Ontario Ministry of Advanced Education and Skills Development (MAESD) released its Major Capacity Expansion PolicyFramework. This policy document outlined the Province's commitment toprovide additional funding for upwards of 60,000 new post-secondary education spaces across the province. Submissions for funding under this framework were due in September 2014. Based on the submissions received, a partnership submission between York University and the City of Markham selected, green lighting the construction of a new campus in Markham Centre.

The City of Brampton missed that Opportunity.

Again In May 2015 the Province announced they were planning a second competitive call for proposals for a new university campus, with a focus on the Regions of Peel and Halton.

Mayor Jeffrey established the Blue Ribbon Panel in July 2015 to provide recommendations with respect to Brampton's post-secondary options, and to provide a realistic and achievable work plan for a university campus in Brampton. Among the Panel's achievements was the development of an Economic Impact Statement for a university, extensive outreach to universities and the Province, and liaison with key stakeholders in Brampton and surrounding areas.

The Panel Chair was former Ontario Premier William G. Davis, and the Vice Chair was Jaipaul Massey-Singh, Chairman of the Board for the Brampton Board of Trade. The Panel included representatives from City and Regional Council, and influential educational, business and community leaders.

In September 2015, urban Metrics Inc. was retained by the City of Brampton to help and support the Blue?Ribbon Panel's understanding of local and regional economic benefits associated with a new (hypothetical) university campus.

The purpose of this study was to identify the range of financial and nonfinancial benefits that would accrue to the City of Brampton should a new university campus be awarded to the City. The findings of our 2015 study,

concluded that there would be a compelling business case for expanding postsecondary educational offerings in Brampton.

On October 26, 2016, the Province of Ontario announced funding for a university in Brampton ($ 90 millions) On January 18, 2017, the Province released its Call for Expressions of Interest for a university to submit a proposal to establish a university in Brampton, with an initial submission deadline of March 6. At the last Blue Ribbon Panel meeting on February 15, 2017 all members present unanimously agreed their mandate had been fulfilled. The Panel members were congratulated for their hard work and contributions to the City.

On March 14, 2017, the Province revealed that Ryerson University, in partnership with Sheridan College, submitted an application to establish a new facility in Brampton. The Province will work with Ryerson and its partners over the coming months to refine its proposal.

On September 13, 2017, Brampton City Council endorsed, in principle, investing up to $50M over 10 years into a post-secondary facility, and up to $100M into joint-use community space to support a university, business innovation and collaboration, community interaction, and cultural growth.

CEIC (Centre of education, innovation and collaboration)

The City of Brampton began to move ahead in partnering with an Ontario university to create a new Centre of education, innovation and collaboration in Brampton.The Centre for education, innovation and collaboration is not specifically a university facility - it's a community facility.

As for the CEIC, the report says it could be up to 200,000 square feet, including a 30,000 sq. ft. incubator. According to the report, it'll be a landmark, multi-level building with underground parking that's open to the public. Ideally, it'll generate 2.3 million unique visits a year, according to an estimate.

In terms of costs, it'll come with a one-time expenditure of $114.5 million, with ongoing expenditures of $22.3 million a year. That said, those who visit and use the centre are expected to spend about $18.3 million per year.

Urban Metrics Inc. (Market, Economic, strategic Advisor) released 95 pages report evaluating the economic benefits of establishing a Centre for Education, Innovation and Collaboration (CEIC) in conjunction with a new university campus in Downtown Brampton to the city of Brampton on November 8, 2017.

The University, and accompanying CEIC, will play an integral role in the exponential impact on the future of Brampton expected from the six gamechangers identified as part of Brampton Strategic Plan 2016-2018.

Within Strategic Plan, city of Brampton identified six areas of focus (Regional Connections, Urban Centres, Health Partnership, University, Sidewalks and Planning Vision,)in 2017. Therefore university was a one of the top priority for the city of Brampton. With lots of time, money and effort city of Brampton along with the people of Brampton proposes for the University and our elected premier disposes with the excuse of 15 billion deficits.

Conclusion:The previously funded satellite campus (for only 2000 students and will open 2022) was the bare minimum the province could do to provide help and opportunities to young people in Brampton. Cancelling the bare minimum investment into post secondary education is very disappointing," Patrick Brown told Global News in a written statement "I believe Brampton deserves a full university, not just a small satellite campus. This is a step backwards towards what the city of Brampton deserves. "Despite the Province of Ontario's announcement to cancel the funding, the City of Brampton remains committed to solutions.

At the end, we, people of Brampton need academic success for our youth and will be working tirelessly to achieve our goal. Our goal is full-fledged University for the city of Brampton. If Ryerson and the City of Brampton remain committed to the project and we will be working together to build a case for Provincial and Federal funding.

ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in



# ਅਜੋਕਾ ਭਾਰਤ ਕਿੱਧਰ ਨੂੰ?



ਅੱਜ ਬਹੁਗਿਣਤੀ ਦੇਸ਼ ਵਾਸੀ ਅਤੇ ਵਿਦੇਸ਼ਾਂ ਵਿੱਚ ਬੈਠੇ ਐੱਨ.ਆਰ.ਆਈਜ਼ ਬੜੇ ਚਿੰਤਾਤੁਰ ਹਨ। ਉਹਨਾਂ ਨੂੰ ਯਕੀਨ ਹੈ ਕਿ ਦੇਸ਼ ਉੱਨਤੀ ਨਹੀਂ ਕਰ ਰਿਹਾ; ਸਗੋਂ ਚਾਰੇ ਪਾਸਿਉਂ ਪਛੜ ਰਿਹਾ ਹੈ। ਦੇਸ਼ ਦੀ ਵਾਗਡੋਰ ਸਮਰੱਥ ਹੱਥਾਂ ਵਿੱਚ ਨਹੀਂ ਹੈ। ਇਹ ਵਾਗਡੋਰ ਕਹਿਣ ਨੂੰ ਬੀ.ਜੇ.ਪੀ ਦੇ ਹੱਥਾਂ ਵਿੱਚ ਹੈ। ਪਰ ਇਸਦੇ ਪਿਛੋਕੜ ਵਿੱਚ ਅੱਤ ਕੱਟੜਵਾਦੀ, ਹਿੰਦੂ ਸ਼ਾਵਣਵਾਦੀ ਸੰਗਠਨ ਆਰ.ਐੱਸ.ਐੱਸ ਨੇ ਭਾਜਪਾ ਸਰਕਾਰ ਦੀਆਂ ਨਕੇਲ ਪਾਈਆਂ ਰੱਸੀਆਂ ਨਾਗਪੁਰ ਆਪਣੀਆਂ ਕੀਲੀਆਂ ਨਾਲ ਬੰਨ੍ਹੀਆਂ ਹੋਈਆਂ ਹਨ। ਇਸੇ ਕਰਕੇ ਇਸ ਸਰਕਾਰ ਦੀਆਂ ਰਾਜਨੀਤਕ, ਆਰਥਿਕ, ਸਭਿਆਚਾਰਕ ਅਤੇ ਵਿਦੇਸ਼-ਨੀਤਿਕ ਗਤੀਵਿਧੀਆਂ ਵਿੱਚ ਆਰ.ਐਸ.ਐਸ ਦੀ ਮੋਹਰਛਾਪ ਦੇਖੀ ਜਾ ਸਕਦੀ ਹੈ। ਬੀ.ਜੇ.ਪੀ ਨੇ ਇਹ ਵਾਗਡੋਰ ਕਾਂਗਰਸ ਪਾਰਟੀ ਦੇ ਹੱਥਾਂ ਵਿੱਚੋਂ ਖੋਹੀ ਹੈ। ਦੇਸ਼ ਦੀ ਰਾਜਨੀਤਕ ਸਥਿਤੀ ਬੜੀ ਭਿਆਨਕ ਹੈ। ਜੁਮਲੇਬਾਜ਼ੀ, ਕੁਰੱਪਸ਼ਨ, ਝੂਠ, ਫਰੇਬ ਦਾ ਬਜ਼ਾਰ ਗਰਮ ਹੈ। ਦੇਸ਼ ਦੀ 20 ਕਰੋੜ ਤੋਂ ਜ਼ਿਆਦਾ ਮੁਸਲਿਮ ਵਸੋਂ ਨੂੰ ਅੰਤਾਂ ਦੀ ਨਫਰਤ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਹਨਾਂ ਨੂੰ ਦੇਸ਼ਧ੍ਰੋਹੀ ਆਖਿਆ ਜਾ ਰਿਹਾ ਹੈ। ਉਹਨਾਂ ਨੂੰ ਨੀਵੇਂ ਦਰਜ਼ੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਦੇਸ਼ ਦੀਆਂ ਰਾਜਨੀਤਕ ਸੰਸਥਾਵਾਂ ਨੂੰ ਇਕ ਇਕ ਕਰਕੇ ਤੋੜਿਆ ਮਰੋੜਿਆ ਅਤੇ ਭੰਨਿਆ ਜਾ ਰਿਹਾ ਹੈ। ਪਿੰਡਾਂ ਦੇ ਪੰਚਾਇਤੀ ਸਿਸਟਮ ਅਤੇ ਸ਼ਹਿਰਾਂ ਦੀਆਂ ਮਿਉਂਸਪਲ ਕਮੇਟੀਆਂ, ਕਾਰਪੋਰੇਸ਼ਨਾਂ, ਰਾਜ ਦੀਆਂ ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਤੱਕ ਦੇ ਅਕਸ਼ ਨੂੰ ਗੰਧਲਾ ਕੀਤਾ ਜਾ ਰਿਹਾ ਹੈ। ਲੋਕਾਂ ਦੇ ਮਨੋਂ ਦੇਸ਼ ਦੇ ਸਮੁੱਚੇ ਰਾਜਨੀਤਕ ਢਾਂਚੇ ਵਿੱਚੋਂ ਵਿਸ਼ਵਾਸ਼ ਬੜੀ ਤੇਜ਼ੀ ਨਾਲ ਖਤਮ ਹੋ ਰਿਹਾ ਹੈ।

ਆਰਥਿਕ ਦ੍ਰਿਸ਼ ਵੀ ਬੜਾ ਭਿਆਨਕ ਹੋ ਰਿਹਾ ਹੈ। ਅਮੀਰ, ਗਰੀਬ ਦਾ ਪਾੜਾ ਸਿਖਰਾਂ ਛੋਹ ਰਿਹਾ ਹੈ। ਅੱਜ ਤੋਂ ਪੰਜ ਸਾਲ ਪਹਿਲਾਂ ਜਿਥੇ ਦੇਸ਼ ਦੇ ਸਿਰਫ਼ ਦੱਸ ਲੋਕ ਸੰਸਾਰ ਦੇ ਅਰਬਾਂਪਤੀਆਂ ਵਿੱਚ ਸ਼ਾਮਲ ਸਨ ਅੱਜ ਫੋਰਬਸ ਅਤੇ ਆਕਸਫ਼ਾਮ ਵੱਲੋਂ ਜਾਰੀ ਅਰਬਾਂਪਤੀਆਂ ਦੀ ਸੂਚੀ ਵਿੱਚ ਇਕ ਸੌ ਤੋਂ ਜ਼ਿਆਦਾ ਭਾਰਤੀ ਸ਼ਾਮਲ ਹਨ। ਇਹਨਾਂ ਅਰਬਾਂਪਤੀ ਭਾਰਤੀਆਂ ਨਾਲ 10 ਫ਼ੀਸਦ ਹੋਰ ਵੀ ਲੋਕ ਹਨ ਜਿਹੜੇ ਇਨ੍ਹਾਂ ਦੇ ਸਾਥੀ ਹਨ। ਉਹ ਬਿਨਾ ਕੋਈ ਕੰਮ ਕਰਨ ਤੋਂ ਅਮੀਰ ਅਤੇ ਹੋਰ ਅਮੀਰ ਹੋ ਰਹੇ ਹਨ ਅਤੇ ਛੇਤੀ ਤੋਂ ਛੇਤੀ ਮਾਇਆ ਦੇ ਅੰਬਾਰ ਇਕੱਠੇ ਕਰਨ ਵਿੱਚ ਲੱਗੇ ਹਨ। ਕੋਈ ਇੰਡਸਟਰੀ ਉਦਯੋਗ ਜਾਂ ਕਾਰੋਬਾਰ ਦੀ ਲੋੜ ਨਹੀਂ। ਬੈਂਕਾਂ ਤੋਂ ਕਰਜ਼ੇ ਲਵੋ ਅਤੇ ਬਾਹਰ ਉਡਾਰੀ ਮਾਰ ਜਾਵੋ, ਭਾਵੇਂ ਦੇਸ਼ ਵਿਚ ਹੀ ਬੈਂਕਾਂ ਦੇ ਨੱਕ ਹੇਠ ਰਵੋ। ਕੋਈ ਪੁੱਛਣ ਵਾਲਾ ਨਹੀਂ। ਚੋਰ ਤੇ ਕੁੱਤੀ ਸ਼ਰੇਆਮ ਰਲੇ ਦਿੱਸਦੇ ਹਨ। ਚੋਰ ਵੀ ਗੁਜਰਾਤੀ ਅਤੇ ਚੌਂਕੀਦਾਰ ਵੀ ਗੁਜਰਾਤੀ ਦਾ ਦ੍ਰਿਸ਼ ਦੇਖਿਆ ਜਾ ਸਕਦਾ ਹੈ। ਬੈਂਕਾਂ ਵਿੱਚ ਪੈਸਾ ਕਿਸਦਾ ਹੈ ਲੋਕਾਂ ਦਾ। ਉਹੀ ਲੁਟਿਆ ਜਾ ਰਿਹਾ ਹੈ। ਦੋ ਕੁ ਸਾਲ ਪਹਿਲਾਂ ਕੀਤੀ ਨੋਟਬੰਦੀ ਲੋਕਾਂ ਦੀਆਂ ਜੇਬਾਂ ਤੇ ਮਾਰਿਆ ਸਿੱਧਾ ਡਾਕਾ ਸਾਬਤ ਹੋਇਆ ਹੈ। ਅੱਜ ਤੱਕ ਇਸ ਡਾਕੇ ਦੇ ਝੰਬੇ ਲੱਖਾਂ ਲੋਕ ਕੱਖੋਂ ਹੌਲ਼ੇ ਹੋਏ ਬੈਠੇ ਹਨ।

ਗਰੀਬ ਜਨਤਾ ਨੂੰ 'ਅੱਛੇ ਦਿਨ ਆਉਣਗੇ', 15-15 ਲੱਖ ਹਰੇਕ ਦੇ ਬੈਂਕ ਖਾਤੇ ਵਿੱਚ ਜਮਾਂ ਹੋਵੇਗਾ, ਕਿਸੇ ਵੀ ਨਾਗਰਿਕ ਨੂੰ 20 ਸਾਲ ਵਾਸਤੇ ਟੈਕਸ ਨਹੀਂ ਦੇਣਾ ਪਵੇਗਾ। ਹਰ ਕਿਸਾਨ ਦਾ ਖੇਤੀਬਾੜੀ ਕਰਜ਼ਾ ਮਾਫ਼ ਕਰ ਦਿੱਤਾ ਜਾਵੇਗਾ ਆਦਿ ਲਾਰਿਆਂ ਨਾਲ ਭਰਮਾਇਆ ਜਾ ਰਿਹਾ ਹੈ। ਦ੍ਰਿਸ਼ ਇਨਾ ਮਾੜਾ ਹੋ ਰਿਹਾ ਹੈ ਕਿ ਦੇਸ਼ ਦੀ ਅਤਿ ਗਰੀਬ ਵੀਹ ਫ਼ੀਸਦ ਅਬਾਦੀ ਦੇ ਪੈਰਾਂ ਵਿੱਚ ਰਬੜ ਦੀ ਚੱਪਲ ਅਤੇ ਤਨ ਤੋਂ ਫ਼ਟੇ ਪੁਰਾਣੇ ਚੀਥੜੇ ਵੀ ਉਤਾਰੇ ਜਾ ਰਹੇ ਹਨ। ਉਹਨਾਂ ਦੇ ਚੁੱਲ੍ਹੇ ਕਈ ਕਈ ਦਿਨ ਠੰਡੇ ਰਹਿੰਦੇ ਹਨ। ਨਿਆਣੇ ਭੁੱਖੇ ਵਿਲਕਦੇ ਹਨ। ਤੜਪ ਤੜਪ ਕੇ ਅੰਨ ਦੀ ਬੁਰਕੀ ਖੁਣੋਂ ਅਜਾਂਈ ਮੌਤ ਮਰ ਰਹੇ ਹਨ। ਪੂਰਾ ਪਰਿਵਾਰ ਅੰਨ ਨੂੰ ਤਰਸਦਾ ਜ਼ਹਿਰ ਨਿਗਲ ਆਤਮ ਹੱਤਿਆ ਕਰ ਰਿਹਾ ਹੈ।

ਜਦੋਂ ਨੋਟਬੰਦੀ ਉਲੀਕੀ ਜਾ ਰਹੀ ਸੀ ਤਾਂ ਰਘੂਰਾਮ ਰਾਜਨ ਸੰਸਾਰ ਪ੍ਰਸਿੱਧ ਅਰਥ ਸ਼ਾਸ਼ਤਰੀ ਆਰ.ਬੀ.ਆਈ ਦਾ ਗਵਰਨਰ ਸੀ। ਉਸ ਨੇ ਮਨ੍ਹਾਂ ਕੀਤਾ ਸੀ ਕਿ ਜੋ ਸਰਕਾਰ ਕਹਿ ਰਹੀ ਹੈ ਕਿ ਕਾਲਾ ਧੰਨ ਖਤਮ ਹੋਵੇਗਾ ਅਜਿਹਾ ਨਹੀਂ ਹੋਵੇਗਾ ਤਾਂ ਉਸ ਨੂੰ ਰਾਤੋ ਰਾਤ ਅਸਤੀਫ਼ਾ ਦੇਣ ਲਈ ਮਜਬੂਰ ਕਰ ਦਿੱਤਾ। ਇਸ ਵੇਲੇ ਉਹ ਅਮਰੀਕਾ ਦੀ ਸ਼ਿਕਾਗੋ ਯੂਨੀਵਰਸਿਟੀ ਵਿੱਚ ਅਰਥ ਸ਼ਾਸ਼ਤਰ ਦਾ ਪ੍ਰੋਫੈਸਰ ਹੈ ਅਤੇ ਸੰਭਾਵਨਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਉਸਨੂੰ ਬੈਂਕ ਆਫ਼ ਇੰਗਲੈਂਡ ਵੱਲੋਂ ਆਪਣਾ ਗਵਰਨਰ ਚੁਣਿਆ ਜਾਵੇਗਾ। ਅੱਜ ਮਿਤੀ 13 ਮਾਰਚ ਨੂੰ 'ਚਾਇਨਾ ਗਲੋਬਲ ਨਿਊਜ਼ ਨੈੱਟਵਰਕ' ਨੇ ਉਸ ਦਾ ਲਿਖਿਆ ਲੇਖ ਛਾਇਆ ਕੀਤਾ ਹੈ ਜਿਸ ਵਿੱਚ ਉਸਨੇ ਆਖਿਆ ਹੈ ਕਿ ਸੰਸਾਰ ਦਾ ਪੂੰਜੀਵਾਦੀ ਸਿਸਟਮ ਵੱਡੇ ਸੰਕਟ ਵਿੱਚ ਹੈ। 2008 ਦੇ ਆਰਥਕ ਸੰਕਟ ਤੋਂ ਬਾਅਦ ਦੁਨੀਆਂ ਭਰ ਵਿੱਚ ਸ੍ਰੋਤ, ਸੰਪਤੀ ਵਿਹੂਣੇ ਲੋਕਾਂ ਦੀਆਂ ਸਫ਼ਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਉਸਨੇ ਇਹ ਵੀ ਲਿਖਿਆ ਹੈ ਕਿ ਇਹ ਸਾਧਨ ਹੀਣੇ ਲੋਕ ਪੂੰਜੀਵਾਦੀ ਸਿਸਟਮ ਨੂੰ ਤਹਿਸ਼ ਨਹਿਸ਼ ਕਰਨ ਲਈ ਉੱਛਲਵੱਟੇ ਲੈ ਰਹੇ ਹਨ। ਸਾਰੇ ਯੂਰਪ, ਖਾਸ ਕਰ ਫਰਾਂਸ ਵਿੱਚ ਪੀਲੀ ਜਾਕਟ ਵਿਦਰੋਹ, ਦੁਨੀਆਂ ਭਰ ਦੇ ਲੋਕਾਂ ਨੂੰ ਇਸ ਕਾਰਜ ਲਈ ਲਲਕਾਰ ਰਿਹਾ ਹੈ। ਸਾਡਾ ਦੇਸ਼ ਵੀ ਪੂੰਜੀਵਾਦ ਦੀ ਜਕੜ ਵਿੱਚ ਜਕੜਿਆ ਇਸੇ ਸਥਿੱਤੀ ਵਿੱਚ ਫਸਿਆ ਹੈ।

ਸਮੇਂ ਸਮੇਂ ਤੇ ਚੋਣਾਂ ਹੁੰਦੀਆਂ ਰਹਿੰਦੀਆਂ ਹਨ। ਹਰ ਹਰਬਾ ਵਰਤਿਆ ਜਾਂਦਾ ਹੈ। ਪਾੜੋ ਤੇ ਰਾਜ ਕਰੋ ਦਾ ਮੰਤਰ ਪੜ੍ਹਿਆ ਜਾਂਦਾ ਹੈ। ਜੇ ਇਹ ਕਾਰਗਰ ਨਾ ਹੋਵੇ ਤਾਂ ਦੇਸ਼ ਭਗਤੀ ਅਤੇ ਦੇਸ਼ ਧ੍ਰੋਹੀ ਦੇ ਲੇਬਲ ਵੰਡੇ ਜਾਂਦੇ ਹਨ। ਚਾਣਕਿਆ ਨੀਤੀ ਦੀਆਂ, ਨਾਰਦ ਗੀਟੀਆਂ ਖੇਡੀਆਂ ਜਾਂਦੀਆਂ ਹਨ ਅਤੇ ਲੋਕਾਂ ਕੋਲੋਂ ਪੰਜ ਸਾਲ ਹੋਰ ਰਾਜ ਕਰਨ ਦਾ ਫ਼ਤਵਾ ਖੋਹ ਲਿਆ ਜਾਂਦਾ ਹੈ। ਇਹ ਫ਼ਤਵਾ ਜਿਹੜੀ ਮਰਜ਼ੀ ਧਿਰ ਖੋਹ ਲਵੇ; ਅਗਲੇ ਪੰਜ ਸਾਲ ਦਾ ਰਾਜ ਵੀ ਪੁਰਾਣੀਆਂ ਲੀਹਾਂ ਤੇ ਹੀ ਚਲਦਾ ਹੈ। ਚਿਹਰੇ ਹੀ ਬਦਲਦੇ ਹਨ; ਉਹ ਵੀ ਜੇ ਲੋਕ ਵੱਡਾ ਹੰਭਲਾ ਮਾਰਨ ਤਾਂ। ਭਗਵਾਂ ਗਿਆ ਚਿੱਟਾ ਆਇਆ। ਪਰ ਲੋਕ ਦੋਖੀ, ਲੋਕ ਵਿਰੋਧੀ, ਵਿਨਾਸ਼ਕਾਰੀ ਅਤੇ ਲੁਟੇਰੀ ਜਮਾਤ ਪੱਖੀ ਨੀਤੀਆਂ ਨਿਰੰਤਰ ਚਲਦੀਆਂ ਰਹਿੰਦੀਆਂ ਹਨ। ਅਜੋਕੇ 2019 ਦੇ ਚੋਣ ਗੇੜ ਵਿੱਚ ਵੀ ਇਹੀ ਕੁੱਝ ਹੋਵੇਗਾ। ਕੋਈ ਵੱਖਰੀ ਉਮੀਦ ਨਹੀਂ ਕੀਤੀ ਜਾ ਸਕਦੀ।

ਪਹਿਲਾਂ ਵੀ ਜੇ ਵਿਚਾਰਿਆ ਜਾਵੇ ਤਾਂ ਭਗਵਾਂ ਧਾਰੀਆਂ ਨੇ ਕਾਂਗਰਸ ਦੀਆਂ ਨੀਤੀਆਂ ਨੂੰ ਹੀ ਅਪਨਾ ਹੋਰ ਅੱਗੇ ਵਧਾਇਆ ਹੈ। ਕੋਈ ਵੀ ਸੈਕਟਰ ਦੇਖ ਲਵੋ, ਰਾਜਨੀਤਕ, ਆਰਥਕ, ਖੇਤੀਬਾੜੀ, ਬੈਂਕਿੰਗ, ਸਿੱਖਿਆ, ਸਿਹਤ, ਸਭਿਆਚਾਰ, ਸਮਾਜਿਕ ਆਦਿ ਇਹਨਾਂ ਵਿੱਚ ਅਜੋਕੀਆਂ ਨੀਤੀਆਂ ਦਾ ਨਿਰਮਾਣ ਤਾਂ ਕਾਂਗਰਸ ਰਾਜ ਦੇ ਕਾਰਜਕਾਲ ਵਿੱਚ ਹੀ ਹੋਇਆ ਹੈ। ਲੁਟੇਰੀਆਂ ਜਮਾਤਾਂ ਪੱਖੀ ਆਰਥਿਕ ਨੀਤੀਆ ਦਾ ਘਾੜਾ ਤਾਂ 1980 ਤੋਂ ਮਨਮੋਹਨ ਸਿੰਘ ਹੀ ਸੀ। ਪ੍ਰਾਈਵੇਟ ਕਰਨ, ਪਬਲਿਕ ਸੈਕਟਰ ਤੋੜਨ ਅਤੇ ਆਈ. ਐਮ. ਐਫ਼., ਵਰਲਡ ਬੈਂਕ ਦੀਆਂ ਨੀਤੀਆਂ ਲਾਗੂ ਕਰਨ ਅਤੇ ਖੇਤੀ ਸੈਕਟਰ ਨੂੰ ਮਿਲਦੀ ਮਾੜੀ ਮੋਟੀ ਸਬਸਿਟੀ ਬੰਦ ਕਰਨ ਵਾਲੀਆਂ ਨੀਤੀਆਂ ਬਣਾਉਣ ਵਾਲੀ ਕਾਂਗਰਸ ਸਰਕਾਰ ਹੀ ਸੀ। ਉਸ ਵੇਲੇ ਹੀ ਏਅਰ ਇੰਡੀਆ, ਐਲ.ਆਈ.ਸੀ., ਜਨਰਲ ਇੰਸ਼ੋਰੈਂਸ, ਹਿੰਦੋਸਤਾਨ ਸਟੀਲ, ਹੈਵੀ ਇਲੈਕਟਰੀਕਲ ਭੁਪਾਲ ਆਦਿ ਨੂੰ ਸਮੇਟਣ, ਤੋੜਨ ਦੀਆਂ ਗੱਲਾਂ ਹੋਣ ਲੱਗੀਆਂ ਸਨ। ਸੂਬੇ ਪੱਧਰ ਤੇ ਵੀ ਪਬਲਿਕ ਸੈਕਟਰ ਵਿੱਚ ਬਿਜਲੀ, ਆਵਾਜਾਈ, ਸਿੱਖਿਆ ਅਤੇ ਸਿਹਤ ਸਹੂਲਤਾਂ ਨੂੰ ਖਤਮ ਕਰਕੇ ਇਹਨਾਂ ਨੂੰ ਨਿੱਜੀ ਖੇਤਰ ਨੂੰ ਸੌਂਪਣ ਦੀਆਂ ਨੀਤੀਆਂ ਸ਼ੁਰੂ ਹੋਈਆਂ ਸਨ। ਇਕ ਫ਼ਰਕ ਜ਼ਰੂਰ ਸੀ ਕਿ ਕਾਂਗਰਸੀ ਆਪਣੇ ਪਿਛੋਕੜ ਤੋਂ ਡਰਦੇ ਵੀ ਸਨ। ਵਿਨਾਸ਼ਕਾਰੀ ਨੀਤੀਆਂ ਲਾਗੂ ਕਰਨ ਤੋਂ ਝਿਜਕਦੇ ਵੀ ਸਨ। ਹੁਣ ਵਾਲੇ ਭਗਵਿਆਂ ਦਾ ਪਿਛੋਕੜ ਵੀ ਕਿਉਂਕਿ ਬਰਤਾਨਵੀ ਬਸਤੀਵਾਦੀਆਂ ਨਾਲ ਸਾਂਝ-ਭਿਆਲੀ ਵਾਲਾ ਹੈ। ਇਸ ਕਰਕੇ ਇਹ ਇਹਨਾਂ ਨੀਤੀਆਂ ਨੂੰ ਲਾਗੂ ਕਰਨ ਵਿੱਚ ਕੋਈ ਦਿੱਕਤ ਮਹਿਸੂਸ ਨਹੀਂ ਕਰਦੇ ।

ਅੱਜ ਜੋ ਖੇਡ ਭਗਵਾਧਾਰੀਆਂ ਵਜੋਂ ਜੰਮੂ ਕਸ਼ਮੀਰ ਵਿੱਚ ਖੇਡੀ ਜਾ ਰਹੀ ਹੈ, ਇਹੀ ਖੇਡ ਪੰਜਾਬ ਵਿੱਚ ਕਾਂਗਰਸ ਵੱਲੋਂ ਅੱਸੀਵਿਆਂ ਵਿੱਚ ਖੇਡੀ ਗਈ ਸੀ। ਹਰ ਪੰਜਾਬੀ ਖ਼ਾਸ ਕਰ ਸਿੱਖ ਪਹਿਚਾਣ ਵਾਲਾ ਕਾਂਗਰਸ ਵਾਸਤੇ ਦੇਸ਼ ਧ੍ਰੋਹੀ ਸੀ। ਹੁਣ ਭਗਵਿਆਂ ਵਾਸਤੇ ਹਰ ਮੁਸਲਮਾਨ ਦੇਸ਼ ਧ੍ਰੋਹੀ ਹੈ।

ਪਰ ਇਤਿਹਾਸ ਨੂੰ ਪੜ੍ਹਦਿਆਂ ਇੱਕ ਗੱਲ ਚਿੱਟੇ ਦਿਨ ਵਾਂਗ ਸਾਫ਼ ਦਿੱਸਦੀ ਹੈ ਕਿ ਜਦੋਂ ਜਦੋਂ ਵੀ ਦੇਸ਼ ਦੇ ਹਾਕਮਾਂ ਨੇ ਕੁੱਟਲਿਆ ਚਾਲਾਂ ਅਤੇ ਨਾਰਦ ਖੇਡਾਂ ਖੇਡੀਆਂ ਹਨ ਤਾਂ ਦੇਸ਼ ਟੁਕੜੇ ਟੁਕੜੇ ਹੋ ਵਿਦੇਸ਼ੀਆਂ ਦਾ ਗੁਲਾਮ ਹੁੰਦਾ ਰਿਹਾ ਹੈ। ਅੱਜ ਪੂੰਜੀਵਾਦ ਫਿਰ ਨਵ-ਬਸਤੀਵਾਦ ਨੀਤੀ ਰਾਹੀਂ ਅਫ਼ਰੀਕਾ ਮਹਾਂਦੀਪ ਨੂੰ ਕਬਜ਼ੇ ਵਿੱਚ ਕਰ ਰਿਹਾ ਹੈ। ਲਾਤੀਨੀ ਅਮਰੀਕਾ ਦੇਸ਼ ਇੱਕ ਵਾਰ ਫਿਰ ਤੋਂ ਅਮਰੀਕਾ ਦੀਆਂ ਬਸਤੀਵਾਦੀ ਨੀਤੀਆਂ ਨਾਲ ਜੂਝ ਰਹੇ ਹਨ।

ਸਵਾਲਾਂ ਦਾ ਸਵਾਲ ਇਹ ਹੈ ਕਿ ਕੀ ਸਾਡਾ ਦੇਸ਼ ਵੀ ਇੱਕ ਵਾਰ ਫਿਰ ਸੰਸਾਰਕ ਪੂੰਜੀਵਾਦੀ ਸਿਸਟਮ ਦੀ ਮੰਡੀ ਬਣ ਜਾਵੇਗਾ? ਜਾਂ ਇੱਥੋਂ ਦੇ ਲੋਕ ਆਪਣੀ ਕਿਸਮਤ ਨੂੰ ਆਪਣੇ ਹੱਥਾਂ ਵਿੱਚ ਲੈਂਦੇ ਹੋਏ ਲੁੱਟ ਚੋਂਘ ਵਾਲੇ ਨਿਜ਼ਾਮ ਨੂੰ ਉਖਾੜ ਦੇਣਗੇ ਅਤੇ ਸਹੀ ਮਾਹਨਿਆ ਦੇ ਸਰਬ ਸਾਂਝੇ, ਭਾਈਵਾਲਤਾ ਵਾਲੇ ਸਮਾਜ ਦੀ ਪੁਨਰ ਉਸਾਰੀ ਕਰਨਗੇ। ਮੈਂ ਆਸ਼ਾ ਵਾਦੀ ਲੋਕਾਂ ਦੀ ਕਤਾਰ ਵਿੱਚੋਂ ਹਾਂ। ਭਾਵੇਂ ਦੇਖਦਾ ਹਾਂ ਕਿ ਮੇਰੇ ਇਰਧ-ਗਿਰਧ ਬਹੁਤ ਸਾਰੇ ਲੋਕ ਉੱਪਰੀ ਸਤਿਹ ਦੇਖਿਆਂ ਨਿਰਾਸ਼ਾਵਾਦੀ ਲੱਗਦੇ ਹਨ। ਆਖਦੇ ਹਨ ਹਿੰਦੋਸਤਾਨ ਦਾ ਤਾਂ ਬੱਸ ਭੱਠਾ ਬੈਠ ਗਿਆ। ਅੰਤਾਂ ਦਾ ਭ੍ਰਿਸ਼ਟਾਚਾਰ ਹੈ, ਗਰੀਬੀ ਹੈ ਮੰਦਹਾਲੀ ਹੈ, ਵਾਤਾਵਰਨ ਦੀ ਦਮ ਘੁੱਟਣੀ ਪਲੀਤੀ ਹੈ। ਇਹ ਸਭ ਕੁੱਝ ਤਾਂ ਹੈ ਹੀ ਪਰ ਉਹ ਲੋਕ ਵੀ ਇਹ ਘੱਟ ਹੀ ਆਖਦੇ ਹਨ, ਕਿ ਹੁਣ ਕੁੱਝ ਨਹੀਂ ਹੋ ਸਕਦਾ। ਉਹ ਆਪੋ ਆਪਣੀ ਸੋਚ ਅਨੁਸਾਰ ਹਾਲਾਤ ਸੁਖਾਵੇਂ ਬਣਾਉਣ ਲਈ ਸੁਝਾ ਵੀ ਦੱਸਦੇ ਹਨ। ਇਹ ਵੀ ਉਹਨਾਂ ਦੇ ਆਸ਼ਾਵਾਦੀ ਨਜ਼ਰੀਏ ਕਾਰਨ ਹੈ। ਉਹਨਾਂ ਲੋਕਾਂ ਵਲੋਂ ਦੱਸੇ ਜਾਂਦੇ ਸੁਝਾ ਬੜੇ ਵਿਵਹਾਰਕ, ਸੁਖਾਲੇ ਅਤੇ ਅਸਾਨੀ ਨਾਲ ਲਾਗੂ ਵੀ ਕੀਤੇ ਜਾਂਦੇ ਹਨ।

ਦੇਸ਼ ਵਿਆਪੀ ਪੱਧਰ ਤੇ ਆਸ਼ਾਵਾਦੀ ਅਤੇ ਆਸ਼ਾਵਾਦੀ ਨਜ਼ਰੀਏ ਵਾਲੇ ਲੋਕਾਂ ਦੀ ਬਹੁਤਾਤ ਹੈ। ਨਿਰਾਸ਼ਾਵਾਦੀ ਜਾਂ ਕਹਿ ਲਵੋ ਅੰਧ ਵਿਸ਼ਵਾਸੀ ਪੱਖੀ ਬਹੁਤ ਘੱਟ ਗਿਣਤੀ ਹਨ। ਇਸ ਤਰ੍ਹਾਂ ਦਾ ਮੇਰਾ ਨਿੱਜੀ ਤਜ਼ਰਬਾ ਹੈ। ਮੈਂ ਨੱਬੇਵਿਆਂ ਦੇ ਪਹਿਲੇ ਪੰਜ-ਸੱਤ ਸਾਲ ਆਲ ਇੰਡੀਆ ਸਾਖ਼ਰਤਾ ਮੁਹਿੰਮ ਵਿੱਚ ਕੰਮ ਕੀਤਾ ਹੈ। ਇਹ ਮੁਹਿੰਮ ਧੁਰ ਦੱਖਣ ਤਾਮਿਲਨਾਡੂ, ਕੇਰਲਾ ਤੋਂ ਲੈ ਕੇ ਦੂਰ ਪੂਰਬ ਤ੍ਰਿਪੁਰਾ ਆਸਾਮ ਤੱਕ ਅਤੇ ਗੁਜਰਾਤ, ਰਾਜਸਥਾਨ, ਪੰਜਾਬ ਹਰਿਆਣਾ ਤੱਕ ਫੈਲੀ ਹੋਈ ਸੀ। ਉਦੋਂ ਪਤਾ ਲੱਗਿਆ ਕਿ ਪੇਂਡੂ ਹਿੰਦੋਸਤਾਨੀ ਸਮਾਜ ਅਜੇ ਤੱਕ ਵੀ ਬੜਾ ਸਮੱਰਥਾਵਨ ਹੈ। ਔਖੇ ਤੋਂ ਔਖਾ ਕੰਮ ਕਰਨ ਦੀਆਂ ਬਹੁਤ ਸੁਖਾਲੀਆਂ ਅਤੇ ਸਸਤੀਆਂ ਜੁਗਤਾਂ ਪੇਂਡੂ ਸਮਾਜ, ਪਛੜੇ ਵਰਗਾਂ, ਆਦਿਵਾਸੀਆਂ ਅਤੇ ਕਿਸਾਨਾਂ ਕੋਲ ਮੌਜੂਦ ਹਨ। ਉਸ ਮੁਹਿੰਮ ਵਿੱਚ ਤਾਮਿਲਨਾਡੂ ਦੇ ਪੇਂਡੂਕੋਟਾਈ ਜ਼ਿਲੇ ਜੋ ਹਿੰਦੁਸਤਾਨ ਦੇ ਅਤਿ ਪਿਛੜੇ ਜ਼ਿਲਿਆਂ ਵਿੱਚ ਗਿਣਿਆ ਜਾਂਦਾ ਸੀ; ਵਿੱਚ ਔਰਤਾਂ ਨੇ ਸਾਈਕਲ ਚਲਾਉਣਾ ਸਿੱਖ ਕੇ ਆਪ ਅਤੇ ਪਰਿਵਾਰ ਨੂੰ ਆਤਮ ਨਿਰਭਰ ਬਣਾਉਣ ਵਿੱਚ ਹਿੱਸਾ ਲਿਆ। ਔਰਤਾਂ ਵਾਸਤੇ ਇਹ ਇੱਕ ਕ੍ਰਾਂਤੀ ਸੀ। ਗੁਜਰਾਤ ਵਿੱਚ ਔਰਤਾਂ ਨੇ ਇਕੱਠੀਆਂ ਹੋ ਕੇ ਪਾਣੀ ਦੇ ਨਲ਼ਕੇ ਅਤੇ ਛੋਟੀਆਂ ਘਰੇਲੂ ਮਸ਼ੀਨਾਂ, ਸਾਈਕਲਾਂ ਦੀ ਮਰੁੰਮਤ ਦਾ ਕੰਮ ਸਿੱਖ ਕੇ ਆਤਮ ਨਿਰਭਰਤਾ ਹਾਸਲ ਕਰਨ ਦਾ ਸੁਪਨਾ ਲਿਆ। ਆਂਧਰਾ ਪ੍ਰਦੇਸ਼ ਵਿੱਚ ਸ਼ਰਾਬ (ਤਾੜੀ) ਮਾਫ਼ੀਏ ਦੀ ਲੜਾਈ। ਪੰਜਾਬ ਵਿੱਚ ਵੀ ਅਤੀ ਗਰੀਬੀ ਵਿੱਚ ਵਸਦੇ ਲੋਕਾਂ, ਜਿਹੜੇ ਉਹਨਾਂ ਦਿਨੀਂ ਸਰਕਾਰੀ ਤਸ਼ੱਦਦ ਅਤੇ ਅੱਤਵਾਦੀ ਮਾਹੌਲ ਵਿੱਚ ਸਹਿਮੇ ਹੋਏ ਸਨ,ਦੀ ਅੰਤਾਂ ਦੀ ਸਮਾਜਕ ਸਮਰੱਥਾ ਦੇ ਦਰਸ਼ਨ ਹੋਏ।

ਲੁਧਿਆਣੇ ਜ਼ਿਲੇ ਦੇ ਸੁਧਾਰ ਬਲਾਕ ਦੇ ਨੇੜੇ ਦੇ ਪਿੰਡ ਅੱਬੂਵਾਲ ਵਿੱਚ, ਮਜ਼ਬੀ ਸਿੱਖਾਂ ਦੀਆਂ ਘਰਾਂ ਦੀਆਂ ਔਰਤਾਂ, ਬਿਨਾਂ ਕਿਸੇ ਸਰਕਾਰੀ ਸਹਾਇਤਾ ਤੋਂ, ਪੁਰਾਣੇ ਅਖ਼ਬਾਰਾਂ ਦੇ ਛੋਟੇ, ਵੱਡੇ ਲਿਫ਼ਾਫ਼ੇ ਜੋ ਆਮ ਕਰਕੇ ਛੋਟੇ ਪੇਂਡੂ ਦੁਕਾਨਦਾਰ ਅਤੇ ਰੇਹੜੀਆਂ ਵਾਲੇ ਵਰਤਦੇ ਸਨ ਦੇ ਤਿੰਨ ਚਾਰ ਗਰੁੱਪਾਂ ਵਿੱਚ ਇਕੱਠੀਆਂ ਕੰਮ ਕਰਦੀਆਂ ਸਨ।

ਇਸ ਤਰ੍ਹਾਂ ਦੀ ਸਵੈ ਇੱਛਤ ਕਾਰਜਸ਼ੀਲਤਾ ਅੱਜ ਵੀ ਮੁੱਕ ਨਹੀਂ ਗਈ, ਖ਼ਤਮ ਨਹੀਂ ਹੋਈ। ਹਿੰਦੋਸਤਾਨ ਦੇ ਪਛੜੇ ਪੇਂਡੂ ਸਮਾਜ ਦੀ ਜੁਗਾੜਵੰਦੀ ਅਤੇ ਗਤੀਸ਼ੀਲਤਾ ਦੀ ਹੈਰਾਨਕੁੰਨ ਸਮੱਰਥਾ ਦੀ ਚਰਚਾ ਅੰਤਟਰਾਸ਼ਟਰੀ ਪੱਧਰ ਤੱਕ ਵੀ ਹੋਈ ਹੈ। ਲੋੜ ਹੈ ਇਸਨੂੰ ਹਰ ਖੇਤਰ ਵਿੱਚ ਉਤਸ਼ਾਹਿਤ ਕਰਨ ਅਤੇ ਨਿਖਾਰਨ, ਸੰਭਾਰਣ ਦੀ। ਇਸ ਵੰਨ-ਸੁਵੰਨਤਾ ਦੇ ਇੱਕ ਰੂਪੀ ਅਤੇ ਦਰਜਾਬੰਦੀ ਦੇ ਯਤਨ ਘਾਤਕ ਹਨ। ਇਹ ਕੰਮ ਪਹਿਲਾਂ ਹੀ ਸਰਮਾਏਦਾਰੀ ਕਰ ਰਹੀ ਹੈ। ਇੱਕ ਰਾਗ, ਇੱਕ ਰੰਗ ਇੱਕੋ ਵੇਸਭੂਸਾ, ਇੱਕੋ ਤਰ੍ਹਾਂ ਦੀ ਬਜਾਰੂ ਖਾਦ ਸਮੱਗਰੀ ਅਤੇ ਕੰਮ ਕਰਨ ਦੇ ਢੰਗ ਤਰੀਕੇ ਲੋਕਾਂ ਦੀ ਜੁਗਾੜਬੰਦੀ ਅਤੇ ਸਹਿਜ ਵਾਤਾਵਰਨ ਪਲੀਤੀ ਮੁਕਤ, ਗਤੀਸ਼ੀਲਤਾ ਅਤੇ ਮਾਰੂ ਹਮਲੇ ਹਨ। ਇਹ ਹਮਲੇ ਸਾਡੇ ਰਾਜ ਕਰਦਿਆ ਹਲਕਿਆ ਵੱਲੋਂ ਸਥਾਪਿਤ ਰਾਜ ਕਰਦੀਆਂ ਪਾਰਟੀਆਂ ਰਾਹੀਂ ਹੋ ਰਹੇ ਹਨ। ਉਹ ਸੁਪਨ ਸਾਜ ਨਹੀਂ ਸਗੋਂ ਲੋਕਾਂ ਦੇ ਸੁਪਨਿਆ ਦੇ ਹਤਿਆਰੇ ਹਨ। ਭਾਵੇਂ 1980 ਤੋਂ ਬਾਅਦ ਦੀ ਕਾਂਗਰਸ ਪਾਰਟੀ ਹੈ, ਬੀਜੇਪੀ ਹੈ,ਖੇਤਰੀ ਪਾਰਟੀਆਂ ਹਨ ਇੱਥੋਂ ਤੱਕ ਕਿ ਅੱਜ ਖੱਬੇ ਪੱਖੀ ਵੀ ਇਸੇ ਵਹਿਣ ਵਿੱਚ ਗ੍ਰਸੇ ਦਿੱਸਦੇ ਹਨ। ਫਿਰ ਵੀ ਇਹਨਾਂ ਦੀਆਂ ਵਲਗਣਾਂ ਤੋਂ ਬਾਹਰਲਾ ਹਿੰਦੋਸਤਾਨੀ ਪੇਂਡੂ ਸਮਾਜ ਬੜਾ ਕੁੱਝ ਕਰ ਗੁਜ਼ਰਨ ਦੇ ਸਮਰੱਥ ਹੈ ਅਤੇ ਮੌਕਾ ਮਿਲਦਿਆਂ ਹੀ ਉਹ ਇਹਨਾਂ ਘੇਰਾਬੰਦੀਆਂ, ਵਲਗਣਾਂ ਨੂੰ ਤੋੜਦਾ, ਲਿਤਾੜਦਾ ਆਪਣੀ ਹੋਣੀ ਦਾ ਮਾਲਕ ਆਪ ਜਰੂਰ ਬਣੇਗਾ। ਸਮਾਜ ਵਿੱਚ ਉੱਠਦੀਆ ਗਤੀਸ਼ੀਲ ਲਹਿਰਾਂ ਇਸ ਦੇ ਸ਼ੁੱਭ ਸੰਕੇਤ ਹਨ।

ਅੰਤਿਕਾ: ਪੁਲਵਾਮਾਂ ਕਾਰੇ ਦਾ ਪੂਰਾ ਸੱਚ ਜੋਗੀ ਦੱਸ ਹੀ ਨਹੀਂ ਰਿਹਾ ਪਰ, ਅਵਾਮ ਦੀ ਭਾਖਿਆ ਬੜੀਆਂ ਗੱਲਾਂ ਦੱਸ ਰਹੀ ਹੈ। ਕਹਿੰਦੇ ਹਨ ਕਿ ਚਾਣਕਿਆ ਨੀਤੀ ਤੇ ਚੱਲਦੇ ਹੋਏ ਦੇਸ਼ ਦੇ ਸੁਰੱਖਿਆ ਸਲਾਹਕਾਰ ਅਜੀਤ ਡੁਵਾਲ ਨੇ ਪਲਾਨ ਬਣਾਈ ਅਤੇ ਭਾਜਪਾ ਪ੍ਰਧਾਨ ਨੇ ਲਾਗੂ ਕੀਤੀ। ਇਸੇ ਕਰਕੇ ਭਾਜਪਾ ਨੂੰ ਸ਼ਹੀਦ ਹੋਏ ਜਵਾਨਾਂ ਦੀ ਕੋਈ ਪਰਵਾਹ ਨਹੀਂ ਸੀ ਉਹ ਤਾਂ ਸਾਰੇ ਇਕ ਦੇ ਵਾਢਿਉਂ ਤੱਤੇ ਘਾਹ ਵੋਟਾਂ ਬਣਾਉਣ ਅਤੇ ਸੀਟਾਂ ਦੀ ਗਿਣਤੀ ਮਿਣਤੀ ਵਿੱਚ ਲੱਗ ਗਏ। ਅਜਿਹਾ ਵਿਚਾਰ ਅਹਿਮਦਾਬਾਦ ਤੋਂ ਛੱਪਦੇ ਇਕ ਗੁਜਰਾਤੀ ਅਖਬਾਰ ਵਿੱਚ ਛਪਿਆ ਹੈ। ਵੈਸੇ ਵੀ ਭਾਜਪਾ ਦੇ ਤਾਂ ਕਈ ਮੰਤਰੀ ਆਖਦੇ ਰਹੇ ਹਨ ਕਿ ਸੈਨਕ ਬਲਾਂ ਵਿੱਚ ਤਾਂ ਲੋਕ ਭਰਤੀ ਹੀ ਮਰਨ ਵਾਸਤੇ ਹੀ ਹੁੰਦੇ ਹਨ। ਜੋਗੀ ਇਕ ਦੋ ਗੱਲਾਂ ਹੋਰ ਵੀ ਦੱਸ ਰਿਹਾ ਹੈ : ਪਹਿਲੀ ਹਮਲੇ ਦੀ ਜੁਮੇਵਾਰੀ ਵੀ ਜੇ.ਈ.ਐਮ. ਨੇ ਲਈ ਤੇ ਫਿਰ ਜਦੋਂ ਸਰਜਰੀਕਲ ਸਟਰਾਇਕ ਵਿੱਚ ਮਰੇ ਅੱਤਵਾਦੀਆਂ ਦੀ ਗਿਣਤੀ ਵਿੱਚ ਫਸ ਗਈ ਤਾਂ ਵੀ ਜੇ.ਈ.ਐਮ ਨੇ ਸਰਕਾਰ ਦੀ ਗਿਣਤੀ ਦੀ ਪੁਸ਼ਟੀ ਕੀਤੀ ਅਤੇ ਪਾਕਿਸਤਾਂਨ ਤੋਂ ਆਪੂੰ ਜਲਾਵਤਨ ਹੋਇਆ ਸਾਬਕਾ ਪ੍ਰਧਾਨ ਮੁਸ਼ਰਫ ਵੀ ਪੁਸ਼ਟੀ ਕਰਦਾ ਹੈ। ਦੂਜੀ ਗੱਲ ਜੋਗੀ ਇਹ ਦੱਸਦਾ ਹੈ ਕਿ ਭਾਰਤ ਨੇ ਬਾਲਾਕੋਟ ਟ੍ਰੇਨਿੰਗ ਸੈਂਟਰ ਤੇ ਇਜ਼ਰਾਇਲ ਵੱਲੋਂ ਸਪਲਾਈ ਕੀਤੇ ਜਿਹੜੇ ਬੰਬ ਸੁੱਟੇ ਸਨ ਉਹੋ ਪੂਰੀ ਤਰਾਂ ਨਕਲੀ ਸਨ ਇਸੇ ਕਰਕੇ ਬਾਲਾਕੋਟ ਟ੍ਰੇਨਿੰਗ ਸੈਂਟਰ ਨੂੰ ਝਰੀਟ ਨਹੀਂ ਆਈ। ਜੋਗੀ ਪੁੱਛਦਾ ਹੈ ਫਿਰ ਅੱਤਵਾਦੀ ਕਿਵੇਂ ਮਰੇ ਹੋਣਗੇ। ਆਮੀਨ



ਡੰਗ ਅਤੇ ਚੋਭਾਂ



ਗੁਰਮੀਤ ਸਿੰਘ ਪਲਾਹੀ
98158-02070

# ਕੋਈ ਸਿਆਸੀ ਦਲ ਨਹੀਂ ਚਾਹੁੰਦਾ ਚੋਣ ਸੁਧਾਰ




ਦੇਸ਼ ਦੀ ਸੁਪਰੀਮ ਕੋਰਟ ਨੇ ਪਿਛਲੇ ਸਾਲ ਫਰਵਰੀ ਵਿੱਚ ਲੋਕ ਪ੍ਰਤੀਨਿੱਧਤਾ ਕਰਨ ਵਾਲੇ ਸਿਆਸਤਦਾਨਾਂ ਵਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਸਰਕਾਰ ਨੂੰ ਹੁਕਮ ਦਿੱਤੇ ਸਨ, ਜਿਹਨਾ ਵਿਚੋਂ ਸਰਕਾਰ ਵਲੋਂ ਕੁਝ ਉਤੇ ਹੀ ਅਮਲ ਕੀਤਾ ਗਿਆ। ਦੇਸ਼ ਦੇ ਚੋਣ ਕਮਿਸ਼ਨ ਕੋਲ ਕੋਈ ਕਨੂੰਨੀ ਤਾਕਤ ਨਹੀਂ ਹੈ। ਉਸ ਵਲੋਂ ਕੁਝ ਇੱਕ ਚੋਣ ਸੁਧਾਰਾਂ ਲਈ ਕਦਮ ਪੁੱਟੇ ਜਾ ਰਹੇ ਹਨ, ਪਰ ਉਠਾਏ ਗਏ ਇਹਨਾ ਕਦਮਾਂ ਤੋਂ ਹਾਲੀ ਕੋਈ ਉਮੀਦ ਨਹੀਂ ਰੱਖੀ ਜਾ ਸਕਦੀ ਭਾਵੇਂ ਕਿ ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਕਰਨ ਸਮੇਂ ਚੋਣ ਕਮਿਸ਼ਨ ਨੇ ਜੋ ਕਦਮ ਉਠਾਏ ਹਨ, ਉਹਨਾ ਨੂੰ ਸਾਫ-ਸੁਥਾਰੀਆਂ ਚੋਣਾਂ ਦੀ ਦਿਸ਼ਾ ਵਿੱਚ ਵੱਡਾ ਕਦਮ ਦੱਸਿਆ ਜਾ ਰਿਹਾ ਹੈ।

ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮ ਨੇ ਸਾਲ 2009 ਦੀਆਂ ਲੋਕ ਸਭਾ ਚੋਣਾਂ ਵਿੱਚ 6753 ਉਮੀਦਵਾਰਾਂ ਵਲੋਂ ਦਿੱਤੇ ਗਏ ਘੋਸ਼ਣਾ ਪੱਤਰ ਦਾ ਗਹਿਰਾਈ ਨਾਲ ਮੁਲਾਂਕਣ ਕੀਤਾ। ਇਹਨਾ ਵਿਚੋਂ ਸਿਰਫ ਚਾਰ ਉਮੀਦਵਾਰਾਂ ਨੇ ਹੀ ਚੋਣ ਕਮਿਸ਼ਨ ਵਲੋਂ ਮਿੱਥੇ ਹੋਏ ਖਰਚੇ ਤੋਂ ਵੱਧ ਖਰਚ ਕਰਨ ਦੀ ਗੱਲ ਸਵੀਕਾਰ ਕੀਤੀ। ਇਸ ਦੌਰ ਵਿੱਚ ਚੋਣਾਂ ਵਿੱਚ ਬੇਤਹਾਸ਼ਾ ਖਰਚ ਹੁੰਦਾ ਹੈ, ਜੇਕਰ ਉਮੀਦਵਾਰ ਇਹ ਕਹਿਣ ਕਿ ਉਹਨਾ ਨੇ ਚੋਣ ਕਮਿਸ਼ਨ ਵਲੋਂ ਮਿਥੀ ਗਈ ਸੀਮਾ ਵਿੱਚ ਰਹਿਕੇ ਖਰਚ ਕੀਤਾ ਹੈ, ਤਾਂ ਇਸ ਗੱਲ ਉਤੇ ਯਕੀਨ ਕਰਨਾ ਔਖਾ ਹੈ। 6753 ਉਮੀਦਵਾਰਾਂ ਵਿਚੋਂ 99.99 ਪ੍ਰਤੀਸ਼ਤ ਨੇ ਆਪਣੇ ਘੋਸ਼ਣਾ ਪੱਤਰ 'ਚ ਦੱਸਿਆ ਸੀ ਕਿ ਉਹਨਾ ਨੇ ਚੋਣਾਂ ਉਤੇ ਖਰਚ ਸੀਮਾ ਤੋਂ ਅੱਧਾ ਖਰਚ ਕੀਤਾ ਹੈ। ਪਰ ਉਮੀਦਵਾਰਾਂ ਵਲੋਂ ਲਗਾਤਾਰ ਇਹ ਮੰਗ ਵੀ ਕੀਤੀ ਜਾਂਦੀ ਹੈ ਕਿ ਚੋਣ ਖਰਚ ਦੀ ਸੀਮਾ ਵਧਾਈ ਜਾਵੇ। ਇਸ ਤੋਂ ਤਾਂ ਸਾਫ ਪਤਾ ਲੱਗਦਾ ਹੈ ਕਿ ਉਹਨਾ ਵਲੋਂ ਦਿੱਤੇ ਘੋਸ਼ਣਾ ਪੱਤਰ ਵਿੱਚ ਝੂਠੀ ਅਤੇ ਅੱਧੀ-ਅਧੂਰੀ ਜਾਣਕਾਰੀ ਦਿੱਤੀ ਜਾਂਦੀ ਹੈ।

ਸੰਤ ਸਮਾਗਮਾਂ ਅਤੇ ਕੁੰਭ ਤੋਂ ਬਾਅਦ ਹੁਣ ਚੋਣਾਂ ਦਾ ਸ਼ਾਹੀ ਤਿਉਹਾਰ ਸ਼ੁਰੂ ਹੋ ਗਿਆ ਹੈ। ਨਿਯਮਾਂ ਅਨੁਸਾਰ ਹਰ ਉਮੀਦਵਾਰ 70 ਲੱਖ ਰੁਪਏ ਤੋਂ ਵੱਧ ਨਹੀਂ ਖਰਚ ਸਕੇਗਾ। ਇਸ ਹਿਸਾਬ ਨਾਲ ਗੰਭੀਰ ਉਮੀਦਵਾਰਾਂ ਵਲੋਂ ਕੀਤਾ ਵੱਧ ਤੋਂ ਵੱਧ ਖਰਚਾ ਦੋ ਹਜ਼ਾਰ ਕਰੋੜ ਨਹੀਂ ਹੋਣਾ ਚਾਹੀਦਾ ਜਦ ਕਿ 'ਕਾਰਨੇਗੀ ਥਿੰਕ ਟੈਂਕ' ਨਾਮ ਦੀ ਇੱਕ ਸੰਸਥਾ ਨੇ ਕਿਹਾ ਹੈ ਕਿ ਚੋਣਾਂ ਉਤੇ 50 ਹਜ਼ਾਰ ਕਰੋੜ ਰੁਪਏ ਖਰਚ ਹੋਣ ਦਾ ਅੰਦਾਜ਼ਾ ਹੈ।

ਸੁਪਰੀਮ ਕੋਰਟ ਨੇ ਆਪਣੇ ਬਹੁਤ ਸਾਰੇ ਫੈਸਲਿਆਂ ਵਿੱਚ ਰਾਜਨੀਤੀ ਅਤੇ ਅਪਰਾਧ ਦੇ ਭ੍ਰਿਸ਼ਟਤੰਤਰ ਨੂੰ ਦੇਸ਼ ਦੇ ਲਈ ਸਿਉਂਕ ਦੱਸਿਆ ਹੈ, ਉਸਨੇ ਸਰਕਾਰ ਤੋਂ ਸਾਂਸਦਾਂ ਦੇ ਪਿਛਲੇ ਪੰਜ ਸਾਲਾਂ ਦੇ ਆਮਦਨੀ ਕਰ ਦਾ ਵੇਰਵਾ ਵੀ ਮੰਗਿਆ ਹੈ। ਇਹ ਵੇਰਵਾ ਦੇਣ 'ਚ ਸਰਕਾਰ ਵਲੋਂ ਦੜ ਵੱਟੀ ਜਾ ਰਹੀ ਹੈ। ਦੂਜੇ ਪਾਸੇ ਲੋਕਤੰਤਰ ਦੇ ਚੌਕੀਦਾਰਾਂ ਵਲੋਂ ਚੋਣਾਂ ਨੂੰ ਵਪਾਰ ਬਣਾ ਦਿੱਤਾ ਗਿਆ ਹੈ। ਸੰਸਦ ਅਤੇ ਵਿਧਾਇਕ ਜਿੱਤਣ ਤੋਂ ਬਾਅਦ ਕਈ ਕਰੋੜ ਰੁਪਏ ਕਮਾ ਲੈਂਦੇ ਹਨ ਅਤੇ ਸਾਰੀ ਉਮਰ ਦੀ ਪੈਨਸ਼ਨ ਦੇ ਹੱਕਦਾਰ ਵੀ ਬਣ ਜਾਂਦੇ ਹਨ। ਉਹਨਾ ਦੇ ਸਮਰੱਥਕਾਂ ਨੂੰ ਸਰਕਾਰੀ ਵਿਭਾਗਾਂ ਵਿੱਚ ਠੇਕੇਦਾਰੀ, ਮਾਈਨਿੰਗ ਦੀ ਲੀਜ਼ ਅਤੇ ਸ਼ਰਾਬ ਦੇ ਠੇਕੇ ਜਿਹੇ ਬੇਨਾਮੀ ਲਾਭਾਂ ਨਾਲ ਨਿਵਾਜ ਦਿੱਤਾ ਜਾਂਦਾ ਹੈ। ਪਿਛਲੇ ਦਿਨੀਂ ਛੱਪੀ ਇੱਕ ਰਿਪੋਰਟ ਅਨੁਸਾਰ ਪਿਛਲੇ ਲੋਕ ਸਭਾ ਦੇ 153 ਲੋਕ ਸਭਾ ਮੈਂਬਰਾਂ ਦੀ ਆਮਦਨ ਪੰਜਾਂ ਸਾਲਾਂ ਵਿੱਚ ਦੁਗਣੀ ਹੋ ਗਈ, ਇਹਨਾ ਵਿਚੋਂ 72 ਹਾਕਮ ਜਮਾਤ 'ਭਾਜਪਾ' ਨਾਲ ਸਬੰਧਤ ਸਨ।

ਦੇਸ਼ ਵਿੱਚ ਇਸ ਵੇਲੇ 2200 ਤੋਂ ਵੱਧ ਸਿਆਸੀ ਪਾਰਟੀਆਂ ਹਨ ਜੋ ਚੋਣ ਕਮਿਸ਼ਨ ਕੋਲ ਰਜਿਸਟਰਡ ਹਨ। ਇਹਨਾ ਨੂੰ ਆਮਦਨ ਟੈਕਸ ਵਿੱਚ ਛੋਟ ਮਿਲਦੀ ਹੈ। ਇਹ ਲਗਭਗ ਸਾਰੇ ਸਿਆਸੀ ਦਲ 2000 ਰੁਪਏ ਤੱਕ ਦਾ ਨਕਦ ਚੰਦਾ ਲੈਣ ਦੇ ਨਿਯਮ ਦੀ ਆੜ ਵਿੱਚ ਗੁੰਮਨਾਮ ਸਮਰੱਥਕਾਂ ਦਾ ਚੰਦਾ ਵਿਖਾਕੇ ਅਰਬਾਂ ਰੁਪਏ ਦੇ ਕਾਲੇ ਧਨ ਨੂੰ ਰਾਜਨੀਤੀ ਵਿੱਚ ਖਪਾ ਦਿੰਦੇ ਹਨ। ਨੋਟਬੰਦੀ ਵੇਲੇ ਆਮ ਜਨਤਾ ਨੂੰ ਲੱਖ ਤਕਲੀਫਾਂ ਉਠਾਉਣੀਆਂ ਪਈਆਂ ਹੋਣ ਲੇਕਿਨ ਸਿਆਸੀ ਦਲਾਂ ਦੇ ਖਾਤਿਆਂ ਵਿੱਚ ਵੱਡੀ ਨਕਦੀ ਜਮ੍ਹਾਂ ਹੋਣ ਦੇ ਬਾਵਜੂਦ ਉਹਨਾ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।

ਇੰਟਰਨੈਟ ਅਤੇ ਸੋਸ਼ਲ ਮੀਡੀਆ ਦੇ ਰਾਹੀਂ ਪੂਰੇ ਦੇਸ਼ ਵਿੱਚ ਝੂਠੀਆਂ ਖ਼ਬਰਾਂ ਫੈਲਾਈਆਂ ਜਾ ਰਹੀਆਂ ਹਨ। ਪਿਛਲੀਆਂ ਚੋਣਾਂ ਵਿੱਚ ਸੋਸ਼ਲ ਮੀਡੀਆਂ ਦੇ ਰਾਹੀਂ ਪ੍ਰਚਾਰ ਅਤੇ ਇਸ਼ਤਿਹਾਰਾਂ ਉਤੇ 10 ਹਜ਼ਾਰ ਕਰੋੜ ਰੁਪਏ ਖਰਚ ਹੋਏ। ਇਹ ਇੱਕ ਤਰ੍ਹਾਂ ਨਾਲ ਚੋਣ ਵਿਵਸਥਾ ਦਾ ਸਮਾਨੰਤਰ ਤੰਤਰ ਹੈ, ਜਿਸ ਤੋਂ ਪ੍ਰਭਾਵਤ ਹੋਕੇ ਲੋਕ ਗਲਤ ਉਮੀਦਵਾਰ ਜਾਂ ਪਾਰਟੀਆਂ ਨੂੰ ਵੋਟ ਦੇ ਦਿੰਦੇ ਹਨ।

ਚੋਣਾਂ ਦੇ ਮਾਮਲੇ ਉਤੇ ਸਾਡੀ ਸ਼ਰਾਬ ਅਤੇ ਨਗਦੀ ਦੀ ਭੇਂਟ ਉਤੇ ਬਹਿਸ ਹੁੰਦੀ ਹੈ ਕਿ ਇਹ ਭ੍ਰਿਸ਼ਟਾਚਾਰ ਹੈ, ਪਰ ਮੋਟਰ ਸਾਈਕਲ ਰੈਲੀਆਂ, ਰੋਡ ਸ਼ੋ ਆਦਿ ਉਤੇ ਚੋਣ ਕਮਿਸ਼ਨ ਦੀ ਨਜ਼ਰ ਹੀ ਨਹੀਂ ਪੈਂਦੀ। ਪੂਰੀਆਂ ਚੋਣਾਂ ਦੌਰਾਨ ਰੋਡ ਸ਼ੋ ਅਤੇ ਮੋਟਰਸਾਈਕਲ ਰੈਲੀਆਂ ਵਿੱਚ ਕਾਰਾਂ-ਗੱਡੀਆਂ ਆਦਿ ਵਾਹਨ, ਡੀਜ਼ਲ-ਪੈਟਰੋਲ ਅਤੇ ਸਮਰੱਥਕਾਂ ਦੀ ਫੌਜ ਆਪਣੇ ਨਾਲ ਕਰਨ ਲਈ ਅਰਬਾਂ ਰੁਪਏ ਖਰਚੇ ਜਾਂਦੇ ਹਨ। ਇਹਨਾ ਰੈਲੀਆਂ 'ਚ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ। ਸੀਟ ਬੈਲਟ, ਹੈਲਮੈਟ ਬਿਨ੍ਹਾਂ ਪੁਲਿਸ ਲੋਕਾਂ ਦੇ ਚਲਾਨ ਕਰਦੀ ਹੈ, ਪਰ ਸਟਾਰ ਪ੍ਰਚਾਰਕ ਰੱਥ ਦੀ ਛੱਤ ਉਤੇ ਬੈਠਕੇ ਸੀਟ ਬੈਲਟ ਹੈਲਮਟਾਂ ਦੇ ਬਿਨ੍ਹਾਂ ਵਰਤੋਂ ਦੇ ਬੇਰੋਕ ਟੋਕ ਤਰਥੱਲੀ ਮਚਾਉਂਦੇ ਹਨ। ਇਹੋ ਕਿਸਮ ਦੇ ਰੋਡ ਸ਼ੋ ਅਤੇ ਵੱਡੀਆਂ ਭੀੜਾਂ ਕਾਰਨ ਭਾਰਤ ਵਿੱਚ ਰਾਜੀਵ ਗਾਂਧੀ ਦੀ ਹੱਤਿਆ ਹੋਈ ਸੀ।

ਦੇਸ਼ ਵਿੱਚ ਸੱਤ ਗੇੜਾਂ ਵਿੱਚ ਚੋਣਾਂ ਹੋਣੀਆਂ ਹਨ। ਚੋਣ ਕਮਿਸ਼ਨ ਦਾ ਕਹਿਣਾ ਹੈ ਕਿ ਸੁਰੱਖਿਆ ਵਿਵਸਥਾ ਸਹੀ ਰੱਖਣ ਲਈ ਸੱਤ ਗੇੜਾਂ 'ਚ ਚੋਣ ਕਰਾਉਣ ਦੀ ਲੋੜ ਪੈਂਦੀ ਹੈ। ਸੰਵਿਧਾਨ ਦੀ ਧਾਰਾ 324 ਆਜ਼ਾਦ ਅਤੇ ਨਿਰਪੱਖ ਚੋਣਾਂ ਕਰਾਉਣ ਦੀ ਗੱਲ ਕਹਿੰਦੀ ਹੈ। ਪਰ ਇਥੇ ਤਾਂ ਚੋਣਾਂ ਬੰਦੂਕ ਦੀ ਨੋਕ ਉਤੇ ਹੁੰਦੀਆਂ ਹਨ। ਚੋਣਾਂ ਨੂੰ ਅਸੀਂ ਲੋਕਤੰਤਰ ਦਾ ਉਤਸਵ ਕਹਿੰਦੇ ਨਹੀਂ ਥੱਕਦੇ ਪਰ ਅਸਲ ਵਿੱਚ ਦੇਖੀਏ ਤਾਂ ਇਥੇ ਲੋਕਤੰਤਰ ਨਾ ਦੀ ਚੀਜ਼ ਹੀ ਕੋਈ ਨਹੀਂ ਹੈ। ਅਸੀਂ ਕਹਿੰਦੇ ਹੋਏ ਨਹੀਂ ਥੱਕਦੇ ਕਿ ਦੇਸ਼ ਦੀ ਜਨਤਾ ਹੀ ਜਨਾਰਧਨ ਹੈ, ਉਹ ਹੀ ਸਭ ਕੁਝ ਤਹਿ ਕਰਦੀ ਹੈ। ਲੇਕਿਨ ਇਹ ਅਸਲ ਵਿੱਚ ਇਸ ਤਰ੍ਹਾਂ ਹੈ ? ਕੀ ਲੋਕਾਂ ਦੀ ਆਪਣੇ ਇਲਾਕੇ ਵਿੱਚ ਉਮੀਦਵਾਰ ਚੁਨਣ 'ਚ ਕੋਈ ਭੂਮਿਕਾ ਹੈ ? ਵੋਟਰ ਉਹਨਾ ਉਮੀਦਵਾਰਾਂ ਵਿਚੋਂ ਕਿਸੇ ਇੱਕ ਨੂੰ ਵੋਟ ਪਾਉਂਦਾ ਹੈ ਜਾਂ ਇੱਕ ਦੀ ਚੋਣ ਕਰਦਾ ਹੈ ਜਿਹਨਾ ਨੂੰ ਸਿਆਸੀ ਦਲ ਚੋਣ ਮੈਦਾਨ ਵਿੱਚ ਉਤਾਰ ਦੇਂਦੇ ਹਨ। ਇਸ ਤਰ੍ਹਾਂ ਵੋਟਰਾਂ ਵਲੋਂ ਆਪਣੀ ਪਸੰਦ ਦਾ ਉਮੀਦਵਾਰ ਚੁਣਨ ਦੇ ਬਦਲ ਨੂੰ ਤਾਂ ਸਿਆਸੀ ਪਾਰਟੀਆਂ ਹੀ ਖਤਮ ਕਰ ਦਿੰਦੀਆਂ ਹਨ। ਅਰਥਾਤ ਜਿਵੇਂ ਵੋਟਰ ਆਜ਼ਾਦ ਨਹੀਂ ਹੈ, ਇਵੇਂ ਹੀ ਸਾਂਸਦ ਅਤੇ ਵਿਧਾਇਕ ਵੀ ਆਜ਼ਾਦ ਨਹੀਂ ਹਨ। ਜੇਕਰ ਉਹ ਪਾਰਟੀਆਂ ਦੇ ਰੁਖ ਤੋਂ ਹਟਕੇ ਕਿਸੇ ਬਿੱਲ ਦਾ ਸਮਰੱਥਨ ਜਾਂ ਵਿਰੋਧ ਕਰਨਾ ਚਾਹੁਣ ਤਾਂ ਪਾਰਟੀ ਵਿੱਪ ਨਾਲ ਉਹਨਾ ਦੀ ਮੈਂਬਰੀ ਖਤਮ ਕੀਤੀ ਜਾ ਸਕਦੀ ਹੈ। ਇਸ ਦ੍ਰਿਸ਼ਟੀ ਨਾਲ ਵਿਚਾਰ ਕੀਤਾ ਜਾਵੇ ਤਾਂ ਸਾਡਾ ਲੋਕਤੰਤਰ ਖੋਖਲਾ ਲੋਕਤੰਤਰ ਹੈ। ਅਸੀਂ ਭਾਵੇਂ ਲੱਖ ਵੇਰ ਇਸਨੂੰ ਲੋਕਤੰਤਰ ਦਾ ਉਤਸਵ ਕਹੀਏ, ਪਰ ਇਹ ਇੱਕ ਦਿਖਾਵਾ ਹੀ ਹੈ।

ਰਾਜਨੀਤੀ ਵਿਚੋਂ ਅਪਰਾਧੀਆਂ ਨੂੰ ਦੂਰ ਕਰਨ ਅਤੇ ਚੋਣਾਂ ਸਾਫ-ਸੁਥਰੀਆਂ ਅਤੇ ਪਾਰਦਰਸ਼ੀ ਕਰਵਾਉਣ ਲਈ ਚੋਣ ਕਮਿਸ਼ਨ ਬਹੁਤ ਤੇਜ਼ੀ ਵਿਖਾਈ ਗਈ ਲੇਕਿਨ ਸਿਆਸੀ ਪਾਰਟੀਆਂ ਤੇ ਚੋਣ ਕਮਿਸ਼ਨ ਦੇ ਹੁਕਮਾਂ ਅਤੇ ਦਿੱਤੇ ਸੁਝਾਵਾਂ ਪ੍ਰਤੀ ਚੁੱਪ ਵੱਟ ਲਈ। ਇਸ ਮਾਮਲੇ ਵਿੱਚ ਸਾਰੇ ਸਿਆਸੀ ਦਲ ਇੱਕੋ ਹਨ। ਉਹ ਅਸਲ ਵਿੱਚ ਚੋਣ ਸੁਧਾਰ ਚਾਹੁੰਦੇ ਹੀ ਨਹੀਂ।

ਸਾਬਕਾ ਮੁੱਖ ਚੋਣ ਕਮਿਸ਼ਨਰ ਟੀ ਐਨ ਸੈਸ਼ਨ ਨੇ ਚੋਣ ਆਯੋਗ ਨੂੰ ਸੰਵਿਧਾਨ ਦੀ ਧਾਰਾ 324 ਦੇ ਤਹਿਤ ਮਿਲੇ ਅਧਿਕਾਰਾਂ ਤਹਿਤ ਨਿਰਪੱਖ ਅਤੇ ਆਜ਼ਾਦ ਚੋਣਾਂ ਕਰਾਉਣ ਲਈ ਅਧਿਕਾਰਾਂ ਦੀ ਭਰਪੂਰ ਵਰਤੋਂ ਕੀਤੀ ਸੀ, ਇਸ ਨਾਲ ਸਿਆਸੀ ਪਾਰਟੀਆਂ 'ਚ ਹਫ਼ੜਾ-ਦਫੜੀ ਮਚ ਗਈ ਸੀ। ਪਰੰਤੂ ਇਸ ਤੋਂ ਬਾਅਦ ਚੋਣ ਕਮਿਸ਼ਨ ਕਿਸੇ ਵੀ ਵੱਡੀ ਕਾਰਵਾਈ ਲਈ ਸਰਕਾਰ ਦੇ ਸਾਹਮਣੇ ਨਤਮਸਤਕ ਹੁੰਦਾ ਰਿਹਾ ਹੈ। ਇਸ ਵੇਲੇ ਤਾਂ ਸਥਿਤੀ ਇਹ ਹੈ ਕਿ ਚੋਣਾਂ ਦੇ ਦੌਰਾਨ ਕਨੂੰਨ ਡਾਲ-ਡਾਲ ਅਤੇ ਨੇਤਾ ਪਾਤ-ਪਾਤ ਹਨ। ਸ਼ਾਹੀ ਰੋਡ ਸ਼ੋ ਅਤੇ ਸੋਸ਼ਲ ਮੀਡੀਆ ਦੀ ਮਾਰਕੀਟਿੰਗ ਦੀ ਬਦੌਲਤ ਚੁਣੇ ਹੋਏ ਲੱਚਰ ਜਨਪ੍ਰਤੀਨਿਧੀਆਂ ਤੋਂ ਆਉਣ ਵਾਲੇ ਸਮੇਂ ਦੌਰਾਨ, ਚੋਣ ਸੁਧਾਰਾਂ ਦੇ ਲਈ ਸਖ਼ਤ ਨਿਯਮ ਬਨਾਉਣ ਦੀ ਉਮੀਦ ਵੀ ਕਿਵੇਂ ਰੱਖੀ ਜਾ ਸਕਦੀ ਹੈ ?

ਦੇਸ਼ ਦੇ ਲੋਕਤੰਤਰ ਦੇ ਬਚਾਅ ਲਈ ਨਿਰਪੱਖ ਚੋਣਾਂ ਜ਼ਰੂਰੀ ਹਨ। ਇਸ ਵਾਸਤੇ ਚੋਣ ਖਰਚੇ ਉਤੇ ਪਾਬੰਦੀ ਲਾਜ਼ਮੀ ਹੈ। ਜੇਕਰ ਗੈਰ-ਕਨੂੰਨੀ ਤਰੀਕੇ ਨਾਲ ਕੀਤੇ ਜਾ ਰੋਡ-ਸ਼ੋ ਅਤੇ ਮੋਟਰ ਸਾਈਕਲ ਰੈਲੀਆਂ ਉਤੇ ਚੋਣ ਕਮਿਸ਼ਨ ਰੋਕ ਲਗਾ ਦੇਵੇ ਤਾਂ ਲੋਕਾਂ ਦੀ ਸਮੇਂ ਦੀ ਬਰਬਾਦੀ ਦੇ ਨਾਲ ਨਾਲ ਧੰਨ ਦੀ ਬਰਬਾਦੀ ਵੀ ਰੁਕੇਗੀ ਅਤੇ ਪ੍ਰਦੂਸ਼ਣ ਵੀ ਰੁਕੇਗਾ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਕੰਪਨੀਆਂ ਉਤੇ ਲਗਾਮ ਕੱਸੀ ਜਾਵੇ ਤਾਂ ਕਿ ਝੂਠੀਆਂ ਖ਼ਬਰਾਂ ਅਤੇ ਪ੍ਰਚਾਰ ਨਾ ਹੋਵੇ। ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਦੀ ਚੋਣ ਉਤੇ ਰੋਕ ਤਾਂ ਹੋਣੀ ਹੀ ਚਾਹੀਦੀ ਹੈ, ਪਰ ਜਿਹਨਾ ਲੋਕ ਪ੍ਰਤੀਨਿਧੀਆਂ ਨੇ ਆਪਣੇ ਕਾਰਜਕਾਲ 'ਚ ਆਪਣੀ ਜਾਇਦਾਦ 'ਚ ਬੇਤਹਾਸ਼ਾ ਵਾਧਾ ਕੀਤਾ ਹੈ, ਉਸ ਦੀ ਪੁਛ ਛਾਣ ਉਪਰੰਤ ਉਸ ਦੇ ਚੋਣ ਲੜਨ ਤੇ ਰੋਕ ਲਗਾਈ ਜਾਣੀ ਚਾਹੀਦੀ ਹੈ।


**ਫਰੈਂਡਰਿਕ ਬੈਂਟਿੰਗ ਇੰਟਰਨੈਸ਼ਨਲ ਸਕੂਲ ਬਰੈਂਪਟਨ ਵਿਚ ਸਕੂਲੀ ਬੱਚਿਆਂ ਅਤੇ ਨਾਰਥ ਅਮਰੀਕਾ ਤਰਕਸ਼ੀਲ ਸੁਸਾਇਟੀ ਵਲੋਂ 24 ਮਾਰਚ ਨੂੰ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਜਲ੍ਹਿਆਂਵਾਲੇ ਬਾਗ ਦੀ 100ਵੀਂ ਵਰ੍ਹੇਗੰਢ ਮਨਾਈ ਗਈ ਜਿਸ ਵਿਚ ਬੱਚਿਆਂ ਦੇ ਸੁੰਦਰ ਲਿਖਾਈ ਅਤੇ ਭਾਸ਼ਣ ਮੁਕਾਬਲੇ ਕਰਵਾਏ, ਜਿਸ ਦੀਆਂ ਮੂੰਹ ਬੋਲਦੀਆਂ ਤਸਵੀਰਾਂ।**













# ਮਾਰਕਸ ਦੀ ਪੂੰਜੀ ਦੇ ਕੁੱਝ ਮਹੱਤਵਪੂਰਨ ਪੱਖ



ਅਜਾਇਬ ਸਿੰਘ ਟਿਵਾਣਾ



ਲਗਭਗ 150 ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਿਆ ਹੈ ਜਦੋਂ ਮਾਰਕਸ ਦੀ ਰਾਜਨੀਤਕ ਆਰਥਿਕਤਾ ਬਾਰੇ ਯੁੱਗ ਪਲਟਾਊ ਲਿਖਤ ਪੂੰਜੀ ਦੀ ਪਹਿਲੀ ਜਿਲਦ ਛਪੀ ਸੀ। ਦੂਸਰੀਆਂ ਦੋ ਜਿਲਦਾਂ ਮਾਰਕਸ ਦੀ ਮੌਤ ਤੋਂ ਬਾਅਦ ਮਾਰਕਸ ਦੇ ਸਭ ਤੋਂ ਕਰੀਬੀ ਦੋਸਤ ਫ਼ਰੈਡਰਿਕ ਐਂਗਲਜ਼ ਨੇ ਸੰਪਾਦਿਤ ਕੀਤੀਆਂ ਅਤੇ ਛਪਵਾਈਆਂ। ਉਦੋਂ ਤੋਂ ਹੁਣ ਤੱਕ ਅੰਗਰੇਜ਼ੀ, ਫਰਾਂਸੀਸੀ, ਰੂਸੀ, ਚੀਨੀ, ਹਿੰਦੀ ਅਤੇ ਪੰਜਾਬੀ ਸਮੇਤ ਦੁਨੀਆਂ ਦੀਆਂ ਅਨੇਕਾਂ ਭਾਸ਼ਾਵਾਂ ਵਿੱਚ ਪੂੰਜੀ ਦਾ ਅਨੁਵਾਦ ਹੋ ਚੁੱਕਾ ਹੈ। ਡੇਵਿਡ ਹਾਰਵੇ, ਮਾਈਕਲ ਹੇੱਨਰਿਕ, ਐਲਨ ਮੇਕਸਿਨਸ ਵੁੱਡ ਅਤੇ ਇਸਤਵਾਨ ਮੇਸਾਰੋਸ ਵਰਗੇ ਅਨੇਕਾਂ ਸੰਸਾਰ ਪ੍ਰਸਿੱਧ ਵਿਦਵਾਨ ਪੂੰਜੀ ਬਾਰੇ ਬਹੁਤ ਕੁੱਝ ਨਵਾਂ ਲਿਖ ਚੁੱਕੇ ਹਨ ਅਤੇ ਉਨ੍ਹਾਂ ਵੱਲੋਂ ਇਸ ਮਸਲੇ ਤੇ ਕੀਤੀ ਗਈ ਵਿਚਾਰ ਚਰਚਾ ਦੀਆਂ ਵੀਡੀਓਜ਼ ਵੀ ਸ਼ੋਸ਼ਲ ਮੀਡੀਆ 'ਤੇ ਉਪਲਬਧ ਹਨ। ਇਹ ਦੁਨੀਆਂ ਭਰ ਦੀਆਂ ਯੂਨੀਵਰਸਿਟੀਆਂ ਦੇ ਸਮਾਜ ਵਿਗਿਆਨ ਦੇ ਵੱਖ ਵੱਖ ਵਿਸ਼ਿਆਂ ਦੇ ਪਾਠਕ੍ਰਮ ਦਾ ਹਿੱਸਾ ਰਹੀ ਹੈ ਅਤੇ ਹੁਣ ਵੀ ਹੈ। ਅੱਜ ਵੀ ਇਹ ਪੂੰਜੀਵਾਦੀ ਪ੍ਰਬੰਧ ਦੇ ਵਿਰੋਧੀਆਂ ਅਤੇ ਹਮਾਇਤੀਆਂ ਦੋਵਾਂ ਲਈ ਹਵਾਲਾ ਪੁਸਤਕ ਬਣੀ ਹੋਈ ਹੈ। ਮਾਰਕਸਵਾਦੀ ਪੂੰਜੀਵਾਦੀ ਪ੍ਰਬੰਧ ਨੂੰ ਸਮਝਣ ਲਈ ਇਸ ਤੋਂ ਸੇਧ ਲੈਂਦੇ ਹਨ ਜਦੋਂਕਿ ਪੂੰਜੀਵਾਦੀ ਆਪਣੇ ਸੰਕਟ 'ਚੋਂ ਨਿਕਲਣ ਲਈ ਇਸ ਦਾ ਅਧਿਅਨ ਕਰਦੇ ਹਨ। 2008 'ਚ ਪੂੰਜੀਵਾਦੀ ਮੰਦਵਾੜੇ ਦੇ ਸੰਕਟ ਸਮੇਂ ਫਰਾਂਸ ਦੇ ਰਾਸ਼ਟਰਪਤੀ ਨੇ ਮਾਰਕਸ ਦੀ ਪੂੰਜੀ ਨੂੰ ਉਚੇਚੇ ਤੌਰ 'ਤੇ ਪੜ੍ਹਨ ਦੀ ਗੱਲ ਇਸੇ ਪ੍ਰਸੰਗ ਵਿੱਚ ਕੀਤੀ ਸੀ। ਮਾਰਕਸ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਪੂੰਜੀਵਾਦੀ ਪ੍ਰਬੰਧ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਹੋਈਆਂ ਹਨ ਅਤੇ ਇਹ ਪ੍ਰਬੰਧ ਬੇਹੱਦ ਗੁੰਝਲਦਾਰ ਹੋਇਆ ਹੈ। ਇਸ ਦੇ ਅਜ਼ਾਦ ਮੁਕਾਬਲੇ ਦੇ ਦੌਰ ਤੋਂ ਬਾਅਦ ਇਜਾਰੇਦਾਰੀ ਦੇ ਦੌਰ 'ਚ ਪ੍ਰਵੇਸ਼ ਕਰਨ ਨੂੰ ਵੀ. ਆਈ. ਲੈਨਿਨ ਨੇ ਆਪਣੀ ਪੁਸਤਕ "ਸਾਮਰਾਜ ਸਰਮਾਏਦਾਰੀ ਦੀ ਸਰਵਉੱਚ ਅਵਸਥਾ" ਵਿੱਚ ਨੋਟ ਕੀਤਾ ਸੀ। ਹੁਣ ਕੰਪਿਊਟਰ, ਮੋਬਾਈਲ ਫੋਨ, ਇੰਟਰਨੈੱਟ, ਰੋਬੋਟ, ਆਟੋਮੇਸ਼ਨ ਆਦਿ ਅਧੁਨਿਕ ਤਕਨੀਕ ਦਾ ਹਿੱਸਾ ਬਣੇ ਹਨ। ਸਮੁੱਚੀ ਮਨੁੱਖਤਾ ਦਾ ਨਾਸ ਕਰ ਸਕਣ ਵਾਲੇ ਪ੍ਰਮਾਣੂ ਹਥਿਆਰ ਈਜਾਦ ਕੀਤੇ ਜਾ ਚੁੱਕੇ ਹਨ। ਵਿਗਿਆਨਕ ਖੋਜਾਂ ਅਤੇ ਕਾਢਾਂ ਕਾਰਨ ਪੂਰੀ ਦੁਨੀਆਂ ਦੀ ਥਾਹ ਪਾਉਣ ਤੋਂ ਬਾਅਦ ਮਨੁੱਖ ਦੀ ਪਹੁੰਚ ਪੁਲਾੜ ਤੱਕ ਬਣ ਚੁੱਕੀ ਹੈ। ਪਰੰਤੂ ਵਿਗਿਆਨ ਦੇ ਖੇਤਰ ਵਿੱਚ ਅਥਾਹ ਤਰੱਕੀ ਹੋਣ ਦੇ ਬਾਵਜੂਦ ਸਰਮਾਏਦਾਰ ਜਮਾਤ ਨੂੰ ਪੂੰਜੀਵਾਦੀ ਪ੍ਰਬੰਧ ਦੇ ਅੰਤਰਨਿਹਿਤ ਅੰਤਰ ਵਿਰੋਧਾਂ ਦੇ ਸਿੱਟੇ ਵਜੋਂ ਇਸ ਨੂੰ ਪੈਂਦੇ ਮਿਆਦੀ ਦੌਰਿਆਂ ਦੇ ਸੰਕਟ ਦਾ ਕੋਈ ਸਥਾਈ ਹੱਲ ਨਹੀਂ ਮਿਲ ਸਕਿਆ। ਕਾਰਲ ਮਾਰਕਸ ਨੇ 19ਵੀਂ ਸਦੀ ਦੇ ਮੱਧ ਵਿੱਚ ਪੂੰਜੀਵਾਦੀ ਪ੍ਰਬੰਧ ਦਾ ਵਿਸ਼ਲੇਸ਼ਣ ਕੀਤਾ ਸੀ ਜਿਸ ਨੂੰ ਵਿਗਿਆਨਕ ਗਿਆਨ ਦੇ ਸਿਧਾਂਤ ਅਨੁਸਾਰ ਦੇਖਿਆਂ ਕਿਸੇ ਅੰਤਿਮ ਸਚਾਈ ਦਾ ਦਰਜਾ ਦੇਣਾ ਤਾਂ ਗਲਤ ਹੋਵੇਗਾ ਪਰੰਤੂ ਪੂੰਜੀਵਾਦੀ ਪ੍ਰਬੰਧ ਨੂੰ ਸਮਝਣ ਲਈ ਜੋ ਤਰਕ ਸੰਗਤ ਵਿਧੀ ਉਸ ਨੇ ਅਪਣਾਈ ਉਹ ਅੱਜ ਵੀ ਅਮਲਯੋਗ ਹੈ। ਇੱਕ ਪਾਸੇ ਵਰਤਮਾਨ ਵਿਸ਼ਵ ਵਿਆਪੀ ਬੇਰੁਜ਼ਗਾਰੀ ਹੈ ਅਤੇ ਦੂਸਰੇ ਪਾਸੇ ਆਮਦਨ ਦੀ ਬੇਥਾਹ ਅਸਮਾਨਤਾ ਜਿਸ ਵਿੱਚ ਦੁਨੀਆਂ ਦੀ ਦੌਲਤ ਦਾ ਵੱਡਾ ਹਿੱਸਾ 10% ਨਹੀਂ 20% ਨਹੀਂ ਬਲਕਿ 1% ਪੂੰਜੀਪਤੀਆਂ ਦੇ ਹੱਥਾਂ ਵਿੱਚ ਕੇਂਦਰਿਤ ਹੋ ਚੁੱਕਾ ਹੈ ਅਤੇ ਅੱਗੇ ਹੋ ਰਿਹਾ ਹੈ। ਇਸ ਪ੍ਰਸੰਗ 'ਚ ਨੋਬਲ ਇਨਾਮ ਜੇਤੂ ਅਰਥਸ਼ਾਸਤਰੀ ਜੋਸਿਫ ਸਟਿਗਲਟਸ ਨੇ ਆਪਣੀਆਂ ਕਿਤਾਬਾਂ "ਦ ਪਰਾਈਸ ਆੱਵ ਇਨਇਉਕਲਟੀ" ਅਤੇ ਉਦ ਗਰੇਟ ਡਿਵਾਇਡ" ਵਿੱਚ ਆਰਥਿਕ ਪਖੋਂ ਸਭ ਤੋਂ ਮਜਬੂਤ ਕਹੇ ਜਾਂਦੇ ਦੇਸ਼ ਸੰਯੁਕਤ ਰਾਜ ਅਮਰੀਕਾ ਲਈ ਵੀ ਖਤਰੇ ਦੀਆਂ ਘੰਟੀਆਂ ਵਜਾਈਆਂ ਹਨ। ਜੀਵਨ ਹਾਲਤਾਂ 'ਚ ਵੱਡੀ ਅਸਮਾਨਤਾ ਵਿਸ਼ਵ ਭਰ 'ਚ ਅੰਨ੍ਹੇ ਪ੍ਰਵਾਸ ਨੂੰ ਜਨਮ ਦੇ ਰਹੀ ਹੈ। ਇਹ ਪੁਸਤਕ (ਪੂੰਜੀ) ਅਜਿਹੇ ਲੁੱਟ ਅਤੇ ਜਬਰ ਦੀ ਬੁਨਿਆਦ 'ਤੇ ਅਧਾਰਿਤ ਅਜੋਕੇ ਪੂੰਜੀਵਾਦੀ ਪ੍ਰਬੰਧ ਨੂੰ ਸਮਝਣ ਅਤੇ ਤਬਦੀਲ ਕਰਨ ਲਈ ਸੰਘਰਸ਼ਸ਼ੀਲ ਤਾਕਤਾਂ ਲਈ ਅੱਜ ਵੀ ਪ੍ਰਸੰਗਿਕ ਹੈ। ਮਾਈਕਲ ਹੇਨਰਿਕ ਦੇ ਸ਼ਬਦਾਂ 'ਚ "150 ਸਾਲਾਂ ਤੋਂ ਵੱਧ ਸਮਾਂ ਪਹਿਲਾਂ ਲਿਖੀ ਪੂੰਜੀ ਪੂੰਜੀਵਾਦ ਦਾ ਵਧੇਰੇ ਵਿਸਤ੍ਰਿਤ ਵਿਸ਼ਲੇਸ਼ਣ ਪ੍ਰਦਾਨ ਕਰਦੀ ਹੈ ਅਤੇ ਵਰਤਮਾਨ ਲੱਛੇਦਾਰ ਪੁਲੰਦਿਆਂ ਦੇ ਰੂਪ 'ਚ ਲਿਖੀਆਂ ਕਿਰਤਾਂ ਨਾਲੋਂ ਕਈ ਤਰ੍ਹਾਂ ਨਾਲ ਵਧੇਰੇ ਸਮਕਾਲੀ ਹੈ"। ਇਹੀ ਕਾਰਨ ਹੈ ਕਿ ਅਗਰ 21ਵੀਂ ਸਦੀ ਵਿੱਚ ਵੀ ਜੇਕਰ ਕੋਈ ਬੁਨਿਆਦੀ ਤੌਰ ਤੇ ਪੂੰਜੀਵਾਦ ਨੂੰ ਸਮਝਣਾ ਚਾਹੁੰਦਾ ਹੈ ਤਾਂ ਉਹ ਮਾਰਕਸ ਦੀ ਪੂੰਜੀ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦਾ।

2266 ਪੰਨਿਆਂ (ਪ੍ਰੋਗਰੈੱਸ ਪਬਲਿਸ਼ਰਜ਼ ਮਾਸਕੋ-1978 ਦੀ ਛਾਪ ਅਨੁਸਾਰ) ਦੇ ਵਿਸਤਾਰ ਵਾਲੀ ਇਹ ਪੁਸਤਕ ਤਿੰਨ ਜਿਲਦਾਂ 'ਚ ਉਪਲਬਧ ਹੈ। ਮਾਰਕਸ ਵੱਲੋਂ ਇਸ ਦਾ ਉੱਪ ਸਿਰਲੇਖ 'ਰਾਜਨੀਤਕ ਆਰਥਿਕਤਾ ਦਾ ਅਲੋਚਨਾਤਮਿਕ ਵਿਸ਼ਲੇਸ਼ਣ' ਰੱਖਿਆ ਗਿਆ ਸੀ ਕਿਉਂਕਿ ਅੱਜ ਦੇ ਅਰਥਸ਼ਾਸਤਰ ਵਿਸ਼ੇ ਨੂੰ 19ਵੀਂ ਸਦੀ ਵਿੱਚ ਮੋਟੇ ਤੌਰ 'ਤੇ ਰਾਜਨੀਤਕ ਆਰਥਿਕਤਾ ਕਿਹਾ ਜਾਂਦਾ ਸੀ। ਪਹਿਲੀ ਜਿਲਦ ਪੂੰਜੀ ਦੇ ਉਤਪਾਦਨ ਨਾਲ, ਦੂਸਰੀ ਪੂੰਜੀ ਦੇ ਗੇੜ ਨਾਲ ਅਤੇ ਤੀਸਰੀ ਪੂੰਜੀਵਾਦੀ ਪੈਦਾਵਾਰ ਦੇ ਸਮੁੱਚੇ ਅਮਲ ਨਾਲ ਸੰਬੰਧਿਤ ਹੈ। ਲੰਬਾ ਵਿਸਤਾਰ ਪਾਠਕ ਲਈ ਕੁੱਝ ਸਮੱਸਿਆ ਜ਼ਰੂਰ ਪੈਦਾ ਕਰਦਾ ਹੈ ਪਰੰਤੂ ਤਿੰਨੇ ਭਾਗ ਇੱਕ ਦੂਜੇ ਦੇ ਪੂਰਕ ਹਨ। ਪਹਿਲੀ ਜਿਲਦ ਵਿੱਚ ਵਿਚਾਰੇ ਗਏ ਮੁੱਲ ਅਤੇ ਵਾਧੂ ਮੁੱਲ ਦੇ ਸਿਧਾਂਤ ਨੂੰ ਪੂਰੀ ਤਰ੍ਹਾਂ ਸਮਝਣ ਲਈ ਤੀਸਰੀ ਜਿਲਦ ਦੇ ਅੰਤ ਤੱਕ ਪੜ੍ਹਨਾ ਜ਼ਰੂਰੀ ਹੈ। ਪ੍ਰਮੁੱਖ ਰੂਪ 'ਚ ਇਹ ਇੱਕ ਸਿਧਾਂਤਿਕ ਕਿਰਤ ਹੈ ਜੋ ਪੂਰੀ ਤਰ੍ਹਾਂ ਵਿਕਸਤ ਪੂੰਜੀਵਾਦੀ ਪ੍ਰਬੰਧ ਦਾ ਵਿਸ਼ਲੇਸ਼ਣ ਕਰਦੀ ਹੈ। ਇਸ ਵਿੱਚ ਮਾਰਕਸ ਪੂੰਜੀਵਾਦੀ ਪ੍ਰਬੰਧ ਨੂੰ ਇੱਕ ਵਿਸ਼ੇਸ਼ ਇਤਿਹਾਸਕ ਪੈਦਾਵਾਰ ਦਾ ਢੰਗ ਸਮਝਦਾ ਹੈ ਜੋ ਦੂਸਰੇ ਪੈਦਾਵਰ ਦੇ ਢੰਗਾਂ ਜਿਵੇਂ ਕਿ ਗੁਲਾਮਦਾਰੀ ਜਾਂ ਜਗੀਰਦਾਰੀ ਪ੍ਰਬੰਧ ਦੇ ਪੈਦਾਵਾਰੀ ਢੰਗਾਂ ਤੋਂ ਬੁਨਿਆਦੀ ਤੌਰ 'ਤੇ ਵੱਖਰਾ ਹੈ। ਸੋ ਇਸ ਵਿਚ ਮੂਲ ਰੂਪ ਵਿੱਚ ਮਾਰਕਸ ਦਾ ਸਰੋਕਾਰ ਪੂੰਜੀਵਾਦੀ ਸਮਾਜ ਦੀ ਆਰਥਿਕ ਬਣਤਰ ਨਾਲ ਹੈ ਜਿਸ ਨੂੰ ਕਿ ਮੌਜੂਦਾ ਕਿਰਤ (ਪੁਸਤਕ) ਦਾ ਧੁਰਾ ਬਣਾਇਆ ਗਿਆ ਹੈ। ਕਾਰਲ ਮਾਰਕਸ ਨੇ ਆਰਥਿਕ ਮਦਾਂ ਜਿਨਸ, ਵਟਾਂਦਰਾ ਮੁੱਲ, ਵਾਧੂ ਮੁੱਲ, ਧਨ, ਕੀਮਤ ਆਦਿ ਦੀ ਸਤਹੀ ਦਿੱਖ ਪਿੱਛੇ ਕੰਮ ਕਰਦੇ ਸਮਾਜਿਕ ਰਿਸ਼ਤਿਆਂ ਨੂੰ ਉਜਾਗਰ ਕੀਤਾ ਅਤੇ ਇਹਨਾਂ ਰਿਸ਼ਤਿਆਂ ਦੇ ਪ੍ਰਸੰਗ 'ਚ ਇਹਨਾਂ ਦੀ ਵਿਆਖਿਆ ਕੀਤੀ।

ਮਾਰਕਸ ਪੂੰਜੀ ਦੀ ਸ਼ੁਰੂਆਤ ਜਿਨਸ ਦੇ ਵਿਸ਼ਲੇਸ਼ਣ ਨਾਲ ਕਰਦਾ ਹੈ।ਕੋਈ ਵਸਤੂ ਜਿਨਸ ਹੁੰਦੀ ਹੈ ਜੇਕਰ ਇਸ ਦਾ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਇਸ ਦਾ ਵਰਤੋਂ ਮੁੱਲ ਤੋਂ ਇਲਾਵਾ ਵਟਾਂਦਰਾ ਮੁੱਲ ਹੈ। ਵਟਾਂਦਰਾ ਮੁੱਲ ਵਸਤੂਆਂ ਦਾ ਕੁਦਰਤੀ ਗੁਣ ਨਹੀਂ ਬਲਕਿ ਸਮਾਜਿਕ ਗੁਣ ਹੈ। ਵਸਤੂ ਇਹ ਗੁਣ ਉਸ ਸਮਾਜ ਵਿੱਚ ਹੀ ਪ੍ਰਾਪਤ ਕਰ ਸਕਦੀ ਹੈ ਜਿਸ ਵਿੱਚ ਵਟਾਂਦਰਾ ਚਲਦਾ ਹੋਵੇ ਜਦੋਂਕਿ ਵਰਤੋਂ ਮੁੱਲ ਕਿਸੇ ਦੌਲਤ ਦਾ ਪਦਾਰਥਕ ਤੱਤ ਹੁੰਦਾ ਹੈ ਜਿਸ ਦਾ ਸਮਾਜਿਕ ਰੂਪ ਭਾਵੇਂ ਕੋਈ ਵੀ ਹੋਵੇ। ਉਦਾਹਰਣ ਦੇ ਤੌਰ 'ਤੇ ਇੱਕ ਕੁਰਸੀ ਦਾ ਕੁਦਰਤੀ ਰੂਪ ਇਸ ਦੀ ਪਦਾਰਥਕ ਬਣਤਰ ਹੁੰਦੀ ਹੈ। ਉਹ ਲੱਕੜ ਜਾਂ ਲੋਹਾ ਕੋਈ ਵੀ ਹੋ ਸਕਦੀ ਹੈ। ਵਟਾਂਦਰੇ ਦੀਆਂ ਵਿਅਕਤੀਗਤ ਕਾਰਵਾਈਆਂ ਹਰੇਕ ਸਮਾਜ ਵਿੱਚ ਹੁੰਦੀਆਂ ਰਹੀਆਂ ਹਨ ਪਰੰਤੂ ਇਹ ਪੂੰਜੀਵਾਦੀ ਸਮਾਜ ਦਾ ਖ਼ਾਸ ਲੱਛਣ ਹੈ ਕਿ ਇੱਥੇ ਲਗਭਗ ਹਰ ਚੀਜ਼ ਦਾ ਵਟਾਂਦਰਾ ਹੁੰਦਾ ਹੈ। ਇਸ ਪ੍ਰਸੰਗ ਵਿੱਚ ਕਿਉਂਕਿ ਸੇਵਾਵਾਂ ਦਾ ਵੀ ਵਟਾਂਦਰਾ ਹੋ ਸਕਦਾ ਹੈ ਇਸ ਲਈ ਉਹ ਵੀ ਜਿਨਸ ਬਣ ਜਾਂਦੀਆਂ ਹਨ। ਇੱਥੇ ਆ ਕੇ ਵਟਾਂਦਰਾ ਇੱਕ ਨਿਯਮ ਬਣ ਜਾਂਦਾ ਹੈ। ਮਾਰਕਸ ਨੇ ਕਲਾਸੀਕਲ ਅਤੇ ਨਵਕਲਾਸੀਕਲ ਅਰਥਸ਼ਾਸਤਰੀਆਂ ਐਡਮ ਸਮਿੱਥ ਅਤੇ ਰਿਕਾਰਡੋ ਆਦਿ ਵੱਲੋਂ ਪੇਸ਼ ਕੀਤੀਆਂ ਧਾਰਨਾਵਾਂ ਨੂੰ ਰੱਦ ਕਰਦਿਆਂ ਜਿਨਸਾਂ ਦੇ ਮੁੱਲ ਅਤੇ ਨਿਰਪੇਖ ਮੁੱਲ ਨੂੰ ਉਨਾਂ ਦੇ ਜੱਦੀ ਗੁਣਾਂ ਦੀ ਥਾਂ ਮਨੁੱਖਾਂ ਦੇ ਸਮਾਜਿਕ ਸੰਬੰਧਾਂ ਦੀ ਪੈਦਾਵਾਰ ਦੇ ਰੂਪ 'ਚ ਬਿਆਨ ਕੀਤਾ। ਮਾਰਕਸ ਅਨੁਸਾਰ ਕਿਰਤ ਦੀ ਕੋਈ ਵੀ ਪੈਦਾਵਾਰ ਵੱਖਰੇ ਤੌਰ 'ਤੇ ਆਪਣੇ ਆਪ 'ਚ ਕੋਈ ਮੁੱਲ ਨਹੀਂ ਹੁੰਦੀ ਨਾ ਹੀ ਇਹ ਇੱਕ ਜਿਨਸ ਹੁੰਦੀ ਹੈ। ਇਹ ਜਿਨਸ ਉਦੋਂ ਬਣਦੀ ਹੈ ਜਦੋਂ ਇਸ ਦੀ ਕਿਰਤ ਦੀ ਕਿਸੇ ਹੋਰ ਉਪਜ ਨਾਲ ਏਕਤਾ ਹੁੰਦੀ ਹੈ। ਇਸੇ ਤਰ੍ਹਾਂ ਮਾਰਕਸ ਜਿਣਸ ਅਤੇ ਧਨ ਦੇ ਸਧਾਰਨ ਗੇੜ 'ਚ ਧਨ ਦੇ ਤਿੰਨ ਬੁਨਿਆਦੀ ਕਾਰਜਾਂ 'ਚ ਵਖਰੇਵਾਂ ਕਰਦਾ ਹੈ। ਇਹ ਤਿੰਨ ਕਾਰਜ ਹਨ 1. ਧਨ ਮੁੱਲ ਦੇ ਮਾਪ ਦੇ ਤੌਰ 'ਤੇ 2. ਗੇੜ (circulation) ਦੇ ਸਾਧਨ ਦੇ ਤੌਰ 'ਤੇ ਜਿੱਥੇ ਇਹ ਵਸਤੂਆਂ ਦੇ ਅਸਲ ਵਟਾਂਦਰੇ ਦੇ ਸਾਲਸੀ ਦੇ ਤੌਰ 'ਤੇ ਕੰਮ ਕਰਦਾ ਹੈ ਅਤੇ 3. ਮੁੱਲ ਦੇ ਅਜ਼ਾਦ ਸਾਕਾਰ ਰੂਪ ਦੇ ਤੌਰ 'ਤੇ। ਸਿਰਫ਼ ਤੀਸਰੇ ਕਾਰਜ ਵਿੱਚ ਇਹ ਅਸਲੀ ਧਨ ਦੇ ਤੌਰ 'ਤੇ ਕਾਰਜ ਕਰਦਾ ਹੈ ਜਿਸ ਵਿੱਚ ਮੁੱਲ ਦੇ ਆਕਾਰ (magnitude) ਅਤੇ ਗੇੜ ਦੇ ਸਾਧਨ ਦੀ ਏਕਤਾ ਹੋ ਜਾਂਦੀ ਹੈ। ਮੁੱਲ ਦੇ ਅਜ਼ਾਦ ਪ੍ਰਗਟਾਵੇ ਦੇ ਅਰਥਾਂ 'ਚ ਅਸਲ ਧਨ ਦੇ ਬਹੁਤ ਹੀ ਖ਼ਾਸ ਕਾਰਜ ਹੁੰਦੇ ਹਨ ਜਿਵੇਂ ਕਿ ਭੰਡਾਰ ਕਰਨ ਲਈ, ਅਦਾਇਗੀ ਦੇ ਸਾਧਨ ਦੇ ਰੂਪ 'ਚ ਅਤੇ ਸਰਵਵਿਆਪੀ ਧਨ ਦੇ ਤੌਰ 'ਤੇ। ਭੰਡਾਰ ਦੇ ਤੌਰ 'ਤੇ ਧਨ ਨੂੰ ਗੇੜ ਚੋਂ ਪਿੱਛੇ ਖਿੱਚ ਲਿਆ ਜਾਂਦਾ ਹੈ ਅਤੇ ਇਹ ਗੇੜ ਦੀ ਪ੍ਰਕਿਰਿਆ ਤੋਂ ਬਾਹਰ ਮੁੱਲ ਦੇ ਅਜ਼ਾਦ ਪ੍ਰਗਟਾਵੇ ਦਾ ਕੰਮ ਕਰਦਾ ਹੈ। ਅਦਾਇਗੀ ਦੇ ਸਾਧਨ ਦੇ ਰੂਪ 'ਚ ਗੇੜ ਵਾਲੇ ਸਾਧਨ ਦੀ ਤਰਤੀਬ ਉਲਟੀ ਹੋ ਜਾਂਦੀ ਹੈ। ਜਿਣਸ ਦਾ ਮਾਲਕ ਪਹਿਲਾਂ ਖਰੀਦ ਕਰਦਾ ਹੈ ਅਤੇ ਫਿਰ ਅਦਾਇਗੀ ਕਰਨ ਲਈ ਵਿਕਰੀ ਦਾ ਕਾਰਜ ਕਰਦਾ ਹੈ। ਇਸ ਤੋਂ ਇਲਾਵਾ ਵਿਸ਼ਵ ਮੰਡੀ ਵਿੱਚ ਧਨ ਵਿਸ਼ਵ ਧਨ ਦੇ ਤੌਰ ਤੇ ਕਾਰਜ ਕਰਦਾ ਹੈ। ਪੂੰਜੀ ਵਿੱਚ ਮਾਰਕਸ ਇਹ ਮੰਨ ਕੇ ਚਲਦਾ ਹੈ ਕਿ ਧਨ ਨੂੰ ਹਮੇਸ਼ਾਂ ਕਿਸੇ ਵਿਸ਼ੇਸ਼ ਜਿਣਸ ਜਿਵੇਂ ਕਿ ਸੋਨਾ ਚਾਂਦੀ ਆਦਿ ਨਾਲ ਜੋੜਨਾ ਪੈਣਾ ਹੈ। ਪਰੰਤੂ 1970 'ਚ ਸੋਨੇ ਨੂੰ ਅਜਿਹੀ ਸੰਬੰਧਿਤ ਜਿਣਸ ਦੇ ਰੂਪ 'ਚ ਸਮਾਪਤ ਕਰ ਦਿੱਤਾ ਗਿਆ। ਉਦੋਂ ਤੋਂ ਲੈ ਕੇ ਹੁਣ ਤੱਕ ਕੋਈ ਵੀ ਅਜਿਹੀ ਜਿਣਸ ਨਹੀਂ ਜੋ ਕੌਮੀ ਜਾਂ ਕੌਮਾਂਤਰੀ ਪੱਧਰ ਤੇ ਧਨ-ਜਿਣਸ ਦੇ ਰੂਪ 'ਚ ਕੰਮ ਕਰਦੀ ਹੋਵੇ। ਅੱਜ ਕਲ ਰਾਜ ਦੀਆਂ ਕੇਂਦਰੀ ਬੈਂਕਾਂ ਦੁਆਰਾ ਜਾਰੀ ਕੀਤਾ ਜਾਂਦਾ ਕਾਗਜ਼ੀ ਧਨ ਹੀ ਅਸਲ ਧਨ ਹੈ। ਮਾਰਕਸ ਧਨ-ਜਿਣਸ ਤੋਂ ਬਿਨਾਂ ਪੂੰਜੀਵਾਦੀ ਧਨ ਪ੍ਰਣਾਲੀ ਦੀ ਕਲਪਨਾ ਨਹੀਂ ਕਰ ਸਕਿਆ ਸੀ। ਮਾਈਕਲ ਹੇੱਨਰਿਕ ਅਨੁਸਾਰ ਪੂੰਜੀਵਾਦੀ ਕਰਜ਼ ਪ੍ਰਣਾਲੀ (capitalist credit system) ਨੂੰ ਧਿਆਨ 'ਚ ਰੱਖਕੇ ਹੀ ਇਹ ਗੱਲ ਸਮਝ 'ਚ ਆਉਂਦੀ ਹੈ ਕਿ ਧਨ-ਜਿਨਸ ਦੀ ਹੋਂਦ ਮਹਿਜ ਇਤਿਹਾਸਕ ਤੌਰ 'ਤੇ ਅਸਥਾਈ ਅਵਸਥਾ ਦਾ ਮਾਮਲਾ ਸੀ। ਪਰੰਤੂ ਇਹ ਪੂੰਜੀਵਾਦੀ ਉਤਪਾਦਨ ਢੰਗ ਦੀ ਆਦਰਸ਼ ਔਸਤ ਦੇ ਅਨੁਸਾਰ ਨਹੀਂ ਹੈ। ਮਾਰਕਸ ਦੀ ਸਮਝ ਅਨੁਸਾਰ ਇਹ ਸਭ ਚੀਜ਼ਾਂ (ਜਿਨਸ, ਧਨ ਆਦਿ) ਮਨੁੱਖਾਂ ਦੇ ਖ਼ਾਸ ਵਿਵਹਾਰ ਦੀ ਉੱਪਜ ਹਨ। ਇਸ ਲਈ ਜਿਣਸ ਅਤੇ ਧਨ ਤੋਂ ਬਿਨਾਂ ਵੀ ਸਮਾਜ ਦੀ ਹੋਂਦ ਹੋ ਸਕਦੀ ਹੈ।

ਜਿਨਸਾਂ ਅਤੇ ਧਨ ਦੇ ਜੜ੍ਹ ਪੂਜਨ (Fetishism) ਦੇ ਭੇਦ ਨੂੰ ਉਜਾਗਰ ਕਰਦਿਆਂ ਮਾਰਕਸ ਕਹਿੰਦਾ ਹੈ ਕਿ ਪਹਿਲੀ ਨਜ਼ਰ ਇੱਕ ਜਿਣਸ ਬੇਹੱਦ ਪ੍ਰਤੱਖ, ਮਾਮੂਲੀ ਚੀਜ਼ ਜਾਪਦੀ ਹੈ ਪਰੰਤੂ ਇਸ ਦਾ ਵਿਸ਼ਲੇਸ਼ਣ ਦਿਖਾਉਂਦਾ ਹੈ ਕਿ ਇਹ ਇੱਕ ਬਹੁਤ ਹੀ ਅਨੋਖੀ ਪਰਾਭੌਤਿਕ ਸੂਖਮਤਾਵਾਂ ਅਤੇ ਅਧਿਆਤਮਕ ਖੂਬੀਆਂ ਨਾਲ ਭਰਪੂਰ ਹੈ। ਉਦਾਹਰਣ ਦੇ ਤੌਰ 'ਤੇ ਇੱਕ ਮੇਜ ਇੱਕ ਸਧਾਰਨ ਇੰਦਰੀਗਤ ਵਸਤੂ ਹੈ ਪਰੰਤੂ ਇੱਕ ਜਿਣਸ ਦੇ ਤੌਰ 'ਤੇ ਇਹ ਇੱਕ ਇੰਦਰੀਗਤ ਪਰਾ-ਸੰਵੇਦਕ ਵਸਤੂ ਬਣ ਜਾਂਦੀ ਹੈ। ਜਿਣਸ ਦਾ ਇੰਦਰੀਗਤ ਪਰਾ-ਸੰਵੇਦਕ (sensuous extrasensory) ਚਰਿੱਤਰ ਪਹਿਲੀ ਵਾਰ ਵਿਸ਼ਲੇਸ਼ਣ ਦੁਆਰਾ ਸਪੱਸ਼ਟ ਹੁੰਦਾ ਹੈ। ਵਿਸ਼ਲੇਸ਼ਣ ਦਿਖਾਉਂਦਾ ਹੈ ਕਿ ਜਿਨਸ ਦੀ ਮੁੱਲ-ਬਾਹਰਮੁਖਤਾ ਖੁਦ ਜਿਨਸ ਦੇ ਅੰਦਰ ਨਹੀਂ ਬਲਕਿ ਕਿਸੇ ਹੋਰ ਜਿਨਸ ਵਿੱਚ ਪ੍ਰਗਟਾਈ ਜਾ ਸਕਦੀ ਹੈ ਜਿਹੜੀ ਕਿ ਮੁੱਲ ਦੇ ਸਿੱਧੇ ਨਿਰੂਪਣ ਦੇ ਤੌਰ 'ਤੇ ਪ੍ਰਭਾਵਸ਼ਾਲੀ ਰੂਪ 'ਚ ਕਾਰਜ ਕਰਦੀ ਹੋਵੇ। ਇਸ ਲਈ ਇਹ ਪਰਾ-ਸੰਵੇਦਕ ਹੈ ਜਾਂ ਇੱਕ ਵਰਣਕਰਮੀ ਬਾਹਰਮੁੱਖਤਾ (spectral objectivity) ਹੈ। ਕਿਰਤ ਦਾ ਰਹੱਸਮਈ ਚਰਿੱਤਰ ਇਸ ਦੇ ਰੂਪ ਵਿੱਚੋਂ ਹੀ ਪੈਦਾ ਹੁੰਦਾ ਹੈ ਜਿਉਂ ਹੀ ਇਹ ਜਿਨਸ ਦਾ ਰੂਪ ਅਖਤਿਆਰ ਕਰਦੀ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਜਿਨਸ ਮਨੁੱਖਾਂ ਦੀ ਆਪਣੀ ਕਿਰਤ ਦੇ ਸਮਾਜਿਕ ਲੱਛਣਾਂ ਨੂੰ ਖੁਦ ਕਿਰਤ ਦੀਆਂ ਉਪਜਾਂ ਦੇ ਬਾਹਰਮੁਖੀ ਗੁਣਾਂ ਦੇ ਤੌਰ 'ਤੇ, ਇਨ੍ਹਾਂ ਚੀਜਾਂ ਦੇ ਸਮਾਜਿਕ ਕੁਦਰਤੀ ਲੱਛਣਾ ਦੇ ਤੌਰ 'ਤੇ ਪ੍ਰਤੀਬਿੰਬਿਤ ਕਰਦੀ ਹੈ। ਇਸ ਤਰ੍ਹਾਂ ਇਹ ਇੱਕ ਸਮਾਜਿਕ ਰਿਸ਼ਤੇ ਦੇ ਤੌਰ 'ਤੇ ਕਿਰਤ ਦੇ ਕੁੱਲ ਜੋੜ ਨਾਲ ਉਤਪਾਦਕਾਂ ਦੇ ਸਮਾਜਿਕ ਰਿਸ਼ਤੇ ਨੂੰ ਪ੍ਰਤੀਬਿੰਬਿਤ ਕਰਦੀ ਹੈ। ਕਿਰਤ ਦੀ ਵੰਡ ਵਾਲੇ ਉਤਪਾਦਨ ਦੇ ਹਰ ਸਮਾਜਿਕ ਰੂਪ ਵਿੱਚ ਲੋਕ ਇੱਕ ਦੂਜੇ ਨਾਲ ਇੱਕ ਖ਼ਾਸ ਸਮਾਜਿਕ ਰਿਸ਼ਤੇ 'ਚ ਜੁੜੇ ਹੁੰਦੇ ਹਨ। ਜਿਨਸ ਉਤਪਾਦਨ 'ਚ ਲੋਕਾਂ ਵਿਚਲਾ ਇਹ ਸਮਾਜਿਕ ਰਿਸ਼ਤਾ ਚੀਜ਼ਾਂ ਵਿਚਕਾਰ ਰਿਸ਼ਤਾ ਜਾਪਦਾ ਹੈ। ਇਸ ਲਈ ਲੋਕਾਂ ਦੇ ਰਿਸ਼ਤੇ ਉਨ੍ਹਾਂ ਨੂੰ ਕਿਰਤ ਦੀਆਂ ਉਪਜਾਂ ਦੇ ਸਮਾਜੀ-ਕੁਦਰਤੀ ਗੁਣ ਜਾਪਦੇ ਹਨ। ਹਕੀਕਤ ਵਿੱਚ ਭਾਰ ਜਾਂ ਰੰਗ ਵਾਂਗ 'ਮੁੱਲ' ਚੀਜਾਂ ਦਾ ਕੁਦਰਤੀ ਗੁਣ ਨਹੀਂ ਹੈ। ਪਰੰਤੂ ਜਿਨਸ ਉਤਪਾਦਨ ਕਰਨ ਵਾਲੇ ਸਮਾਜ ਵਿੱਚ ਲੋਕਾਂ ਲਈ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਕਿ ਸਮਾਜਿਕ ਪ੍ਰਸੰਗ ਵਿੱਚ ਚੀਜ਼ਾਂ ਦਾ ਆਪਣੇ ਆਪ 'ਚ ਹੀ 'ਮੁੱਲ' ਹੁੰਦਾ ਹੈ ਅਤੇ ਇਸ ਲਈ ਆਪਣੇ ਆਪ 'ਚ ਹੀ ਆਪਣੇ ਬਾਹਰਮੁਖੀ ਨਿਯਮਾਂ ਦਾ ਪਾਲਣ ਕਰਦੀਆਂ ਹਨ ਜਿਨ੍ਹਾਂ ਦੇ ਅਧੀਨ ਮਨੁੱਖਾਂ ਨੇ ਚੱਲਣਾ ਹੁੰਦਾ ਹੈ। ਜਿਨਸ ਉਤਪਾਦਨ ਦੀਆਂ ਹਾਲਤਾਂ ਤਹਿਤ ਚੀਜਾਂ ਆਪਣੀ ਹੀ ਜ਼ਿੰਦਗੀ ਅਖਤਿਆਰ ਕਰ ਲੈਂਦੀਆਂ ਹਨ ਜਿਨ੍ਹਾਂ ਦਾ ਮੁਕਾਬਲਾ ਮਾਰਕਸ ਨੂੰ 'ਧਰਮ ਦੇ ਧੁੰਦਲੇ ਖੇਤਰ' ਵਿੱਚ ਲੱਭਦਾ ਹੈ। ਉਸ ਅਨੁਸਾਰ ਧਰਮ 'ਚ ਮਨੁੱਖੀ ਮਨ ਦੀਆਂ ਉਪਜਾਂ ਆਪਣਾ ਹੀ ਜੀਵਨ ਅਖਤਿਆਰ ਕਰ ਲੈਂਦੀਆਂ ਹਨ, ਜਦੋਂਕਿ ਜਿਨਸਾਂ ਦੇ ਸੰਸਾਰ ਵਿੱਚ ਮਨੁੱਖ ਦੇ ਹੱਥ ਦੀਆਂ ਉਪਜਾਂ ਅਜਿਹਾ ਕਰਦੀਆਂ ਹਨ। ਮਾਰਕਸ ਦੇ ਸ਼ਬਦਾਂ 'ਚ ਇਹ ਜੜ੍ਹ-ਪੂਜਨ ਆਪਣੇ ਆਪ ਨੂੰ ਕਿਰਤ ਦੀਆਂ ਉਪਜਾਂ ਨਾਲ ਜੋੜ ਲੈਂਦਾ ਹੈ ਜਿਉਂ ਹੀ ਉਨ੍ਹਾਂ ਨੂੰ ਜਿਨਸਾਂ ਦੇ ਰੂਪ 'ਚ ਪੈਦਾ ਕੀਤਾ ਜਾਂਦਾ ਹੈ। ਇਸ ਲਈ ਅਜਿਹਾ ਜੜ੍ਹ-ਪੂਜਨ ਜਿਨਸਾਂ ਦੇ ਉਤਪਾਦਨ ਤੋਂ ਅਨਿੱਖੜ ਹੈ।

ਜਿਨਸ ਉਤਪਾਦਨ ਦੀਆਂ ਹਾਲਤਾਂ ਤਹਿਤ ਚੀਜ਼ਾਂ ਦੇ ਸਮਾਜਿਕ ਗੁਣ (characteristics) ਹੁੰਦੇ ਹਨ। ਇਹ ਗੱਲ ਗਲਤ ਨਹੀਂ ਹੈ ਪਰੰਤੂ ਗਲਤ ਇਹ ਹੈ ਕਿ ਉਹ ਹਰ ਸਮਾਜਿਕ ਪ੍ਰਸੰਗ ਵਿੱਚ ਇਹ ਸਮਾਜਿਕ ਗੁਣ ਰੱਖਦੀਆਂ ਹਨ। ਪੂੰਜੀਵਾਦੀ ਸਮਾਜ ਵਿੱਚ ਕਿਰਤ ਦੀਆਂ ਵਸਤਾਂ ਜਿਨ੍ਹਾਂ ਦਾ ਵਟਾਂਦਰਾ ਹੁੰਦਾ ਹੈ ਅਸਲ ਵਿੱਚ ਮੁੱਲ ਦੀਆਂ ਵਸਤਾਂ ਹੁੰਦੀਆਂ ਹਨ। ਪਰੰਤੂ ਮੁੱਲ ਦੀ ਇਸ ਬਾਹਰਮੁੱਖਤਾ ਨੂੰ "ਸਵੈਪ੍ਰਤੱਖ ਅਤੇ ਪ੍ਰਕਿਰਤੀ ਵੱਲੋਂ ਥੋਪੀ ਜ਼ਰੂਰਤ" ਸਮਝਿਆ ਜਾਂਦਾ ਹੈ। ਜਿਣਸ ਮਾਲਕਾਂ ਦੀ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਦਿਲਚਸਪੀ ਉਨ੍ਹਾਂ ਦੀਆਂ ਜਿਨਸਾਂ ਦਾ ਮੁੱਲ ਹੁੰਦਾ ਹੈ। ਇਹ ਮੁੱਲ ਮਨੁੱਖਾਂ ਦੁਆਰਾ ਪੈਦਾ ਕੀਤੇ ਗਏ ਸਮਾਜਿਕ ਸੰਪਰਕ ਦਾ ਬਾਹਰਮੁਖੀ ਪ੍ਰਗਟਾਅ ਹੁੰਦੇ ਹਨ ਪਰੰਤੂ ਉਨ੍ਹਾਂ ਲਈ ਪਾਰਦਰਸ਼ੀ ਨਹੀਂ ਹੁੰਦੇ। ਇੱਥੇ ਮਾਰਕਸ ਦਾ ਇਰਾਦਾ ਇਹ ਦਿਖਾਉਣਾ ਹੈ ਕਿ ਮਨੁੱਖ ਆਪਣੇ ਕਾਰਜ ਦੀਆਂ ਹਾਲਤਾਂ ਬਾਰੇ ਸੁਚੇਤ ਹੋਏ ਬਿਨਾ ਕਾਰਜ ਕਰਦੇ ਹਨ।

**(ਬਾਕੀ ਅਗਲੇ ਅੰਕ 'ਚ)**



ਯਸ਼ਪਾਲ
98145 35005

# ਸਿੱਖਿਆ ਦੀਆਂ ਮੂਲ ਧਾਰਨਾਵਾਂ ਦੇ ਸੰਦਰਭ ’ਚ, ‘ਪੜ੍ਹੋ ਪੰਜਾਬ...’ ਪ੍ਰਾਜੈਕਟ ਦਾ ਕੱਚ-ਸੱਚ

ਪੰਜਾਬ ਅੰਦਰ ਪਿਛਲੇ ਇੱਕ ਸਾਲ ਤੋਂ ਅਧਿਆਪਕ ਵਰਗ ਵੱਲੋਂ ਲੜੇ ਜਾ ਰਹੇ ਸਾਂਝੇ ਅਧਿਆਪਕ ਸੰਘਰਸ਼ ਦੇ ਅਜੋਕੇ ਮੋੜ ਤੇ ਆਕੇ ਸਿੱਖਿਆ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਦੇ ਚਹੇਤੇ ਪ੍ਰਾਜੈਕਟ ‘ਪੜ੍ਹੋ ਪੰਜਾਬ-ਪੜ੍ਹਾਓ ਪੰਜਾਬ’ ਦੇ ਬਾਈਕਾਟ ਦੇ ਐਕਸ਼ਨ ਪ੍ਰੋਗਰਾਮ ਨਾਲ ਅਤੇ ਇਸ ਪ੍ਰਾਜੈਕਟ ਨੂੰ ਸਰਕਾਰ ਵੱਲੋਂ ਪੁਲਿਸ ਦੀ ਨਿਗਰਾਨੀ ਹੇਠ ਡੰਡੇ ਦੇ ਜ਼ੋਰ ਨਾਲ ਲਾਗੂ ਕਰਵਾਉਣ ਕਾਰਨ, ਇਹ ਪ੍ਰਾਜੈਕਟ ਵਧੇਰੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਵੱਡੀ ਪੱਧਰ ’ਤੇ ਅਧਿਆਪਕ ਵਰਗ ਇਸ ਦਾ ਵਿਰੋਧ ਕਿਉਂ ਕਰ ਰਿਹਾ ਹੈ, ਵਿਰੋਧ ਕਰਨਾ ਚਾਹੀਦਾ ਹੈ ਜਾਂ ਨਹੀਂ, ਅਜਿਹੇ ਕਈ ਸਵਾਲ ਅਖ਼ਬਾਰੀ ਲੇਖਾਂ/ਟਿੱਪਣੀਆਂ ਰਾਹੀਂ ਉਭਰ ਕੇ ਆ ਰਹੇ ਹਨ। ਭਾਵੇਂ ਚੱਲ ਰਹੇ ਸਾਂਝੇ ਅਧਿਆਪਕ ਸੰਘਰਸ਼ ਦਾ ਮੁੱਖ ਅਤੇ ਮੂਲ ਮੁੱਦਾ ਠੇਕਾ ਭਰਤੀ ਵਾਲੇ ਸਭਨਾਂ ਕੈਟਾਗਿਰੀਆਂ ਦੇ ਅਧਿਆਪਕਾਂ ਨੂੰ, ਸਮੇਤ ਸਾਰੇ ਭੱਤਿਆਂ ਦੇ ਪੂਰੀ ਤਨਖ਼ਾਹ ਉਪਰ ਰੈਗੂਲਰ ਕਰਨ ਦਾ ਹੈ, ਪਰੰਤੂ ਪੜ੍ਹੋ ਪੰਜਾਬ ਨੂੰ ਬੰਦ ਕਰਨ ਦੀ ਮੰਗ ਵੀ ਹੋਰਨਾਂ ਮੰਗਾਂ ਵਿੱਚੋਂ ਇੱਕ ਮੰਗ ਹੈ। ਇਸ ਪ੍ਰਾਜੈਕਟ ਦੇ ਬਾਈਕਾਟ ਕਰਨ ਦਾ ਐਕਸ਼ਨ ਅਧਿਆਪਕ ਸੰਘਰਸ਼ ਦਾ ਇੱਕ ਸਰਗਰਮ ਰੂਪ ਕਿਉਂ ਤੇ ਕਿਵੇਂ ਬਣ ਗਿਆ, ਇਸ ਤੇ ਵੀ ਚਰਚਾ ਕੀਤੀ ਜਾਵੇਗੀ, ਪਰੰਤੂ ਪਹਿਲਾਂ ਅਸੀਂ ਇਸ ਪ੍ਰਾਜੈਕਟ ਨੂੰ ਸਿੱਖਿਆ ਸ਼ਾਸਤਰੀਆਂ ਵੱਲੋਂ ਸਥਾਪਿਤ ਸਿੱਖਿਆ ਦੀਆਂ ਮੂਲ ਧਾਰਨਾਵਾਂ ਦੀ ਕਸਵੱਟੀ ’ਤੇ ਰੱਖ ਕੇ ਦੇਖਾਂਗੇ ਕਿ ਇਸ ਦੀ ਬੱਚਿਆਂ/ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਲਈ ਕੀ ਕੋਈ ਸਾਰਥਕਤਾ ਬਣਦੀ ਹੈ। ਕੀ ਇਹ ਪ੍ਰਾਜੈਕਟ ਅਜੋਕੀ ਸਿੱਖਿਆ ਦੇ ਮੂਲ ਉਦੇਸ਼ਾਂ ਦਾ ਪੂਰਤੀ ਦਾ ਵਾਹਕ ਬਣ ਰਿਹਾ ਹੈ? ਕੀ ਇਹ ਪ੍ਰਾਜੈਕਟ ਬਾਲ ਮਨੋਵਿਗਿਆਨ ਦੇ ਸਿਧਾਂਤਾਂ ਤੇ ਖਰਾ ਉਤਰਦਾ ਹੈ? ਤੇ ਇਹ ਵੀ ਕਿ ਅਜੋਕੇ ਵਿਸ਼ਵੀਕਰਨ ਨੀਤੀ ਦੇ ਦੌਰ ਅੰਦਰ ਇਸ ਪ੍ਰਾਜੈਕਟ ਦੀ ਭੂਮਿਕਾ ਤੇ ਸਥਾਨ ਕੀ ਹੈ?

**ਸਿੱਖਿਆ ਦੀਆਂ ਮੂਲ ਧਾਰਨਾਵਾਂ ਤੇ ਉਦੇਸ਼ :** ਅਜੋਕੀ ਸਿੱਖਿਆ ਦਾ ਮੂਲ ਉਦੇਸ਼ ਹੈ, ਬੱਚੇ/ਵਿਦਿਆਰਥੀ ਦਾ ਸਰਵਪੱਖੀ, ਬੌਧਿਕ, ਮਾਨਸਿਕ, ਸਰੀਰਕ, ਭਾਵਨਾਤਮਿਕ ਅਤੇ ਸਿਰਜਨਾਤਮਿਕ ਵਿਕਾਸ ਕਰਨਾ। ਉਸ ਨੂੰ ਆਪਣੇ ਚੁਗਿਰਦੇ ਪ੍ਰਤੀ ਜਾਗਰੂਕ ਕਰਨਾ, ਉਸ ਅੰਦਰ ਸਦਾਚਾਰਕ-ਨੈਤਿਕ ਕਦਰਾਂ ਕੀਮਤਾਂ ਦੀ ਜਾਗ ਲਾਉਣੀ, ਉਸ ਨੂੰ ਸਮਾਜਿਕ ਭਲਾਈ ਪ੍ਰਤੀ ਜਾਗਰੂਕ ਕਰਨਾ ਅਤੇ ਇਕ ਅਜਿਹੇ ਸੁਚੇਤ ਨਾਗਰਿਕ ਦੇ ਰੂਪ ਵਿੱਚ ਵਿਕਸਿਤ ਕਰਨਾ ਕਿ ਉਹ ਚੰਗੇ ਸਿਹਤਮੰਦ ਸਮਾਜ ਦੀ ਸਿਰਜਨਾ ’ਚ ਆਪਣਾ ਬਣਦਾ ਯੋਗਦਾਨ ਪਾ ਸਕੇ ਤੇ ਇਨ੍ਹਾਂ ਧਾਰਨਾਵਾਂ ਤੇ ਉਦੇਸ਼ਾਂ ਖਾਤਰ ਸਿੱਖਿਆ ਸੰਸਥਾਵਾਂ ਅਤੇ ਅਦਾਰਿਆਂ ਵੱਲੋਂ ਸਿੱਖਿਆ ਸ਼ਾਸਤਰੀਆਂ ਤੇ ਬਾਲ-ਮਨੋਵਿਗਿਆਨੀਆਂ ਦੇ ਵਿਚਾਰਾਂ ਅਤੇ ਸੁਝਾਵਾਂ ਦੇ ਅਧਾਰ ਤੇ ਹੀ ਅਜਿਹੀ ਪਾਠਕ੍ਰਮ ਪ੍ਰਣਾਲੀ ਤੇ ਅਜਿਹੀਆਂ ਅਧਿਆਪਨ ਵਿਧੀਆਂ ਤਿਆਰ ਕੀਤੀਆਂ ਜਾਂਦੀਆਂ ਹਨ/ਜਾਣੀਆਂ ਚਾਹੀਦੀਆਂ ਹਨ, ਜਿਨ੍ਹਾਂ ਰਾਹੀਂ ਹਰ ਪੱਧਰ ਦੇ ਬੱਚਿਆਂ ਅੰਦਰ ਲੁਪਤ ਸਿਰਜਨਾਤਮਕ ਰੁਚੀਆਂ, ਸਮਰਥਾਵਾਂ ਤੇ ਸੰਭਾਵਨਾਵਾਂ ਨੂੰ ਵਿਕਸਿਤ ਕੀਤਾ ਜਾ ਸਕੇ।

ਇਸ ਪੱਖੋਂ ਪਹਿਲ ਪ੍ਰਥਮੇਂ, ‘ਪੜ੍ਹੋ ਪੰਜਾਬ’ ਦੇ ਇਸ ਪ੍ਰਾਜੈਕਟ ਨੇ ਨਾ ਹੀ ਕਿਸੇ ਸਿੱਖਿਆ ਸ਼ਾਸਤਰੀ ਤੇ ਨਾ ਹੀ ਕਿਸੇ ਬਾਲ-ਮਨੋਵਿਗਿਆਨੀ ਦੀ ਸਲਾਹ-ਮਸ਼ਵਰੇ ਨਾਲ ਬਣਾਇਆ ਗਿਆ ਹੈ। ਨਾ ਹੀ ਇਸ ਪ੍ਰਾਜੈਕਟ ਨੂੰ ਐਨ.ਸੀ.ਈ.ਆਰ.ਟੀ. ਵਰਗੀਆਂ ਸਿੱਖਿਆ ਸੰਸਥਾਵਾਂ ਵੱਲੋਂ ਕੋਈ ਮਾਨਤਾ ਮਿਲੀ ਹੋਈ ਹੈ।

**ਨਾ ਬਾਲ ਕੇਂਦਰਤ, ਨਾ ਅਧਿਆਪਕ ਕੇਂਦਰਤ ਪ੍ਰਾਜੈਕਟ :** ਪੜ੍ਹੋ ਪੰਜਾਬ ਪ੍ਰਾਜੈਕਟ ਦਾ ਮੂਲ ਆਧਾਰ ਉਹ ‘ਟੈਸਟਿੰਗ ਟੂਲ’ ਹਨ ਜਿਨ੍ਹਾਂ ਰਾਹੀਂ ਸਾਲ ਵਿੱਚ ਕਈ ਵਾਰ ਦੁਹਰਾਈ ਜਾਂਦੀ, ਬਾਹਰੋਂ ਤਿਆਰ ਕੀਤੇ ਗਏ ਮਸ਼ੀਨੀ ਕਿਸਮ ਦੇ ਪ੍ਰਸ਼ਨ ਪੱਤਰਾਂ ਤੇ ਆਧਾਰਤ-ਬੇਸਲਾਈਨ, ਐਂਡਲਾਈਨ, ਪ੍ਰੀਟੈਸਟ, ਮਿਡ-ਟੈਸਟ ਤੇ ਪੋਸਟ ਟੈਸਟਾਂ ਦੀ ਅਤਿਅੰਤ ਗੁੰਝਲਦਾਰ, ਅੰਕੜਿਆਂ ਨਾਲ ਲੱਦੀ ਬੋਝਲ ਮੁਲਾਂਕਣ ਪ੍ਰਣਾਲੀ ਲਾਗੂ ਕੀਤੀ ਜਾ ਰਹੀ ਹੈ, ਜਿਸ ਨੇ ਨਾ ਸਿਰਫ਼ ਪਹਿਲਾਂ ਚੱਲ ਰਹੀ ਰਵਾਇਤੀ ਪ੍ਰੀਖਿਆ ਤੇ ਮੁਲਾਂਕਣ ਪ੍ਰਣਾਲੀ ਦੀ ਥਾਂ ਲੈ ਲਈ ਹੈ, ਸਗੋਂ ਉਸ ਦੇ ਸਮਾਂਨਤਰ ਪਾਠਕ੍ਰਮ ਲਾਗੂ ਕਰਕੇ ਸਿੱਖਿਆ ਨੂੰ ਵਿਦਿਆਰਥੀਆਂ ਤੇ ਉਨ੍ਹਾਂ ਨੂੰ ਪੜ੍ਹਾ ਰਹੇ ਅਧਿਆਪਕਾਂ ਨਾਲੋਂ ਵੱਖ ਕਰ ਦਿੱਤਾ ਹੈ। ਟੈਸਟਿੰਗ ਲਈ ਦਫ਼ਤਰਾਂ ’ਚ ਬਾਹਰੋਂ ਬੈਠੇ ‘ਵਿਸ਼ਾ ਮਾਹਰਾਂ’ ਵੱਲੋਂ ਬਣਾਏ ਜਾਂਦੇ ਬੰਦ ਉਤਰਾਂ ਵਾਲੇ ਪ੍ਰਸ਼ਨ ਜਿੱਥੇ ਇੱਕ ਪਾਸੇ ਬੱਚਿਆਂ ਦੀ ਕਿਸੇ ਲੁਪਤ ਸਿਰਜਨਾਤਮਕ ਸਮਰਥਾ ਤੇ ਸੰਭਾਵਨਾ ਨੂੰ ਵਿਕਸਿਤ ਕਰਨ ਦੀ ਬਜਾਏ ਉਨ੍ਹਾਂ ਅੰਦਰ ਰਟਨ ਮੰਤਰ ਦੀ ਰੁਚੀ ਪੈਦਾ ਕਰਦੇ ਹਨ, ਉਥੇ ਦੂਜੇ ਪਾਸੇ ਅਧਿਆਪਕ ਨੂੰ ਸਕੂਲ ਤੋਂ ਵਿਦਿਆਰਥੀ ਦੇ ਚੁਗਿਰਦੇ ਤੋਂ ਦੂਰ ਦੀਆਂ ਪੂਰਵ ਨਿਰਧਾਰਿਤ ਜਾਣਕਾਰੀਆਂ ਠੋਸਣ ਦਾ ਵਾਹਕ ਬਣਾਉਂਦੇ ਹਨ। ਅਧਿਆਪਕ ਦੀ ਆਪਣੀ ਕਾਰਜ ਕੁਸ਼ਲਤਾ ਤੇ ਸਿਰਜਨਾਤਮਿਕ ਸਮਰਥਾ ਵੀ ਮਿੱਟੀ-ਘੱਟੇ ਰੁਲ਼ ਜਾਂਦੀ ਹੈ। ਵੱਖ-ਵੱਖ ਬੱਚਿਆਂ ਦੇ ਵੱਖ-ਵੱਖ ਆਰਥਿਕ ਸਮਾਜਕ ਪਿਛੋਕੜ, ਆਲ਼ਾ-ਦੁਆਲ਼ਾ ਤੇ ਮਾਨਸਿਕ ਪੱਧਰ ਨੂੰ ਨਜ਼ਰਅੰਦਾਜ਼ ਕਰਕੇ ਸਭਨਾਂ ਨੂੰ ਇਕੋ ਰੱਸੇ ਬੰਨ੍ਹ ਕੇ, ਬਾਲ ਮਨੋਵਿਗਿਆਨ ਦੇ ਸਿਧਾਂਤਾਂ ਨਾਲ ਖਿਲਵਾੜ ਕੀਤਾ ਜਾਂਦਾ ਹੈ। ਅਧਿਆਪਕ ਵਿਦਿਆਰਥੀ ਸੰਵਾਦ ਮੂਲੋਂ ਹੀ ਗਾਇਬ ਹੈ ਇਸ ਪ੍ਰਾਜੈਕਟ ਦੀ ਮੁਲਾਂਕਣ ਪ੍ਰਣਾਲੀ ਅੰਦਰ। ਨਾ ਸਿਰਫ਼ ਬਾਹਰੋਂ ਪ੍ਰਸ਼ਨ ਪੱਤਰ ਹੀ, ਸਗੋਂ ਬਾਹਰਲੀਆਂ ਹੀ ਟੈਸਟਿੰਗ ਟੀਮਾਂ (ਸੀ.ਐਮ.ਟੀ. ਅਤੇ ਬੀ.ਐਮ.ਟੀ.) ਦੀਆਂ ਧਾੜਾਂ ਰਾਹੀਂ ਬਾਲ ਮਨਾਂ ਅੰਦਰ ਡਰ, ਭੈਅ ਤੇ ਖ਼ੌਫ਼ ਪੈਦਾ ਕਰਨਾ, ਸਿੱਖਿਆ ਅਧਿਕਾਰ ਐਕਟ, 2009 ਦੀ ਵੀ ਘੋਰ ਉਲੰਘਣਾ ਬਣਦਾ ਹੈ, ਜਿਸ ਅਨੁਸਾਰ ਬਾਲ ਮਨਾਂ ਲਈ ਅਜਿਹੀ ਅੰਕੜਿਆਂ/ਫੀਸਦੀ ਵਾਲੀ ਮੁਲਾਂਕਣ ਪ੍ਰਣਾਲੀ ਉਕਾ ਹੀ ਵਰਜਿਤ ਹੈ। ਇਉਂ ਇਸ ਪ੍ਰਾਜੈਕਟ ਅੰਦਰ ਅਜੋਕੀ ਸਿੱਖਿਆ ਦੀਆਂ ਮੂਲ ਧਾਰਨਾਵਾਂ ਦੀ ਪੂਰਤੀ ਦਾ ਤਾਂ ਲਾਗਾ-ਤੇਗਾ ਹੀ ਨਹੀਂ। ਬੱਚਿਆਂ ਦੀ ਅਤੇ ਅਧਿਆਪਕ ਦੀ ਯੋਗਤਾ ਦੀ ਪਰਖ ਲਈ ਨਿਰਧਾਰਿਤ ਮਸ਼ੀਨੀ ਮਾਪਦੰਡ (ਜੋੜ-ਘਟਾਓ, ਵੰਡ, ਸ਼ਬਦ ਵਾਕ ਪੜ੍ਹਨ ਆਦਿ) ਹੀ ਅੰਤਮ ਟੀਚਾ ਅਤੇ ਉਦੇਸ਼ ਸਮਝੇ ਜਾਂਦੇ ਹਨ, ਜਦਕਿ ਮਾਪਦੰਡ ਤਾਂ ਕਿਸੇ ਵੱਡੇ ਉਦੇਸ਼ ਦੀ ਪੂਰਤੀ ਦਾ ਸਾਧਨ ਹੀ ਹੁੰਦੇ ਹਨ।



**ਦਮ-ਘੋਟੂ ਕਾਰਪੋਰੇਟ ਤਰਜ ਕਾਰਜ ਵਿਧੀ :** ‘ਪੜ੍ਹੋ ਪੰਜਾਬ-ਪੜ੍ਹਾਓ ਪੰਜਾਬ’ ਦੇ ਇਸ ਪ੍ਰਾਜੈਕਟ ਦਾ ਇਕ ਹੋਰ ਖ਼ਤਰਨਾਕ ਪਹਿਲੂ ਹੈ, ਸਕੂਲਾਂ ਨੂੰ ਸਿੱਖਿਆ ਮਾਹੌਲ ਨਾਲੋਂ ਨਿਖੇੜ ਕੇ ਕਾਰਪੋਰੇਟ ਤਰਜ ਦੀ ਕਾਰਜ ਵਿਧੀ ਰਾਹੀਂ ਚਲਾਉਣਾ। ਸਿੱਖਿਆ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਦੇ ਦਫਤਰ ਵੱਲੋਂ ਜਾਰੀ ਕੀਤੇ ਜਾਂਦੇ ਹੁਕਮਾਂ ਦੀ ਤਾਮੀਲ ਕਿਸੇ ਕਾਰਪੋਰੇਟ ਦਫਤਰ ਦੇ ਹੁਕਮਾਂ ਵਾਂਗ ਮਸ਼ੀਨੀ ਢੰਗ ਰਾਹੀਂ ਕਰਵਾਈ ਜਾਂਦੀ ਹੈ। ਸੂਚਨਾਵਾਂ ਤੇ ਅੰਕੜਿਆਂ ਦੇ ਆਦਾਨ-ਪ੍ਰਦਾਨ ਦੇ ਟੀਚੇ ਤੇ ਸਮਾਂ ਮਿਥਿਆਂ ਜਾਂਦਾ ਹੈ। ਹੁਕਮਾਂ ਦੀ ਤਾਮੀਲ ਸਮੇਂ ਸਿਰ ਨਾ ਹੋਣ ਤੇ ਅਧਿਆਪਕਾਂ/ਮੁੱਖੀਆਂ ਦੀ ਜਵਾਬ ਤਲਬੀ ਹੁੰਦੀ ਹੈ, ਪੇਸ਼ੀ ਪੈਂਦੀ ਹੈ ਤੇ ਝਾੜ-ਝੰਬ ਕਰਕੇ ਬੇਇੱਜ਼ਤ ਤੇ ਜਲੀਲ ਕੀਤਾ ਜਾਂਦਾ ਹੈ। ਇਸ ਕਾਰਜ ਲਈ ਸਕੂਲਾਂ ਵਿਚੋਂ ਪੜ੍ਹਾਈ ਨਾਲੋਂ ਤੋੜ ਕੇ ਸੀ.ਐਮ.ਟੀ., ਬੀ.ਐਮ.ਟੀ., ਡੀ.ਐਮ.ਟੀ. ਕੁਆਰਡੀਨੇਟਰਾਂ ਆਦਿ ਦੀ 2000 ਦੇ ਲਗਭਗ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਦੀ ਭਾਰੀ ਭਰਕਮ ਫੌਜ ਵੀ ਖੜ੍ਹੀ ਕੀਤੀ ਗਈ ਹੈ, ਜਿਨ੍ਹਾਂ ਦਾ ਕੰਮ ਜਿੱਥੇ ਟੈਸਟਿੰਗ ਕਰਨਾ ਹੈ ਉਥੇ ਸਕੂਲਾਂ ਦੀ ਵਿਜਿਟ ਦੇ ਨਾਂ ਤੇ ਛਾਪਾ ਮਾਰ ਮੁਹਿਮ ਚਲਾ ਕੇ ਅਧਿਆਪਕਾਂ ਦੀ ਚੰਗੀਆਂ ਮੰਦੀਆਂ ਰਿਪੋਰਟਾਂ ਸਿੱਖਿਆ ਸਕੱਤਰ ਤਕ ਪਹੁੰਚਾਣੀਆਂ ਹੁੰਦੀਆਂ ਹਨ। ਇਸ ਖ਼ਾਤਰ ਉਨ੍ਹਾਂ ਨੂੰ ਬੱਝਵਾਂ ਟੀ.ਏ./ਡੀ.ਏ. ਵੀ ਮਿਲਦਾ ਹੈ। ਇਸ ਕਾਰਜ ਵਿਧੀ ਨੇ ਵੀ ਅਧਿਆਪਕਾਂ ਲਈ ਸਕੂਲਾਂ ਅੰਦਰ ਇੱਕ ਦਮ-ਘੋਟੂ ਮਾਹੌਲ ਬਣਾਇਆ ਹੋਇਆ ਹੈ, ਜਿਹੜਾ ਕਿ ਸਿੱਖਿਆ ਦੀਆਂ ਮੂਲ ਧਾਰਨਾਵਾਂ ਨਾਲ ਮੇਲ ਨਹੀਂ ਖਾਂਦਾ। ਦੂਜੇ ਪਾਸੇ ਅਧਿਆਪਕਾਂ ਦਾ ਅੱਧਾ ਸਮਾਂ ਇਨ੍ਹਾਂ ਸੂਚਨਾਵਾਂ/ਅੰਕੜਿਆਂ ਦੇ ਆਦਾਨ-ਪ੍ਰਦਾਨ ਅਤੇ ਟੈਸਟਾਂ ਅੰਦਰ ਹੀ ਲੰਘ ਜਾਂਦਾ ਹੈ। ਬਾਕੀ ਨਿਰਧਾਰਿਤ ਸਲੇਬਸ ਪੜ੍ਹਾਉਣ ਲਈ ਅੱਧਾ ਸਮਾਂ ਹੀ ਬਚਦਾ ਹੈ, ਜਿਸ ਨਾਲ ਜਿੱਥੇ ਬੱਚਿਆਂ ਦੀ ਪੜ੍ਹਾਈ ਦਾ ਹਰਜਾ ਹੁੰਦਾ ਹੈ, ਉਥੇ ਅਧਿਆਪਕਾਂ ਦੀ ਕਾਰਜਕਾਰੀ ਵੀ ਪ੍ਰਭਾਵਿਤ ਹੁੰਦੀ ਹੈ, ਜਿਹੜੀ ਉਨ੍ਹਾਂ ਦੀ ਗੁਪਤ ਰਿਪੋਰਟਾਂ ’ਚ ਦਰਜ ਹੋ ਕੇ ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਦਾ ਵੀ ਸਾਧਨ ਬਣਦੀ ਹੈ। ਇਸ ਪੱਖੋਂ ਇਹ ਪ੍ਰਾਜੈਕਟ ਜਿਥੇ ਰਵਾਇਤੀ ਸਿੱਖਿਆ ਪ੍ਰਣਾਲੀ ਨੂੰ ਬਰਬਾਦ ਕਰਨ ਵਾਲਾ, ਗੈਰ ਅਕਾਦਮਿਕ ਅਤੇ ਗੈਰ ਵਿਗਿਆਨਕ ਹੈ ਉਥੇ ਅਧਿਆਪਕਾਂ ਦੇ ਮਾਨ-ਸਨਮਾਨ ਨੂੰ ਠੇਸ ਪਹੁੰਚਾਉਣ ਵਾਲਾ ਵੀ ਹੈ।

**ਅਲਪਕਾਲੀ ਵਕਤੀ ਉਪਾਅ, ਮੂਲ ਸਿੱਖਿਆ ਦਾ ਬਦਲ ਕਿਉਂ ਬਣ ਗਏ?**

ਸਿੱਖਿਆ ਮਾਹਰਾਂ ਦੇ ਵਿਚਾਰ ਅਨੁਸਾਰ ਪੜ੍ਹੋ ਪੰਜਾਬ ਵਰਗੇ ਪ੍ਰਾਜੈਕਟ ਬੱਚਿਆਂ ਦੇ ਸੁਧਾਰ ਲਈ ਸ਼ੁਰੂ ਕੀਤੇ ਵਕਤੀ ਉਪਾਅ ਵਾਲੇ ਅਲਪਕਾਲੀ ਪ੍ਰਾਜੈਕਟ ਹਨ। ਇਹ ਪ੍ਰਾਜੈਕਟ ਪ੍ਰਾਇਮਰੀ ਤੋਂ ਸ਼ੁਰੂ ਹੋ ਕੇ ਚਾਰ ਸਾਲਾਂ ਬਾਦ ਬੰਦ ਕੀਤੇ ਜਾਣੇ ਚਾਹੀਦੇ ਸਨ। ਅਗਲੀਆਂ ਜਮਾਤਾਂ ਤੱਕ ਇਸ ਨੂੰ ਜਾਰੀ ਰੱਖਣ ਦੀ ਕੋਈ ਤੁਕ ਨਹੀਂ ਸੀ ਬਣਦੀ। ਇਸੇ ਤਰ੍ਹਾਂ 2001 ’ਚ ਸ਼ੁਰੂ ਹੋਇਆ ਸਰਵ ਸਿੱਖਿਆ ਅਭਿਆਨ ਵੀ ਇਕ ਅਲਪਕਾਲੀ ਯੋਜਨਾ ਪ੍ਰਾਜੈਕਟ ਸੀ ਅਤੇ ਉਹ ਵੀ ਅੱਗੇ ਰਮਸਾ ਤੇ ਉਰੂਸਾ ਤੱਕ ਚਲਦਾ ਜਾ ਰਿਹਾ ਹੈ। ਇਹ ਸਾਰੇ ਅਭਿਆਨ ਉਸ ਸਮੇਂ ਤੋਂ ਬਾਅਦ ਹੀ ਸ਼ੁਰੂ ਹੋਏ ਜਦ ਸੰਸਾਰ ਬੈਂਕ-ਮੁਦਰਾ ਕੋਸ਼ ਵੱਲੋਂ 1990ਵਿਆਂ ਦੇ ਦੌਰ ਦੇ ਆਰਥਿਕ ਸੁਧਾਰਾਂ ਦੀ ਹੀ ਕੜੀ ਵਜੋਂ ਸਾਡੇ ਮੁਲਕ ਅੰਦਰ ਸਿੱਖਿਆ ਸੁਧਾਰ ਲਾਗੂ ਕਰਨੇ ਸ਼ੁਰੂ ਕੀਤੇ ਗਏ। ਇਨ੍ਹਾਂ ਸਿੱਖਿਆ ਸੁਧਾਰਾਂ ਤਹਿਤ ਹੀ ਸਿੱਖਿਆ ਖੇਤਰ ’ਚੋਂ ਸਰਕਾਰ ਦੀ ਭੂਮਿਕਾ ਨੂੰ ਖਾਰਜ ਕਰਕੇ, ਖਰਚਾ ਘਟਾ ਕੇ ਹੌਲ਼ੀ ਹੌਲ਼ੀ ਨਿੱਜੀ ਹੱਥਾਂ ’ਚ ਸੌਂਪਣ ਦਾ ਰਾਹ ਪੱਧਰਾ ਕੀਤਾ ਗਿਆ। ਸਰਕਾਰੀ ਜਨਤਕ ਸਿੱਖਿਆ ਦੇ ਮਿਆਰ ’ਚ ਆਈ ਗਿਰਾਵਟ ਦੀ ਆੜ ਹੇਠ, ਮੂਲ ਸਿੱਖਿਆ ਪ੍ਰਣਾਲੀ ਦੇ ਸਮਾਨਾਂਤਰ ਸਰਵ ਸਿੱਖਿਆ ਅਭਿਆਨ ਵਰਗੀਆਂ ਅਲਪਕਾਲੀ ਯੋਜਨਾਵਾਂ/ਪ੍ਰਾਜੈਕਟ ਚਲਾਏ ਗਏ, ਜਿਹੜੇ ਨਿਗੂਣੀਆਂ ਤਨਖ਼ਾਹਾਂ ਉਪਰ ਠੇਕਾ ਭਰਤੀ ਵਾਲੇ ਸਿੱਖਿਆ ਕਰਮੀ, ਟੀਚਿੰਗ ਫੈਲੋ, ਸਿੱਖਿਆ ਪ੍ਰੋਵਾਈਡਰ, ਪੈਰਾ ਟੀਚਰ ਆਦਿ ਵੰਣਗੀਆਂ ਰਾਹੀਂ ਅੱਗੇ ਵਧਾਏ ਜਾਣ ਲਗੇ। ਰੈਗੂਲਰ ਭਰਤੀ ਦੀ ਪ੍ਰਥਾ ਉਕਾ ਹੀ ਬੰਦ ਕਰ ਦਿੱਤੀ ਗਈ। ਸਰਕਾਰੀ ਸਕੂਲਾਂ ਨੂੰ ਮਿਲਦੀਆਂ ਗ੍ਰਾਂਟਾਂ ਘਟਾਕੇ/ਬੰਦ ਕਰਕੇ ਕਾਰਪੋਰੇਟ ਘਰਾਣਿਆਂ ਦੀ ਮਦਦ ਨਾਲ ਚਲਾਉਣ ਅਤੇ ਅੰਤ ਉਨ੍ਹਾਂ ਦੇ ਹਵਾਲੇ ਕਰਨ ਦੀ ਨੀਤੀ ਉਪਰ ਅਮਲ ਜਾਰੀ ਹੈ। ਆਦਰਸ਼/ਮਾਡਲ ਸਕੂਲਾਂ ਦੀ ਪੀ.ਪੀ.ਪੀ. ਪ੍ਰਣਾਲੀ ਇਸੇ ਦਿਸ਼ਾ ਵੱਲ ਵੱਧਦੇ ਕਦਮ ਹੀ ਹਨ। ਇਨ ਸਰਵਿਸ ਟ੍ਰੇਨਿੰਗ ਸੈਂਟਰਾਂ ਤੇ ਡਾਇਟਾਂ ਦਾ ਤਾਂ ਪਹਿਲਾਂ ਹੀ ਭੋਗ ਪਾ ਦਿੱਤਾ ਗਿਆ ਹੈ। ਪ੍ਰਾਇਮਰੀ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ ਨੂੰ ਸਿੱਖਿਆ ਦੇ ਮੂਲ ਉਦੇਸ਼ਾਂ ਨਾਲੋਂ ਤੋੜ ਕੇ ਮੰਡੀ ਦੇ ਰਹਿਮੋ ਕਰਮ ਤੇ ਹੀ ਛੱਡਿਆ ਜਾ ਰਿਹਾ ਹੈ। ‘ਪੜ੍ਹੋ ਪੰਜਾਬ ਪੜ੍ਹਾਓ ਪੰਜਾਬ’ ਪ੍ਰਾਜੈਕਟ ਵੀ ਇਸੇ ਨੀਤੀ ਦੀ ਹੀ ਇੱਕ ਕੜੀ ਹੈ, ਜਿਹੜਾ ਕਿ ਰਿਲਾਇੰਸ ਅਤੇ ਭਾਰਤੀ ਕਾਰਪੋਰੇਟ ਘਰਾਣਿਆਂ ਦੀ ਫੰਡਿੰਗ ਨਾਲ ਚਲਦੀ ਸੰਸਥਾ ‘ਪ੍ਰਥਮ’ ਦੀ 2006-07 ਦੀ ਸਕੂਲਾਂ ਦੀ ਇੱਕ ਸਰਵੇ ਰਿਪੋਰਟ ਦੇ ਆਧਾਰ ਤੇ ਲਾਗੂ ਕੀਤਾ ਗਿਆ ਸੀ। ਸਰਕਾਰ ਨੇ ਪੰਜਾਬ ਅੰਦਰ ਇਸ ਨੀਤੀ ਨੂੰ ਸਿਰੇ ਚਾੜ੍ਹਣ ਲਈ ਕ੍ਰਿਸ਼ਨ ਕੁਮਾਰ ਵਰਗੇ ਅਫਸਰਸ਼ਾਹਾਂ ਦੀਆਂ ਵਾਗਾਂ ਖੁਲ੍ਹੀਆਂ ਛੱਡੀਆਂ ਹੋਈਆਂ ਹਨ। ਇਸ ਅਫਸਰ ਵੱਲੋਂ ਨਾ ਸਿਰਫ਼ ਪੜ੍ਹੋ ਪੰਜਾਬ ਪ੍ਰਾਜੈਕਟ ਨੂੰ ਹੀ ਆਪਣੇ ਹੰਕਾਰ ਨੂੰ ਪੱਠੇ ਪਾਉਣ ਲਈ ਡੰਡੇ ਦੇ ਜ਼ੋਰ ਚਲਾਉਣ ਕਾਰਨ ਸਗੋਂ ਅਧਿਆਪਕ ਸੰਘਰਸ਼ ਦੀ ਮੁੱਖ ਮੰਗ, ਤਨਖ਼ਾਹ ਕਟੌਤੀ ਬਗੈਰ ਪੂਰੀ ਤਨਖ਼ਾਹ ਉਪਰ ਠੇਕਾ ਭਰਤੀ ਵਾਲੇ ਅਧਿਆਪਕਾਂ ਨੂੰ ਰੈਗੂਲਰ ਕਰਨ ਦੇ ਮੁੱਦੇ ਸਬੰਧੀ ਝੂਠੇ ਅੰਕੜੇ ਪੇਸ਼ ਕਰਨ ਕਰਕੇ ਵੀ ਅਧਿਆਪਕ ਵਰਗ ਦੀਆਂ ਨਜ਼ਰਾਂ ’ਚ ਇਹ ਅਫਸਰ ਖਲਨਾਇਕ ਹੋ ਨਿਬੜਿਆ ਹੈ। ਇਸ ਕਰਕੇ ਅਧਿਆਪਕਾਂ ਦਾ ਇਹ ਗੁੱਸਾ ਤੇ ਰੋਹ ‘ਪੜ੍ਹੋ ਪੰਜਾਬ’ ਪ੍ਰਾਜੈਕਟ ਦੇ ਬਾਈਕਾਟ ਕਰਨ ’ਚ ਲਾਵਾ ਬਣਕੇ ਨਿਕਲ ਰਿਹਾ ਹੈ।

Veerpal Brar, RIBO
[Broker]
veerpal@custominsure.ca
CUSTOM INSURANCE
INSURANCE BROKERS
A DIVISION OF ORACLE RMS
Tel: (416) 816-4595 ext 103
Direct: (416) 712-3737
Fax: (416) 710-8976
Unit 8 - 670 Rexdale Blvd, Etobicoke, ON, M9W 0B5
AUTO · HOME · COMMERCIAL · LIFE

For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca

Taranjit "T.J" Mand
Real Estate Associate
MaxValue Realty Ltd.

# ਜਥੇਬੰਦਕ ਪ੍ਰੇਰਣਾ ਸਰੋਤ-ਜਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਸਾਕਾ

ਪਰਮਿੰਦਰ ਕੌਰ ਸਵੈਚ
604 760 4794



ਪੰਜਾਬ ਦੇ ਇਤਿਹਾਸ ਵਿੱਚ ਸੌ ਸਾਲ ਪਹਿਲਾਂ ਭਾਰਤ ਵਿੱਚ ਬਰਤਾਨਵੀ ਹਕੂਮਤ ਵਲੋਂ ਇੱਕ ਸੋਚੀ ਸਮਝੀ ਸਕੀਮ ਤਹਿਤ 13 ਅਪਰੈਲ 1919 ਨੂੰ ਅਜਿਹੀ ਘਟਨਾ ਨੂੰ ਅੰਜ਼ਾਮ ਦਿੱਤਾ ਗਿਆ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਨਿਹੱਥੇ ਲੋਕਾਂ ਦੀ ਮੀਟਿੰਗ ਤੇ ਬਿਨ੍ਹਾ ਚਿਤਾਵਨੀ ਦਿੱਤਿਆਂ ਅੰਧਾ ਧੁੰਦ ਗੋਲ੍ਹੀਆਂ ਦੀ ਵਾਛੜ ਕਰਕੇ ਅਨੇਕਾਂ ਲੋਕਾਂ ਨੂੰ ਮਾਰ ਦਿੱਤਾ ਤੇ ਜ਼ਖ਼ਮੀ ਕੀਤਾ ਗਿਆ ਸੀ ਜਿਸ ਵਿੱਚ ਨੌਜਵਾਨ, ਬੱਚੇ, ਬੁੱਢੇ ਤੇ ਔਰਤਾਂ ਵੀ ਸ਼ਾਮਲ ਸਨ। ਬਰਤਾਨਵੀ ਬਸਤੀਵਾਦੀ ਸਰਕਾਰ ਨੇ ਲੋਕਾਂ ਨੂੰ ਸਬਕ ਸਿਖਾਉਣ ਦੇ ਮਕਸਦ ਨਾਲ ਇਹ ਕਤਲੇਆਮ ਕੀਤਾ ਸੀ। ਉਸ ਸਮੇਂ ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਭਾਰਤੀ ਲੋਕਾਂ ਦੀ ਕੌਮੀ ਮੁਕਤੀ ਕ੍ਰਾਂਤੀਕਾਰੀ ਲਹਿਰ ਨੂੰ ਦਬਾਉਣ ਲਈ ਰੌਲਟ ਐਕਟ ਬਿੱਲ ਲਿਆਂਦਾ ਸੀ। ਜਿਹੜਾ ਕੁੱਝ ਵਿਰੋਧਾਂ ਦੇ ਬਾਵਜੂਦ ਵੀ 18 ਮਾਰਚ 1919 ਨੂੰ ਇਹ ਕਾਨੂੰਨ ਬਣ ਗਿਆ ਸੀ। ਇਸਨੂੰ ਅਰਾਜਕਿਤਾ ਅਤੇ ਕ੍ਰਾਂਤੀਕਾਰੀ ਅਪਰਾਧ ਕਾਨੂੰਨ 1919 ਕਿਹਾ ਗਿਆ ਸੀ। ਇਸ ਕਾਨੂੰਨ ਅਨੁਸਾਰ ਪੁਲੀਸ ਕਰਮਚਾਰੀ ਦੇ ਕਹਿਣ ਨਾਲ ਵੀ ਕਿਸੇ ਤੇ ਦੇਸ਼ ਧਰੋਹ ਦਾ ਦੋਸ਼ ਲੱਗ ਸਕਦਾ ਸੀ। ਇਸ ਵਿੱਚ ਸਫ਼ਾਈ ਦਾ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ ਅਤੇ ਨਾ ਹੀ ਉਹ ਅਦਾਲਤ ਦਾ ਦਰਵਾਜ਼ਾ ਖਟਕਾ ਸਕਦਾ ਹੈ ਮਤਲਬ ਕਿ ਨਾ ਦਲੀਲ, ਨਾ ਵਕੀਲ ਤੇ ਨਾ ਹੀ ਅਪੀਲ। ਇਹ ਅਸਲ ਵਿੱਚ ਲੋਕ ਲਹਿਰਾਂ ਨੂੰ ਕੁਚਲਣ ਲਈ ਲੋਕਾਂ ਤੇ ਠੋਸਿਆ ਜਾ ਰਿਹਾ ਸੀ ਤੇ ਲੋਕ ਇਸਦਾ ਵਿਰੋਧ ਕਰ ਰਹੇ ਸਨ।

ਪੂਰੇ ਭਾਰਤ ਵਿੱਚ ਇਸ ਐਕਟ ਦੇ ਵਿਰੋਧ ਹੋਣ ਕਰਕੇ ਸਿੱਟੇ ਵਜੋਂ 30 ਮਾਰਚ 1919 ਨੂੰ ਇੱਕ ਦਿਨ ਦੀ ਹੜਤਾਲ ਦੇ ਸੱਦੇ ਤੇ ਅੰਮ੍ਰਿਤਸਰ ਵਿੱਚ ਤਕਰੀਬਨ 30,000 ਤੋਂ 35,000 ਲੋਕਾਂ ਦਾ ਭਰਵਾਂ ਇਕੱਠ ਹੋਇਆ ਤੇ ਇਸ ਇਕੱਠ ਨੂੰ ਡਾ. ਸੈਫਉਦੀਨ ਕਿਚਲੂ ਅਤੇ ਡਾ. ਸੱਤਿਆਪਾਲ ਨੇ ਸੰਬੋਧਨ ਕੀਤਾ। 6 ਅਪਰੈਲ ਨੂੰ ਲੋਕਾਂ ਦੀ ਫਿਰ ਇੱਕ ਮੀਟਿੰਗ ਹੋਈ ਜਿਸ ਵਿੱਚ ਪਹਿਲੇ ਨਾਲੋਂ ਦੀ ਭਰਵਾਂ ਇਕੱਠ ਹੋਇਆ। ਇਸ ਸਮੇਂ ਡਾ. ਕਿਚਲੂ ਤੇ ਡਾ. ਸੱਤਿਆਪਾਲ ਨੂੰ ਬੋਲਣ ਤੇ ਪਾਬੰਦੀ ਲਾ ਦਿੱਤੀ ਗਈ ਸੀ ਤਾਂ ਇਸਦੀ ਅਗਵਾਈ ਬੈਰਿਸਟਰ ਅਬਦੁਲ ਇਸਲਾਮ ਖਾਨ ਨੇ ਕੀਤੀ। ਇਨ੍ਹਾਂ ਜਲਸਿਆਂ ਦੀ ਲੜੀ ਵਿੱਚ ਹੀ 9 ਅਪਰੈਲ 1919 ਨੂੰ ਰਾਮ ਨੌਮੀ ਦੇ ਤਿਉਹਾਰ ਦੇ ਮੌਕੇ 'ਤੇ ਇਸ ਇਲਾਕੇ ਦੇ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੇ ਇਕੱਠੇ ਹੋ ਕੇ ਏਕਤਾ ਦਾ ਸਬੂਤ ਦਿੱਤਾ। ਇਸ ਸਮੇਂ ਲੋਕਾਂ ਨੇ ਆਪਸੀ ਧਰਮਾਂ ਦੇ ਭੇਦ ਭਾਵ ਮਿਟਾ ਕੇ ਇੱਕ ਦੂਜੇ ਦੇ ਮੱਥਿਆਂ ਤੇ ਤਿਲਕ ਲਗਾਏ ਅਤੇ ਇਕੋ ਗਿਲਾਸ ਵਿੱਚ ਪਾਣੀ ਪੀਤਾ। ਅੰਗਰੇਜ਼ ਸਰਕਾਰ ਜੋ ਲੋਕਾਂ ਨੂੰ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਵੰਡਦੀ ਆ ਰਹੀ ਸੀ, ਉਹ ਫੇਲ੍ਹ ਹੋ ਰਹੀ ਸੀ ਕਿਉਂਕਿ ਲੋਕਾਂ ਨੂੰ ਅੰਗਰੇਜ਼ਾਂ ਦੀਆਂ ਨੀਤੀਆਂ ਦੀ ਸਮਝ ਲੱਗ ਰਹੀ ਸੀ।

ਮਾਈਕਲ ਓਡਵਾਇਰ ਦੇ ਹੁਕਮਾਂ ਅਨੁਸਾਰ 10 ਅਪਰੈਲ 1919 ਨੂੰ ਡਾ. ਕਿਚਲੂ ਤੇ ਡਾ. ਸੱਤਿਆਪਾਲ ਦੋਵਾਂ ਨੂੰ ਅੰਮ੍ਰਿਤਸਰ ਜ਼ਿਲ੍ਹਾ ਕਮਿਸ਼ਨਰ ਮਾਈਲਜ਼ ਇਰਵਿੰਗ ਨੇ ਆਪਣੇ ਘਰ ਬੁਲਾਇਆ ਤੇ ਜਬਰਦਸਤੀ ਗੱਡੀ ਵਿੱਚ ਬਿਠਾ ਕੇ ਸ਼ਹਿਰ ਨਿਕਾਲਾ ਦੇ ਕੇ ਧਰਮਸ਼ਾਲਾ 160 ਕਿ. ਮੀ. ਦੂਰ ਭੇਜ ਦਿੱਤਾ। ਇਹ ਦੋਵੇਂ ਆਗੂ ਹਿੰਦੂ ਮੁਸਲਿਮ ਏਕਤਾ ਦੇ ਚਿੰਨ੍ਹ ਸਨ। ਲੀਡਰਾਂ ਦੇ ਫੜੇ ਜਾਣ ਉਪਰੰਤ ਲੋਕ ਉਹਨਾਂ ਦਾ ਪਤਾ ਕਰਨ ਡੀ. ਸੀ. ਦੇ ਨਿਵਾਸ ਸਥਾਨ ਵੱਲ ਸ਼ਾਂਤਮਈ ਜਲੂਸ ਦੇ ਰੂਪ ਵਿੱਚ ਜਾ ਰਹੇ ਸਨ, ਜਦੋਂ ਰੇਲਵੇ ਸਟੇਸ਼ਨ ਦੇ ਪੁੱਲ ਉੱਤੋਂ ਦੀ ਲੰਘਣ ਲੱਗੇ ਤਾਂ ਪੁਲੀਸ ਨੇ ਉਹਨਾਂ ਨੂੰ ਰੋਕਣ ਲਈ ਭੀੜ ਤੇ ਗੋਲ੍ਹੀ ਚਲਾਉਣੀ ਸ਼ੁਰੂ ਕਰ ਦਿੱਤੀ। ਇਸ ਵਧੀਕੀ ਕਾਰਣ ਲੋਕਾਂ ਵਿੱਚ ਵੀ ਰੋਹ ਪੈਦਾ ਹੋ ਗਿਆ, ਉਹਨਾਂ ਨੇ ਵੀ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਇਸ ਦੌਰਾਨ 20 ਤੋਂ ਵੱਧ ਲੋਕ ਮਾਰੇ ਗਏ ਅਤੇ ਅਨੇਕਾਂ ਜ਼ਖ਼ਮੀ ਹੋਏ। ਬੇਕਾਬੂ ਹੋਈ ਲੋਕਾਂ ਦੀ ਭੀੜ ਨੇ ਫਿਰ ਤਾਂ ਜੋ ਵੀ ਸਰਕਾਰੀ ਮਸ਼ੀਨਰੀ ਸਾਹਮਣੇ ਆਈ ਉਸਨੂੰ ਨੁਕਸਾਨ ਪਹੁੰਚਾਉਂਦੇ ਚਲੇ ਗਏ ਜਿਵੇਂ ਕਈ ਬੈਂਕਾਂ, ਡਾਕਖ਼ਾਨੇ ਆਦਿ ਅਤੇ ਕਈ ਗੋਰਿਆਂ ਨੂੰ ਕੁੱਟਿਆ ਮਾਰਿਆ ਵੀ। ਲੋਕਾਂ ਵਲੋਂ ਜੋ ਆਮ ਲੋਕ ਮਾਰੇ ਗਏ ਸਨ ਉਹਨਾਂ ਸਭ ਨੂੰ ਮੁਹੰਮਦ ਦੀਨ ਮਸੀਤ ਵਿੱਚ ਲਿਆ ਕੇ, ਨੁਹਾ ਕੇ ਉਨ੍ਹਾਂ ਦੇ ਧਰਮਾਂ ਦੇ ਰੀਤੀ ਰਿਵਾਜ਼ਾਂ ਅਨੁਸਾਰ ਉਹਨਾਂ ਦੇ ਅੰਤਮ ਸੰਸਕਾਰ ਇੱਕੋ ਕਬਰਸਤਾਨ ਵਿੱਚ ਕੀਤੇ ਗਏ। ਇਸ ਏਕਤਾ ਤੇ ਇਕਸੁਰਤਾ ਦੀ ਮਿਸਾਲ ਨੇ ਸਰਕਾਰ ਦੀ ਬਲ਼ਦੀ ਤੇ ਭੂਸ ਪਾਉਣ ਵਾਲਾ ਕੰਮ ਕੀਤਾ। ਇਸ ਨੂੰ ਦੇਖ ਕੇ ਪੁਲੀਸ ਨੇ ਧੜਾ ਧੜ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ।

13 ਅਪਰੈਲ 1919 ਵਾਲੇ ਦਿਨ ਸਰਕਾਰ ਨੂੰ ਪਤਾ ਸੀ ਕਿ ਲੋਕਾਂ ਨੇ ਵਿਸਾਖੀ ਮਨਾਉਣ ਤੇ ਪਸ਼ੂਆਂ ਦੀ ਮੰਡੀ ਕਰਕੇ ਅੰਮ੍ਰਿਤਸਰ ਪਹੁੰਚਣਾ ਹੈ ਤਾਂ ਜਨਰਲ ਡਾਇਰ ਆਪ ਆਪਣੀ ਸੈਨਿਕ ਸ਼ਕਤੀ ਦਾ ਪ੍ਰਦਰਸ਼ਨ ਕਰਦਾ ਹੋਇਆ ਲੋਕਾਂ ਵਿੱਚ ਭੈਅ ਪੈਦਾ ਕਰਨ ਲਈ ਮੁਨਾਦੀ ਕਰਵਾ ਰਿਹਾ ਸੀ ਕਿ ਕੋਈ ਵੀ ਵਿਅਕਤੀ ਸ਼ਹਿਰ ਤੋਂ ਬਾਹਰ ਨਹੀਂ ਜਾ ਸਕਦਾ, ਚਾਰ ਬੰਦੇ ਕਿਤੇ ਇਕੱਠੇ ਨਹੀਂ ਹੋ ਸਕਦੇ, ਜੇ ਕੋਈ ਅੱਠ ਵਜੇ ਤੋਂ ਬਾਹਰ ਘਰੋਂ ਬਾਹਰ ਹੋਵੇਗਾ ਉਸਨੂੰ ਗੋਲੀ ਮਾਰ ਦਿੱਤੀ ਜਾਵੇਗੀ ਅਰਥਾਤ ਮਾਰਸ਼ਲ ਲਾਅ ਲਾਗੂ ਕਰ ਦਿੱਤਾ ਗਿਆ ਤੇ ਸ਼ਹਿਰ ਵਿੱਚ ਕਰਫਿਊ ਲਾ ਦਿੱਤਾ ਗਿਆ। ਥੋੜ੍ਹੀ ਦੇਰ ਬਾਅਦ ਗੁਰਾਂ ਦਿੱਤਾ ਤੇ ਬੱਲੋ ਨੇ ਪੀਪਾ ਚੱਕ ਕੇ ਸਾਰੇ ਸ਼ਹਿਰ ਵਿੱਚ ਇਹ ਮੁਨਾਦੀ ਕਰ ਦਿੱਤੀ ਕਿ ਜਲ੍ਹਿਆਂਵਾਲੇ ਬਾਗ ਵਿੱਚ ਡਾ. ਕਿਚਲੂ ਤੇ ਡਾ. ਸੱਤਿਆਪਾਲ ਦੀ ਰਿਹਾਈ ਅਤੇ ਰੌਲਟ ਐਕਟ ਦੇ ਵਿਰੋਧ ਵਿੱਚ ਸ਼ਾਂਤਮਈ ਜਲਸਾ ਹੋਵੇਗਾ ਜਿਸ ਵਿੱਚ ਵਿਚਾਰਾਂ ਕੀਤੀਆਂ ਜਾਣਗੀਆਂ ਕਿ ਇਨ੍ਹਾਂ ਮਸਲਿਆਂ ਨਾਲ ਕਿਵੇਂ ਨਿਜੱਠਿਆ ਜਾਵੇ। ਤਕਰੀਬਨ 20,000 ਦੇ ਲੱਗ ਭੱਗ ਲੋਕ ਇੱਕਠੇ ਹੋਏ। ਸ਼ਾਂਤਮਈ ਢੰਗ ਨਾਲ ਜਲਸਾ ਹੋ ਰਿਹਾ ਸੀ ਕਿ ਆਖਰੀ ਬੁਲਾਰੇ ਦੇ ਬੋਲਣ ਸਮੇਂ ਜਨਰਲ ਡਾਇਰ 30 ਬੰਦੂਕਧਾਰੀ ਸੈਨਿਕਾਂ ਅਤੇ ਖੁਖਰੀਆਂ ਨਾਲ ਲੈਸ 40 ਗੋਰਖਿਆਂ ਤੇ ਦੋ ਬਖ਼ਤਰਬੰਦ ਗੱਡੀਆਂ ਸਮੇਤ ਬਾਗ਼ ਵਿੱਚ ਪਹੁੰਚਿਆ, ਆਹ ਦੇਖਿਆ ਨਾ ਤਾਹ ਗੋਲ੍ਹੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿੰਨਾ ਚਿਰ ਅਸਲਾ ਖ਼ਤਮ ਨਹੀਂ ਹੋ ਗਿਆ, ਉਨਾ ਚਿਰ ਉਸਨੇ ਲੋਕਾਂ ਤੇ ਅੰਨ੍ਹਾਂ ਜ਼ੁਲਮ ਢਾਹਿਆ। ਲੋਕਾਂ ਨੂੰ ਭੱਜ ਨਿਕਲਣ ਦੇ ਰਾਹ ਬੰਦ ਕਰ ਦਿੱਤੇ, ਜਿਹੜੇ ਕੰਧਾਂ ਟੱਪ ਕੇ ਬਚਣਾ ਚਾਹੁੰਦੇ ਸਨ ਉਹ ਅੱਧ ਵਿਚਾਲੇ ਫੁੰਡ ਦਿੱਤੇ। ਬਹੁਤ ਸਾਰਿਆਂ ਨੇ ਖੂਹ ਵਿੱਚ ਛਾਲਾਂ ਮਾਰ ਦਿੱਤੀਆਂ। ਇੱਕ ਦੂਜੇ ਦੇ ਥੱਲੇ ਆ ਕੇ ਮਾਰੇ ਗਏ। ਕਹਿੰਦੇ ਹਨ ਕਿ 303 ਮਾਰਕ ਦੀਆਂ 1650 ਗੋਲ੍ਹੀਆਂ ਦਾਗੀਆਂ ਗਈਆਂ ਸਨ। ਮਾਰਸ਼ਲ ਲਾਅ ਕਰਕੇ ਜ਼ਖ਼ਮੀਆਂ ਨੂੰ ਸਾਂਭਿਆਂ ਨਾ ਗਿਆ, ਉਹ ਸਾਰੀ ਰਾਤ ਤੜਫ ਤੜਫ ਕੇ ਮਰ ਗਏ। ਇਹ ਸੀ ਦਰਦਨਾਕ ਕਹਾਣੀ ਜਲ੍ਹਿਆਂਵਾਲੇ ਬਾਗ਼ ਦੀ ਜਿਸਨੂੰ ਸੁਣ ਕੇ ਸ਼ਹੀਦ ਉਧਮ ਸਿੰਘ ਨੇ 13 ਮਾਰਚ 1940 ਨੂੰ ਲੰਡਨ ਵਿੱਚ ਜਾ ਕੇ ਮਾਈਕਲ ਓਡਵਾਇਰ ਨੂੰ ਮਾਰ ਕੇ ਇਸਦਾ ਬਦਲਾ ਲਿਆ ਸੀ ਅਤੇ ਆਪ ਫਾਂਸੀ ਦਾ ਰੱਸਾ ਚੁੰਮਿਆ ਸੀ।

ਇਹ ਹੈ 1919 ਦੇ ਮਾਰਚ-ਅਪਰੈਲ ਦੇ ਮਹੀਨਿਆਂ ਦੀਆਂ ਕੁੱਝ ਘਟਨਾਵਾਂ ਦੀ ਸੰਖੇਪ ਜਾਣਕਾਰੀ। ਬੀਤ ਚੁੱਕੇ ਸਮੇਂ ਬਾਰੇ ਜਦੋਂ ਅਸੀਂ ਸੋਚਦੇ ਹਾਂ ਤਾਂ ਉਸਦਾ ਮਤਲਬ ਇਹ ਹੁੰਦਾ ਹੈ ਕਿ ਅਸੀਂ ਉਸ ਬੀਤੇ ਤੋਂ ਸਬਕ ਲਈਏ ਅਤੇ ਅੱਜ ਦੇ ਸੰਦਰਭ ਵਿੱਚ ਉਸਨੂੰ ਨਿਰਖੀਏ, ਪਰਖੀਏ ਤੇ ਲਾਗੂ ਕਰੀਏ ਅਤੇ ਵਿਚਾਰੀਏ ਕਿ ਕੀ ਜੋ ਬੀਤੇ ਸਮੇਂ ਵਿੱਚ ਅਨਰਥ ਹੋਇਆ ਉਸਦੇ ਕੀ ਕਾਰਣ ਸਨ? ਕਿਉਂ ਹੋਇਆ ਤੇ ਉਸਦੀ ਅੱਜ ਗੱਲ ਕਰਨੀ ਕਿਉਂ ਜ਼ਰੂਰੀ ਹੈ ? ਇਹ ਸਾਡੇ ਲਈ ਜਥੇਬੰਦਕ ਪ੍ਰੇਰਣਾ ਸਰੋਤ ਕਿਵੇਂ ਹੈ ? ਇਹ ਜਾਨਣ ਲਈ ਸਾਨੂੰ ਭਾਰਤ ਦੇ ਇਤਿਹਾਸ ਜਦੋਂ ਅੰਗਰੇਜ਼ਾਂ ਦਾ ਭਾਰਤ ਦੀ ਧਰਤੀ ਤੇ ਆਗਮਨ ਹੋਇਆ, ਬਾਰੇ ਨਜ਼ਰਸਾਨੀ ਕਰਨੀ ਪਵੇਗੀ। 1757 ਵਿੱਚ ਪਲਾਸੀ ਦੀ ਲੜਾਈ ਜਿੱਤ ਕੇ ਹੌਲੀ ਹੌਲੀ ਅੰਗਰੇਜ਼ ਭਾਰਤ ਦੀ ਧਰਤੀ ਤੇ ਕਬਜ਼ਾ ਕਰਦੇ ਗਏ ਤੇ ਪੁਰਾਣਾ ਰਾਜਸੀ ਤੇ ਆਰਥਕ ਪ੍ਰਬੰਧ ਤੋੜਦੇ ਗਏ ਅਤੇ ਆਪਣਾ ਸਰਮਾਏਦਾਰੀ ਲੋਟੂ ਪ੍ਰਬੰਧ ਠੋਸਦੇ ਚਲੇ ਗਏ। 19ਵੀਂ ਸਦੀ ਦੇ ਅੱਧ ਤੱਕ ਭਾਰਤੀ ਲੋਕਾਂ ਦੀ ਸਾਂਝੀ ਮਾਲਕੀ ਦਾ ਜ਼ਮੀਨੀ ਪ੍ਰਬੰਧ ਅਤੇ ਉਸ ਨਾਲ ਜੁੜੀ ਦਸਤਕਾਰੀ ਤੇ ਕਾਰਾਗਰੀ ਨੂੰ ਤੋੜ ਕੇ ਇਸਦੇ ਕੁਦਰਤੀ ਸਾਧਨਾਂ ਤੇ ਆਪਣੀ ਮਾਲਕੀ ਕਾਇਮ ਕਰ ਲਈ ਅਤੇ ਭਾਰਤੀ ਕੱਚਾ ਮਾਲ ਇੱਥੋਂ ਲਿਜਾ ਲਿਜਾ ਕੇ ਵਿਸ਼ਵ ਮੰਡੀ ਵਿੱਚ ਵੇਚਣਾ ਸ਼ੁਰੂ ਕਰ ਦਿੱਤਾ ਸੀ। ਫਿਰ ਜ਼ਮੀਨ ਦੀ ਸਾਂਝੀ ਮਾਲਕੀ ਨੂੰ ਹਰ ਘਰ ਦੇ ਮਰਦ ਮੈਂਬਰ ਦੇ ਨਾਂ ਤੇ ਜ਼ਮੀਨ ਅਲਾਟ ਕਰ ਦਿੱਤੀ ਤੇ ਉਸਤੋਂ ਕਰ (ਮਾਮਲਾ) ਵਸੂਲਣਾ ਸ਼ੁਰੂ ਕਰ ਦਿੱਤਾ, ਚਾਹੇ ਆਮਦਨ ਹੋਵੇ ਜਾਂ ਨਾ, ਜਾਣਿਕਿ ਭਾਈਚਾਰਕ ਸਾਂਝ ਨੂੰ ਤੋੜਨ ਲਈ ਨਿੱਜ ਨਾਲ ਜੋੜ ਦਿੱਤਾ। ਸੋਨੇ ਦੀ ਚਿੜੀ ਅਖਵਾਉਣ ਵਾਲਾ ਭਾਰਤ ਕੁੱਝ ਸਮੇਂ ਵਿੱਚ ਹੀ ਕੰਗਾਲੀ ਦੀ ਕਗਾਰ ਤੇ ਪਹੁੰਚ ਗਿਆ। 1850 ਤੋਂ ਲੈ ਕੇ 1900 ਤੱਕ ਕੋਈ 25 ਕਾਲ ਪਏ ਜਿਹਨਾਂ ਨਾਲ ਲੋਕਾਂ ਦੀ ਜ਼ਿੰਦਗੀ ਹਾਲੋਂ ਬੇਹਾਲ ਹੋ ਗਈ। 1857 ਵਿੱਚ ਅੰਗਰੇਜ਼ਾਂ ਦੇ ਖ਼ਿਲਾਫ਼ਓਮਪ; ਉੱਠੀ ਗ਼ਦਰ ਦੀ ਪਹਿਲੀ ਵਿਦਰੋਹੀ ਅਵਾਜ਼ ਸੀ ਜਿਸਨੂੰ ਕੁਚਲਣ ਲਈ ਉਹਨਾਂ ਨੇ ਹਰ ਘਿਨਾਉਣੇ ਜ਼ੁਲਮ ਦਾ ਆਸਰਾ ਲਿਆ। ਬਹੁਤਾ ਚਿਰ ਇਹ ਵਿਦਰੋਹੀ ਭਾਂਬੜ ਦੱਬੇ ਨਾ ਰਹਿ ਸਕੇ ਸਗੋਂ ਇਹ ਇੱਕ ਵੱਡੇ ਹਮਲੇ ਤੇ ਵੱਡੀ ਧਿਰ ਬਣ ਕੇ ਕੂਕਾ ਲਹਿਰ ਦੇ ਰੂਪ ਵਿੱਚ ਸਾਹਮਣੇ ਆਏ। ਇਸ ਕ੍ਰਾਂਤੀਕਾਰੀ ਲਹਿਰ ਨੇ ਇੱਕ ਸਮੇਂ ਬਰਾਬਰ ਦੀ ਹਕੂਮਤ ਖੜ੍ਹੀ ਕਰ ਦਿੱਤੀ ਸੀ ਤਾਂ ਅੰਗਰੇਜ਼ਾਂ ਨੂੰ ਆਪਣਾ ਤਖ਼ਤਾ ਪਲਟਦਾ ਦਿੱਸਿਆ ਤਾਂ ਉਹਨਾਂ ਨੇ ਕੂਕਿਆਂ ਨੂੰ ਤੋਪਾਂ

ਮੈਟਰੋ ਇਮੀਗ੍ਰੇਸ਼ਨ



Suresh Gupta
905-913-7700
info@metroimmigration.com
www.metroimmigration.com
12-2355 Derry Road East, Mississauga, Ont. L5S 1V6

ਮੂਹਰੇ ਬੰਨ੍ਹ ਬੰਨ੍ਹ ਕੇ ਉਡਾ ਦਿੱਤਾ ਜਾਂ ਫਾਂਸੀਆਂ ਤੇ ਚਾੜ੍ਹ ਦਿੱਤਾ ਤੇ ਜਾਂ ਕਾਲੇ ਪਾਣੀ ਵਰਗੀਆਂ ਜੇਲ੍ਹਾਂ ਵਿੱਚ ਉਮਰ ਭਰ ਲਈ ਸੜਨ ਲਈ ਮਜ਼ਬੂਰ ਕਰ ਦਿੱਤਾ ਤੇ ਇਸ ਤਰ੍ਹਾਂ ਲੋਕਾਂ ਨੂੰ ਜ਼ਿੰਦਗੀ ਜੀਣ ਦੇ ਹੱਕ ਤੋਂ ਵਾਂਝੇ ਕਰ ਦਿੱਤਾ ਜਾਂ ਆਪਣੇ ਝੋਲੀ ਚੁੱਕਾਂ ਨੂੰ ਨੌਕਰ ਬਣਾ ਕੇ ਜੀ ਹਜ਼ੂਰੀਆਂ ਲਈ ਰੱਖ ਲਿਆ। ਇਹ ਹੋ ਗਿਆ ਸੀ ਕਿ ਛੋਟੀ ਤੋਂ ਛੋਟੀ ਨੌਕਰੀ ਕਰਨ ਵਾਲਾ ਗੋਰਾ ਵੀ ਹਰ ਭਾਰਤੀ ਤੋਂ ਸਿਰ ਨਿਵਾ ਕੇ ਸਲੂਟ ਕਰਵਾਉਣਾ ਆਪਣਾ ਹੱਕ ਸਮਝਣ ਲੱਗ ਗਿਆ ਸੀ।

20ਵੀਂ ਸਦੀ ਦੇ ਸ਼ੁਰੂ ਵਿੱਚ ਅੰਗਰੇਜ਼ਾਂ ਦੀ ਦਹਿਸ਼ਤਗਰਦੀ, ਪਲੇਗ ਵਰਗੀਆਂ ਘਾਤਕ ਬਿਮਾਰੀਆਂ ਤੇ ਭੁੱਖ ਦੇ ਕਾਲ ਪੈਣ ਕਰਕੇ ਭਾਰਤੀਆਂ ਨੇ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਆਸਰਾ ਲੈਣ ਬਾਰੇ ਸੋਚਿਆ ਤਾਂ ਉੱਥੇ ਆ ਕੇ ਵੀ ਭਾਰਤੀਆਂ ਦੇ ਰੰਗ ਕਰਕੇ ਨਸਲੀ ਵਿਤਕਰੇ ਦੀ ਭਾਵਨਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤੇ ਨਸਲਵਾਦੀ ਗੋਰੇ ਉੱਥੇ ਵੀ ਕੰਮ ਕਰਕੇ ਜੀਣ ਨਹੀਂ ਸੀ ਦੇ ਰਹੇ। ਇਸ ਸਮੇਂ ਗ਼ਦਰ ਪਾਰਟੀ ਹੋਂਦ ਵਿੱਚ ਆਈ ਤੇ ਉਸਨੇ ਦੇਸ਼ ਨੂੰ ਅਜ਼ਾਦ ਕਰਾਉਣ ਦਾ ਬੀੜਾ ਚੁੱਕਿਆ ਪਰ ਅੰਗਰੇਜ਼ਾਂ ਨੇ ਉਹਨਾਂ ਨੂੰ ਵੀ ਫਾਂਸੀਆਂ ਜਾਂ ਕਾਲੇ ਪਾਣੀ ਦੀਆਂ ਸਜ਼ਾਵਾਂ ਦਿੱਤੀਆਂ ਹੁਣ ਲੋਕਾਂ ਨੂੰ ਸਮਝ ਆ ਗਈ ਸੀ ਕਿ ਐਨੇ ਜ਼ੁਲਮੋ ਸਿਤਮ ਦੀ ਅਖੀਰ ਤੇ ਪਹੁੰਚ ਕੇ ਸਾਨੂੰ ਧਰਮਾਂ, ਜਾਤਾਂ, ਪਾਤਾਂ, ਨਸਲਾਂ ਤੇ ਰੰਗਾਂ ਦੇ ਭੇਦਾਂ ਤੋਂ ਬਾਹਰ ਨਿਕਲ ਕੇ ਆਪਣੇ ਜੀਵਨ ਨਿਰਬਾਹ ਲਈ ਪੂਰਨ ਅਜ਼ਾਦੀ ਦੀ ਲੋੜ ਹੈ। ਜਲ੍ਹਿਆਂਵਾਲਾ ਬਾਗ਼ ਦਾ ਕਤਲੇਆਮ ਜਿਥੇ ਅੰਗਰੇਜ਼ਾਂ ਦੇ ਜ਼ੁਲਮ ਦੀ ਹੱਦ ਸੀ ਉੱਥੇ ਭਾਰਤੀ ਲੋਕਾਂ ਲਈ ਵੀ ਇਹ ਅਜ਼ਾਦੀ ਲਈ ਭਰਭੂਰ ਲਟ ਲਟ ਬਲ਼ਦੀ ਮਿਸਾਲ ਸੀ ਜਿਸਦੇ ਸਿੱਟੇ ਵਜੋਂ ਲੋਕਾਂ ਨੂੰ ਕਾਂਗਰਸ ਤੇ ਗਾਂਧੀ ਦੀਆਂ ਲੋਕ ਮਾਰੂ ਨੀਤੀਆਂ ਸਾਹਮਣੇ ਆ ਗਈਆਂ ਸਨ ਅਤੇ ਇੱਥੋਂ ਹੀ ਸ਼ਹੀਦ ਭਗਤ ਸਿੰਘ ਨੇ 12 ਸਾਲ ਦੀ ਉਮਰ ਵਿੱਚ ਸ਼ਹੀਦਾਂ ਦੇ ਖ਼ੂਨ ਨਾਲ ਲੱਥ ਪੱਥ ਬਾਗ਼ ਦੀ ਮਿੱਟੀ ਨੂੰ ਚੁੱਕ ਕੇ ਮੱਥੇ ਨਾਲ ਲਾਇਆ ਸੀ ਬਾਅਦ ਵਿੱਚ ਉਹਨਾਂ ਨੇ ਨੌਜਵਾਨ ਭਾਰਤ ਸਭਾ ਬਣਾ ਕੇ ਸੰਘਰਸ਼ ਨੂੰ ਨਵਾਂ ਰੂਪ ਦਿੱਤਾ ਸੀ, ਇਸੇ ਤਰ੍ਹਾਂ ਬੱਬਰ ਲਹਿਰ, ਕਿਰਤੀ ਲਹਿਰ ਅਤੇ ਅਕਾਲੀ ਲਹਿਰ ਵਰਗੀਆਂ ਲਹਿਰਾਂ ਨੇ ਸਾਮਰਾਜ ਦੀਆਂ ਜੜ੍ਹਾਂ ਉਖਾੜ ਦਿੱਤੀਆਂ ਸੀ ਅਤੇ 1947 ਵਿੱਚ ਅਖੌਤੀ ਅਜ਼ਾਦੀ ਜਾਂ ਸੱਤ੍ਹਾ ਤਬਦੀਲੀ ਦਾ ਸਬੱਬ ਬਣਿਆ ਸੀ।

ਅੱਜ ਜਦੋਂ ਅਸੀਂ ਇਹਨਾਂ ਗੱਲਾਂ ਤੇ ਨਜ਼ਰਸਾਨੀ ਕਰਦੇ ਹਾਂ ਤਾਂ ਲੱਗ ਰਿਹਾ ਹੈ ਕਿ ਉਸ ਸਮੇਂ ਦੇ ਭਾਰਤ ਉੱਤੇ ਬਸਤੀਵਾਦੀ ਹਕੂਮਤ ਦਾ ਰਾਜ ਸੀ ਪਰ ਅੱਜ ਉੱਥੇ ਆਪਣੇ ਲੋਕਾਂ ਦਾ ਤੇ ਲੋਕਤੰਤਰ ਰੂਪ ਵਿੱਚ ਚੁਣਿਆ ਗਿਆ ਲੋਕਰਾਜੀ ਢਾਂਚਾ ਤਾਂ ਹੈ ਪਰ ਇਹ ਦੇਖਣ ਨੂੰ ਹੀ ਹੈ ਕਿਉਂਕਿ 1947 ਵਿੱਚ ਦੇਸ਼ ਬੇਸ਼ੱਕ ਅੰਗਰੇਜ਼ ਛੱਡ ਕੇ ਚਲੇ ਗਏ ਪਰ ਉਹ ਉੱਥੇ ਦੇ ਟੋਟਿਆਂ ਵਿੱਚ ਹੀ ਆਪਣੀਆਂ ਕਠਪੁਤਲੀਆਂ ਨੂੰ ਕਾਬਜ਼ ਕਰਕੇ ਗਏ ਜੋ ਅੱਜ ਤੱਕ ਉਹਨਾਂ ਦਾ ਹੀ ਪਾਣੀ ਭਰਦੀਆਂ ਹਨ। ਇਹ ਸਿਰਫਓਮਪ; ਤੇ ਸਿਰਫਓਮਪ; ਸਤ੍ਹਾ ਦੀ ਤਬਦੀਲੀ ਸੀ ਜੋ ਗੋਰਿਆਂ ਤੋਂ ਕਾਲ਼ਿਆਂ ਦੇ ਹੱਥ ਆਈ ਬਦਲਿਆ ਕੁੱਝ ਵੀ ਨਹੀਂ ਸਗੋਂ ਸਾਂਝੀਵਾਲਤਾ ਦੇ ਪ੍ਰਤੀਕ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੂੰ ਇਤਿਹਾਸ ਵਿੱਚੋਂ ਤੇ ਲੋਕ ਮਨਾਂ ਵਿੱਚੋਂ ਭੁਲਾਉਣ ਲਈ ਆਖਰ 1947 ਵਿੱਚ ਜੋ ਪੱਤਾ ਖੇਡਿਆ ਗਿਆ ਉਸਦਾ ਸਿੱਟਾ ਅਸੀਂ ਆਪ ਹੀ ਆਪਣੇ ਘੁੱਗ ਵਸਦੇ ਭੈਣਾਂ ਭਰਾਵਾਂ ਨੂੰ ਚਾਕੂ, ਛਵੀਆਂ, ਛੁਰਿਆਂ, ਕਿਰਪਾਨਾਂ ਆਦਿ ਨਾਲ ਹੀ ਵੱਢ ਸੁੱਟਿਆ, ਹਜ਼ਾਰਾਂ ਲੋਕਾਂ ਨੂੰ ਘਰੋਂ ਬੇਘਰ ਹੋਣਾ ਪਿਆ, ਔਰਤਾਂ ਦੀਆਂ ਇੱਜ਼ਤਾਂ ਸ਼ਰੇਬਜ਼ਾਰ ਨਿਲਾਮ ਹੋ ਗਈਆਂ, ਨਿਰਦੋਸ਼ ਧੀਆਂ ਭੈਣਾਂ ਨੇ ਕਿੰਨੇ ਹੀ ਖੂਹਾਂ ਨੂੰ ਆਪਣੇ ਰੱਤ ਵਿੱਚ ਰੰਗਿਆ ਤੇ ਅੰਗਰੇਜ਼ ਨੇ ਚਾਂਭੜਾਂ ਪਾਈਆਂ ਹੋਣਗੀਆਂ। ਉਸ ਅਖੌਤੀ ਅਜ਼ਾਦੀ ਦਾ ਪ੍ਰਮਾਣ ਤਾਂ ਉਦੋਂ ਹੀ ਮਿਲ ਗਿਆ ਸੀ ਕਿ ਜਦੋਂ ਦੇਸ਼ ਭਗਤਾਂ ਨੂੰ ਜੇਲ੍ਹਾਂ ਵਿੱਚੋਂ ਕੱਢਣ ਦੀ ਬਜਾਇ ਰਹਿੰਦਿਆਂ ਨੂੰ ਵੀ ਜੇਲ੍ਹਾਂ ਵਿੱਚ ਸੁੱਟਿਆ ਗਿਆ।

ਅੱਜ ਦੇ ਹਾਲਾਤ ਜਦੋਂ ਦੇਖਦੇ ਹਾਂ ਉਹੀ 100 ਸਾਲ ਪੁਰਾਣਾ ਇਤਿਹਾਸ ਫਿਰ ਤੋਂ ਰਚਿਆ ਜਾ ਰਿਹਾ ਹੈ। ਉੱਥੋਂ ਦੀ ਨੌਜਵਾਨ ਪੀੜ੍ਹੀ ਵਿਦੇਸ਼ਾਂ ਨੂੰ ਹਰ ਹਾਲਤ ਵਿੱਚ ਜ਼ਮੀਨਾਂ ਵੇਚ ਕੇ ਜਾਂ ਕਰਜ਼ੇ ਚੁੱਕ ਚੁੱਕ ਕੇ ਭੱਜ ਰਹੀ ਹੈ ਜ਼ਿੰਦਗੀ ਦੀ ਬਿਹਤਰੀ ਲਈ। ਕਿਸਾਨ, ਮਜ਼ਦੂਰ ਗਲ਼ਾ ਵਿੱਚ ਫਾਹੇ ਪਾ ਪਾ ਕੇ ਖ਼ੁਦਕਸ਼ੀਆਂ ਕਰ ਰਹੇ ਹਨ। ਬੁੱਧੀਜੀਵੀਆਂ ਨੂੰ ਲੋਕ ਅਵਾਜ਼ ਬਣਨ ਅਤੇ ਆਪਣੇ ਵਿਚਾਰ ਪ੍ਰਗਟਾਉਣ ਤੇ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ। ਅਧਿਆਪਕ ਵਰਗ ਜਿਸਨੇ ਭਵਿੱਖ ਦੀ ਸਿਰਜਣਾਤਮਕ ਪੀੜ੍ਹੀ ਨੂੰ ਸਹੀ ਸੇਧ ਦੇਣੀ ਹੁੰਦੀ ਹੈ, ਉਨ੍ਹਾਂ ਤੇ ਨਿੱਤ ਕੁਟਾਪਾ ਚੜ੍ਹਦਾ ਹੈ। ਬਹੁਗਿਣਤੀ ਲੋਕ ਭੁੱਖ ਮਰੀ, ਗਰੀਬੀ, ਕੁਪੋਸ਼ਣ, ਬੇਰੁਜ਼ਗਾਰੀ, ਬੇਇਨਸਾਫ਼ੀ, ਸਿਆਸੀ ਤੇ ਆਰਥਿਕ ਭ੍ਰਿਸ਼ਟਾਚਾਰ, ਫਿਰਕੂ ਤੇ ਰਾਜਕੀ ਤਾਨਾਸ਼ਾਹੀ ਵਰਗੀਆਂ ਅਲਾਮਤਾਂ ਦੀ ਗ੍ਰਿਫ਼ਤ ਵਿੱਚ ਦਿਨੋ ਦਿਨ ਉਲਝ ਰਹੇ ਹਨ। ਘੱਟ ਗਿਣਤੀਆਂ, ਫਿਰਕਿਆਂ, ਦਲਿਤਾਂ ਆਦਿਵਾਸੀਆਂ, ਮੂਲ ਨਿਵਾਸੀਆਂ ਤੇ ਮਿਹਨਤਕਸ਼ ਲੋਕਾਂ ਨੂੰ ਸਾਮਰਾਜੀ ਕਾਰਪੋਰੇਟ ਘਰਾਣਿਆਂ ਵਲੋਂ ਜਲ, ਜੰਗਲ ਤੇ ਜ਼ਮੀਨ ਤੋਂ ਖਦੇੜਿਆ ਜਾ ਰਿਹਾ ਹੈ ਅਤੇ ਮੁਢਲੀਆਂ ਲੋੜਾਂ ਦੀ ਪੂਰਤੀ ਵਾਲੀਆਂ ਸੇਵਾਵਾਂ ਵੀ ਨਿੱਜੀ ਮੁਨਾਫ਼ੇਖੋਰਾਂ ਦੀ ਝੋਲ਼ੀ ਵਿੱਚ ਪਾਈਆਂ ਜਾ ਰਹੀਆਂ ਹਨ। ਉਹੀ ਕਾਲ਼ੇ ਕਾਨੂੰਨ ਜਿਨ੍ਹਾਂ ਦੇ ਵਿਰੋਧ ਲਈ ਅਨੇਕਾਂ ਸ਼ਹੀਦਾਂ ਨੇ ਕੁਰਬਾਨੀਆਂ ਦਿੱਤੀਆਂ ਉਹੀ ਅੱਜ ਮੁੜ ਕੇ ਲੋਕਾਂ ਤੇ ਜਬਰ ਜ਼ੁਲਮ ਲਈ ਵਰਤੇ ਜਾ ਰਹੇ ਹਨ। ਇਸਦਾ ਮਤਲਬ ਉਹੀ ਸਾਮਰਾਜੀ ਗ਼ੁਲਾਮੀ ਮੁੱਕੀ ਨਹੀਂ ਸਗੋਂ ਲੋਕਾਂ ਦੇ ਰੋਹ ਨੂੰ ਪਸਤ ਕਰਨ ਲਈ ਸਾਮਰਾਜ ਦੀ ਇਹ ਕੋਝੀ ਚਾਲ ਸੀ। ਅੱਜ ਵੀ ਸਰਮਾਏਦਾਰ ਆਪਣੀਆਂ ਵਿਸ਼ਵ ਪੱਧਰੀ ਨੀਤੀਆਂ ਨਾਲ ਸਮੁੱਚੀ ਲੋਕਾਈ ਨੂੰ ਖਸਤਾ ਹਾਲਤਾਂ ਵਿੱਚ ਲਿਜਾਣ ਲਈ ਹਰ ਵਕਤ ਤਤਪਰ ਹੈ। ਅੱਜ ਵੀ ਰੋਲਟ ਐਕਟ ਵਰਗੇ ਕਾਲ਼ੇ ਕਾਨੂੰਨਾਂ ਦੇ ਖਿਲਾਫ਼ਜੂਝਦੀ ਲੋਕਾਈ ਦੀ ਅਵਾਜ਼ ਬੰਦ ਕਰਨ ਦੇ ਹੱਥਕੰਡੇ ਵਰਤੇ ਜਾ ਰਹੇ ਹਨ। ਅਸਲ ਵਿੱਚ ਅੱਜ ਵੀ ਗਵਰਨਮੈਂਟ ਆਫ਼ ਇੰਡੀਆ ਐਕਟ 1935 ਵਿੱਚ ਬਸਤੀਵਾਦੀ ਹਾਕਮਾਂ ਦੀ ਰੇਖ ਦੇਖ ਵਿੱਚ ਬਣਿਆ ਹੋਇਆ ਹੀ ਚੱਲ ਰਿਹਾ ਹੈ। ਸੰਵਿਧਾਨ ਸਭਾ ਨੇ 1946 ਵਿੱਚ ਜਦੋਂ ਇਸਤੇ ਕੰਮ ਕਰਨਾ ਸ਼ੁਰੂ ਕੀਤਾ ਤਾਂ ਜਦ ਨੂੰ ਦੇਸ਼ ਅਜ਼ਾਦ ਹੋ ਗਿਆ। ਫਿਰ ਉਸੇ ਨੂੰ ਹੀ 1950 ਵਿੱਚ ਲਾਗੂ ਕਰ ਦਿੱਤਾ ਗਿਆ। ਦੁਨੀਆਂ ਵਿੱਚ ਸਾਮਰਾਜੀ ਮੁਲਕ ਸਾਰੀ ਲੋਕਾਈ ਤੇ ਆਪਣੀ ਮਰਜ਼ੀ ਤੋਂ ਬਿਨਾਂ ਪੱਤਾ ਝੁੱਲਣ ਦੇ ਵਿਰੋਧ ਵਿੱਚ ਖ਼ਾਨਾਜੰਗੀਆਂ ਕਰਵਾ ਕੇ ਆਪਣੇ ਹਥਿਆਰਾਂ ਦੀ ਵਿਕਰੀ ਕਰਵਾ ਰਹੇ ਹਨ ਜਿਵੇਂ ਵੈਨਜ਼ੂਐਲਾ ਵਿੱਚ ਲੋਕਰਾਜੀ ਢਾਂਚੇ ਨੂੰ ਉਲਟਾਉਣ ਦੀਆਂ ਸਾਜ਼ਸ਼ਾਂ ਹੋ ਰਹੀਆਂ ਹਨ ਜਾਂ ਨਿਊਜ਼ੀਲੈਂਡ ਵਿੱਚ ਇੱਕ ਫਿਰਕੇ ਦੇ ਲੋਕਾਂ ਦਾ ਦਰਦਨਾਕ ਘਾਣ ਵੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਬਾਹਰੀ ਤਾਕਤਾਂ ਦਾ ਹੱਥ ਹੀ ਨਜ਼ਰ ਆਉਂਦਾ ਹੈ। ਉਹੀ ਸਦੀਆਂ ਪਹਿਲਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਥਾਂ ਥਾਂ ਤੇ ਲਾਗੂ ਕਰਕੇ ਫਿਰਕਾਪ੍ਰਸਤੀ ਦਾ ਮਾਹੌਲ ਤੇਜ਼ੀ ਨਾਲ ਲੋਕਾਂ ਤੇ ਠੋਸਿਆ ਜਾ ਰਿਹਾ ਹੈ। ਸਰਮਾਏਦਾਰ ਆਪਣੇ ਲਾਭਾਂ ਨੂੰ ਮੁੱਖ ਰੱਖ ਕੇ ਇਹ ਲੜਾਈ ਗੁਆਂਢੀ ਮੁਲਕਾਂ ਨਾਲ ਜਾਂ ਦੂਜੇ ਮੁਲਕ ਤੇ ਸਿੱਧੀ ਦਖ਼ਲ ਅੰਦਾਜ਼ੀ ਨਾਲ ਜਾਂ ਧਰਮਾਂ, ਜਾਤਾਂ, ਪਾਤਾਂ ਦਾ ਪੱਤਾ ਖੇਡ ਕੇ ਜਾਂ ਅੰਨ੍ਹੇ ਕੌਮੀ ਜਨੂੰਨ ਥੱਲੇ ਲੋਕਾਂ ਨੂੰ ਵਰਗਲ਼ਾ ਕੇ, ਵੋਟਾਂ ਦੀ ਖੇਡ ਖੇਡਣ ਲਈ ਕਰਨ ਤਾਂ ਹੀ ਉਹ ਲੋਕਾਂ ਦੀਆਂ ਜਮਹੂਰੀ ਮੰਗਾਂ ਤੇ ਮਸਲਿਆਂ ਨੂੰ ਲਾਂਭੇ ਕਰਨ ਲਈ ਹਰ ਹੀਲੇ ਵਸੀਲੇ ਵਰਤ ਸਕਣਗੇ।

ਅੱਜ ਵੀ 100 ਸਾਲ ਬਾਅਦ ਜਲ੍ਹਿਆਂਵਾਲਾ ਬਾਗ਼ ਦਾ ਸਾਕਾ ਕਿਰਤੀ ਲੋਕਾਂ ਨੂੰ ਸਮੁੱਚੇ ਰੂਪ ਵਿੱਚ ਜਥੇਬੰਦ ਹੋਣ ਦਾ ਸੁਨੇਹਾ ਦਿੰਦਾ ਹੈ ਕਿਉਂਕਿ ਅੱਜ ਦੀਆਂ ਹਾਲਤਾਂ ਉਸ ਸਮੇਂ ਨਾਲੋਂ ਵੀ ਬਦ ਤੋਂ ਬਦਤਰ ਹੋ ਰਹੀਆਂ ਹਨ। ਛੋਟੇ ਮੋਟੇ ਆਪਸੀ ਵਿਰੋਧਾਂ ਨੂੰ ਛਿੱਕੇ ਟੰਗ ਕੇ ਸਬਕ ਸਿੱਖਣਾ ਚਾਹੀਦਾ ਹੈ ਕਿ ਲੋਕ ਮੁਕਤੀ, ਜਥੇਬੰਦਕ ਢਾਂਚੇ ਤੋਂ ਬਿਨਾਂ ਸੰਭਵ ਹੀ ਨਹੀਂ ਹੈ।

# ਭਵਿੱਖ ਦੇ ਪੰਨਿਆਂ ਦਾ ਸ਼ਿੰਗਾਰ ਹੋਣਗੀਆਂ, ਪੰਜਾਬ ਸਟੂਡੈਂਟਸ ਯੂਨੀਅਨ ਪੀ. ਐਸ. ਯੂ. ਦੀਆਂ ਵਿਦਿਆਰਥਣਾਂ !



ਕਿਸੇ ਪ੍ਰਸਿੱਧ ਇਨਕਲਾਬੀ ਦਾ ਇਹ ਕਥਨ ਹੈ ਕਿ ਦੁਨੀਆਂ ਦੇ ਵਿੱਚ ਔਰਤਾਂ ਦੀ ਗਿਣਤੀ ਲੱਗਭਗ ਅੱਧੇ ਦੇ ਬਰਾਬਰ ਹੈ ਤੇ ਬਿਨਾਂ ਔਰਤਾਂ ਨੂੰ ਜਥੇਬੰਦ ਕੀਤੀਆਂ ਕੋਈ ਵੀ ਇਨਕਲਾਬ ਸੰਪੂਰਨ ਨਹੀਂ ਹੋ ਸਕਦਾ।

ਭਾਵੇਂ ਅੱਜ ਲਗਪਗ ਹਰ ਰਾਹ ਉੱਪਰ ਕੁੜੀਆਂ ਮੁੰਡਿਆਂ ਦੇ ਬਰਾਬਰ ਹੋ ਕੇ ਚੱਲ ਰਹੀਆਂ ਹਨ ਪ੍ਰੰਤੂ ਅੱਜ ਤੱਕ ਇੱਕ ਰਾਹ ਹਾਲੇ ਵੀ ਅਜਿਹਾ ਸੀ ਜਿਸ ਵਿੱਚ ਕੁੜੀਆਂ, ਮੁੰਡਿਆਂ ਦੇ ਮੁਕਾਬਲੇ ਬਹੁਤ ਘੱਟ ਗਿਣਤੀ ਵਿੱਚ ਹੁੰਦੀਆਂ ਸਨ, ਇਹ ਸੀ ਸੰਘਰਸ਼ਾਂ ਦਾ ਰਾਹ, ਸੱਤਾ ਨਾਲ ਸਿੱਧੇ ਟਕਰਾਉਣ ਦਾ ਰਾਹ ਅਤੇ ਆਪਣੇ ਹੱਕਾਂ ਨੂੰ ਆਪਣੇ ਦਮ ਉੱਪਰ ਲੈਣ ਦਾ ਰਾਹ!

ਦੇਸ਼ ਵਿੱਚ ਭਾਵੇਂ ਲਗਭਗ ਸਾਰੀਆਂ ਹੀ ਲੋਕਪੱਖੀ ਜਥੇਬੰਦੀਆਂ ਵਿੱਚ ਕੁੜੀਆਂ ਆਮ ਤੌਰ ਉੱਪਰ ਕੰਮ ਕਰਦੀਆਂ ਪਾਈਆਂ ਜਾਂਦੀਆਂ ਹਨ, ਪ੍ਰੰਤੂ ਪੰਜਾਬ ਦੀ ਧਰਤੀ ਉੱਪਰ ਲੋਕ ਹਿੱਤਾਂ ਲਈ ਲੜਨ ਵਾਲੀ ਇੱਕ ਜਥੇਬੰਦੀ ਐਸੀ ਵੀ ਹੈ ਜਿਸ ਵਿੱਚ ਕੁੜੀਆਂ ਅੱਜ ਕੱਲ ਮੁੰਡਿਆਂ ਦੇ ਮੁਕਾਬਲੇ ਅੱਗੇ ਹੋ ਕੇ ਲੜ ਰਹੀਆਂ ਹਨ, ਇਸ ਜਥੇਬੰਦੀ ਦੇ ਸਮਾਗਮਾਂ ਵਿੱਚ ਹਮੇਸ਼ਾ ਹੀ ਕੁੜੀਆਂ ਨੂੰ ਮੂਹਰਲੀ ਸਫਾ ਦੇ ਵਿੱਚ ਖੜ੍ਹ ਕੇ ਲੜਦੇ ਦੇਖਿਆ ਜਾ ਸਕਦਾ ਹੈ ਅਤੇ ਹਰ ਐਕਸ਼ਨ ਵਿੱਚ ਕੁੜੀਆਂ ਦੀ ਹਾਜਰੀ ਹੈਰਾਨ ਕਰਨ ਵਾਲੀ ਹੁੰਦੀ ਹੈ।

ਵਰਗੀ ਜਾਂਬਾਜ਼ ਇਨਕਲਾਬੀ ਕੁੜੀ ਇਸ ਜਥੇਬੰਦੀ ਦਾ ਵੱਡਾ ਨਾਮ ਸੀ ਪਰ ਅੱਜ ਕੱਲ ਹਰ ਕਾਲਜ, ਹਰ ਯੂਨੀਵਰਸਿਟੀ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਵਿੱਚ ਕੁੜੀਆਂ ਦੀ ਗਿਣਤੀ ਬਹੁਤ ਵੱਡੇ ਪੱਧਰ ਤੇ ਹੈ ਪੰਜਾਬ ਦੇ ਲਗਭਗ ਸਾਰੇ ਕਾਲਜਾਂ ਦੇ ਵਿੱਚ ਪੰਜਾਬ ਸਟੂਡੈਂਟ ਯੂਨੀਅਨ ਦੀਆਂ ਇਕਾਈਆਂ ਹਨ ਅਤੇ ਇਨ੍ਹਾਂ ਹੀ ਇਕਾਈਆਂ ਵਿੱਚ ਕੁੜੀਆਂ ਵੱਡੀ ਗਿਣਤੀ ਵਿੱਚ ਕੰਮ ਕਰਦੀਆਂ ਹਨ।

ਅੱਜ ਕੱਲ੍ਹ ਪੰਜਾਬ ਸਟੂਡੈਂਟ ਯੂਨੀਅਨ ਵੱਲੋਂ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਦੀ 100ਵੀਂ ਵਰ੍ਹੇ ਗੰਢ ਮਨਾਉਣ ਲਈ ਪਿੰਡਾਂ ਦੇ ਵਿੱਚ ਥਾਂ ਥਾਂ ਪ੍ਰੋਗਰਾਮ ਕੀਤੇ ਜਾ ਰਹੇ ਹਨ ਅਤੇ ਪੰਜਾਬ ਸਟੂਡੈਂਟ ਯੂਨੀਅਨ ਦੀਆਂ ਟੋਲੀਆਂ ਵੱਖ ਵੱਖ ਪਿੰਡਾਂ ਵਿੱਚ ਨਾਅਰੇ ਲਿਖਣ ਅਤੇ ਪ੍ਰਚਾਰ ਕਰਨ ਲਈ ਨਿਕਲਦੀਆਂ ਹਨ, ਇਨ੍ਹਾਂ ਟੋਲੀਆਂ ਵਿੱਚ ਇਹ ਆਮ ਹੀ ਦੇਖਣ ਨੂੰ ਮਿਲ ਜਾਂਦਾ ਹੈ ਕਿ ਕੁੜੀਆਂ, ਮੁੰਡਿਆਂ ਦੇ ਨਾਲ ਅਤੇ ਮੁੰਡਿਆਂ ਦੇ ਬਰਾਬਰ ਗਿਣਤੀ ਵਿੱਚ ਜਥੇਬੰਦੀ ਦੇ ਕਾਰਜਾਂ ਨੂੰ ਸੰਪੂਰਨ ਕਰਦੇ ਹੋਏ ਕਦਮ ਨਾਲ ਕਦਮ ਮਿਲਾ ਕੇ ਚੱਲ ਰਹੀਆਂ ਹਨ ਬੇਸ਼ੱਕ ਸਿਖਰ ਦੁਪਹਿਰਾਂ ਹੋਣ ਬੇਸ਼ੱਕ ਕਾਲੀਆਂ ਰਾਤਾਂ ਪੰਜਾਬ ਸਟੂਡੈਂਟ ਯੂਨੀਅਨ ਦੀਆਂ ਕੁੜੀਆਂ ਹਰ ਵਕਤ ਆਪਣੇ ਸਾਥੀਆਂ ਦੇ ਨਾਲ ਡਟ ਕੇ ਖੜ੍ਹੀਆਂ ਹੋਈਆਂ ਹਨ।

ਭਾਵੇਂ ਅੱਜ ਸਾਡੇ ਸਮਾਜ ਦੇ ਉੱਚ ਸ਼੍ਰੇਣੀ ਅਤੇ ਪੂੰਜੀਵਾਦੀ ਵਿਵਸਥਾ ਨੇ ਮਹਿਜ਼ ਮਰਜ਼ੀ ਦੇ ਕੱਪੜੇ ਪਾਉਣ, ਮਰਜ਼ੀ ਦੀ ਜ਼ਿੰਦਗੀ ਜਿਊਣ, ਖੁੱਲ੍ਹਾ ਘੁੰਮਣ ਫਿਰਨ ਅਤੇ ਅਯਾਸ਼ੀ ਕਰਨ ਨੂੰ ਆਜ਼ਾਦੀ ਦਾ ਅਸਲੀ ਮਤਲਬ ਸਮਝ ਲਿਆ ਹੈ ਪਰ ਪੰਜਾਬ ਸਟੂਡੈਂਟ ਯੂਨੀਅਨ ਦੀਆਂ ਵਿਦਿਆਰਥਣਾਂ ਅਜ਼ਾਦੀ ਦਾ ਅਸਲ ਅਰਥ ਲੋਕਾਂ ਸਾਹਮਣੇ ਦਰਸਾ ਰਹੀਆਂ ਹਨ ਜਿਨ੍ਹਾਂ ਨੇ ਪੁਰਾਣੇ ਵਿਚਾਰਾਂ ਅਤੇ ਪੁਰਾਣੇ ਰੀਤੀ ਰਿਵਾਜਾਂ ਤੋਂ ਆਜ਼ਾਦੀ ਪ੍ਰਾਪਤ ਕਰ ਲਈ ਹੈ ਅਤੇ ਹੁਣ ਇਹ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਕਿਰਤੀ ਲੋਕਾਂ ਦੀ ਆਜ਼ਾਦੀ ਲਈ ਲਗਾ ਰਹੀਆਂ ਹਨ। ਬੇਸ਼ੱਕ ਪੰਜਾਬ ਦੇ ਲੋਕਾਂ ਨੇ ਮਾਤਾ ਗੁਜਰੀ ਤੋਂ ਲੈ ਕੇ ਗ਼ਦਰੀ ਗੁਲਾਬ ਕੌਰ ਤੱਕ ਅਨੇਕਾਂ ਹੀ ਸੂਰਬੀਰ ਔਰਤਾਂ ਨੂੰ ਦੇਖਿਆ ਹੈ ਪ੍ਰੰਤੂ ਅੱਜ ਦੇ ਸਮੇਂ ਵਿੱਚ ਪੰਜਾਬ ਸਟੂਡੈਂਟ ਯੂਨੀਅਨ ਦੇ ਵਿੱਚ ਵਿਦਿਆਰਥਣਾਂ ਦੀ ਜੋ ਲਗਨ ਤੇ ਇੱਛਾ ਹੈ ਉਹ ਇਹ ਸਿੱਧ ਕਰਦੀ ਹੈ ਕਿ ਪੰਜਾਬ ਦੀ ਔਰਤ ਹੁਣ ਜਾਗ ਰਹੀ ਹੈ ਅਤੇ ਇਸ ਦੀ ਜਾਗ੍ਰਤੀ ਹੀ ਕਿਸੇ ਨਵੇਂ ਇਨਕਲਾਬ ਦਾ ਕੇਂਦਰ ਬਣੇਗੀ!





ਸੁਖਵਿੰਦਰ ਲੀਲ੍ਹ
ਫ਼ੂਲਾਂਵਾਲ
9888814227

# ਬਿਹਤਰ ਜ਼ਿੰਦਗੀ ਜਿਊਣ ਤੋਂ ਦੂਰ ਹੋ ਰਿਹਾ ਮਨੁੱਖ

ਅੱਜ ਜਿਵੇਂ-ਜਿਵੇਂ ਅਸੀਂ ਆਪਣੇ ਆਪ ਨੂੰ ਅਗਾਂਹਵਧੂ ਲੀਹਾਂ ਉੱਪਰ ਤੋਰਿਆ ਤੇ ਪੜ੍ਹ-ਲਿਖ ਕੇ ਜ਼ਿੰਦਗੀ ਦੀਆਂ ਨਵੀਆਂ ਸੁੱਖ ਸਹੂਲਤਾਂ ਨੂੰ ਮਾਨਣ ਦੇ ਕਾਬਲ ਬਣਦੇ ਜਾ ਰਹੇ ਹਾਂ, ਉਵੇਂ-ਉਵੇਂ ਅਸੀਂ ਆਪਣੇ ਸੱਭਿਆਚਾਰ, ਆਪਸੀ ਭਾਈਚਾਰਕ ਸਾਂਝ ਅਤੇ ਪਰਵਾਰਿਕ ਰਿਸ਼ਤਿਆਂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਸਾਡੇ ਰਿਸ਼ਤਿਆਂ ਵਿੱਚ ਦਿਨੋ-ਦਿਨ ਆ ਰਹੀ ਗਿਰਾਵਟ ਜਿੱਥੇ ਸਾਡੇ ਆਪਸੀ ਰਿਸ਼ਤੇ ਤਾਰ ਤਾਰ ਹੋ ਰਹੇ ਹਨ, ਉੱਥੇ ਮਨੁੱਖ ਉਨ੍ਹਾਂ ਰਿਸ਼ਤਿਆਂ ਦੀ ਅਣਹੋਂਦ ਕਾਰਨ ਜਾਣੇ-ਅਣਜਾਣੇ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਦੀ ਗ੍ਰਿਫਤ 'ਚ ਫਸਦਾ ਜਾ ਰਿਹਾ ਹੈ। ਆਏ ਦਿਨ ਦੇਸ਼ ਦੇ ਕਿਸੇ ਨਾ ਕਿਸੇ ਕੋਨੇ ਅੰਦਰ ਕਿਸੇ ਨਾ ਕਿਸੇ ਦਿਨ ਪਰਿਵਾਰਾਂ ਵਿੱਚ ਆਪਣੇ ਆਪ ਨੂੰ ਅਤੇ ਮਸੂਮ ਬੱਚਿਆਂ ਨੂੰ ਜਾਨੋਂ ਮਾਰ ਕੇ ਖਤਮ ਕਰਨ ਦੀਆਂ ਘਟਨਾਵਾਂ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਬਣੇ ਮਾਨਸਿਕ ਰੋਗੀਆਂ ਵੱਲੋਂ ਕੀਤੀਆਂ ਜਾਣ ਵਾਲੀਆਂ ਦਰਦਨਾਕ ਘਟਨਾਵਾਂ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਗੰਭੀਰ ਸਮੱਸਿਆਵਾਂ ਵੱਲ ਇਸ਼ਾਰਾ ਕਰਦੀਆਂ ਹਨ। ਹਰ ਦੂਜੇ-ਤੀਜੇ ਦਿਨ ਕਿਸੇ ਨਾ ਕਿਸੇ ਕਾਰਨ ਆਤਮ-ਹੱਤਿਆ ਦੀਆਂ ਖਬਰ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ। ਭਾਵੇਂ ਕਿ ਆਤਮ-ਹੱਤਿਆ ਕਿਸੇ ਵੀ ਮਸ਼ਲੇ ਦਾ ਹੱਲ ਨਹੀਂ ਹੁੰਦਾ, ਪਰ ਫਿਰ ਵੀ ਮਨੁੱਖ ਵੱਲੋਂ ਇਸ ਤਰ੍ਹਾਂ ਦੇ ਨਿਰਾਸ਼ਾਜਨਕ ਫੈਸਲੇ ਲੈਣੇ, ਜਿੱਥੇ ਸਾਡੇ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਬਣਦਾ ਹੈ, ਉੱਥੇ ਸਾਨੂੰ ਇਸ ਦੇ ਕਾਰਨਾਂ ਨੂੰ ਗੰਭੀਰਤਾ ਨਾਲ ਸੋਚਣ ਲਈ ਵੀ ਮਜ਼ਬੂਰ ਕਰਦਾ ਹੈ।

ਉਕਤ ਮਾਮਲੇ ਪ੍ਰਤੀ ਭਾਵੇਂ ਹੋਰ ਵੀ ਰਾਜਨੀਤਕ, ਸਮਾਜਿਕ ਤੇ ਆਰਥਿਕ ਕਾਰਨ ਹਨ, ਪਰ ਮੁੱਖ ਕਾਰਨ ਅਜੋਕੇ ਮਨੁੱਖ ਦਾ ਪਦਾਰਥਵਾਦ ਦੇ ਚੱਕਰਵਿਊ ਵਿੱਚ ਫਸਿਆ ਹੋਣਾ ਅਤੇ ਆਪਣੇ ਅਸੂਲਾਂ ਨੂੰ ਸਿੱਕੇ ਟੰਗਕੇ ਵਧੇਰੇ ਪੈਸਾ ਕਮਾਉਣ ਦੀ ਲਾਲਸਾ ਨੇ ਮਨੁੱਖ ਨੂੰ ਅੰਨ੍ਹਾ ਕਰ ਛੱਡਿਆ ਹੈ। ਅੱਜ ਦਾ ਮਨੁੱਖ ਔਖਾ-ਸੌਖਾ ਸਮੇਂ ਦੇ ਨਾਲ ਚੱਲਣ ਦੀ ਕੋਸ਼ਿਸ਼ ਕਰਦਾ ਜ਼ਿੰਦਗੀ ਦੀਆਂ ਸੁੱਖ ਸਹੂਲਤਾਂ ਮਾਨਣ ਲਈ ਅੱਗੇ ਨੂੰ ਵਧਦਾ ਵਿਖਾਈ ਦੇ ਰਿਹਾ ਹੈ, ਪਰ ਅੰਦਰੋ-ਅੰਦਰੀ ਉਹ ਖਾਲੀ ਖੋਲ ਦੀ ਤਰ੍ਹਾਂ ਖੋਖਲਾ ਹੁੰਦਾ ਜਾ ਰਿਹਾ ਹੈ। ਜਿਸ ਦੇ ਚਲਦੇ ਉਹ ਪਰਿਵਾਰਕ ਰਿਸ਼ਤੇ ਨਾਤਿਆਂ ਨੂੰ ਅਣ-ਗੌਲ਼ੇ ਕਰਦਾ ਆਪਣੇ ਆਲੇ ਦੁਆਲੇ ਤੋਂ ਬੇਖਬਰ ਬਿਨ੍ਹਾਂ ਚੰਗਾ-ਮਾੜਾ ਸੋਚੇ ਅਤੇ ਬਿਨਾ ਰੁਕੇ, ਘਰੋਂ ਕੰਮ 'ਤੇ ਕੰਮ ਤੋਂ ਘਰ ਮਸ਼ੀਨ ਬਣਿਆ ਭੱਜਿਆ ਫਿਰਦਾ ਹੈ। ਲੱਗਦਾ ਅੱਜ ਮਨੁੱਖ ਦੇ ਦਿਮਾਗ ਦੀ ਚਾਬੀ ਕਿਸੇ ਹੋਰ ਕੋਲ ਹੈ ਤੇ ਇਸ ਦਾ ਡਰਾਇਵਰ ਵੀ ਕੋਈ ਹੋਰ ਹੈ। ਉਹ ਤਾਂ ਬਸ ਖਿਡੌਣਾ ਰੂਪੀ ਹੱਡ-ਮਾਸ ਦਾ ਪਿੰਜਰ ਬਣਿਆ ਕਿਸੇ ਖਿਡੌਣੇ ਵਿੱਚ ਭਰੀ ਚਾਬੀ ਵਾਂਗ ਦੌੜ ਰਿਹਾ ਹੈ। ਉਸ ਕੋਲ ਆਪਣੇ ਜਾਂ ਆਪਣੇ ਆਲੇ ਦੁਆਲੇ ਚੰਗਾ-ਮਾੜਾ ਵਾਪਰਨ ਦੇ ਸੋਚਣ ਬਾਰੇ ਟਾਈਮ ਹੀ ਨਹੀਂ ਰਿਹਾ ਜਾਂ ਇੰਝ ਕਹਿ ਲਈਏ ਕਿ ਉਸ ਨੂੰ ਸੋਚਣ ਦਾ ਟਾਈਮ ਹੀ ਨਹੀਂ ਦਿੱਤਾ ਜਾ ਰਿਹਾ।

ਭਾਵੇਂ ਹਰੇਕ ਵਿਅਕਤੀ ਨੂੰ ਸਮਾਜ 'ਚ ਅੱਗੇ ਵਧਣ ਦੇ ਯਤਨ ਕਰਨੇ ਚਾਹੀਦੇ ਹਨ,ਪਰ ਹੱਕ ਹਲਾਲ ਨਾਲ ਦੱਸਾਂ ਨੌਹਾਂ ਦੀ ਕਿਰਤ ਨਾਲ ਕਮਾਇਆ ਪੈਸਾਂ ਮਾਨਸਿਕ ਸੰਤੁਸ਼ਟੀ ਹੀ ਨਹੀਂ ਦਿੰਦਾ, ਸਗੋਂ ਬੱਚਿਆਂ ਅਤੇ ਸਮਾਜ ਨੂੰ ਸੇਧਤ ਵੀ ਕਰਦਾ ਹੈ। ਜਲਦੀ ਅਮੀਰ ਬਣਨ ਲਈ ਗਲਤ ਤਰੀਕੇ ਨਾਲ ਕਮਾਇਆ ਗਿਆ ਧਨ ਹਮੇਸ਼ਾ ਆਦਮੀ ਨੂੰ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਹੀ ਕਰਦਾ ਹੈ। ਕਈ ਵਾਰੀ ਲੋੜ ਤੋਂ ਜਿਆਦਾ ਪੈਸਾ ਪਰਿਵਾਰਾਂ ਵਿੱਚ ਬੱਚਿਆਂ ਨੂੰ ਦਿਮਾਗੀ ਅੰਗਹੀਣ ਤਾਂ ਬਣਾਉਂਦਾ ਹੀ ਹੈ ਅਤੇ ਬੱਚਿਆਂ ਨੂੰ ਗਲਤ ਰਸਤੇ ਵੱਲ ਲਿਜਾਣ ਵਿੱਚ ਉਸ ਦੀ ਮਦਦ ਕਰਨ ਲੱਗ ਜਾਂਦਾ ਹੈ। ਕੁਲ ਮਿਲਾ ਕੇ ਅਸੀਂ ਆਪਣੀ ਭਾਈਚਾਰਕ ਸਾਂਝ ਦੀਆਂ ਮਜ਼ਬੂਤ ਗੰਢਾਂ ਨੂੰ ਹੋਰ ਮਜ਼ਬੂਤ ਕਰਨ ਦੀ ਥਾਂ ਤੇ ਪੈਸੇ ਤੇ ਦਿਖਾਵੇਬਾਜ਼ੀ ਦੇ ਪਿੱਛੇ ਲੱਗ ਕੇ ਆਪ ਹੀ ਢਿਲਿਆਂ ਕਰ ਲਿਆ ਹੈ ਅਤੇ ਆਪਣੇ ਆਪ ਨੂੰ ਇਕੱਲੇਪਣ ਦੇ ਸ਼ਿਕਾਰ ਬਣਨ ਲਈ ਰਾਹ ਪੱਧਰਾ ਕਰ ਲਿਆ ਹੈ।

ਸਕੂਲਾਂ ਅੰਦਰ ਵੀ ਵਿਦਿਆਰਥੀ ਨਾਮ ਦੀਆਂ ਮਨੁੱਖੀ ਮਸ਼ੀਨਾਂ ਹੀ ਤਿਆਰ ਕੀਤੀਆਂ ਜਾ ਰਹੀਆਂ ਹਨ।ਵੱਧ ਤੋਂ ਵੱਧ ਨੰਬਰ ਪ੍ਰਾਪਤ ਕਰਨ ਦੀ ਮੁਕਾਬਲੇਬਾਜ਼ੀ ਦੀ ਘੁੰਮਣਘੇਰੀ ਵਿੱਚ ਫਸਿਆ ਵਿਦਿਆਰਥੀ ਸਿਲੇਬਸਾਂ ਦੇ ਬੋਝ ਹੇਠਾਂ ਬੁਰੀ ਤਰ੍ਹਾਂ ਲਤਾੜਿਆ ਜਾ ਰਿਹਾ ਹੈ। ਸਕੂਲੀ ਲਾਇਬਰੇਰੀਆਂ ਵਿੱਚ ਪਈਆਂ ਚੰਗੀਆਂ ਪੁਸਤਕਾਂ ਸਿਰਫ ਅਲਮਾਰੀ ਦਾ ਸਿੰਗਾਰ ਬਣੀ ਵਿਖਾਈ ਦਿੰਦੀਆਂ ਹਨ। ਸਮਾਜਿਕ ਗਿਆਨ, ਆਪਸੀ ਰਹਿਣ-ਸਹਿਣ, ਭਾਈਚਾਰਕ ਸਾਂਝ ਦਾ ਪਾਠ ਤਾਂ ਅੱਜ ਕਿਸੇ ਸਿਲੇਬਸ ਦਾ ਹਿੱਸਾ ਹੀ ਨਹੀਂ ਰਿਹਾ। ਵਿਦਿਆਰਥੀ ਨੂੰ ਇੱਕ ਦੂਸਰੇ ਤੋਂ ਅੱਗੇ ਲੰਘਣ ਦੀ ਦੌੜ ਵਿੱਚ ਸ਼ਾਮਲ ਆਪਸੀ ਦੋਸਤਾਂ-ਮਿੱਤਰਾਂ ਵਾਲੇ ਰਿਸਤਿਆਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਸਿਲੇਬਸਾਂ ਤੋਂ ਇਲਾਵਾ ਸਮਾਜਿਕ ਗਿਆਨ ਪੁਸਤਕਾਂ ਪੜ੍ਹਨ ਵੱਲ ਕਿਸੇ ਵੀ ਮਾਪੇ ਜਾਂ ਅਧਿਆਪਕ ਵੱਲੋਂ ਆਪਣੇ ਬੱਚਿਆਂ ਨੂੰ ਪ੍ਰੇਰਤ ਹੀ ਨਹੀਂ ਕੀਤਾ ਜਾਂਦਾ। ਅੱਜ ਸਾਡਾ ਅਧਿਆਪਕ ਵਰਗ ਆਪ ਵੀ ਸਿਰਫ ਸਿਲੇਬਸ ਤੋਂ ਅਲੱਗ ਕਿਸੇ ਕਿਸਮ ਦੀ ਕੋਈ ਹੋਰ ਚੰਗੀ ਪੁਸਤਕ ਪੜ੍ਹਨ ਤੋਂ ਦੂਰ ਜਾ ਚੁੱਕਿਆ ਹੈ। ਜਿਸ ਨੇ ਪੂਰੇ ਵਿਦਿਆਰਥੀ ਵਰਗ ਅੰਦਰ ਚੰਗੀਆਂ ਸਾਹਿਤਕ ਪੁਸਤਕਾਂ ਪੜ੍ਹਨ ਦੀ ਰੁੱਚੀ ਪੈਦਾ ਕਰਨੀ ਹੁੰਦੀ ਹੈ। ਬਹੁ ਗਿਣਤੀ ਅਧਿਆਪਕ ਆਪ ਹੀ ਸਾਹਿਤਕ ਪੁਸਤਕਾਂ ਪੜ੍ਹਨ ਤੋਂ ਕੰਨੀ ਕਤਰਾ ਰਿਹਾ ਹੈ।



ਉੱਧਰ ਮਾਪੇ ਵੀ ਆਪਣੇ ਬੱਚੇ ਨੂੰ ਪਹਿਲੀ ਕਲਾਸ ਤੋਂ ਹੀ ਅੰਗਰੇਜ਼ ਬਣਾਉਣਾ ਚਾਹੁੰਦੇ ਹਨ। ਨਾ ਚਾਹੁੰਦੇ ਹੋਏ ਵੀ ਬੱਚੇ ਆਪਣੇ ਮਾਪਿਆਂ ਅਤੇ ਅਧਿਆਪਕਾਂ ਦੇ ਦਬਾਅ ਹੇਠ ਆ ਕੇ ਸਕੂਲਾਂ ਤੋਂ ਪਿੱਛੋਂ ਪ੍ਰਾਈਵੇਟ ਟਿਊਸ਼ਨ ਲੈਣ ਲਈ ਮਜ਼ਬੂਰ ਹੋਏ ਮਾਨਸਿਕ ਦਬਾਅ ਝਲਦੇ ਲਗਾਤਾਰ ਚਿੜ-ਚਿੜੇਪਨ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਮਾਪੇ ਆਪਣੇ ਬੱਚੇ ਨੂੰ ਟਿਊਸ਼ਨ ਭੇਜ ਕੇ ਸੁਰਖਰੂ ਹੋ ਜਾਂਦੇ ਹਨ ਅਤੇ ਆਪ ਕਿਸੇ ਟੀ.ਵੀ ਸੀਰੀਅਲ ਜਾਂ ਮੋਬਾਇਲ ਉੱਪਰ ਵਟਸਐਪ ਦੀ ਲਪੇਟ ਫਸੇ ਰਹਿੰਦੇ ਹਨ।ਅੱਜ ਸਾਡੇ ਬੱਚਿਆਂ ਕੋਲ ਖੇਡਣ-ਕੁੱਦਣ ਲਈ ਟਾਈਮ ਹੀ ਨਹੀਂ। ਜੇਕਰ ਕਿਸੇ ਕੋਲ ਥੋੜਾ ਬਹੁਤ ਟਾਈਮ ਹੈ ਵੀ ਤਾਂ ਉਹ ਮੁਬਾਇਲਾਂ, ਟੀ.ਵੀ ਜਾਂ ਕੰਪਿਊਟਰ ਦੀ ਭੇਂਟ ਚੜ੍ਹ ਜਾਂਦਾ ਹੈ। ਜਿੱਥੇ ਬੱਚੇ ਅਣਜਾਣ ਲੋਕਾਂ ਨਾਲ ਗੱਲਾਂ ਕਰਕੇ ਆਪਣਾ ਟਾਈਮ ਪਾਸ ਕਰਦੇ ਹੋਏ ਕਈ ਵਾਰੀ ਇਸ ਤਰਾਂ ਦੇ ਫੈਸਲੇ ਲੈ ਲੈਂਦੇ ਹਨ,ਜਿਹੜੇ ਬਹੁਤੀ ਵਾਰੀ ਦੋਵਾਂ ਪਰਿਵਾਰਾਂ ਦੇ ਹਿੱਤ ਵਿੱਚ ਨਹੀ ਜਾਂਦੇ ਅਤੇ ਪਰਿਵਾਰਾਂ ਵਿੱਚ ਪ੍ਰੇਸ਼ਾਨੀ ਦਾ ਕਾਰਨ ਬਣ ਰਹੇ ਹਨ।

ਅੱਜ ਮਾਪੇ ਆਪਣੇ ਬੱਚਿਆਂ ਨੂੰ ਆਪਣੇ ਮੁਤਾਬਿਕ ਚਲਾਉਣ ਦੀ ਨਾ-ਕਾਮਯਾਬ ਕੋਸ਼ਿਸ਼ਾਂ ਕਾਰਨ ਨਿਰਾਸ਼ਾ ਦੇ ਆਲਮ ਵਿੱਚੋਂ ਗੁਜਰ ਰਹੇ ਹਨ। ਘਰਾਂ ਅੰਦਰ ਆਪਣੇ ਪਰਿਵਾਰਕ ਰਿਸਤਿਆਂ ਦੀ ਅਣਹੋਂਦ ਕਾਰਨ ਬੱਚੇ ਬਿਜਲੀ ਮੀਡੀਆ ਵੱਲੋਂ ਪਰੋਸੇ ਜਾ ਰਹੇ ਘਟੀਆ ਫਿਲਮਾਂ, ਲੱਚਰ ਗੀਤਾਂ ਦੀ ਗ੍ਰਿਫਤ ਵਿੱਚ ਬੁਰੀ ਤਰਾਂ ਫਸ ਚੁੱਕੇ ਹਨ। ਅੱਜ ਦਾ ਬੱਚਾ ਆਪਣੇ ਮਾਂ-ਬਾਪ ਦੀ ਕਹੀ ਕਿਸੇ ਵੀ ਗੱਲ ਨੂੰ ਮੰਨਣ ਤੋਂ ਇਨਕਾਰੀ ਹੁੰਦਾ ਜਾ ਰਿਹਾ ਹੈ। ਇਸ ਤਰ੍ਹਾਂ ਦੀਆਂ ਗੱਲਾਂ ਤੋਂ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਬਦਲ ਰਹੀ ਮਾਨਸਿਕਤਾ ਨੂੰ ਲੈ ਕੇ ਦਿਨੋ ਦਿਨ ਚਿੰਤਾ ਦਾ ਕਾਰਨ ਬਣ ਰਹੀ ਹੈ। ਬੱਚੇ ਵੱਡੇ ਛੋਟੇ ਦੇ ਸਤਿਕਾਰ ਨੂੰ ਬਿਲਕੁਲ ਭੁਲਾ ਚੁੱਕੇ ਹਨ ਜਾਂ ਕਹਿ ਦੇਈਏ ਉਹਨਾਂ ਨੂੰ ਇਹਨਾਂ ਗੱਲਾਂ ਦਾ ਗਿਆਨ, ਜੋ ਕਦੇ ਸਾਂਝਿਆ ਪਰਿਵਾਰਾਂ ਵਿੱਚੋਂ ਆਪਣੇ ਆਪ ਮਿਲਦਾ ਰਹਿੰਦਾ ਸੀ,ਹੁਣ ਉਹ ਮਿਲਣਾ ਬੰਦ ਹੋ ਗਿਆ ਹੈ। ਅੱਜ ਪਰਿਵਾਰਾਂ ਵਿੱਚ ਇੱਕ ਜਾਂ ਦੋ ਬੱਚੇ ਹੋਣ ਕਾਰਨ ਉਹ ਆਪਣੇ ਮਾਪਿਆਂ ਨੂੰ ਆਪਣੀ ਮਰਜ਼ੀ ਅਨੁਸਾਰ ਚਲਾ ਰਹੇ ਹਨ ਤੇ ਲੋਕ ਆਪਣੇ ਲਾਡਲੇ ਪੁੱਤਰ-ਧੀਆਂ ਦੇ ਕਿਸੇ ਗਲਤ ਫੈਸਲੇ ਦੇ ਡਰੋਂ ਉਨਾਂ ਦੀ ਹਰ ਗੱਲ ਮੰਨਣ ਲਈ ਮਜ਼ਬੂਰ ਹੋ ਰਹੇ ਹਨ।

ਇਸ ਸਭ ਉੱਪਰ ਜਦ ਧਿਆਨ ਮਾਰੀਏ ਤਾਂ ਕਿਤੇ ਨਾ ਕਿਤੇ ਅਸੀਂ ਹੀ ਇਸ ਦੇ ਜ਼ਿੰਮੇਵਾਰ ਦਿਖਾਈ ਦਿੰਦੇ ਹਾਂ। ਮਨੁੱਖ ਨੇ ਆਪਣੇ ਕੁਝ ਕੁ ਸੁਆਰਥਾਂ ਬਦਲੇ ਆਪਣੀ ਔਲਾਦ ਨੂੰ ਆਪਣਿਆਂ ਤੋਂ ਦੂਰ ਕਰਕੇ ਸਾਡੇ ਆਪਸੀ ਮਿਲਵਰਤਨ ਵਾਲੇ ਅਮੀਰ ਸੱਭਿਆਚਰਕ ਤੇ ਭਾਈਚਾਰਕ ਸਾਂਝ ਤੋਂ ਦੂਰ ਕਰਕੇ ਆਪਣੇ ਲਈ ਹੀ ਕੰਡੇ ਬੀਜ ਲਏ ਹਨ, ਜਿਹੜੇ ਹੁਣ ਸਾਨੂੰ ਆਪ ਹੀ ਚੁਗਣ ਲਈ ਮਜ਼ਬੂਰ ਕਰ ਰਹੇ ਹਨ। ਇਸ ਤਰ੍ਹਾਂ ਦੇ ਪੈਦਾ ਹੋ ਚੁੱਕੇ ਹਫੜਾ-ਦਫੜੀ ਵਾਲੇ ਮਹੌਲ ਵਿੱਚ ਫਸ ਕੇ ਫਿਰ ਆਮ ਆਦਮੀ ਸੰਤੁਸ਼ਟ ਕਿਵੇਂ ਰਹਿ ਸਕਦਾ ਹੈ। ਉਸਨੂੰ ਨੂੰ ਤਾਂ ਹਰ ਸਮੇਂ ਆਪਣੇ ਧੀ-ਪੁੱਤਰ ਦੀ ਚੰਗੀ ਜ਼ਿੰਦਗੀ ਬਣਾਉਣ ਲਈ ਇਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਕਿਧਰੇ ਮੇਰਾ ਬੱਚਾ ਕਿਸੇ ਗਲਤ ਸੰਗਤ ਵਿੱਚ ਰਹਿ ਕੇ ਵਿਗੜ ਨਾ ਜਾਵੇ ਜਾਂ ਕਿਸੇ ਤਰ੍ਹਾਂ ਦੀ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਸਮਾਜ ਦੇ ਆਸੇ ਪਾਸੇ ਚੱਲ ਰਹੀ ਨਸ਼ਿਆਂ ਦੀ ਹਨੇਰੀ ਦੀ ਗ੍ਰਿਫਤ ਵਿੱਚ ਨਾ ਫਸ ਜਾਵੇ। ਪਹਿਲਾਂ ਇਹ ਕੰਮ ਸਾਂਝੇ ਪਰਿਵਾਰਾਂ ਵਿੱਚ ਦਾਦਾ-ਦਾਦੀ, ਤਾਇਆ-ਤਾਈ, ਚਾਚਾ-ਚਾਚੀ, ਭੂਆ ਆਦਿ ਵੱਲੋਂ ਰਲ਼ ਕੇ ਬੜੇ ਅਰਾਮ ਨਾਲ ਬੱਚਿਆਂ ਦੀ ਉਮਰ ਮੁਤਾਬਿਕ ਆਪਣੇ ਕੋਲ ਬਿਠਾ ਕੇ ਕਰ ਲਏ ਜਾਂਦੇ ਸਨ। ਇਸ ਤਰ੍ਹਾਂ ਬੱਚੇ ਪਰਿਵਾਰਾਂ ਦਾ ਪਿਆਰ ਮਾਣਦੇ ਜੁਆਨ ਹੁੰਦੇ ਅਤੇ ਸਮਾਜ ਦੇ ਸਾਰੇ ਰਿਸ਼ਤਿਆਂ ਨਾਲ ਜੁੜੇ ਰਹਿੰਦੇ ਬਹੁਤ ਕੁਝ ਸਿਖ ਲਿਆ ਕਰਦੇ ਸਨ।

ਇੱਕ ਹੋਰ ਗੱਲ ਜਿਹੜੀ ਲੋਕ ਮਨ੍ਹਾ ਅੰਦਰ ਘਰ ਕਰਦੀ ਜਾ ਰਹੀ ਕਿ ਅਸੀਂ ਕਿਸੇ ਤੋਂ ਕੀ ਲੈਣਾ, ਅਸੀਂ ਆਪਣੇ ਸਾਰੇ ਕੰਮ ਪੈਸੇ ਦੇ ਜੋਰ ਨਾਲ ਕਰਨ ਵਿੱਚ ਵਿਸ਼ਵਾਸ ਕਰਨ ਲੱਗ ਪਏ ਹਾਂ। ਭਾਵੇਂ ਪੈਸਾ ਸਾਡੀਆਂ ਜ਼ਰੂਰਤਾਂ ਲਈ ਬਹੁਤ ਜ਼ਰੂਰੀ ਹੈ, ਲੇਕਿਨ ਇੰਨਾ ਵੀ ਜ਼ਰੂਰੀ ਨਹੀਂ ਕਿ ਅਸੀਂ ਆਪਣੇ ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਦੀ ਸਮਾਜ ਵਿੱਚ ਮੌਜ਼ੂਦਗੀ ਨੂੰ ਅਣ-ਦੇਖਿਆ ਹੀ ਕਰ ਛੱਡੀਏ। ਸਹਿਣਸ਼ੀਲਤਾ ਨਾਮ ਦੀ ਚੀਜ ਸਾਡੇ ਕਿਤੇ ਨੇੜੇ ਤੇੜੇ ਵੀ ਵਿਖਾਈ ਨਹੀਂ ਦਿੰਦੀ। ਕਈ ਵਾਰੀ ਮਾੜੀ ਜਿਹੀ ਕਿਸੇ ਉੱਚ-ਨੀਚ ਹੋਣ ਵਾਲੀਆਂ ਗੱਲਾਂ ਦਾ ਝੱਟ ਬਿਨਾ ਸੋਚੇ ਸਮਝੇ ਹੀ ਗੁੱਸੇ ਵਿੱਚ ਲਾਲ-ਪੀਲੇ ਹੋਣ ਲੱਗ ਪੈਂਦੇ ਹਾਂ। ਸਾਨੂੰ ਆਪਣਿਆਂ ਪੀੜ੍ਹਿਆਂ ਹੇਠ ਸੋਟਾ ਮਾਰਨ ਦੀ ਵੀ ਲੋੜ ਹੈ ਤਾਂ ਜੋ ਸਮਾਜ ਦੀ ਬੇਹਤਰੀ ਲਈ ਟੁੱਟ ਰਹੇ ਰਿਸ਼ਤਿਆਂ ਨੂੰ ਮੁੜ ਜੋੜਿਆ ਜਾਵੇ ਅਤੇ ਸਾਡੀ ਭਾਈਚਾਰਕ ਸਾਂਝ ਕਾਇਮ ਰਹਿ ਸਕੇ।

ਭਾਵੇਂ ਕਿ ਇਸ ਤਰਾਂ ਦੀਆਂ ਗੱਲਾਂ ਦੇਖਣ-ਸੁਣਨ ਵਿੱਚ ਨਿੱਕੀਆਂ ਤੇ ਆਮ ਲਗਦੀਆਂ ਹੋਣਗੀਆਂ, ਪਰ ਸਚਾਈ ਇਹੀ ਹੈ ਕਿ ਮੌਜੂਦਾ ਦੌਰ ਦਾ ਮਨੁੱਖ ਦੂਸਰੇ ਮਨੁੱਖ ਤੋਂ ਦੂਰ ਹੁੰਦਾ ਜਾ ਰਿਹਾ ਹੈ। ਜਿਸ ਕਾਰਨ ਉਸ ਨੂੰ ਚਫੇਰੇ ਕੋਈ ਵੀ ਆਪਣਾ ਵਿਖਾਈ ਨਹੀਂ ਦਿੰਦਾ ਤੇ ਉਹ ਬਿਗਾਨੇਪਣ ਦਾ ਅਹਿਸਾਸ ਮਹਿਸੂਸ ਕਰਦਾ ਹੋਇਆ, ਸਮਾਜ ਅੰਦਰ ਬਿਹਤਰ ਜ਼ਿੰਦਗੀ ਜਿਊਣ ਤੋਂ ਕਾਫੀ ਦੂਰ ਹੋ ਚੁੱਕਿਆ ਹੈ।



ਰਣਦੀਪ ਸੰਗਤਪੁਰਾ
98556-95905
rvs0001@gmail.com

# ਵਿਕਾਸ ਦਾ ਹਕੀਕੀ ਚਿਹਰਾ

ਵਿਕਾਸ ਦੀਆਂ ਡੀਗਾਂ ਕਾਂਗਰਸ, ਭਾਜਪਾ ਸਮੇਤ ਵੱਖ ਵੱਖ ਖੇਤਰੀ ਪਾਰਟੀਆਂ ਮਾਰ ਰਹੀਆਂ ਹਨ। ਕਾਂਗਰਸ ਦਾ ਦਾਅਵਾ ਹੈ ਕਿ ਉਸਦੇ ਰਾਜ ਕਾਲ ਦੇ ਦਸ ਸਾਲਾਂ ਵਿੱਚ 8 ਪ੍ਰਤੀਸ਼ਤ ਸਾਲਾਨਾ ਤੋਂ ਵਧੇਰੇ ਵਿਕਾਸ ਹੋਇਆ ਹੈ ਅਤੇ ਭਾਜਪਾ ਵੀ ਆਪਣੇ ਰਾਜਕਾਲ ਵਿੱਚ 12 ਪ੍ਰਤੀਸ਼ਤ ਸਾਲਾਨਾ ਦੀ ਦਰ ਨਾਲ ਵਿਕਾਸ ਕਰਨ ਦਾ ਦਾਅਵਾ ਕਰਦੀ ਹੈ। ਅਰੁਣ ਜੇਤਲੀ ਕਹਿੰਦਾ ਹੈ ਕਿ ਭਾਰਤ ਦੁਨੀਆਂ ਵਿੱਚੋਂ ਸਭ ਤੋਂ ਤੇਜ ਗਤੀ ਨਾਲ ਵਿਕਾਸ ਕਰਨ ਵਾਲਾ ਦੇਸ਼ ਹੈ। ਪਰ ਦੇਸ਼ ਦੇ ਲੋਕਾਂ ਦਾ ਜਿਉਣਾ ਦੁੱਭਰ ਹੋਇਆ ਪਿਆ ਹੈ। ਕਿਸਾਨ, ਮਜ਼ਦੂਰ ਅਤੇਨੌਜਵਾਨ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਜੇਕਰ ਚਾਰੇ ਪਾਸੇ ਖੁਸ਼ਹਾਲੀ ਦਾ ਦਾਮਨ ਹੁੰਦਾ ਤਾਂ ਸਰਕਾਰਾਂ ਨੂੰ ਲੋਕਾਂ ਨੂੰ ਦਬਾਉਣ ਲਈ ਕਾਲੇ ਕਾਨੂੰਨਾਂ ਅਤੇ ਸਿਰ ਤੋਂ ਪੈਰਾਂ ਤੱਕ ਹਥਿਆਰਬੰਦ ਸੁਰੱਖਿਆ ਸੈਨਾਵਾਂ ਦੀ ਲੋੜ ਕਿਉਂ ਹੈ। ਆਉ ਵਿਕਾਸ ਦੀ ਹਕੀਕੀ ਤਸਵੀਰ ਨੂੰ ਜਾਨਣ ਲਈ ਵੱਖ ਵੱਖ ਸੰਸਥਾਵਾਂ ਵੱਲੋਂ ਜਾਰੀ ਕੀਤੀਆਂ ਜਾ ਰਹੀਆਂ ਰਿਪੋਰਟਾਂ ਉਪਰ ਧਿਆਨ ਮਾਰੀਏ।

ਨੈਸ਼ਨਲ ਸੈਂਪਲ ਸਰਵੇ ਆਫਿਸ ਵੱਲੋਂ ਜਾਰੀ ਕੀਤੀ ਗਈ ਆਪਣੀ 2017-18 (ਜੁਲਾਈ 2017 ਤੋਂ ਜੂਨ 2018 ਤੱਕ) ਦੀ ਰਿਪੋਰਟ ਅਨੁਸਾਰ ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲਾਂ 'ਚ ਸਭ ਤੋਂ ਉੱਚੀ ਹੈ। ਸੈਂਟਰ ਫਾਰ ਮਾਨਿਟਰਿੰਗ ਇੰਡੀਅਨ ਇਕੌਨੋਮੀ ਮੁਤਾਬਿਕ ਪਿਛਲੇ ਸਾਲ 1.1 ਕਰੋੜ ਲੋਕਾਂ ਦਾ ਰੁਜ਼ਗਾਰ ਖੁਸ ਗਿਆ ਜਿਸ ਵਿੱਚੋਂ 91 ਲੱਖ ਪੇਂਡੂ ਅਤੇ 18 ਲੱਖ ਸ਼ਹਿਰੀ ਸ਼ਾਮਲ ਹਨ। ਕਾਂਗਰਸ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਦੇ ਦਸ ਸਾਲਾਂ (2004 ਤੋਂ 2014 ਤੱਕ ) ਵਿੱਚ ਕੁਲ 1.5 ਕਰੋੜ ਲੋਕਾਂ ਲਈ ਰੁਜ਼ਗਾਰ ਪੈਦਾ ਹੋਇਆ ਜਦੋਂ ਕਿ ਇਸ ਅਰਸੇ ਦੌਰਾਨ ਹਰ ਸਾਲ 1.2 ਕਰੋੜ ਨਵੇਂ ਮਜ਼ਦੂਰ ਰੁਜ਼ਗਾਰ ਦੀ ਭਾਲ ਵਿੱਚ ਆਉਂਦੇ ਰਹੇ। ਯੋਜਨਾ ਕਮਿਸ਼ਨ ਦੀ (2004-05 ਤੋਂ 2011-12) ਦੀ ਰਿਪੋਰਟ ਨੇ ਖੁਲਾਸਾ ਕੀਤਾ ਹੈ ਕਿ ਇਸ ਅਰਸੇ ਦੌਰਾਨ ਖੇਤੀ ਖੇਤਰ ਚੋਂ 14 ਲੱਖ ਲੋਕਾਂ ਦਾ ਰੁਜ਼ਗਾਰ ਖੁਸ ਗਿਆ ਹੈ। ਭਾਵੇਂ ਕੁਝ ਮਾਹਰ ਇਸ ਨੂੰ ਖੇਤੀ ਖੇਤਰ ਚੋਂ ਸਨਅਤ ਵੱਲ ਪ੍ਰਵਾਸ ਕਹਿੰਦੇ ਹਨ ਪਰ ਅਜਿਹੀ ਕੋਈ ਯੋਜਨਾ ਵਿਵਸਥਾ ਵੱਲੋਂ ਉਲੀਕੀ ਨਹੀਂ ਗਈ। ਸਗੋਂ ਸੰਸਾਰ ਬੈਂਕ ਦੇ 1996 ਨੀਤੀਗਤ ਨਿਰਦੇਸ਼ਾਂ ਅਨੁਸਾਰ ਭਾਰਤ ਨੇ ਆਉਣ ਵਾਲੇ 20 ਸਾਲਾਂ ਭਾਵ 2015 ਤੱਕ 40 ਕਰੋੜ ਲੋਕ ਖੇਤੀ ਸੈਕਟਰ ਵਿੱਚ ਬਾਹਰ ਧੱਕਣੇ ਸਨ। 2011 - 12 ਤੋਂ 2015-16 ਦੇ ਚਾਰ ਸਾਲਾਂ ਦੇ ਅਰਸੇ ਦੌਰਨ ਖੇਤੀ ਸੈਕਟਰ ਚੋਂ 5.3 ਕਰੋੜ ਅਤੇ ਨਿਰਮਾਣ ਖੇਤਰ ਚੋਂ 1.06 ਕਰੋੜ ਰੁਜ਼ਗਾਰ ਦੇ ਮੌਕੇ ਖਤਮ ਹੋ ਗਏ। ਸਰਕਾਰ ਦੀ ਯੋਜਨਾ ਹੈ ਕਿ 2011 ਦੀ ਜਨਗਣਨਾ ਅਨੁਸਾਰ ਖੇਤੀ ਉਪਰ ਨਿਰਭਰ ਆਬਾਦੀ ਨੂੰ 52 ਫੀਸਦੀ ਤੋਂ ਘਟਾਕੇ 38 ਪ੍ਰਤੀਸ਼ਤ ਕਰਨਾ ਹੈ। ਖੇਤੀ ਵਿੱਚੋਂ ਬਾਹਰ ਧੱਕਣ ਪਰ ਸਨਅਤ ਵਿੱਚ ਬਦਲਵੇਂ ਰੁਜ਼ਗਾਰ ਪੈਦਾ ਕਰਨ ਦੀ ਨੀਤੀਆਂ ਦੀ ਅਣਹੋਂਦ ਕਰਕੇ 2004 ਤੋਂ 2015 ਤੱਕ 3 ਲੱਖ ਤੋਂ ਵੱਧ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਇਸ ਵਿਕਾਸ ਦਾ ਦੂਜਾ ਪੱਖ ਔਕਸਫਾਮ ਦੀ ਰਿਪੋਰਟ ਸਾਫ ਕਰਦੀ ਹੈ ਕਿ ਭਾਰਤ ਵਿੱਚ 2000 ਵਿੱਚ ਕੇਵਲ 9 ਅਰਬ ਪਤੀ ਸਨ ਜਦੋ ਕਿ ਜਨਵਰੀ 2018 ਤੱਕ ਉਹਨਾਂ ਦੀ ਗਿਣਤੀ ਵੱਧ ਕੇ 119 ਹੋ ਗਈ ਹੈ ਅਤੇ 2027 ਤੱਕ ਇਹ 357 ਦਾ ਅੰਕੜਾ ਪਾਰ ਕਰ ਜਾਵੇਗੀ। ਇਸ ਸਮੇਂ ਭਾਰਤ ਦਾ ਉਪਰਲਾ ਇੱਕ ਪ੍ਰਤੀਸ਼ਤ ਧਨਾਢ ਤਬਕਾ ਦੇਸ਼ ਦੀ 73 ਪ੍ਰਤੀਸ਼ਤ ਦੌਲਤ ਉਪਰ ਕਾਬਜ਼ ਹੈ। ਪਿਛਲੇ ਸਾਲ ਇਸ ਇੱਕ ਪ੍ਰਤੀਸ਼ਤ ਧਨਾਢ ਤਬਕੇ ਨੇ 58ਪ੍ਰਤੀਸ਼ਤ ਪੈਦਾਵਾਰ ਹਥਿਆ ਲਈ ਸੀ ਜਿਸ ਕਰਕੇ ਇਹ ਹਿੱਸਾ 82 ਪ੍ਰਤੀਸ਼ਤ ਹੋ ਗਿਆ ਹੈ। ਇਸ ਦੇ ਕਾਰਨ ਹਾਕਮਾਂ ਦੀਆਂ ਵਿਕਾਸ ਨੀਤੀਆਂ ਵਿੱਚ ਪਏ ਹਨ। ਦੇਸ ਵਿੱਚ ਇਸ ਧਨਾਢ ਤਬਕੇ ਉਪਰ ਕੇਵਲ ਸਿੱਧੇ ਟੈਕਸ ਘਟਾਏ ਜਾ ਰਹੇ ਹਨ। ਵੱਧ ਤੋਂ ਵੱਧ ਆਮਦਨ ਕਰ 40 ਪ੍ਰਤੀਸ਼ਤ ਤੋਂ ਘਟਾਕੇ 30 ਪ੍ਰਤੀਸ਼ਤ ਕਰ ਦਿੱਤੀ ਗਈ ਅਤੇ ਇਸ ਨੂੰ ਅੱਗੋਂ 25 ਪ੍ਰਤੀਸ਼ਤ ਤੱਕ ਦੇ ਪੱਧਰ ਤੱਕ ਲੈ ਆਉਣ ਦੀ ਤਜਵੀਜ਼ ਹੈ। ਹਾਲਾਂਕਿ ਉਗਾਰਾਹੀ ਦਰ 22-23 ਪ੍ਰਤੀਸ਼ਤ ਦੇ ਆਲੇ ਦੁਆਲੇ ਰਹਿੰਦੀ ਹੈ। ਇਸ ਤੋਂ ਇਲਾਵਾ ਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਨਾਮ ਥੱਲੇ ਪਿਛਲੇ 15 ਸਾਲਾਂ ਵਿੱਚ 5300 ਲੱਖ ਕਰੋੜ ਦੀਆਂ ਟੈਕਸ ਰਿਆਇਤਾਂ ਦਿੱਤੀਆਂ ਜਾ ਚੁੱਕੀਆਂ ਹਨ ਜਿਹੜੀਆਂ ਅੱਗੋਂ ਜਾਰੀ ਹਨ। ਲੋਕਾਂ ਉਪਰ ਅਸਿੱਧੇ ਟੈਕਸਾਂ ਦਾ ਬੋਝ ਪਾਇਆ ਜਾ ਰਿਹਾ ਹੈ। ਨਿੱਜੀਕਰਨ ਦੀ ਮਾਰ ਕਰਕੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਵਿੱਦਿਆ, ਸਿਹਤ, ਜਨ-ਸਿਹਤ ਅਤੇ ਬਿਜਲੀ ਆਦਿ ਬੇਹੱਦ ਮਹਿੰਗੀਆਂ ਹੋ ਗਈਆਂ ਹਨ। ਮਹਿੰਗੇ ਇਲਾਜ ਕਾਰਨ 5 ਕਰੋੜ ਲੋਕ ਹਰ ਸਾਲ ਗਰੀਬੀ ਰੇਖਾ ਹੇਠਾਂ ਜਾ ਰਹੇ ਹਨ।



ਲੋੜ ਹੈ ਇਹਨਾਂ ਲੋਕ ਵਿਰੋਧੀਆਂ ਨੀਤੀਆਂ ਨੂੰ ਬਦਲਣ ਦੀ ਨਾ ਕਿ ਚਿਹਰੇ ਬਦਲਣ ਦੀ ਕਿਉਂਕਿ ਕੋਈ ਵੀ ਹਕੂਮਤੀ ਪਾਰਟੀ ਇਹਨਾਂ ਨੀਤੀਆਂ ਭਾਵ ਦੇਸ਼ ਦੇ ਖਜ਼ਾਨਿਆਂ ਦਾ ਮੂੰਹ ਲੋਕਾਂ ਵੱਲ ਕਰਨ ਦੀ ਗੱਲ ਨਹੀਂ ਕਰਦੀ।

# ਨਵ-ਉਭਾਰਵਾਦੀ ਮਾਰੂ ਚੁਣੌਤੀ ਨਿਊਜ਼ੀਲੈਂਡ ਨਸਲਵਾਦੀ ਕਤਲ-ਏ-ਆਮ



ਦਰਬਾਰਾ ਸਿੰਘ ਕਾਹਲੋਂ
94170-94034



ਹੁਣ ਤਕ ਨਿਊਜ਼ੀਲੈਂਡ ਇਸ ਧਰਤੀ ਤੇ ਪਸਰਿਆ ਬਹੁਤ ਹੀ ਸੁਰੱਖਿਅਤ ਜ਼ਜ਼ੀਰਿਆਂ ਦਾ ਦੇਸ਼ ਮੰਨਿਆ ਜਾਂਦਾ ਸੀ। ਪਰ ਸ਼ੁਕਰਵਾਰ 15 ਮਾਰਚ, 2019 ਨੂੰ ਆਸਟਰੇਲੀਅਨ ਮੂਲ ਦੇ ਸ਼ਵੇਤ ਸ਼੍ਰੇਸ਼ਟਵਾਦੀ ਹਿੰਸਕ ਇੰਤਹਾਪਸੰਦ ਬਰੈਂਟਨ ਟਾਰੈਂਟ ਵੱਲੋਂ ਗਿਣ-ਮਿੱਥ ਕੇ ਸਵੈਚਾਲਕ ਹਥਿਆਰਾਂ ਨਾਲ ਕੀਤੀ ਗੋਲਾਬਾਰੀ ਨਾਲ ਸਭ ਕੁੱਛ ਬਦਲ ਗਿਆ।

ਇਸ 28 ਸਾਲਾ ਸ਼ਵੇਤ ਨਸਲਵਾਦੀ ਹਿੰਸਕ ਨੌਜਵਾਨ, ਜਿਸ ਕੋਲ 5 ਸਵੈਚਾਲਕ ਬੰਦੂਕਾਂ ਸਨ, ਨੇ ਨਿਊਜ਼ੀਲੈਂਡ ਦੇ ਦੱਖਣੀ ਹਿੱਸੇ ਵਿਚ ਸਥਿੱਤ ਕ੍ਰਾਈਸਟਚਰਚ ਸ਼ਹਿਰ ਅੰਦਰ ਦੋ ਮੁਸਲਿਮ ਭਾਈਚਾਰੇ ਨਾਲ ਸਬੰਧਿਤ ਮਸਜਿਦਾਂ ਨੂੰ ਆਪਣੀ ਮਾਰੂ ਕਤਲ-ਏ-ਆਮ ਕਾਰਵਾਈ ਦਾ ਨਿਸ਼ਾਨਾ ਬਣਾਇਆ। ਉਸ ਨੇ ਇਹ ਕਾਰਵਾਈ ਫੇਸਬੁੱਕ ਅਤੇ ਇੰਟਰਨੈੱਟ ਤੇ ਆਪਣੇ 74 ਪੱਤਰਿਆਂ ਅਧਾਰਤ ਮੈਨੀਫੈਸਟੋ ਸਮੇਤ ਲਾਈਵ ਛਾਇਆ ਕਰਦਿਆਂ ਅੰਜਾਮ ਦਿਤੀ। ਇਸ ਮਾਰੂ ਕਾਇਰਾਨਾ ਕਾਰਵਾਈ ਤੋਂ 9 ਮਿੰਟ ਪਹਿਲਾਂ ਉਸਨੇ ਆਪਣਾ ਮੈਨੀਫੈਸਟੋ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਬੀਬੀ ਜੈਸਿੰਡਾ ਅਰਡਰਨ ਸਮੇਤ ਕਰੀਬ 9 ਲੋਕਾਂ ਨੂੰ ਇੰਟਰਨੈੱਟ ਜ਼ਰੀਏ ਭੇਜ ਦਿਤਾ ਸੀ।

ਸ਼ੁਕਰਵਾਰ 'ਜੁਮੇਂ ਦੀ ਨਮਾਜ਼' ਲਈ ਮਸਜਿਦਾਂ ਵਿਚ ਮੁਸਲਿਮ ਭਾਈਚਾਰ ਉਵੇਂ ਹੀ ਹੁੰਮ-ਹੁਮਾ ਕੇ ਜਾਂਦਾ ਹੈ ਜਿਵੇਂ ਈਸਾਈ ਭਾਈਚਾਰਾ ਐਤਵਾਰ ਵਾਲੇ ਦਿਨ ਗਿਰਜਾਘਰਾਂ ਵਿਚ ਜਾਂਦਾ ਹੈ। ਇਸ ਸਮੇਂ ਨਿਊਜ਼ੀਲੈਂਡ ਦੀ ਕੁੱਲ ਅਬਾਦੀ ਦਾ ਇਕ ਪ੍ਰਤੀਸ਼ਤ ਮੁਸਲਿਮ ਭਾਈਚਾਰੇ ਨਾਲ ਸਬੰਧਿਤ ਹੈ ਜੋ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਤੋਂ ਕਿਰਤ, ਵਪਾਰ ਜਾਂ ਹੋਰ ਕਾਰਜਾਂ ਲਈ ਪ੍ਰਵਾਸੀ ਅਤੇ ਰਿਫਊਜ਼ੀਆਂ ਵਜੋਂ ਉਥੇ ਜਾ ਵਸਿਆ ਪਿਆ ਹੈ।

ਸ਼ਵੇਤ ਸ਼੍ਰੇਸ਼ਟਵਾਦੀ ਨਸਲੀ ਇੰਤਹਾਪਸੰਦ ਨੇ ਇਸ ਦਿਨ ਦੋ ਮਸਜਿਦਾਂ ਅੱਲ ਨੂਰ ਅਤੇ ਲਿੰਨ ਐਵੇਨਿਊ ਨੂੰ ਆਪਣਾ ਨਿਸ਼ਾਨਾ ਬਣਾਇਆ। ਕਰੀਬ 17 ਮਿੰਟ ਦੀ ਫੇਸਬੁੱਕ ਲਾਈਵ ਕਾਰਵਾਈ ਦਰਸਾਉਂਦੀ ਹੈ ਕਿ ਕਿਵੇਂ ਉਸ ਨੇ ਪਹਿਲਾਂ ਅੱਲ ਨੂਰ ਅਤੇ ਫਿਰ ਲਿੰਨ ਐਵੇਨਿਊ ਸਥਿਤ ਮਸਜਿਦ ਨੂੰ ਨਿਸ਼ਾਨਾ ਬਣਾਉਂਦੇ 50 ਲੋਕ ਮਾਰ ਦਿਤੇ ਅਤੇ ਕਰੀਬ ਏਨੇ ਹੀ ਜਖ਼ਮੀ ਕਰ ਦਿਤੇ। ਇਹ ਇੱਕ ਬਹੁਤ ਹੀ ਦਰਦਨਾਕ ਅਤੇ ਦਿਲ ਦਹਿਲਾ ਦੇਣ ਵਾਲੀ ਕਾਰਵਾਈ ਸੀ ਜਿਸ ਵਿਚ ਬੱਚੇ, ਬੁੱਢੇ ਅਤੇ ਨੌਜਵਾਨ ਸ਼ਾਮਲ ਸਨ। ਨਿਊਜ਼ੀਲੈਂਡ ਵਿਖੇ ਕ੍ਰਿਕਟ ਮੈਚ ਖੇਡਣ ਗਈ ਬੰਗਲਾ ਦੇਸ਼ ਦੀ ਕ੍ਰਿਕਟ ਟੀਮ ਦੀ ਇਹ ਖੁਸ਼ਕਿਸਮਤੀ ਰਹੀ ਕਿ ਇਹ ਤਹਿ ਸਮੇਂ ਤੋਂ ਕੁੱਝ ਪਛੜ ਕੇ ਉਥੇ ਗਈ ਨਹੀਂ ਤਾਂ ਇਸ ਦੇ ਸੱਥਰ ਵੀ ਵਿੱਛ ਜਾਣੇ ਸਨ। ਇੱਥੇ ਇਹ ਮੁਹਾਵਰਾ ਅੱਲ੍ਹਾ ਦੀ ਕਿਰਪਾ ਸਦਕਾ ਢੁੱਕਦਾ ਹੈ 'ਜਿਸ ਕੋ ਰਾਖੇ ਸਾਈਆਂ, ਮਾਰ ਸਕੇ ਨਾ ਕੋਇ' ਮਰਨ ਵਾਲਿਆਂ ਵਿਚ ਵਧੇਰੇ ਕਰਕੇ ਪ੍ਰਵਾਸੀ ਅਤੇ ਰਿਫਿਊਜੀ ਪਾਕਿਸਤਾਨੀ, ਭਾਰਤ, ਮਲੇਸ਼ੀਆ, ਇੰਡੋਨੇਸ਼ੀਆ, ਤੁਰਕੀ, ਸੋਮਾਲੀਆ ਅਤੇ ਅਫਗਾਨਿਸਤਾਨ ਆਦਿ ਨਾਲ ਸਬੰਧਿਤ ਹਨ।

ਬਰੈਂਟਨ ਟਾਰੈਂਟ ਸ਼ਵੇਤ ਸ਼੍ਰੇਸ਼ਟਵਾਦੀ ਨਸਲੀ ਇੰਤਹਾਪਸੰਦ ਗਰੁੱਪ ਨਾਲ ਸਬੰਧਿਤ ਹੈ। ਇਨ੍ਹਾਂ ਦੀ ਸ਼ਕਤੀ ਉਤਰੀ ਅਮਰੀਕਾ, ਯੂਰਪ, ਅਸਟ੍ਰੇਲੀਆ ਆਦਿ ਵਿਖੇ ਵੱਧ ਰਹੀ ਹੈ। ਫਿਰਕੂ ਜ਼ਹਿਰ, ਨਫ਼ਰਤ ਅਤੇ ਖਾੜਕੂਵਾਦੀ ਸ਼ਵੇਤ ਸ਼੍ਰੇਸ਼ਟਵਾਦ ਇਨ੍ਹਾਂ ਨੂੰ ਨਸਲੀ ਹਿੰਸਾ ਲਈ ਪ੍ਰੇਰ ਰਿਹਾ ਹੈ। ਇਨ੍ਹਾਂ ਸਬੰਧੀ ਸਟੱਡੀ ਦਰਸਾਉਂਦੀ ਹੈ ਕਿ ਪੱਛਮੀ ਸਰਕਾਰਾਂ ਅਜੇ ਤੱਕ ਇਨ੍ਹਾਂ ਨੂੰ ਕੰਟਰੋਲ ਕਰਨ ਦੀਆਂ ਕਾਰਵਾਈਆਂ ਉਲੀਕਣ ਦੀ ਯੋਜਨਾਬੰਦੀ ਨੂੰ ਨਜ਼ਰ ਅੰਦਾਜ਼ ਕਰਦੀਆਂ ਦਿਸ ਰਹੀਆਂ ਹਨ। ਫਿਰ ਵੀ ਸਾਊਥ ਪਾਵਰਟੀ ਲਾਅ ਸੈਂਟਰ ਅਨੁਸਾਰ ਇਕੱਲੇ ਅਮਰੀਕਾ ਅੰਦਰ ਅਮਨ-ਕਾਨੂੰਨ ਮਸ਼ੀਨਰੀ ਨੇ ਇਨ੍ਹਾਂ ਸ਼ਵੇਤ ਸ਼੍ਰੇਸ਼ਟਵਾਦੀ ਨਸਲੀ ਹਿੰਸਕ ਗਰੁੱਪਾਂ ਤੋਂ ਕਰੀਬ 30,000 ਲੋਕ ਮਰਨੋਂ ਬਚਾਏ ਹਨ।

ਇਹ ਨਸਲਵਾਦੀ ਹਿੰਸਕ ਗਰੁੱਪ ਨਾਰਵੇ ਵਿਚ ਸੰਨ 2011 ਵਿਚ 77 ਲੋਕਾਂ ਨੂੰ ਮਾਰਨ ਵਾਲੇ ਸ਼ਵੇਤ ਨਸਲਵਾਦੀ ਇੰਤਹਾਪਸੰਦ ਐਂਡਰਜ਼ ਬੇਰਿੰਗ ਬਰੀਵਿਕ, ਸੰਨ 2015 ਵਿਚ ਚਾਰਲੈਸਟਨ, ਕਾਰੋਲੀਨਾ (ਅਮਰੀਕਾ) ਵਿਖੇ 9 ਕਾਲੇ ਈਸਾਈ ਮਾਰਨ ਵਾਲੇ ਡਾਇਲਨ ਰੂਫ, ਸੰਨ 2017 ਵਿਚ ਕਿਊਬੈਕ (ਕੈਨੇਡਾ) ਵਿਖੇ ਇਕ ਮਸਜਿਦ ਵਿਚ 6 ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਮਾਰਨ ਵਾਲੇ ਅਲੈਗਜ਼ੈਂਡਰ ਬਿਸਨਤੇ, ਸੰਨ 2018 ਵਿਚ ਪਿਟਸਬਰਗ, ਪੈਨਸਲਵੇਨੀਆ (ਅਮਰੀਕਾ) ਵਿਖੇ ਇਕ ਧਾਰਮਿਕ ਅਦਾਰੇ ਵਿਚ 12 ਯਹੂਦੀਆਂ ਨੂੰ ਮਾਰਨ ਵਾਲੇ ਰਾਬਰਟ ਗਰੈਗਰੀ ਆਦਿ ਨੂੰ ਆਪਣੇ ਰੋਲ ਮਾਡਲ ਮੰਨਦੇ ਹਨ।

ਅਮਰੀਕੀ ਮੀਡੀਆ ਅਤੇ ਚਿੰਤਕ ਵਿਅਕਤੀਆਂ ਦਾ ਅਧਿਆਨ ਦਰਸਾਉਂਦਾ ਹੈ ਕਿ ਵਧੇਰੇ ਕਰਕੇ ਸ਼ਵੇਤ ਸ਼੍ਰੇਸ਼ਟਵਾਦੀ ਇੰਤਹਾਪਸੰਦ ਗਰੁੱਪਾਂ ਵਿਚ ਜਾਂ ਵਿਅਕਤੀਗਤ ਤੌਰ 'ਤੇ ਪ੍ਰਵਾਸੀਆਂ, ਰਿਫਿਊਜ਼ੀਆਂ, ਕਾਲੇ, ਭੂਰੇ, ਗੈਰ-ਗੋਰੇ ਲੋਕਾਂ ਵਿਰੁੱਧ ਹਿੰਸਕ ਕਾਰਵਾਈਆਂ ਕਰਦੇ ਵੇਖੇ ਜਾਂਦੇ ਹਨ।

ਨਿਊਯਾਰਕ ਟਾਈਮਜ਼ ਰਿਪੋਰਟ ਅਨੁਸਾਰ ਅਮਰੀਕੀ ਅੱਤਵਾਦ ਰੋਕੂ ਬਲ ਇਸ ਗੱਲ ਲਈ ਜੁਮੇਂਵਾਰ ਪਾਏ ਗਏ ਹਨ ਕਿ ਉਹ ਅਕਸਰ ਸ਼ਵੇਤ ਸ਼੍ਰੇਸ਼ਟਵਾਦੀ ਇੰਤਹਾਪਸੰਦਾਂ, ਸੱਜੇ ਪੱਖੀ ਗੋਰੇ ਖਾੜਕੂਵਾਦੀਆਂ ਅਤੇ ਹਿੰਸਕ ਨਸਲਵਾਦੀਆਂ ਨਜ਼ਰ ਅੰਦਾਜ਼ ਕਰਦੇ ਹਨ। ਇੰਨ੍ਹਾਂ ਨੂੰ ਉਕਸਾਉਣ ਲਈ ਮੀਡੀਆ, ਰਾਜਨੀਤੀਵਾਨ, ਧਾਰਮਿਕ, ਪ੍ਰਸਾਸ਼ਨਿਕ ਅਤੇ ਸੱਜੇ ਪੱਖੀ ਆਗੂ ਜੁਮੇਂਵਾਰ ਪਾਏ ਗਏ ਹਨ। ਨਿਊਜ਼ੀਲੈਂਡ ਕੱਤਲ-ਏ-ਆਮ ਦਾ ਦੋਸ਼ੀ ਟਾਰੈਂਟ ਅਮਰੀਕੀ ਪ੍ਰਧਾਨ ਡੋਨਾਲਡ ਟਰੰਪ ਨੂੰ ਆਪਣਾ ਰੋਲ ਮਾਡਲ ਦਰਸਾਉਂਦਾ ਹੈ।

ਟ੍ਰਿਪਲ ਕੇ ਉਗਰਵਾਦੀ ਅਤੇ ਸ਼ਵੇਤ ਸ਼੍ਰੇਸ਼ਟਵਾਦੀ ਇੰਤਹਾਪਸੰਦ ਗਰੁੱਪ ਦਾ ਆਗੂ ਡੇਵਿਡ ਡਿਊਕ ਦਰਸਾਉਂਦਾ ਹੈ ਕਿ ਸ਼ਵੇਤ ਇੰਤਹਾਪਸੰਦ ਲੋਕਾਂ ਨੇ ਪ੍ਰਧਾਨ ਡੋਨਾਲਡ ਟਰੰਪ ਨੂੰ ਪ੍ਰਧਾਨਗੀ ਪਦ ਦੀ ਚੋਣ ਵੇਲੇ ਵੋਟਾਂ ਕਿਉਂ ਪਾਈਆਂ ਸਨ? ਚਾਰਲੋਟਸਵਿਲੇ ਵਿਖੇ ਸ਼ਵੇਤ ਸ਼੍ਰੇਸ਼ਟਵਾਦੀ ਨਸਲੀ ਇੰਤਹਾਪਸੰਦਾਂ ਵਲੋਂ ਜਲੂਸ ਕੱਢਣ 'ਤੇ ਡੋਨਾਲਡ ਟਰੰਪ ਨੇ ਉਨ੍ਹਾਂ ਨੂੰ 'ਬਹੁਤ ਵਧੀਆ ਲੋਕ' ਦਰਸਾਇਆ ਸੀ।

ਇਹ ਸ਼ਵੇਤ ਨਸਲਵਾਦੀ ਇੰਤਹਾਪਸੰਦ ਕਾਲੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਘਟੀਆ ਅਤੇ ਖ਼ਤਰਨਾਕ ਲੋਕ ਸਮਝਦੇ ਹਨ।

ਮੁਸਲਿਮ ਭਾਈਚਾਰੇ ਨਾਲ ਸਬੰਧਿਤ ਪ੍ਰਵਾਸੀਆਂ ਨੂੰ 'ਘਟੀਆ ਮਨੁੱਖ' ਮੰਨਦੇ ਹਨ। ਗਲੋਬਲ ਪੱਧਰ 'ਤੇ ਇਸਲਾਮੋਫੋਬੀਆ ਅਤੇ ਮੁਸਲਿਮ ਅਤਿਵਾਦੀਆਂ ਸਬੰਧੀ ਮੀਡੀਆ ਪ੍ਰਾਪੇਗੰਡਾ 357 ਗੁਣਾ ਹੋਰਨਾਂ ਅੱਤਵਾਦੀਆਂ ਅਤੇ ਹਿੰਸਕ ਗਰੁੱਪਾਂ ਨਾਲੋਂ ਜ਼ਿਆਦਾ ਹੋਣ ਕਰਕੇ ਸ਼ਵੇਤ ਸ਼੍ਰੇਸ਼ਟਵਾਦੀ ਨਸਲੀ ਇੰਤਹਾਪਸੰਦਾਂ ਵਿਚ ਬਦਲੇ ਦੀਆਂ ਕਾਰਵਾਈਆਂ ਲਈ ਰੋਹ ਵੱਧ ਰਿਹਾ ਹੈ।

ਜੇਕਰ ਟਾਰੈਂਟ ਦੇ 74 ਸਫਿਆਂ ਦੇ ਸ਼ਵੇਤ ਸ਼੍ਰੇਸ਼ਟਵਾਦੀ ਨਸਲੀ ਹਿੰਸਕ ਗਰੁੱਪ ਮੈਨੀਫੈਸਟੋ ਤੇ ਝਾਤ ਮਾਰੀ ਜਾਵੇ ਤਾਂ ਇਹ ਨਾਰਵੇ ਅੰਦਰ 77 ਲੋਕਾਂ ਦੇ ਕਾਤਲ ਬਰੀਵਿਕ ਦੇ 1500 ਸਫਿਆਂ ਅਧਾਰਤ ਮੈਨੀਫੈਸਟੋ ਦਾ ਸੰਖੇਪ ਰੂਪ ਵਿਖਾਈ ਦਿੰਦਾ ਹੈ।

ਇਸ ਮੈਨੀਫੈਸਟੋ ਅਤੇ ਸ਼ਵੇਤ ਸ਼੍ਰੇਸ਼ਟਵਾਦੀ ਨਸਲੀ ਹਿੰਸਕ ਚਿੰਤਨ ਤੋਂ ਪਤਾ ਚਲਦਾ ਹੈ ਕਿ ਇਹ ਲੋਕ ਪੱਛਮੀ ਸਭਿਅਤਾ ਨੂੰ ਬਦੇਸ਼ੀ (ਪ੍ਰਵਾਸੀ) ਹਮਲੇ ਦਾ ਸ਼ਿਕਾਰ ਮੰਨਦੇ ਹਨ। ਉਹ ਯੂਰਪ ਅਤੇ ਅਮਰੀਕਾ ਜਾਂ ਹੋਰ ਯੂਰਪੀ ਬਹੁਲਵਾਦੀ ਦੇਸ਼ਾਂ ਜਿਵੇਂ ਅਸਟਰੇਲੀਆ, ਨਿਊਜ਼ੀਲੈਂਡ ਆਦਿ ਅੰਦਰ ਮੁਸਲਿਮ, ਯਹੂਦੀ, ਲਾਤੀਨੀ ਅਮਰੀਕੀਆਂ ਅਤੇ ਹੋਰ ਕੌਮਾਂ ਦੇ ਪ੍ਰਵਾਸ ਦੇ ਸਖ਼ਤ ਵਿਰੋਧੀ ਹਨ।

ਅਮਰੀਕੀ ਪ੍ਰਧਾਨ ਡੋਨਾਲਡ ਟਰੰਪ "ਅਮਰੀਕਾ ਸ਼੍ਰੇਸ਼ਟ', 6 ਮੁਸਲਿਮ ਦੇਸ਼ਾਂ ਦੇ ਨਾਗਰਿਕਾਂ ਦੀ ਅਮਰੀਕਾ ਅੰਦਰ ਆਂਵਦ ਤੇ ਰੋਕ, ਮੈਕਸੀਕੋ ਸਰਹੱਦ ਤੇ ਕੰਧ ਉਸਾਰਨ ਜਿਹੇ ਕਾਰਜਾਂ ਕਰਕੇ ਸ਼ਵੇਤ ਨਸਲਵਾਦੀ ਹਿੰਸਕ ਗਰੁੱਪਾਂ ਅਤੇ ਵਿਅਕਤੀਆਂ ਦਾ ਰੋਲ ਮਾਡਲ ਹੀ ਨਹੀਂ ਬਲਕਿ ਉਨ੍ਹਾਂ ਨੂੰ ਦੂਸਰੇ ਪ੍ਰਵਾਸੀਆਂ ਵਿਰੁੱਧ ਹਿੰਸਾ ਲਈ ਉਕਸਾਉਣ ਦਾ ਕੰਮ ਕਰ ਰਿਹਾ ਹੈ। ਅੱਜ ਅਜਿਹੀ ਮਾਨਤਾ ਹੈ।

ਸੰਨ 2015 ਵਿਚ ਮੁਸਲਿਮ ਭਾਈਚਾਰੇ ਵਲੋਂ ਅਸਟਰੇਲੀਆ ਵਿਚ ਸ਼ਰੀਅਤ ਲਾਗੂ ਕਰਨ, ਇਸਲਾਮ ਦੀਆਂ ਸਿਖਿਆਵਾਂ ਨੂੰ ਸਕੂਲ ਸਿਲੇਬਸ ਵਿਚ ਸ਼ਾਮਲ ਕਰਨ, ਕਈ ਪੱਛਮੀ ਦੇਸ਼ਾਂ ਵਿਚ ਸੈਕਸ ਸਿਖਿਆ ਦਾ ਵਿਰੋਧ ਕਰਨ, ਬੁਰਕਾ ਅਤੇ ਹੋਰ ਧਾਰਮਿਕ ਚਿੰਨ ਪਹਿਨਣ ਦੀ ਖੁੱਲ੍ਹ, ਕੰਮਕਾਜੀ ਥਾਵਾਂ ਤੇ ਨਮਾਜ਼ ਪੜ੍ਹਨ ਆਦਿ ਐਸੀਆਂ ਗੱਲਾਂ ਹਨ ਜਿੰਨ੍ਹਾਂ ਕਰਕੇ ਸ਼ਵੇਤ ਸ਼੍ਰੇਸ਼ਟਵਾਦੀ ਹਿੰਸਕ ਨਸਲਵਾਦੀ ਦੀ ਚਿੜ੍ਹ ਰਹੇ ਹਨ।

ਉਹ ਸਮਝਦੇ ਹਨ ਕਿ ਪ੍ਰਵਾਸੀ ਇਕ ਦਿਨ ਉਨ੍ਹਾਂ ਦੇ ਦੇਸ਼ਾਂ ਤੇ ਕਬਜ਼ਾ ਕਰ ਲੈਣਗੇ। ਯਹੂਦੀ, ਕਾਲੇ, ਮੁਸਲਿਮ, ਭੂਰੇ ਅਤੇ ਹੋਰ ਬਾਹਰੀ ਲੋਕ ਸ਼ਵੇਤ ਲੋਕਾਂ ਦੀ ਥਾਂ ਲੈ ਲੈਣਗੇ। ਉਨ੍ਹਾਂ ਨੂੰ ਆਪਣੇ ਅਧੀਨ ਕਰ ਲੈਣਗੇ। ਚਿੱਟੇ ਲੋਕਾਂ ਦਾ ਨਸਲਘਾਤ ਕਰ ਦੇਣਗੇ।

ਕਿਸੇ ਵੀ ਸਮਾਜ ਦਾ ਪਸਰਦਾ ਸਭਿਆਚਾਰ ਜਿਸ ਦੀਆਂ ਗੱਲਾਂ ਘਰ-ਪਰਿਵਾਰ, ਸੱਥਾਂ, ਕੰਮ ਕਰਨ ਵਾਲੀਆਂ ਥਾਵਾਂ ਜਾਂ ਇਕੱਤਰਤਾਵਾਂ ਵਿਚ ਹੋਣ, ਉਹ ਹੌਲੀ-ਹੌਲੀ ਸਮਾਜ ਅਤੇ ਰਾਸ਼ਟਰ ਵਿਚ ਪਸਰਨ ਲਗ ਪੈਂਦਾ ਹੈ। ਮੈਕਡਾਨਲਡ ਮਿਊਰਰ ਸੰਸਥਾ ਅਨੁਸਾਰ "35 ਪ੍ਰਤੀਸ਼ਤ ਕੈਨੇਡੀਅਨ ਮੁਸਲਮਾਨ 'ਅੱਲ ਕਾਇਦਾ' ਦੀ ਨਿੰਦਾ ਨਹੀਂ ਕਰਦੇ, 62 ਪ੍ਰਤੀਸ਼ਤ ਸ਼ਰੀਆ ਕਾਨੂੰਨ ਲਾਗੂ ਕੀਤੇ ਜਾਣ ਦੀ ਗੱਲ ਕਰਦੇ ਹਨ।' ਐਸੀ ਧਾਰਮਿਕ ਕਟੱੜਵਾਦੀ ਸੋਚ ਬਦੇਸ਼ੀ ਸਥਾਪਿਤ ਸਭਿਆਚਾਰ ਵਿਚ ਨਿਸ਼ਚਿਤ ਤੌਰ 'ਤੇ ਹਿਲਜੁਲ ਪੈਦਾ ਕਰਦੀ ਹੈ। ਫਿਰ ਜੇ ਪ੍ਰਧਾਨ ਟਰੰਪ ਵਰਗਾ ਜੁਮੇਂਵਾਰ ਵਿਅਕਤੀ ਕਹੇ ਕਿ ਬ੍ਰਿਟੇਨ ਆਪਣਾ ਸਭਿਆਚਾਰ ਗੁਆ ਰਿਹਾ ਹੈ ਵਿਦੇਸ਼ੀ ਪ੍ਰਵਾਸੀਆਂ ਕਰਕੇ। ਜੇ ਲੇਟ ਹੋ ਗਏ ਤਾਂ ਪਛਤਾਉਗੇ। ਤਾਂ ਇਸ ਦਾ ਕੀ ਭਾਵ ਹੈ?

ਦਰਅਸਲ ਵਿਸ਼ਵ ਅੰਦਰ ਹਰ ਕਿਸਮ ਦਾ ਅੱਤਵਾਦ ਬਹੁਤ ਹੀ ਮਾਰੂ ਰੂਪ ਧਾਰਨ ਕਰ ਰਿਹਾ ਹੈ। ਭਾਰਤ-ਪਾਕਿਸਤਾਨ ਦਰਮਿਆਨ 'ਜਹਾਦੀ ਅੱਤਵਾਦ' ਪਤਾ ਨਹੀਂ ਕਿਹੜੇ ਵੇਲੇ ਪ੍ਰਮਾਣੂ ਯੁੱਧ ਦਾ ਮਹਾਂਮਾਰੂ ਧਾਰਨ ਕਰ ਲਵੇ। ਇਹੋ ਹਾਲ ਸ਼ਵੇਤ ਸ਼੍ਰੇਸ਼ਟਵਾਦੀ ਨਸਲੀ ਹਿੰਸਕ ਅੱਤਵਾਦ ਦਾ ਹੈ। ਅਸਟ੍ਰੇਲੀਆ ਦਾ ਸੈਨੇਟਰ ਫਰੇਜ਼ਰ ਐਨਿੰਗ ਟਰੰਪਵਾਦ ਵਾਂਗ ਕਹਿੰਦਾ ਹੈ," ਨਿਊਜ਼ੀਲੈਂਡ ਵਿਚ ਮੁਸਲਿਮ ਕੱਟੜਵਾਦੀਆਂ ਨੂੰ ਪ੍ਰਵਾਸ ਦੀ ਇਜਾਜ਼ਤ ਦੇਣ ਦਾ ਨਤੀਜਾ ਹੈ, ਇਹ (ਕ੍ਰਾਈਸਟਚਰਚ) ਹਮਲਾ।"

ਜਿਵੇਂ ਟਾਰੈਂਟ ਨੇ ਇੰਟਰਨੈੱਟ, ਮੀਡੀਆ, ਫੇਸਬੁੱਕ, ਆਧੁਨਿਕ ਤਕਨੀਕ ਦੀ ਆਪਣੇ ਹਮਲੇ ਵਿਚ ਵਰਤੋਂ ਕੀਤੀ ਹੈ ਇਹ ਦਰਸਾਉਂਦਾ ਹੈ ਕਿ ਸ਼ਵੇਤ ਨਸਲਵਾਦ ਹਿੰਸਕ ਗਰੁੱਪ ਵੱਡੇ ਪੱਧਰ 'ਤੇ ਹਮਲੇ ਕਰਨ ਸਮਰਥ ਹਨ।

ਯੂਰਪੀਅਨ ਅਤੇ ਅਮਰੀਕੀ ਲੋਕਾਂ ਅਤੇ ਰਾਸ਼ਟਰਾਂ ਨੂੰ ਸਮਾਜਿਕ ਸ਼ਾਂਤੀ, ਵਿਕਾਸ, ਭਾਈਚਾਰਕ ਸਹਿਹੋਂਦ ਕਾਇਮ ਰੱਖਣ ਲਈ ਤੁਰੰਤ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਪ੍ਰਵਾਸੀ ਲੋਕ ਭਾਵੇਂ ਉਹ ਕਿਸੇ ਧਰਮ, ਮਜ਼ਹਬ, ਫਿਰਕੇ, ਦੇਸ਼, ਰੰਗ, ਲਿੰਗ, ਨਸਲ ਨਾਲ ਸਬੰਧਿਤ ਹੋਣ ਉਨ੍ਹਾਂ ਨੇ ਉਨ੍ਹਾਂ ਦੇ ਆਰਥਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਿਕ ਵਿਕਾਸ ਵਿਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਹ ਉਨ੍ਹਾਂ ਦੀ ਰਾਸ਼ਟਰੀ ਮੁੱਖ ਧਾਰਾ ਦੇ ਪ੍ਰਮੁੱਖ ਅੰਗ ਬਣ ਚੁੱਕੇ ਹਨ। ਉਨ੍ਹਾਂ ਨੂੰ ਨਵ-ਉਭਾਰਵਾਦੀ ਸ਼ਵੇਤ ਸ਼੍ਰੇਸ਼ਟਵਾਦ ਅਤੇ ਇਸ ਦੀ ਨਸਲਵਾਦੀ ਹਿੰਸਾ ਰੋਕਣ ਲਈ ਮਾਰਟਿਨ ਲੂਥਰ ਕਿੰਗ (ਜੂਨੀਅਰ) ਦਾ ਕਥਨ ਅਮਲ ਵਿਚ ਲਿਆਉਣਾ ਚਾਹੀਦਾ ਹੈ, "ਲੋਕਾਂ ਨੂੰ ਜਾਗ੍ਰਿਤ ਕਰਨ ਅਤੇ ਸਖ਼ਤ ਘਾਲਣਾ ਰਾਹੀਂ ਸ਼ਵੇਤ ਉਗਰਵਾਦ, ਸ਼੍ਰੇਸ਼ਟਵਾਦ ਅਤੇ ਢਾਂਚਾਗਤ ਨਸਲਵਾਦ ਲਾਲ ਨਜਿਠਿਆ ਜਾਣਾ ਚਾਹੀਦਾ ਹੈ।" ਨਿਊਜ਼ੀਲੈਂਡ ਪ੍ਰਧਾਨ ਮੰਤਰੀ ਜਾਸਿੰਡਾ ਅਰਡਰਨ ਦਾ ਇਸ ਸੰਦਰਭ ਵਿਚ ਲਿਆ ਗਿਆ ਸਟੈਂਡ ਕਿ ਸਮੂਹ ਨਿਊਜ਼ੀਲੈਂਡ ਵਾਸੀ ਇਸ ਦੁਖਦਾਈ ਘਟਨਾ ਦਾ ਮਿਲ ਕੇ ਸਾਹਮਣਾ ਕਰਨਗੇ, ਅਤਿ ਸ਼ਲਾਘਾਯੋਗ ਕਦਮ ਹੈ।

## ਕਵਿਤਾ

ਇੱਕ ਹੁਨਰ ਮੈਨੂੰ ਵੀ ਮਿਲ ਜਾਵੇ
ਉਹ ਪੀੜ ਅਵੱਲੀ ਸਹਿਣ ਦਾ
ਹਸ ਹਸ ਕੇ ਜਾਨ ਨੂੰ ਵਾਰਨ ਦਾ
ਤੇ ਖ਼ੁਦ ਨੂੰ ਬਾਗ਼ੀ ਕਹਿਣ ਦਾ

ਕਿਵੇਂ ਤੱਤੀ ਤਵੀ ਤੇ ਬੈਠ ਹੁੰਦਾ
ਤੇ ਸਿਰ ਵਿੱਚ ਰੇਤਾ ਪੈਂਦਾ ਏ
ਕਿਵੇਂ ਫੇਰ ਵੀ ਅੱਖਾਂ ਬੰਦ ਕਰਕੇ
ਉਹ ਵਾਹਿਗੁਰੂ ਵਾਹਿਗੁਰੂ ਕਹਿੰਦਾ ਏ
ਕਿਵੇਂ ਖਆਲ ਐਵੇਂ ਦਾ ਆਉਂਦਾ ਏ
ਰੱਬ ਦੇ ਭਾਣੇਂ ਵੱਚ ਰਹਿਣ ਦਾ
ਇੱਕ ਹੁਨਰ ਮੈਨੂੰ ਵੀ ਮਿਲ ਜਾਵੇ
ਉਹ ਪੀੜ ਅਵੱਲੀ ਸਹਿਣ ਦਾ

ਕਿਵੇਂ ਪੁੱਠੀਆਂ ਖੱਲਾਂ ਲਹਿੰਦੀਆਂ ਲੇ
ਕਿਵੇਂ ਸਿਰ ਤੇ ਆਰਾ ਚੱਲਦਾ ਏ
ਕਿਵੇਂ ਬੰਦ ਬੰਦ ਕਟਾ ਹੁੰਦੇ
ਕਿਵੇਂ ਦੇਗੇ ਦੇ ਵਿੱਚ ਬਲਦਾ ਏ
ਕਿਵੇਂ ਹੌਂਸਲਾ ਏਨਾ ਪਹਾੜ ਹੋਵੇ
ਹਰ ਵਖਤ ਅਡੋਲ ਬਣ ਬਹਿਣ ਦਾ
ਇੱਕ ਹੁਨਰ......

ਕਿਵੇਂ ਸਾਧ ਤੋਂ ਸ਼ੇਰ ਬਣਾ ਦੇਵੇ
ਉਹ ਤੋਂ ਇੱਟ ਨਾਲ ਇੱਟ ਖੜਕਾ ਦੇਵੇ
ਚਿੜ੍ਹੀਆਂ ਤੋਂ ਬਾਜ ਤੁੜਾ ਦੇਵੇ
ਉਹ ਨੂੰ ਬੰਦਾਂ ਸੰਘ ਬਣਾ ਦੇਵੇ
ਕਿਆ ਜਜ਼ਬਾ ਸੀ ਉਸ ਰੂਹ ਅੰਦਰ
ਜੁਲਮ ਨਾਲ ਮੱਥਾ ਲਾਣ ਦਾ
ਇੱਕ ਹੁਨਰ.....

ਕਿਵੇਂ ਪੰਗਾ ਉਹਦੇ ਨਾਲ ਲੈ ਹੁੰਦਾ
ਜੀਤੋਂ ਸਰਕਾਰ ਵੀ ਡਰਦੀ ਏ
ਕਿਵੇਂ ਨਾਦਰਸ਼ਾਹ ਨੂੰ ਲੁੱਟ ਹੁੰਦਾ
ਉਹਦੀ ਫੌਜ ਰਹਿਜੇ ਹੱਥ ਮਲਦੀ ਏ
ਕਿਵੇਂ ਭੁੱਜੇ ਛੋਲੇ ਖਾ ਕੇ ਵੀ
ਬਦਾਮ ਉਸਨੂੰ ਕਹਿਣ ਦਾ
ਇੱਕ ਹੁਨਰ.......

ਕਿਵੇਂ ਪੁੱਤ ਸ਼ਹੀਦ ਕਰਾ ਹੁੰਦੇ
ਕਿਵੇਂ ਪਿਓ ਵਾਰਨ ਨੂੰ ਭੇਜ ਹੁੰਦਾ
ਕਿਵੇਂ ਖਾਲਸਾ ਪੰਥ ਏ ਸਾਜ ਹੁੰਦਾ
ਦਬੇ ਕੁਚਲਿਆਂ ਵਿੱਚ ਭਰ ਤੇਜ਼ ਹੁੰਦਾ
ਸਰਾਣਾ ਟਿੰਡ ਦਾ ਪਗ ਜ਼ਖ਼ਮ ਖਾ
ਮਾਛੀਵਾੜੇ ਜੰਗਲ਼ਾਂ ਵੱਚ ਪੈਣ ਦਾ
ਇੱਕ ਹੁਨਰ ਮੈਨੂੰ ਵੀ ਮਿਲ ਜਾਵੇ
ਉਹ ਪੀੜ ਅਵੱਲੀ ਸਹਿਣ ਦਾ.......

ਸਿਮਰਨਜੀਤ ਸਿੰਘ ਬਰੈਂਪਟਨ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

ਜਗਦੀਸ਼ ਸਿੰਘ ਚੋਹਕਾ

ਸ਼ਹੀਦੀ ਦਿਵਸ 'ਤੇ

# ਭਾਰਤ ਦੇ ਮਹਾਨ ਸਪੂਤ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਅਜੋਕੇ ਸੰਦਰਭ 'ਚ ਪ੍ਰਸੰਗਤਾ



ਭਾਰਤ ਦੇ ਇਨਕਲਾਬੀ ਸੰਘਰਸ਼ ਦੇ ਇਤਿਹਾਸ ਅੰਦਰ 'ਉਤਰੀ ਭਾਰਤ ਦੇ ਸਮੁੱਚੇ ਆਵਾਮ ਨੂੰ 'ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ, "ਹੋਰਨਾਂ ਤੋਂ ਬਿਨਾਂ, "ਜੇਕਰ ਦੇਸ਼ ਭਗਤੀ, ਇਨਕਲਾਬੀ ਵਿਚਾਰਧਾਰਾ ਅਤੇ ਆਪਾਵਾਰੂ ਭਾਵਨਾ ਲਈ ਹਲੂਣਿਆਂ, "ਉਹ ਸੀ, ਭਗਤ ਸਿੰਘ ਅਤੇ ਉਸ ਦੀ ਸ਼ਹਾਦਤ ਇਸੇ ਕਰਕੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਪ੍ਰਸੰਗਤਾ, ਅਤੀਤ ਅਤੇ ਵਰਤਮਾਨ ਸੰਦਰਭ 'ਚ ਉਸ ਦੇ ਖੁਦ ਪ੍ਰਗਟ ਕੀਤੇ ਵਿਚਾਰਾਂ ਅਨੁਸਾਰ ਅੱਜ ਵੀ ਸਵੈ-ਸਪਸ਼ਟ ਅਤੇ ਮਕਬੂਲ ਹੈ! ਭਗਤ ਸਿੰਘ ਨੇ ਕਿਹਾ ਸੀ, 'ਕਿ ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਹਨੂੰ ਲਾਜ਼ਮੀ ਤੌਰ 'ਤੇ ਪੁਰਾਣੇ ਵਿਸ਼ਵਾਸ਼ਾਂ ਦੀ ਹਰ ਗੱਲ ਦੀ ਅਲੋਚਨਾ ਕਰਨੀ ਹੈ! ਇਨ੍ਹਾਂ ਵਿਸ਼ਵਾਸ਼ਾਂ ਨੂੰ ਤਰਕ ਨਾਲ ਰੱਦ ਕਰਦੇ ਹੋਏ, ਇਹਦੇ ਹਰ ਪਹਿਲੂ ਨੂੰ ਵੰਗਾਰਨਾ ਹੋਵੇਗਾ? ਇਨਕਲਾਬ ਸੰਬੰਧੀ ਉਸ ਨੇ ਕਿਹਾ, ਕਿ ਇਨਕਲਾਬ ਮਿਹਨਤੀ ਵਿਚਾਰਵਾਨਾਂ ਅਤੇ ਕਿਰਤੀ ਕਾਰਕੁਨਾਂ ਦੀ ਪੈਦਾਇਸ਼ ਹੁੰਦਾ ਹੈ! ਪਰ ਮਾੜੀ ਗੱਲ ਇਹ ਹੈ, ਕਿ ਭਾਰਤੀ ਇਨਕਲਾਬ ਵਿੱਚ ਬੌਧਿਕ ਪੱਖ ਹਮੇਸ਼ਾਂ ਕਮਜ਼ੋਰ ਰਿਹਾ ਹੈ! ਇਸ ਲਈ ਇਨਕਲਾਬ ਦੀਆਂ ਜ਼ਰੂਰੀ ਗੱਲਾਂ ਅਤੇ ਕੀਤੇ ਕੰਮਾਂ ਦੇ ਪ੍ਰਭਾਵ ਵੱਲ ਧਿਆਨ ਨਹੀਂ ਦਿੱਤਾ ਗਿਆ! ਇਸ ਵਾਸਤੇ ਇੱਕ ਇਨਕਲਾਬੀ ਨੂੰ ਅਧਿਐਨ ਅਤੇ ਚਿੰਤਨ ਨੂੰ ਆਪਣੀ ਪਵਿੱਤਰ ਜਿੰਮੇਵਾਰੀ ਬਣਾ ਲੈਣਾ ਚਾਹੀਦਾ ਹੈ! ਇਨਕਲਾਬ! ਸਮਾਜ ਦਾ ਇੱਕ ਨਿਯਮ ਹੈ? ਇਹ ਮਨੁੱਖੀ ਸਮਾਜ ਦੇ ਵਿਕਾਸ ਦਾ ਭੇਦ ਹੈ! ਪਰ ਇਸ ਵਿੱਚ ਖੂਨ-ਖਰਾਬੇ ਨਾਲ ਲਿਬੜੀ ਜੱਦੋਂ-ਜਹਿਦ ਜ਼ਰੂਰੀ ਨਹੀਂ ਅਤੇ ਨਾ ਹੀ ਇਸ ਵਿੱਚ ਜਾਤੀ ਬਦਲੇ ਦੀ ਕੋਈ ਥਾਂ ਹੈ ! ਇਹ ਬੰਬ ਅਤੇ ਪਿਸਤੌਲ ਦਾ ਫਲਸਫ਼ਾ ਵੀ ਨਹੀਂ ਹੈ? ਇਨਕਲਾਬ! ਮਨੁੱਖ ਜਾਤੀ ਦਾ ਜਨਮ ਸਿੱਧ ਅਧਿਕਾਰ ਹੈ! ਇਸ ਦਾ ਅਪਹਰਣ ਨਹੀਂ ਕੀਤਾ ਜਾ ਸਕਦਾ ਹੈ? ਇਨਕਲਾਬ ਲਈ ਨਾਂ ਤਾਂ ਜਜ਼ਬਾਤੀ ਹੋਣ ਦੀ ਜ਼ਰੂਰਤ ਹੈ, ਨਾ ਮੌਤ ਦੀ! ਇਸ ਲਈ ਲੋੜ ਹੈ! ਲਾਜ਼ਮੀ ਸੰਘਰਸ਼, ਕਸ਼ਟ ਤੇ ਕੁਰਬਾਨੀਆਂ ਭਰੀ ਜਿੰਦਗੀ ਦੀ? 23-ਮਾਰਚ ਭਾਰਤ ਦੀ ਆਜ਼ਾਦੀ ਸੰਗਰਾਮ ਦੇ ਅੰਦੋਲਨ ਦੇ ਇਤਿਹਾਸ 'ਚ ਇੱਕ ਅਜਿਹੀ ਘਟਨਾ ਹੈ ਜੋ ਕਦੀ ਭੁਲਾਈ ਨਹੀਂ ਜਾ ਸਕਦੀ?

ਭਵਿੱਖ ਲਈ, ਭਗਤ ਸਿੰਘ ਨੇ ਆਜ਼ਾਦੀ ਬਾਅਦ, ਭਾਰਤ ਦੀ ਤਸਵੀਰ ਪੇਸ਼ ਕਰਦੇ ਕਿਹਾ, ਕਿ ਜੇਕਰ ਲਾਰਡ ਰੀਡਿੰਗ ਦੀ ਥਾਂ ਭਾਰਤੀ ਸਰਕਾਰ ਦਾ ਮੋਹਰੀ ਸਰ ਪੁਰਸ਼ੋਤਮ ਦਾਸ ਠਾਕੁਰ ਹੋਵੇ ਤਾਂ ਲੋਕਾਂ ਨੂੰ ਕੀ ਫ਼ਰਕ ਪੈਣਾ ਹੈ? ਇੱਕ ਕਿਸਾਨ ਵਾਸਤੇ ਇਸ ਨਾਲ ਕੀ ਫ਼ਰਕ ਪਏਗਾ, ਜੇਕਰ ਲਾਰਡ ਇਰਵਿਨ ਦੀ ਥਾਂ ਸਰ ਤੇਜ ਬਹਾਦਰ ਸਪਰੂ ਆ ਜਾਂਦਾ ਹੈ? ਦੇਸ਼ ਵਿੱਚ ਅੰਗਰੇਜ਼ੀ ਸਰਮਾਇਆ ਵਧਣ ਨਾਲ ਭਾਰਤ ਦੀ ਗਿਰਾਵਟ ਅਟੱਲ ਹੋ ਜਾਵੇਗੀ? ਭਵਿੱਖ ਵਿੱਚ ਬਹੁਤ ਛੇਤੀ ਹੀ ਅਸੀਂ ਆਪਣੇ ਦੇਸ਼ ਦੇ ਸਰਮਾਏਦਾਰ ਤਬਕੇ ਤੇ ਇਸਦੇ ਉਘੇ ਨੇਤਾਵਾਂ ਨੂੰ ਵਿਦੇਸ਼ੀ ਹਾਕਮਾਂ ਨਾਲ ਗਲਵਕੜੀ ਪਾਉਂਦੇ ਹੋਏ ਤੱਕਾਂਗੇ? ਸਾਡੀ ਪੁਰਾਤਨ ਸਭਿਅਤਾ ਅਤੇ ਗੌਰਵ ਵਾਲੀ ਵਿਰਾਸਤ ਦਾ ਕੀ ਫ਼ਾਇਦਾ, ਜੇ ਸਾਡੇ 'ਚ ਇਹ ਸਵੈਮਾਨ ਨਾ ਰਹੇ, ਕਿ ਅਸੀਂ ਆਪਣੇ ਆਪ ਨੂੰ ਵਿਦੇਸ਼ੀ ਗੁਲਾਮੀ, ਵਿਦੇਸ਼ੀ ਪੈਸੇ, ਵਿਦੇਸ਼ੀ ਝੰਡੇ ਸਾਹਮਣੇ ਸਿਰ ਝਕਾਉਣ ਤੋਂ ਲਾ ਰੋਕ ਸਕੀਏ? ਸਾਮਰਾਜ! ਇਨਕਲਾਬੀਆਂ ਨੂੰ ਕਤਲ ਕਰ ਸਕਦਾ ਹੈ, ਪਰ ਇਨਕਲਾਬ ਨੂੰ ਨਹੀਂ ਮਾਰ ਸਕਦਾ। ਇਨਕਲਾਬ ਤੋਂ ਸਾਡਾ ਮੰਤਵ ਇਹ ਹੈ, ਕਿ ਮਾਜੂਦਾ ਨਿਜ਼ਾਮ ਨੂੰ ਜਿਹੜਾ ਕਿ ਸਰਾਸਰ ਬੇ-ਇਨਸਾਫੀ 'ਤੇ ਅਧਾਰਿਤ ਹੈ, ਤਬਦੀਲ ਕਰ ਦਿੱਤਾ ਜਾਵੇ! ਲੁੱਟ-ਖਸੁੱਟ ਖਤਮ ਕਰ ਦਿੱਤੀ ਜਾਵੇ ਅਤੇ ਕਾਸ਼ਤਕਾਰ ਤੇ ਮਜ਼ਦੂਰ ਭੁੱਖੇ ਨਾ ਮਰਨ? ਪਰ! ਇਨਕਲਾਬ ਬਹੁਤ ਔਖਾ ਕੰਮ ਹੈ! ਕੋਈ ਵੀ ਵਿਅਕਤੀ ਇਨਕਲਾਬ ਨਹੀਂ ਲਿਆ ਸਕਦਾ? ਇਸ ਨੂੰ ਸੰਭਵ ਬਣਾਉਂਦੀਆਂ ਹਨ, ਵਿਸ਼ੇਸ਼ ਸਮਾਜਕ ਤੇ ਆਰਥਿਕ ਹਾਲਤਾਂ? ਇਸ ਖਾਤਰ ਇਨਕਲਾਬੀ ਕਾਰਕੁੰਨਾਂ ਨੂੰ ਭਾਰੀ ਕੁਰਬਾਨੀ ਕਰਨੀ ਪੈਂਦੀ ਹੈ? ਜਿਵੇਂ ਬਸੰਤ ਦੇ ਆਉਣ ਨੂੰ ਕਦੇ ਨਹੀਂ ਰੋਕਿਆ ਜਾ ਸਕਦਾ, ਉਸੇ ਤਰ੍ਹਾਂ ਲਹਿਰ ਕਦੇ ਨਹੀਂ ਕੁਚਲੀ ਜਾ ਸਕਦੀ? ਇਹ ਉਦੋਂ ਤੱਕ ਖ਼ਤਮ ਨਹੀਂ ਹੁੰਦੀ, ਜਦੋਂ ਤੱਕ ਆਪਣੇ ਉਦੇਸ਼ ਪੂਰੇ ਨਹੀਂ ਕਰ ਲੈਂਦੀ। ਜਿਸਦੇ ਲਈ ਇਹ ਪੈਦਾ ਹੋਈ ਹੁੰਦੀ ਹੈ? ਭਗਤ ਸਿੰਘ ਦੇ ਉਪਰੋਕਤ ਇਨ੍ਹਾਂ ਵਿਚਾਰਾਂ ਦੀ ਪਰਪੱਕਤਾ ਅੱਜ ਵੀ ਸਹੀ ਸਾਬਤ ਹੋ ਰਹੀ ਹੈ !

ਭਗਤ ਸਿੰਘ ਭਾਰਤ ਦੇ ਮਹਾਨ ਦੇਸ਼ ਭਗਤਾਂ ਅਤੇ ਮੁਕਤੀ ਅੰਦੋਲਨ ਦੌਰਾਨ ਉਠੀਆਂ ਵੱਖ-ਵੱਖ ਲਹਿਰਾਂ ਦੇ ਆਗੂਆਂ ਵਾਂਗ ਇਕ ਮਹਾਨ ਦੇਸ਼-ਭਗਤ ਹੋਏ ਹਨ। ਸਗੋਂ ਭਗਤ ਸਿੰਘ ਨੇ ਜੇਲ੍ਹ ਅੰਦਰ ਇਕ ਮੁੱਢਲੇ ਸਮਾਜਵਾਦੀ ਚਿੰਤਕਾਂ ਅਤੇ ਵਿਚਾਰਵਾਨਾਂ ਵੱਜੋ ਪਰਪੱਕਤਾ ਵੀ ਪ੍ਰਾਪਤ ਕਰ ਲਈ ਸੀ। ਉਸ ਨੇ 24 ਸਾਲ ਦੀ ਘੱਟ ਉਮਰ ਵਿੱਚ ਹੀ ਅਰਥ-ਭਰਪੂਰ ਜੀਵਨ ਵਾਲੀਆਂ ਸਿਆਸੀ ਅਤੇ ਲੋਕ ਪੱਖੀ ਵਿਚਾਰਧਾਰਾ ਅਤੇ ਜੀਵਨਸ਼ੈਲੀ ਨੂੰ ਦੇਸ਼ ਭਰ ਅੰਦਰ ਇਕ ਮਾਡਲ ਵੱਜੋਂ ਪੇਸ਼ ਕਰਕੇ ਹੌਸਲਾ, ਕੁਰਬਾਨੀ, ਦੇਸ਼ ਪਿਆਰ, ਬਹਾਦਰੀ, ਲੋਕ ਨਾਇਕ ਵਜੋਂ ਅਤੇ ਬਰਤਾਨਵੀ ਸਾਮਰਾਜ ਲਈ ਇਕ ਇਨਕਲਾਬੀ ਹਊਆਂ ਬਣ ਕੇ, ਅਮਰ ਸ਼ਹੀਦ ਦਾ ਰੁਤਬਾ ਪ੍ਰਾਪਤ ਕੀਤਾ ਸੀ। ਸ਼ਹੀਦ ਭਗਤ ਸਿੰਘ ! 1920-ਵਿਆਂ ਦੌਰਾਨ ਹੀ ਪੰਜਾਬ ਅਤੇ ਦੇਸ਼ ਦੇ ਬਾਕੀ ਕ੍ਰਾਂਤੀਕਾਰੀ ਨੌਜਵਾਨਾਂ ਵਿੱਚ ਸਭ ਤੋਂ ਵੱਧ ਮਕਬੂਲ ਆਗੂ ਸੀ! ਉਸ ਨੇ ਹੀ ਸਭ ਤੋਂ ਪਹਿਲਾਂ ਅੰਗਰੇਜ਼ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਦਹਿਸ਼ਤ ਗਰਦਾਨਣ ਵਿਰੁੱਧ, ਬੰਬਾਂ-ਪਿਸਤੌਲਾਂ ਉਪਰ ਮੁਕੰਮਲ ਨਿਰਭਰਤਾ ਤੋਂ ਇਨਕਾਰ ਕਰਕੇ ਜਵਾਬ ਦਿੱਤਾ ਸੀ। ਉਹ ਪੂਰਨ ਤੌਰ 'ਤੇ ਯਥਾਰਥਵਾਦੀ ਹੋਣ ਕਰਕੇ ਆਖ਼ਰੀ ਦਮ ਤਕ, ਇਥੋਂ ਤਕ ਕਿ ਫਾਂਸੀ ਚੜ੍ਹਨ ਵੇਲੇ ਵੀ ਸਿਰ ਉਚਾ ਕਰਕੇ ਇਕ ਦੇਸ਼ ਭਗਤ ਵੱਜੋ ਉਸ ਨੇ ਸ਼ਹੀਦੀ ਪ੍ਰਾਪਤ ਕੀਤੀ। ਬਸਤੀਵਾਦੀ ਸਾਮਰਾਜ ਵਿਰੁਧ ਉਸ ਦੀ ਵਿਚਾਰਧਾਰਾ, ਵਿਸ਼ਵਾਸ਼ ਅਤੇ ਕੌਮੀ ਮੁਕਤੀ ਸੰਘਰਸ਼ ਵਿੱਚ ਪਇਆ ਯੋਗਦਾਨ ਇਕ ਅੰਤਰ-ਦ੍ਰਿਸ਼ਟੀ ਸੀ। ਉਸ ਨੇ ਕਿਹਾ ਸੀ, ਕਿ ਪਿਸਤੌਲ ਤੇ ਬੰਬ ਕਦੇ ਇਨਕਲਾਬ ਨਹੀਂ ਲਿਆਉਂਦੇ, ਬਲਕਿ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਤੋਂ ਤਿੱਖੀ ਹੁੰਦੀ ਹੈ।

ਸ਼ਹੀਦ ਭਗਤ ਸਿੰਦਾ ਜਨਮ 28 ਸਤੰਬਰ 1907 ਨੂੰ ਪਿਤਾ ਕਿਸ਼ਨ ਸਿੰਘ ਅਤੇ ਮਾਤਾ ਵਿਦਿਆਵਤੀ ਦੇ ਘਰ, ਪਿੰਡ ਬੰਗੇ (ਲਾਇਲਪੁਰ, ਪਾਕਿਸਤਾਨ) ਵਿਖੇ ਹੋਇਆ। ਉਹ ਪੰਜ ਭਰਾ-ਭਗਤ ਸਿੰਘ, ਕੁਲਵੀਰ ਸਿੰਘ, ਕੁਲਤਾਰ ਸਿੰਘ, ਰਾਜਿੰਦਰ ਸਿੰਘ ਤੇ ਰਣਵੀਰ ਸਿੰਘ ਅਤੇ ਤਿੰਨ ਭੈਣਾ-ਬੀਬੀ ਅਮਰ ਕੌਰ, ਪ੍ਰਕਾਸ਼ ਕੌਰ ਅਤੇ ਸ਼ਕੁੰਤਲਾ ਸਨ। ਪ੍ਰਵਾਰ ਆਰੀਆ ਸਮਾਜੀ ਪ੍ਰਭਾਵ ਅਧੀਨ ਸੀ। ਭਗਤ ਸਿੰਘ ਦੇ ਚਾਚਾ ਮਹਾਨ ਦੇਸ਼ ਭਗਤ ਅਜੀਤ ਸਿੰਘ ਅਤੇ ਸਵਰਨ ਸਿੰਘ ਸਨ। ਜਦੋਂ ਭਗਤ ਸਿੰਘ ਪੈਦਾ ਹੋਇਆ ਤਾਂ ਪਿਤਾ ਸ:ਕਿਸ਼ਨ ਸਿੰਘ ਜੇਲ੍ਹ 'ਚ ਰਿਹਾਅ ਹੋਏ, ਚਾਚਾ ਅਜੀਤ ਸਿੰਘ ਮਾਂਡਲਾ (ਬਰਮਾ) ਜੇਲ੍ਹ 'ਚ ਰਿਹਾਅ ਹੋਇਆ। ਉਹ ਬਰਤਾਨਵੀ ਸਾਮਰਾਜ ਵਿਰੁਧ ਸੰਘਰਸ਼ ਕਰਦਾ ਸਾਰੀ ਉਮਰ ਜਲਾਵਤਨੀ ਰਿਹਾ ਅਤੇ 14-15 ਅਗਸਤ 1947 ਦੀ ਰਾਤ ਨੂੰ ਜਦੋਂ ਭਾਰਤ ਆਜ਼ਾਦ ਹੋ ਰਿਹਾ ਸੀ, ਡਲਹੌਜੀ ਵਿਖੇ ਸਦੀਵੀਂ ਵਿਛੋੜਾ ਦੇ ਗਿਆ। ਇਨ੍ਹਾਂ ਦੇ ਛੋਟੇ ਚਾਚਾ ਸ: ਸਵਰਨ ਸਿੰਘ ਵੀ ਛੋਟੀ ਉਮਰ ਵਿੱਚ ਜੇਲ੍ਹ ਅੰਦਰ ਅਕਹਿ ਤਸੀਹਿਆ ਕਾਰਨ ਸ਼ਹੀਦ ਹੋ ਗਏ ਸਨ। ਭਗਤ ਸਿੰਘ ਨੂੰ ਘਰੋ ਹੀ ਰਾਜਨੀਤੀ ਦੀ ਚੇਟਕ ਲੱਗੀ! ਪ੍ਰਵਾਰਕ ਪਿਛੋਕੜ ਦੇਸ਼ ਭਗਤੀ ਲਈ ਪ੍ਰਨਾਇਆ ਹੋਣ ਕਰਕੇ ਭਗਤ ਸਿੰਘ ਵੀ ਇਹ ਤਮੰਨਾ ਲੈ ਕੇ ਤੁਰਿਆ, ਕਿ ਮੇਰੀ ਜ਼ਿੰਦਗੀ ਦਾ ਮਹਾਨ ਮਕਸਦ, ਭਾਵ ! ਭਾਰਤ ਦੀ ਆਜ਼ਾਦੀ ਦੇ ਕਾਜ ਦੇ ਲੇਖੇ ਲੱਗੇ। ਇਸ ਲਈ ਉਸ ਦੀ ਜ਼ਿੰਦਗੀ ਵਿੱਚ ਆਰਾਮ ਅਤੇ ਦੁਨਿਆਵੀ ਖਾਹਿਸ਼ਾਂ ਵਾਸਤੇ ਕੋਈ ਖਿੱਚ ਨਹੀਂ ਸੀ!

ਸ਼ਹੀਦ ਭਗਤ ਸਿੰਘ ਦੇ ਵਡੇਰਿਆਂ ਦਾ ਪਿੰਡ ਨਾਰਲੀ (ਅੰਮ੍ਰਿਤਸਰ) ਸੀ ਅਤੇ ਉਹ ਪਿੰਡ ਖਟਕੜ-ਕਲਾਂ (ਨਵਾਂਸ਼ਹਿਰ) ਵੱਸ ਗਏ ਸਨ। ਮੁੱਢਲੀ ਸਿੱਖਿਆ ਪਿੰਡ ਬੰਗੇ (ਲਾਇਲਪੁਰ) ਅਤੇ ਬਾਦ 'ਚ ਲਾਹੌਰ ਵਿਖੇ ਨੈਸ਼ਨਲ ਕਾਲਜ ਤੋਂ ਪੜ੍ਹਾਈ ਕੀਤੀ। ਦੇਸ਼ ਭਗਤੀ ਅਤੇ ਕੁਰਬਾਨੀ ਦਾ ਜਜ਼ਬਾ ਜਿਥੇ ਵਿਰਸੇ 'ਚ ਮਿਲਿਆ, ਉਸ ਤੋਂ ਬਿਨ੍ਹਾਂ ਦੇਸ਼ ਅੰਦਰ ਵਾਪਰੀਆਂ ਇਤਿਹਾਸਕ ਘਟਨਾਵਾਂ, ਸ਼ਖਸ਼ੀਅਤਾਂ ਅਤੇ ਉਸ ਦੇ ਸੰਗੀ-ਸਾਥੀਆਂ ਦੇ ਪ੍ਰਭਾਵ ਅਤੇ ਵਿਚਾਰਧਾਰਾਂ ਦਾ ਵੀ ਅਸਰ ਸੀ। 1857 ਦੀ ਪਹਿਲੀ ਜੰਗਿ-ਏ-ਆਜ਼ਾਦੀ, ਕੂਕਾ ਲਹਿਰ, ਗਦਰ ਪਾਰਟੀ, 1917 ਦਾ ਮਹਾਨ ਅਕਤੂਬਰ ਇਨਕਲਾਬ, 1919 ਦਾ ਜਲਿਆਂਵਾਲਾ ਬਾਗ ਸਾਕਾ, 1920-21 ਦਾ ਗਾਂਧੀ ਜੀ ਵੱਲੋਂ ਸੱਤਿਆ ਗ੍ਰਹਿ ਅੰਦੋਲਨ ਦੀ ਵਾਪਸੀ, ਕਕੋਰੀ ਕੇਸ, 1924 ਕਾਨਪੁਰ ਸਾਜ਼ਿਸ਼ ਕੇਸ ਆਦਿ ਘਟਨਾਵਾਂ ਜਿਨ੍ਹਾਂ ਨੇ ਭਗਤ ਸਿੰਘ ਨੂੰ ਬੌਧਿਕ ਤੌਰ 'ਤੇ ਪ੍ਰਭਾਵਿਤ ਹੀ ਨਹੀਂ ਕੀਤਾ, ਸਗੋਂ ਇਕ ਪਰਪੱਕ ਇਨਕਲਾਬੀ ਵੀ ਬਣਾ ਦਿੱਤਾ। ਉਹ ਸਭ ਤੋਂ ਪਹਿਲਾਂ ਕੂਕਾ ਲਹਿਰ ਅਤੇ ਬਾਦ ਵਿੱਚ ਗਦਰ ਪਾਰਟੀ ਦੇ ਮਹਾਨ ਹੀਰੋ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਉਸ ਨੇ ਆਪਣਾ ਪ੍ਰੇਰਣਾ ਸਰੋਤ ਬਣਾਇਆ! ਉਸ ਦੀ ਲਹਿਰ ਦੇ ਮਰਜੀਵੜੇ ਜਿਨ੍ਹਾਂ ਨਾਲ ਮਿਲ ਕੇ ਉਹ ਆਪਣੇ ਸੁਪਨੇ ਸਾਕਾਰ ਕਰਨ ਲਈ ਕੁੱਦਿਆ-ਸਰਵ ਸਾਥੀ ਸ਼ਹੀਦ ਜਤਿੰਦਰ ਨਾਥ ਦਾਸ, ਭਗਵਾਨ ਦਾਸ ਜੌਹਰ, ਸੁਖਦੇਵ, ਰਾਜਗੁਰੂ, ਭਗਵਤੀ ਵੋਹਰਾ, ਉਨ੍ਹਾਂ ਦੀ ਜੀਵਨ ਸਾਥਣ ਦੁਰਗਾਵਤੀ, ਚੰਦਰ ਸ਼ੇਖ਼ਰ ਆਜ਼ਾਦ, ਅਜੈ ਘੋਸ਼, ਸੋਹਣ ਸਿੰਘ ਜੋਸ਼, ਸ਼ਿਵ ਵਰਮਾ, ਪੰ: ਕਿਸ਼ੋਰੀ ਲਾਲ, ਬੀ.ਕੇ.ਦੱਤ, ਰਾਮ ਕਿਸ਼ਨ, ਯਸ਼ਪਾਲ, ਗਨੇਸ਼ ਸ਼ੰਕਰ ਵਿਦਿਆਰਥੀ (ਪ੍ਰਤਾਪ ਅਖ਼ਬਾਰ) ਆਦਿ ਯੁੱਧ ਸਾਥੀ ਸਨ। ਸੰਸਾਰ ਅੰਦਰ ਅਤੀਤ ਤੇ ਵਰਤਮਾਨ ਸਮੇਂ ਦੀਆਂ ਜੁੱਗ-ਪਲਟਾਊ ਘਟਨਾਵਾਂ ਨੇ ਵੀ ਦੇਸ਼ ਦੇ ਨੌਜਵਾਨਾਂ ਵਿੱਚ ਇਕ ਨਵੀ ਆਸ ਦੀ ਕਿਰਨ ਪੈਦਾ ਕੀਤੀ। ਜਿਸ ਨੇ ਭਾਰਤ ਦੀ ਆਜ਼ਾਦੀ ਲਈ ਜਗਿਆਸਾ ਨੂੰ ਹੋਰ ਤੇਜ ਕੀਤਾ। ਪੰਜਾਬ ਅੰਦਰ ਕੂਕਾ ਲਹਿਰ, ਕਿਸਾਨੀ ਲਹਿਰਾਂ, ਜਲ੍ਹਿਆ ਵਾਲਾ ਬਾਗ ਦਾ ਦੁਖਦਾਈ ਕਾਂਡ, ਗੁਰਦੁਆਰਾ ਸੁਧਾਰ ਲਹਿਰ, ਬਬਰ ਅਕਾਲੀ ਲਹਿਰ ਤੇ ਦੇਸ਼ ਅੰਦਰ ਮੁੱਢਲੇ ਦੌਰਾਂ ਅੰਦਰ ਪਨਪੀਆਂ ਦਹਿਸ਼ਤ ਪਸੰਦ-ਇਨਕਲਾਬੀ ਲਹਿਰਾਂ ਦਾ ਵੀ ਨੌਜਵਾਨਾਂ ਤੇ ਬਹੁਤ ਅਸਰ ਪਿਆ। ਪਰ ਸਭ ਤੋਂ ਵੱਧ ਪ੍ਰਭਾਵਤ ਕਰਨ ਵਾਲੀ ਘਟਨਾ ਸੀ, "1917 ਦਾ ਮਹਾਨ ਅਕਤੂਬਰ ਇਨਕਲਾਬ" ਇਸ ਘਟਨਾ ਨੇ ਦੁਨੀਆਂ ਭਰ ਦੇ ਨੌਜਵਾਨਾਂ ਦੇ ਸਿਆਸੀ ਖਿਆਲਾਂ ਅਤੇ ਕਦਰਾਂ ਕੀਮਤਾਂ ਨੂੰ ਮੂਲੋ ਹੀ ਤਿਖਾਂ ਤੇ ਕੁਝ ਕਰਨ ਲਈ ਪ੍ਰੇਰਿਆ।

20-ਵੀਂ ਸਦੀ ਦੇ ਦੂਸਰੇ ਦਹਾਕੇ ਦੇ ਸ਼ੁਰੂ ਵਿੱਚ ਵਿਗਿਆਨਕ ਸਮਾਜਵਾਦ ਦੇ ਵਿਚਾਰਾਂ ਦੇ ਫੈਲਣ ਨਾਲ ਭਾਰਤ ਅੰਦਰ ਕਲਕੱਤਾ, ਮਦਰਾਸ, ਬੰਬਈ ਅਤੇ ਲਾਹੌਰ ਆਦਿ ਥਾਵਾਂ 'ਤੇ ਮੁਢਲੇ ਕਮਿਊਨਿਸਟ ਗਰੁਪ ਹੋਂਦ ਵਿੱਚ ਆ ਗਏ ਸਨ। ਇਨ੍ਹਾਂ ਗਰੁਪਾਂ ਨੇ ਦੇਸ਼ ਦੇ ਨੌਜਵਾਨਾਂ ਨੂੰ ਆਪਣੇ ਵਲ ਖਿਚਿਆ। ਪੰਜਾਬ ਅੰਦਰ ਕਿਰਤੀ ਕਿਸਾਨ ਪਾਰਟੀ ਦੇ ਇਕ ਆਗੂ ਸੋਹਣ ਸਿੰਘ ਜੋਸ਼ ਨਾਲ 12-ਅਪ੍ਰੈਲ 1926 ਨੂੰ ਭਗਤ ਸਿੰਘ ਦਾ ਮੇਲ ਹੋਇਆ। ਆਪਸੀ ਤਾਲਮੇਲ ਕਾਰਨ ਭਗਤ ਸਿੰਘ ਦੇ ਬੌਧਿਕ ਪ੍ਰਭਾਵ ਨੂੰ ਨਵੀਂ ਦਿਸ਼ਾ ਵੀ ਮਿਲੀ। ਇਸ ਪ੍ਰਭਾਵ ਕਾਰਨ ਹੀ ਭਗਤ ਸਿੰਘ, ਸੁਖਦੇਵ, ਭਗਵਤੀ ਚਰਨ ਵੋਹਰਾ, ਚੰਦਰ ਸ਼ੇਖ਼ਰ ਆਜ਼ਾਦ ਆਦਿ ਦੇ ਮਨਾ 'ਤੇ ਇਨਕਲਾਬੀ ਦਹਿਸ਼ਤਪਸੰਦੀ ਵਿਚਾਰਾਂ ਦਾ ਪਿਆ ਜਾਦੂ ਕਮਜ਼ੋਰ ਹੋਇਆ ਅਤੇ ਉਨ੍ਹਾਂ ਨੇ ਅਗਵਾਈ ਲਈ ਮਾਰਕਸਵਾਦ ਵੱਲ ਰੁੱਖ ਕੀਤਾ। ਭਗਤ ਸਿੰਘ ਨੇ ਦੁਨੀਆ ਭਰ ਦੇ ਸਾਹਿਤ, ਇਤਿਹਾਸ, ਜੀਵਨੀਆਂ, ਅਰਥ-ਸ਼ਾਸਤਰ ਤੋਂ ਬਿਨਾਂ ਸਾਕੂਨਿਨ ਦੀ "ਰੱਬ ਅਤੇ ਰਾਜ", ਕਰੋਪੋਤਕਿਨ ਦੀ ਆਪ ਬੀਤੀ, ਬਾਕੂਨਿਨ ਦੀ ਰੱਬ, ਆਇਰਿਸ ਰਿਪਬਲਿਕਨ ਆਰਮੀ ਦੇ ਮਾਇਕਲ ਕੌਲਿਨਜ਼ ਤੋਂ ਬਿਨ੍ਹਾਂ ਭਾਰਤੀ ਕਲਾਸੀਕਲ ਸਾਹਿਤ ਅਤੇ ਆਖਰੀ ਸਮੇਂ ਲੈਨਿਨ ਅਤੇ ਰਾਟਸਕੀ ਦੇ ਵਿਚਾਰਾਂ ਨੂੰ ਪੜ੍ਹਿਆ। ਫਾਂਸੀ ਤੋਂ ਪਹਿਲਾਂ ਭਗਤ ਸਿੰਘ ਨੇ ਰਾਜਸੀ ਤੌਰ 'ਤੇ ਚੇਤਨ ਅਤੇ ਜਾਗਰੂਕ ਹੋ ਕੇ ਇਨਕਲਾਬੀ ਦਹਿਸ਼ਤਗਰਦੀ ਵਿਚਾਰਾਂ ਦੀ ਥਾਂ ਲੋਕਾਂ ਨੂੰ ਜਾਗਰੂਕ ਕਰਕੇ ਜਨਤਕ ਸੰਘਰਸ਼ਾਂ ਲਈ ਜ਼ੋਰ ਦਿੱਤਾ ਸੀ। ਭਗਤ ਸਿੰਘ ਨੇ ਆਜ਼ਾਦ ਸੋਚ ਅਤੇ ਵਿਗਿਆਨਕ ਵਿਸ਼ਲੇਸ਼ਣ ਕਰਨ ਲਈ ਖੂਬ ਅਧਿਅਨ ਕੀਤਾ। ਨੌਜਵਾਨ ਭਾਰਤ ਸਭਾ ਅਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਗਠਨ ਉਸ ਦੀ ਰਾਜਸੀ, ਸਮਾਜੀ ਅਤੇ ਆਰਥਿਕ ਪ੍ਰਬੰਧ ਬਾਰੇ ਪਹੁੰਚ ਵੱਲ ਇਸ਼ਾਰਾ ਹੈ।

ਭਾਰਤ ਅੰਦਰ ਆਜ਼ਾਦੀ ਅੰਦੋਲਨ ਵਿੱਚ ਪਾਏ ਯੋਗਦਾਨ ਕਰਕੇ ਹੋਰਨਾਂ ਤੋਂ ਇਲਾਵਾ ਦੋ ਅਹਿਮ ਸਖਸ਼ੀਅਤਾਂ ਸਨ, ਜਿਨ੍ਹਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ! ਇਕ ਸ਼ਹੀਦ ਭਗਤ ਸਿੰਘ ਤੇ ਦੂਸਰਾ ਗਾਂਧੀ ਜੀ। ਆਜ਼ਾਦੀ ਬਾਅਦ ਦੇਸ਼ ਦੇ ਪੂੰਜੀਵਾਦੀ ਧਾਰਨਾ ਵਾਲੇ ਹਾਕਮਾਂ ਨੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਉਸ ਦੀ ਪਰਪੱਕ ਵਿਚਾਰਧਾਰਾ ਕਰਕੇ ਕੌਮੀ ਪੱਧਰ 'ਤੇ ਅਜੇ ਤਕ ਵੀ ਮਾਨਤਾ ਨਹੀਂ ਦਿੱਤੀ। ਇਸ ਦੇ ਬਾਵਜੂਦ ਵੀ ਉਹ ਅੱਜ ਦੇਸ਼ ਦੇ ਨੌਜਵਾਨਾਂ 'ਚ ਖਾਸ ਸਥਾਨ ਰੱਖਦਾ ਹੈ। ਉਸ ਦੇ ਵਿਚਾਰ, ਲਿਖਤਾਂ ਅਤੇ ਕੁਰਬਾਨੀ ਨੂੰ ਮਿਟਾਇਆ ਨਹੀਂ ਜਾ ਸਕਦਾ। ਭਗਤ ਸਿੰਘ "ਨੌਜਵਾਨ-ਸ਼ਕਤੀ" ਅਤੇ ਉਨ੍ਹਾਂ ਦੀਆਂ ਭਾਵਨਾਂ ਨੂੰ ਬਹੁਤ ਚੰਗੀ ਤਰ੍ਹਾਂ ਪਛਾਣਦਾ ਸੀ! ਨੌਜਵਾਨਾਂ ਦੇ ਨਾਂ ਬਹੁਤ ਸਾਰੇ ਸੰਦੇਸ਼ਾਂ 'ਚ ਉਸ ਨੇ ਨੌਜਵਾਨਾਂ ਨੂੰ ਅੱਗੇ ਆਉਣ ਅਤੇ ਜੋ ਮਹਾਨ ਕਾਰਜ ਉਨ੍ਹਾਂ ਨੇ ਨੇਪਰੇ ਚਾੜ੍ਹਨਾ ਹੈ, ਉਸ ਨੂੰ ਸਮਝਣ ਲਈ ਕਿਹਾ। ਉਹਨਾਂ ਨੂੰ ਆਪਣੇ ਦਿਲ 'ਚ ਇਹ ਗੱਲ ਵਸਾ ਲੈਣੀ ਚਾਹੀਦੀ ਹੈ, ਕਿ ਸਫਲਤਾ ਤਾਂ ਸਬਬ ਨਾਲ ਹੈ, ਜਦਕਿ ਕੁਰਬਾਨੀ ਇਕ ਨਿਯਮ ਹੈ। ਅੱਜ ਜਦੋਂ ਦੇਸ਼ ਦੇ ਹਾਕਮਾਂ ਨੇ ਨੌਜਵਾਨਾਂ ਨੂੰ ਨਸ਼ਿਆਂ, ਅੰਧ-ਵਿਸ਼ਵਾਸ਼ਾਂ ਅਤੇ ਖੱਪਤਵਾਦੀ ਚਮਕ-ਦਮਕ ਰਾਹੀ ਬਰਬਾਦੀ ਵੱਲ ਧੱਕ ਦਿੱਤਾ ਹੈ, ਤਾਂ ਭਗਤ ਸਿੰਘ ਦੇ ਉਪਰੋਕਤ ਕਥਨਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਉਸ ਨੇ ਭਾਰਤ ਦੇ ਨੌਜਵਾਨਾਂ ਨੂੰ ਕਿਹਾ ਸੀ, ਕਿ ਆਪਣਾ ਭਰਮ ਛੱਡੋ, ਨਿਡਰ ਹੋ ਕੇ ਹਕੀਕਤ ਦਾ ਸਾਹਮਣਾ ਕਰੋ। ਸੰਘਰਸ਼ਾਂ, ਕਠਿਨਾਈਆਂ ਅਤੇ ਬਲੀਦਾਨਾਂ ਤੋਂ ਨਾ ਘਬਰਾਓ। ਮਾਇਆਵਾਦ, ਕਿਸਮਤਵਾਦ, ਈਸ਼ਵਰਵਾਦ ਆਦਿ ਨੂੰ ਮੈਂ ਚੰਦ ਕੁ ਲੋਟੂਆਂ ਵੱਲੋਂ ਸਾਧਾਰਨ ਜਨਤਾ ਨੂੰ ਭੁਚਲਾਉਣ ਲਈ ਘੋਜੀ ਗਈ ਜ਼ਹਿਰੀਲੀ ਘੁੱਟੀ ਤੋਂ ਵੱਧ ਮੈਂ ਕੁਝ ਨਹੀਂ ਸਮਝਦਾ (ਪੀ-ਪਲਜ਼ ਅਖ਼ਬਾਰ ਲਾਹੌਰ) !

ਭਗਤ ਸਿੰਘ ਇਕ ਤਰਕਸ਼ੀਲ ਅਤੇ ਵਿਰੋਧ ਵਿਕਾਸੀ ਪਦਾਰਥਵਾਦੀ ਸੋਚ ਦਾ ਪੱਕਾ ਧਾਰਨੀ ਸੀ। ਹਾਕਮਾਂ ਅਤੇ ਅਖੌਤੀ ਬਾਬਿਆਂ ਵੱਲੋਂ ਅੱਜ ਜੋ ਭਰਮ ਭੁਲੇਖੇ ਪਾ ਕੇ ਗਰੀਬ ਜਨਤਾ ਨੂੰ ਅੰਧੇਰੇ ਵੱਲ ਧੱਕਿਆ ਜਾ ਰਿਹਾ ਹੈ, ਵਿਰੁਧ ਉਸ ਦੇ ਵਿਚਾਰ ਸਨ, ਕਿ ਰੱਬ, ਪੁਨਰ ਜਨਮ, ਸਵਰਗ, ਦੰਡ ਅਤੇ ਰੱਬ ਵੱਲੋਂ ਕੀਤੇ ਜਾਣ ਵਾਲੇ ਜੀਵਨ ਦੇ ਹਿਸਾਬ-ਕਿਤਾਬ ਆਦਿ 'ਚ ਕੋਈ ਵਿਸ਼ਵਾਸ਼ ਨਾ ਰੱਖੋ! ਸਗੋਂ ਸਾਨੂੰ ਜੀਵਨ ਅਤੇ ਮੌਤ ਦੇ ਵਿਸ਼ੇ ਬਾਰੇ ਹਮੇਸ਼ਾਂ ਪਦਾਰਥਵਾਦੀ ਢੰਗ ਨਾਲ ਸੋਚਣਾ ਚਾਹੀਦਾ ਹੈ। ਰੱਬ ! ਉਪਰ ਵਿਸ਼ਵਾਸ਼ ਰਹੱਸਵਾਦ (ਗੈਬੀ ਸ਼ਕਤੀ) ਦਾ ਹੀ ਨਤੀਜਾ ਹੈ। ਰਹੱਸਵਾਦ! ਮਾਨਸਿਕ ਕਮਜ਼ੋਰੀ ਦੀ ਸੁਭਾਵਿਕ ਪੈਦਾਵਾਰ ਹੈ। ਅੱਜ ਵੀ ਦੇਸ਼ ਅੰਦਰ ਫਿਰਕਾਪ੍ਰਸਤੀ, ਕੱਟੜਵਾਦ ਅਤੇ ਅੰਧ-ਵਿਸ਼ਵਾਸ਼ਾਂ ਸਬੰਧੀ ਭਗਤ ਸਿੰਘ ਦੀ ਵਿਗਿਆਨਕ ਸੋਚ ਬਿਲਕੁਲ ਢੁੱਕਵੀਂ ਅਤੇ ਦਰੁਸਤ ਹੈ। ਧਰਮ! ਜਦੋਂ ਸਿਆਸਤ ਨਾਲ ਘੁਲ-ਮਿਲ ਜਾਂਦਾ ਹੈ ਤਾਂ ਇਹ ਇਕ ਘਾਤਕ ਜ਼ਹਿਰ ਬਣ ਜਾਂਦੀ ਹੈ, ਜੋ ਭਰਾ ਨੂੰ ਭਰਾ ਨਾਲ ਲੜਾਉਂਦੀ ਹੈ, ਜੁਝਾਰੂ ਮਾਨਸਿਕਤਾ ਨੂੰ ਕਮਜ਼ੋਰ ਕਰਦੀ ਹੈ, "ਇਸ ਤਰ੍ਹਾਂ ਕੌਮ ਨੂੰ ਸਾਮਰਾਜੀ ਸਾਜ਼ਿਸ਼ਾਂ ਦੇ ਹਮਲਾਵਰ ਤਸੀਹਿਆ ਦਾ ਸ਼ਿਕਾਰ ਬਣਾ ਦਿੰਦੀ ਹੈ। ਉਸ ਦੀ ਉਪਰੋਕਤ ਵਿਗਿਆਨਕ ਸੋਚ ਹੋਣ 'ਤੇ ਵੀ ਕੋਈ ਉਸ ਨੂੰ ਹੈਟ ਪਹਿਨਾ ਕੇ, ਕੋਈ ਪੱਗ ਬੰਨ੍ਹੀ ਦਿਖਾ ਕੇ ਅਤੇ ਹੱਥ 'ਚ ਪਿਸਤੌਲ ਫੜਾਅ ਕੇ ਵੰਡੀਆਂ ਪਾ ਰਹੇ ਹਨ। "ਭਗਤ ਸਿੰਘ ਨੇ ਖੁਦ ਧਰਮ ਬਾਰੇ ਲਿਖਿਆ, ਕਿ ਜਿਹੜਾ ਧਰਮ ਇਨਸਾਨ ਨੂੰ ਇਨਸਾਨ ਤੋਂ ਵੱਖ ਕਰੇ, ਮੁੱਹਬਤ ਦੀ ਥਾਂ ਨਫ਼ਰਤ ਸਿਖਾਏ, ਅੰਧ-ਵਿਸ਼ਵਾਸ਼ਾਂ ਨੂੰ ਉਤਸ਼ਾਹਿਤ ਕਰਕੇ ਲੋਕਾਂ ਦੇ ਬੌਧਿਕ ਵਿਕਾਸ 'ਚ ਰੁਕਾਵਟ ਬਣੇ ਅਤੇ ਦਿਮਾ॥ ਨੂੰ ਖ਼ੁੰਡਾ ਕਰੇ, ਉਹ ਮੇਰਾ ਕਦੀ ਧਰਮ ਨਹੀਂ ਹੋ ਸਕਦਾ!"

ਸ਼ਹੀਦ ਭਗਤ ਸਿੰਘ ਦੀ ਵਿਸ਼ਲੇਸ਼ਣੀ ਸੋਚ ਕਾਲਜ ਦੇ ਸਮੇਂ ਜੋ ਪਨਪੀ ਸੀ, ਉਸ ਨੂੰ ਪ੍ਰਿੰ: ਸ਼ਬੀਲ ਦਾਸ ਦੇ ਵਿਚਾਰਾਂ ਅਤੇ ਦਵਾਰਕਾ ਦਾਸ ਲਾਇਬ੍ਰੇਰੀ ਦੀਆਂ ਵੱਡ-ਮੁੱਲੀਆਂ ਪੁਸਤਕਾਂ ਦੇ ਅਧਿਐਨ ਨੇ ਹੋਰ ਪ੍ਰਪੱਕ ਕੀਤਾ! 1919 ਦੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਬਾਦ 1920-21 ਦੌਰਾਨ ਦੇਸ਼ ਅੰਦਰ ਚਲਾਏ ਸੱਤਿਆਗ੍ਰਹਿ ਅੰਦੋਲਨ ਨੂੰ ਗਾਂਧੀ ਜੀ ਵੱਲੋਂ ਵਾਪਸ ਲੈਣ ਕਾਰਨ, ਸਾਰੇ ਦੇਸ਼ ਭਰ ਦੇ ਨੌਜਵਾਨਾਂ ਅੰਦਰ ਇਕ ਰੋਹ ਪੈਦਾ ਹੋਇਆ। ਜਿਸ ਦਾ ਸਿੱਟਾ, ਦੇਸ਼ ਵਿੱਚੋਂ ਬਰਤਾਨਵੀ ਸਾਮਰਾਜੀਆਂ ਨੂੰ ਬਾਹਰ ਕੱਢਣ ਲਈ ਗਰਮ ਖਿਆਲੀ ਨੌਜਵਾਨਾਂ ਵੱਲੋਂ ਹਥਿਆਰ ਬੰਦ ਢੰਗ ਅਪਣਾਇਆ ਗਿਆ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ 1925 ਨੂੰ ਭਾਰਤ ਨੌਜਵਾਨ ਸਭਾ ਅਤੇ ਪਿਛੋਂ 1928 ਨੂੰ "ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ" ਦਾ ਗਠਨ ਕੀਤਾ ਗਿਆ। ਪਰ ਸਾਂਡਰਸ ਦੇ ਕਤਲ ਬਾਦ ਭਗਤ ਸਿੰਘ ਨੇ ਦਿੱਲੀ ਅਸੰਬਲੀ 'ਚ 8 ਅਪ੍ਰੈਲ 1929 ਨੂੰ ਬੰਬ ਸੁਟੇ ਜਾਣ 'ਤੇ ਗ੍ਰਿਫ਼ਤਾਰ ਹੋਣ 'ਤੇ, ਜੇਲ੍ਹ ਸਮੇਂ ਦੌਰਾਨ ਬਹੁਤ ਸਾਰੇ ਫਲਸਫ਼ਿਆ, ਇਤਿਹਾਸ, ਵਿਚਾਰਾਂ, ਲਿਖਤਾਂ ਅਤੇ ਬਹਿਸਾਂ ਬਾਦ ਇਕ ਪਰਪੱਕ ਮਾਰਕਸਵਾਦੀ ਵੱਜੋਂ ਮੰਨਿਆ, ਕਿ ਕਤਲਾਂ ਜਾਂ ਪਿਸਤੌਲ ਦੀ ਗੋਲੀ ਰਾਹੀ ਸਮਾਜਕ ਤਬਦੀਲੀ ਨਹੀਂ ਆ ਸਕਦੀ? ਸਮਾਜਕ ਤਬਦੀਲੀ ਲਈ ਕਿਸਾਨਾਂ, ਮਜ਼ਦੂਰਾਂ, ਕਿਰਤੀਆਂ ਅਤੇ ਨੌਜਵਾਨਾਂ ਦੀ ਇਕ ਮਜ਼ਬੂਤ ਜੱਥੇਬੰਦੀ ਹੋਣੀ ਚਾਹੀਦੀ ਹੈ। ਹਿੰਸਾ ਦੀ ਵਰਤੋਂ ਤਦ ਹੀ ਹੋਣੀ ਚਾਹੀਦੀ ਹੈ, ਜਦੋਂ ਬੇਹੱਦ ਔਖੀ ਸਥਿਤੀ 'ਚ ਨਿਕਲਣ ਦਾ ਕੋਈ ਹੋਰ ਰਾਹ ਨਾ ਹੋਵੇ? ਇਹ ਵਰਤੋਂ ਸਮਾਜਕ ਤਬਦੀਲੀ ਲਈ ਹੀ ਕੀਤੀ ਜਾ ਸਕਦੀ ਹੈ, ਇਕ ਕੌਮ ਨੂੰ ਦੂਜੀ ਕੌਮ ਜਾਂ ਇਕ ਧਰਮ ਨੂੰ ਦੂਸਰੇ ਧਰਮ ਵਿਰੁਧ ਨਹੀਂ? ਆਪਣੇ ਉਪਰੋਕਤ ਵਿਚਾਰਾਂ ਲਈ ਉਹ ਦਲੀਲ ਦਿੰਦੇ ਹਨ, ਕਿ ਮੈਂ ਤੇ ਤੁਸੀਂ ਇਸ ਦੇਸ਼ ਵਿੱਚ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਦੇ ਖਿਆਲਾਂ ਨੂੰ ਜਨਮ ਨਹੀਂ ਦਿੱਤਾ। ਬਲਕਿ ਇਹ ਵਕਤ ਅਤੇ ਹਲਾਤਾਂ ਦਾ ਸਾਡੇ ਉਪਰ ਅਸਰ ਦਾ ਨਤੀਜਾ ਹੈ।

ਜੱਥੇਬੰਦਕ ਸ਼ਕਤੀ ਪ੍ਰਤੀ ਆਪਣਾ ਨਜ਼ਰੀਆ ਪੇਸ਼ ਕਰਦੇ ਹੋਏ ਭਗਤ ਸਿੰਘ ਨੇ ਕਿਹਾ, ਕਿ ਜਦ ਅਸੀਂ ਇਸ ਕਿਸਮ ਦੇ ਮੁਸ਼ਕਿਲ ਕੰਮ ਨੂੰ ਹੱਥ 'ਚ ਲਿਆ ਹੈ, ਤਾਂ ਜਾਰੀ ਰੱਖਣਾ

ਚਾਹੀਦਾ ਹੈ ਅਤੇ ਅੱਗੇ ਵਧਾਉਣਾ ਚਾਹੀਦਾ ਹੈ। ਪਹਿਲਾ ਆਪਣਾ ਨਿਜ਼ਵਾਦ ਖਤਮ ਕਰੋ। ਨਿੱਜੀ ਆਰਾਮ ਦੇ ਸੁਪਨੇ ਲਾਂਹ ਕੇ ਇਕ ਪਾਸ ਰੱਖ ਦਿਓ ਤੇ ਫਿਰ ਕੰਮ ਸ਼ੁਰੂ ਕਰੋ। ਇੰਚ ਇੰਚ ਕਰਕੇ ਤੁਸੀ ਅੱਗੇ ਵੱਧੋਗੇ। ਪਰ ਸਾਮਰਾਜੀ ਜ਼ਬਰ ਵੀ ਤੇਜ਼ ਹੋਵੇਗਾ ? ਉਹ ਵਿਅਕਤੀਆਂ ਨੂੰ ਕਤਲ ਕਰ ਸਕਦੇ ਹਨ, ਪਰ ਵਿਚਾਰਾਂ ਨੂੰ ਨਹੀਂ ? ਮਨੁੱਖਤਾ ਪ੍ਰਤੀ ਵਿਚਾਰ ਪ੍ਰਗਟ ਕਰਦੇ ਹੋਏ ਭਗਤ ਸਿੰਘ ਲਿਖਦਾ ਹੈ, ਕਿ ਜਿਸ ਦਿਨ ਮਨੁੱਖਤਾ ਦੀ ਸੇਵਾ ਅਤੇ ਦੁੱਖ ਝਾਗ ਰਹੀ ਮਨੁੱਖਤਾ ਦੀ ਨਿਜ਼ਾਤ ਦੀ ਭਾਵਨਾ ਨਾਲ ਮਰਦ-ਔਰਤਾਂ ਅੱਗੇ ਆ ਗਏ, ਉਸ ਦਿਨ ਤੋਂ ਆਜ਼ਾਦੀ ਦਾ ਯੁੱਗ ਸ਼ੁਰੂ ਹੋਵੇਗਾ! ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਪਹਿਲਾ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਹੀ ਆਵਾਜ਼ ਬੁਲੰਦ ਕੀਤੀ। ਜਦਕਿ ਕਾਂਗਰਸ ਪਾਰਟੀ ਵੱਲੋਂ ਇਹ ਮੱਤਾ 20-ਮਾਰਚ 1929 ਨੂੰ ਪੇਸ਼ ਕੀਤਾ। ਕਿਰਤੀਆਂ ਅਤੇ ਸ਼ਹਿਰੀ ਆਜ਼ਾਦੀਆਂ ਵਿਰੁਧ ਬਰਤਾਨਵੀ ਸਾਮਰਾਜ ਵੱਲੋਂ ਪੇਸ਼ ਪਬਲਿਕ ਸੇਫਟੀ ਬਿਲ ਅਤੇ ਸਨਅਤੀ ਵਿਵਾਦ ਬਿਲ ਦੇ ਵਿਰੋਧ ਵਿੱਚ "ਬੋਲੇ ਸਾਮਰਾਜੀਆਂ" ਤੇ ਉਨ੍ਹਾਂ ਨਾਲ ਮੇਲ ਮਿਲਾਪ ਰੱਖਣ ਵਾਲੇ ਭਾਰਤੀਆਂ ਦੇ ਕੰਨ ਖੋਲ੍ਹਣ ਲਈ ਭਗਤ ਸਿੰਘ ਅਤੇ ਉਸ ਦੇ ਸਾਥੀ ਬੀ.ਕੇ.ਦੱਤ ਨੇ 8 ਅਪ੍ਰੈਲ 1929 ਨੂੰ ਕੌਮੀ ਅਸੰਬਲੀ 'ਚ ਇਕ ਨੁਕਸਾਨ ਰਹਿਤ ਬੰਬ ਸੁੱਟ ਕੇ ਸਾਰੇ ਭਾਰਤੀਆਂ ਨੂੰ ਚੌਕਸ ਕੀਤਾ ਸੀ। ਇਹ ਕਦਮ! ਦੇਸ਼ ਦੇ ਲੋਕਾਂ ਨੂੰ ਜਾਗਰੂਕ ਕਰਨ ਵਾਲਾ ਸੀ। ਉਨ੍ਹਾਂ ਦੀ ਇਸ ਵਿਚਾਰਧਾਰਾ ਦੀ ਪਰਪੱਕਤਾ ਦੇਖ ਕੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ 20-ਮਾਰਚ 1931 ਨੂੰ ਦਿੱਲੀ ਦੇ ਇਕ ਵਿਸ਼ਾਲ ਇਕੱਠ (ਜਿਸ ਨੂੰ ਸਾਮਰਾਜੀਆ ਦੇ ਦਬਾਅ ਅਧੀਨ ਗਾਂਧੀ ਜੀ ਨੇ ਰੋਕਣਾ ਚਾਹਿਆ ਸੀ) ਵਿੱਚ ਕਿਹਾ ਸੀ, ਕਿ ਭਗਤ ਸਿੰਘ ਇਕ ਵਿਅਕਤੀ ਨਹੀਂ "ਪਰਤੀਕ" ਹੈ!

ਸ਼ਹੀਦ ਭਗਤ ਸਿੰਘ ਕੌਮਾਂਤਰੀਵਾਦ, ਦੇਸ਼ ਭਗਤ ਅਤੇ ਪਰਪੱਕ ਸਿਆਸੀ ਚਿੰਤਕ ਸੀ। ਉਸ ਨੇ ਸਾਰੀ ਦੁਨੀਆਂ ਅੰਦਰ ਹੋਈਆਂ ਕ੍ਰਾਂਤੀਆਂ, ਦਾਰਸ਼ਨਿਕਾਂ, ਲਹਿਰਾਂ, ਪਲੈਟੋ, ਅਰਸਤੂ, ਮਾਰਕਸਵਾਦ, ਏਜ਼ਲਜ ਅਤੇ ਫਾਂਸੀ ਤੋਂ ਕੁਝ ਪਲ ਪਹਿਲਾਂ ਲੈਨਿਨ ਸਬੰਧੀ ਅਧਿਐਨ ਕੀਤਾ। ਇਸ ਤੋਂ ਇਲਾਵਾ ਬਹੁਤ ਸਾਰਾ ਭਾਰਤੀ ਤੇ ਵਿਦੇਸ਼ੀ ਕਲਾਸੀਕਲ ਇਤਿਹਾਸ ਅਤੇ ਲਿਟਰੇਚਰ ਵੀ ਜੇਲ੍ਹ ਦੌਰਾਨ ਹੀ ਪੜ੍ਹਿਆ। 16-17 ਸਾਲ ਦੀ ਉਮਰ ਵਿੱਚ ਹੀ ਉਸ ਨੇ ਲਿਖਣਾ ਸ਼ੁਰੂ ਕਰ ਦਿੱਤਾ ਸੀ। ਉਹ 6-ਜ਼ਬਾਨਾਂ ਦਾ ਮਾਹਿਰ ਸੀ। 1924-25 ਦੌਰਾਨ ਉਸ ਨੇ 'ਕਿਰਤੀ ਰਸਾਲੇ' 'ਚ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਨਾਲ ਲਿਖਣਾ ਸ਼ੁਰੂ ਕੀਤਾ। ਛੇਤੀ ਹੀ ਉਹ ਕਾਨਪੁਰ ਚਲਾ ਗਿਆ। ਜਿਥੇ ਉਸ ਨੇ ਕਈ ਅਖਬਾਰਾਂ 'ਚ ਬਲਵੰਤ ਸਿੰਘ ਦੇ ਨਾਂ ਹੇਠ ਲਿਖਣਾ ਸ਼ੁਰੂ ਕੀਤਾ। ਇਥੇ ਹੀ ਉਸ ਦਾ ਗਨੇਸ਼ ਸ਼ੰਕਰ ਵਿਦਿਆਰਥੀ ਰਾਹੀ ਮੇਲ ਪ੍ਰਸਿਧ ਕਮਿਊਨਿਸਟ ਆਗੂ ਮੁਜੱਫਰ ਅਹਿਮਦ, ਸੱਤਿਆ ਭਗਤ, ਰਾਧਾ ਮੋਹਨ ਗੋਕਲ, ਸ਼ੌਕਤ ਉਸਮਾਨੀ ਆਦਿ ਬੁਧੀਜੀਵੀਆਂ ਨਾਲ ਹੋਇਆ। ਜੋ ਵਿਚਾਰ ਕਿਰਤੀ ਰਸਾਲੇ ਦੌਰਾਨ ਕੰਮ ਕਰਦਿਆਂ ਉਸ ਦੀ ਸਮਝ ਦਾ ਹਿਸਾ ਨਹੀਂ ਸੀ ਬਣੇ, ਇਥੇ ਉਸ ਨੇ ਕਾਫੀ ਸਪਸ਼ਟਤਾ ਮਹਿਸੂਸ ਕੀਤੀ! ਗਦਰ ਪਾਰਟੀ ਦੇ ਆਗੂ ਭਾਈ ਰਤਨ ਸਿੰਘ, ਕਮਿਊਨਿਸਟ ਆਗੂ ਸੋਹਣ ਸਿੰਘ ਜੋਸ਼ ਨਾਲ ਵੀ ਵਿਚਾਰ ਚਰਚਾ ਹੁੰਦੀ ਰਹੀ। ਜੇਲ੍ਹ ਅੰਦਰ ਸ਼ਹੀਦ ਭਗਤ ਸਿੰਘ ਨੇ ਭਾਰਤੀ ਸਮਾਜ ਵਾਰੇ ਕਿਹਾ, ਕਿ ਭਾਰਤੀ ਸਮਾਜ ਦੇ ਪਛੜੇਪਣ ਲਈ ਸਾਮੰਤਵਾਦੀ ਸੰਸਕਰਣ ਅਤੇ ਅੰਧ-ਵਿਸ਼ਵਾਸ਼ ਦੋਸ਼ੀ ਹਨ। ਇਸ ਵਿਰੁੱਧ ਵਿਗਿਆਨਕ ਪਹੁੰਚ ਅਪਣਾ ਕੇ ਹੀ ਅਸੀਂ ਵਿਰੋਧ ਵਿਕਾਸੀ ਢੰਗ ਰਾਹੀਂ ਸਮਾਜ ਨੂੰ ਤਬਦੀਲ ਕਰ ਸਕਦੇ ਹਾਂ। ਉਸ ਦੇ ਇਕ ਕੌਮਾਂਤਰੀਵਾਦੀ ਸੰਕਲਪ ਕਾਰਨ ਹੀ ਉਹ ਭਾਰਤ ਅੰਦਰ 20-ਵੀਂ ਸਦੀ ਦੀ ਇਕ ਮਹਾਨ ਸ਼ਖਸੀਅਤ ਹੋ ਗੁਜ਼ਰਿਆ! 1920 ਦੇ ਸੱਤਿਆਗ੍ਰਿਹ ਦੀ ਵਾਪਸੀ ਬਾਅਦ ਭਾਰਤ ਅੰਦਰ ਗਾਂਧੀ ਦੀ ਅਗਵਾਈ ਵਿੱਚ ਨਰਮ-ਦਲੀਆਂ ਦੇ ਮੁਕਾਬਲੇ ਭਗਤ ਸਿੰਘ ਦੀ ਅਗਵਾਈ 'ਚ ਗਰਮ-ਦਲੀਏ ਨੌਜਵਾਨਾਂ ਨੇ ਆਜ਼ਾਦੀ ਦੀ ਲੜਾਈ ਨੂੰ ਹੋਰ ਪ੍ਰਚੰਡ ਕੀਤਾ। 24 ਸਾਲ ਤੋਂ ਘੱਟ ਉਮਰ ਵਿੱਚ ਹੀ ਭਗਤ ਸਿੰਘ ਇਕ ਮਹਾਨ ਬੁੱਧੀਜੀਵੀ, ਚਿੰਤਕ ਅਤੇ ਆਖਰੀ ਵੇਲੇ ਇਕ ਮਾਰਕਸੀ ਵਿਦਿਆਰਥੀ ਵੱਜੋ 23 ਮਾਰਚ, 1931 ਨੂੰ ਆਪਣੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨਾਲ ਫਾਂਸੀ ਦੇ ਤਖਤੇ ਤੇ ਚੜ੍ਹ ਗਿਆ!

ਉਹ ਇਕ ਅਧਿਅਨ-ਪਸੰਦ ਚੇਤੰਨ ਨੌਜਵਾਨ ਅਤੇ ਗਤੀਸ਼ੀਲ ਸ਼ਖਸੀਅਤ ਸੀ! ਉਸ ਦੀ ਪ੍ਰਤਿਭਾ, ਦ੍ਰਿੜਤਾ, ਦਲੇਰੀ, ਸਮਰੱਥਾ ਅਤੇ ਪਰਪੱਕਤਾ ਬਾਰੇ ਉਸ ਦੀਆਂ ਲਿਖਤਾਂ, ਬਿਆਨ ਅਤੇ ਡਾਇਰੀ ਅੱਜ ਵੀ ਗਵਾਹੀ ਭਰ ਰਹੀਆਂ ਹਨ! ਉਸ ਦੇ ਖਤ, ਲਿਖਤਾਂ, ਕੋਰਟ ਬਿਆਨਾਂ ਤੋਂ ਇਲਾਵਾ ਸਮਾਜਵਾਦ ਕੀ ਹੈ, ਮੈਂ ਨਾਸਤਿਕ ਕਿਉ ਹਾਂ, ਬੰਬ ਦਾ ਫਲਸਫ਼ਾ, ਸੁਖਦੇਵ ਨੂੰ ਖਤ, ਕਸ਼ਟਾਂ ਤੋਂ ਭੱਜਣਾ ਕਾਇਰਤਾ ਹੈ, ਕੌਮ ਦੇ ਨਾਂ ਸੰਦੇਸ਼, ਆਜ਼ਾਦੀ ਦੀ ਲੜਾਈ ਅਤੇ ਉਸ ਤੋਂ ਬਾਅਦ, ਫਾਂਸੀ ਨਹੀ ਗੋਲੀ ਨਾਲ ਉਡਾਇਆ ਜਾਵੇ, ਹੋਲੀ ਦੇ ਦਿਨ ਖ਼ੂਨ ਦੇ ਛਿੱਟੇ (ਆਟੋ ਬਾਇਓਗ੍ਰਾਫੀ), ਸ਼ਹੀਦ ਕਰਤਾਰ ਸਿੰਘ ਸਰਾਭਾ, ਕੂਕਾ ਲਹਿਰ, ਅਨਾਰਕਿਜ਼ਮ, ਵਿਦਿਆਰਥੀ ਤੇ ਸਿਆਸਤ (ਡੋਰ ਟੂ ਡੈਥ), ਅਛੂਤਾਂ ਦਾ ਸਵਾਲ, ਜੇਲ੍ਹ ਡਾਇਰੀ ਆਦਿ ਰਚਨਾਵਾਂ ਪੜ੍ਹਨ ਯੋਗ ਹੀ ਨਹੀ, ਸਗੋਂ ਅਜੋਕੇ ਸੰਦਰਭ ਵਿੱਚ ਪੂਰੀ ਤਰ੍ਹਾਂ ਪ੍ਰਸੰਗਿਕ ਹਨ! ਉਹ ਇਕ ਦਾਰਸ਼ਨਿਕ ਅਤੇ ਸ਼ਹਾਦਤ ਵੇਲੇ ਇਕ ਸਿਆਸੀ ਚਿੰਤਨ ਸੀ ਜਿਸ 'ਤੇ ਕਿਸੇ ਕਿਸਮ ਦੀ ਕੋਈ ਉਂਗਲ ਨਹੀਂ ਉਠਾਈ ਜਾ ਸਕਦੀ ਸੀ! ਅੱਜ ਅਸੀਂ 20-ਵੀਂ ਸਦੀ ਦੇ ਇਨ੍ਹਾਂ ਮਹਾਨ ਨਾਇਕਾ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ 88-ਵੀਂ ਸ਼ਹਾਦਤ 'ਤੇ ਸ਼ਰਧਾ ਦੇ ਫੁੱਲ ਭੇਂਟ ਕਰਕੇ ਉਨ੍ਹਾਂ ਨੂੰ ਯਾਦ ਕਰ ਰਹੇ ਹਾਂ! ਪਰ ਦੇਸ਼ ਦੀਆਂ ਰਾਜ ਕਰ ਰਹੀਆਂ ਹਾਕਮ ਜਮਾਤਾਂ ਦੀਆਂ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਮਹਾਨ ਸਪੂਤਾਂ ਨੂੰ ਕੌਮੀ ਪੱਧਰ ਤੇ ਅੱਜ ਤਕ ਬਣਦੀ ਮਾਨਤਾ ਨਹੀਂ ਦਿੱਤੀ ਹੈ। ਆਖਰੀ ਸਮੇਂ ਭਗਤ ਸਿੰਘ ਨੇ ਕਿਹਾ ਸੀ, ਕਿ ਇਨਕਲਾਬ ਨਿਸ਼ਚੇ ਹੀ ਬਿਨਾਂ ਸੋਚੀ ਸਮਝੀ, ਕਤਲਾਂ ਤੇ ਅਗਿਆਨੀ ਦੀ ਦਰਿੰਦਾ ਮੁਹਿੰਮ ਨਹੀਂ, ਇਨਕਲਾਬ ਕੋਈ ਮਯੂਸੀ 'ਚ ਪੈਦਾ ਹੋਇਆ ਫਲਸਫ਼ਾ ਵੀ ਨਹੀਂ ਅਤੇ ਨਾ ਹੀ ਸਰ-ਫਰੋਸ਼ੀ ਦਾ ਕੋਈ ਸਿਧਾਂਤ ਹੈ! ਇਨਕਲਾਬ ਰੱਬ ਵਿਰੋਧੀ ਤਾਂ ਹੋ ਸਕਦਾ ਹੈ, ਪਰ ਮਨੁੱਖ ਵਿਰੋਧੀ ਨਹੀਂ! ਇਹ ਇਕਪੁਖਤਾ ਤੇ ਜ਼ਿੰਦਾ ਤਾਕਤ ਹੈ। ਇਹ ਕੌਮਾਂ ਨੂੰ ਆਪਣੇ ਪੈਰਾਂ ਤੇ ਖੜਾ ਕਰੇਗਾ ? ਇਸ ਦੇ ਬਾਵਜੂਦ ਵੀ, ਅੱਜ ਵੀ ਪੂੰਜੀਵਾਦੀ ਅਤੇ ਉਨ੍ਹਾਂ ਦੇ ਬੁਧੀਜੀਵੀ ਪੈਰੋਕਾਰ ਆਪਣੀਆਂ ਲਿਖਤਾਂ 'ਚ ਉਸ ਨੂੰ (ਭਗਤ ਸਿੰਘ) ਅਰਾਜਕਤਾਵਾਦੀ ਪੇਸ਼ ਕਰਦੇ ਹਨ! ਭਾਵੇਂ ਉਨ੍ਹਾਂ ਸਾਹਮਣੇ ਬਰਤਾਨਵੀ ਬਸਤੀਵਾਦੀ ਸਾਮਰਾਜ ਅਤੇ ਮੌਜੂਦਾ ਭਾਰਤ ਦੇ ਹਾਕਮ ਜਿਨ੍ਹਾਂ ਦੇ ਰਾਜ ਅੰਦਰ ਰੋਜ਼ਾਨਾ ਸੈਂਕੜੇ ਲੋਕਾਂ ਨੂੰ ਨੰਗ-ਭੁੱਖ ਅਤੇ ਬਿਮਾਰੀਆਂ ਕਾਰਨ ਮਰਨਾ ਪੈ ਰਿਹਾ ਹੈ, ਉਹ ਦੁਧ ਧੋਤੇ ਨਜ਼ਰ ਆ ਰਹੇ ਹਨ। ਭਗਤ ਸਿੰਘ ਨੇ ਤਾਂ ਇਕਵਾਰ ਗੋਲੀ ਚਲਾਈ ਅਤੇ ਖੁਦ ਉਸ ਨੇ ਕਬੂਲ ਕੀਤਾ ਸੀ, ਕਿ ਬੰਬ ਅਤੇ ਪਿਸਤੌਲ ਕਦੇ ਇਨਕਲਾਬ ਨਹੀਂ ਲਿਆਉਂਦੇ, ਬਲਕਿ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਤੋਂ ਤਿੱਖੀ ਹੁੰਦੀ ਹੈ। ਪਰ ਹਾਕਮ ਰੋਜ਼ਾਨਾਂ ਗੋਲੀਆਂ ਚਲਾ ਕੇ ਹੱਕ ਮੰਗਦੇ ਲੋਕਾਂ ਦਾ ਕਤਲ ਕਰ ਰਹੇ ਹਨ। ਇਸ ਲਈ ਅਰਾਜਕਤਾਵਾਦੀ ਇਹ ਹਾਕਮ ਹੁੰਦੇ ਹਨ ?

ਅੱਜ! ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਸ਼ਹਾਦਤ ਨੂੰ ਯਾਦ ਕਰਦਿਆ, ਜਿੱਥੇ ਉਸ ਦੇ ਰਾਹ 'ਤੇ ਚੱਲਣ ਦੀ ਹਾਮੀ ਭਰੀਏ, ਉਥੇ ਉਸ ਦੇ ਕਥਨਾਂ ਅਨੁਸਾਰ, ਮੇਰੀ ਜ਼ਿੰਦਗੀ! ਦਾ ਮਹਾਨ ਮਕਸਦ, ਭਾਵ ਭਾਰਤ ਦੀ ਆਜ਼ਾਦੀ ਦੇ ਕਾਜ ਦੇ ਲੇਖੇ ਲਾਉਣਾ ਸੀ। ਇਸ ਲਈ ਮੇਰੀ ਜ਼ਿੰਦਗੀ 'ਚ ਆਰਾਮ ਅਤੇ ਦੁਨਿਆਵੀ ਖਾਹਿਸ਼ਾਂ ਵਾਸਤੇ ਕੋਈ ਖਿੱਚ ਨਹੀਂ ? ਬੱਸ! ਸੰਪੂਰਨ ਇਨਕਲਾਬ! ਇਸ ਲਈ ਸਾਨੂੰ ਵੀ ਇਸ ਦੀ ਪੂਰਤੀ ਲਈ ਅਮਲੀ ਰੂਪ ਵਿੱਚ ਪੈਹਿਰਾ ਦੇਣਾ ਪੈਣਾ ਹੈ। ਜਿਸ ਲਈ ਭਗਤ ਸਿੰਘ ਨੇ ਸੰਕਲਪ ਲਿਆ ਸੀ, ਕਿ ਦੇਸ਼ ਵਿੱਚੋਂ ਸਾਮਰਾਜੀਆਂ ਨੂੰ ਬਾਹਰ ਕੱਢਣਾ ਹੈ, ਇਨਕਲਾਬ ਲਿਆ ਕੇ ਮਨੁੱਖ ਹੱਥੋ ਮਨੁੱਖ ਦੀ ਹੁੰਦੀ ਲੁੱਟ-ਖਸੁੱਟ ਰਹਿਤ ਸਮਾਜ ਦੀ ਸਿਰਜਨਾ ਕਰਨੀ। ਹਰ ਤਰ੍ਹਾਂ ਦੀ ਫਿਰਕਾਪ੍ਰਸਤੀ ਅਤੇ ਕੱਟੜਵਾਦ ਦਾ ਖਾਤਮਾ ਹੋਵੇ! ਉਸ ਨੇ ਇਕ ਅਜਿਹੇ ਭਾਰਤ ਦੀ ਸਿਰਜਨਾ ਦਾ ਜੋ ਸੁਪਨਾ ਸੰਜੋਇਆ ਸੀ, ਜਿਥੇ ਜਨਤਾ, ਕਾਸ਼ਤਕਾਰ ਅਤੇ ਮਜ਼ਦੂਰ ਭੁੱਖੇ ਨਾ ਮਰਨ! ਇਹ ਸੁਪਨੇ! ਅੱਜੇ ਵੀ ਅਧੂਰੇ ਹਨ। ਹੁਣ ਲੋੜ ਹੈ! ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਲੋੜਬੰਦੀ ਨੂੰ ਅਮਲੀਜਾਮਾ ਪਹਿਨਾਉਣ ਲਈ, ਭਾਰਤ ਅੰਦਰ ਲੋਕ ਜਮੂਹਰੀ ਇਨਕਲਾਬ ਦੀ ਸੰਪੂਰਨਤਾ ਲਈ ਯੋਗਦਾਨ ਪਾਉਣ ਦੀ!!

**ਜਬ ਲਿਖੋ ਤਾਰੀਖ ਗੁਲਸ਼ਨ ਕੀ,**
**ਯਹ ਲਿਖਨਾ ਮਤ ਭੁਲਨਾ!!**
**ਕਿ ਹਮਨੇ ਭੀ ਲੁਟਾਯਾ ਹੈ ਆਸ਼ਿਆਂ ਅਪਨਾ!!**
**ਮੇਰੀ ਹਵਾਂ ਮੇ ਰਹੇਗੀ ਖਯਾਲ ਕੀ ਖੁਸ਼ਬੂ, ਯਹ ਮੁਸ਼ਤ-ਖਾਕ ਹੈ ਫਾਨੀ, ਰਹੇ ਨਾ ਰਹੇ!!!**

9217997445
001-403-285-4208

# ਕੀ ਤੁਸੀਂ ਢਾਈ ਮਹੀਨਿਆਂ ਦੇ ਲਈ ਨਿਊਜ਼ ਚੈਨਲ ਵੇਖਣਾ ਬੰਦ ਨਹੀਂ ਕਰ ਸਕਦੇ ? ਕਰ ਦਿਉ !

ਜੇਕਰ ਤੁਸੀਂ ਆਪਣੀ ਨਾਗਰਿਕਤਾ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਨਿਊਜ਼ (ਖ਼ਬਰੀ) ਚੈੱਨਲਾਂ ਨੂੰ ਵੇਖਣਾ ਬੰਦ ਕਰ ਦਿਉ। ਜੇਕਰ ਤੁਸੀਂ ਲੋਕਤੰਤਰ ਵਿੱਚ ਇੱਕ ਜ਼ਿੰਮੇਵਾਰ ਨਾਗਰਿਕ ਦੇ ਰੂਪ ਵਿੱਚ ਭੂਮਿਕਾ ਨਿਭਾਉਣਾ ਚਾਹੁੰਦੇ ਹੋ ਤਾਂ ਨਿਊਜ਼ ਚੈੱਨਲਾਂ ਨੂੰ ਵੇਖਣਾ ਬੰਦ ਕਰ ਦਿਉ। ਜੇਕਰ ਤੁਸੀਂ ਆਪਣੇ ਬੱਚਿਆਂ ਨੂੰ ਸੰਪ੍ਰਦਾਇਕਤਾ ਤੋਂ ਬਚਾਉਣਾ ਚਾਹੁੰਦੇ ਹੋ ਤਾਂ ਨਿਊਜ਼ ਚੈੱਨਲਾਂ ਨੂੰ ਵੇਖਣਾ ਬੰਦ ਕਰ ਦਿਉ। ਜੇਕਰ ਤੁਸੀਂ ਭਾਰਤ ਵਿੱਚ ਪੱਤਰਕਾਰਿਤਾ ਨੂੰ ਬਚਾਉਣਾ ਚਾਹੁੰਦੇ ਹੋ ਤਾਂ ਨਿਊਜ਼ ਚੈੱਨਲਾਂ ਨੂੰ ਵੇਖਣਾ ਬੰਦ ਕਰ ਦਿਉ। ਨਿਊਜ਼ ਚੈੱਨਲਾਂ ਨੂੰ ਵੇਖਣਾ ਖੁਦ ਦੇ ਹੁੰਦੇ ਪਤਨ ਨੂੰ ਵੇਖਣਾ ਹੈ। ਮੈਂ ਤੁਹਾਨੂੰ ਅਪੀਲ ਕਰਦਾ ਹਾਂ ਕਿ ਤੁਸੀਂ ਕੋਈ ਵੀ ਨਿਊਜ਼ ਚੈੱਨਲ ਨਾ ਦੇਖਿਉ। ਨਿਊਜ਼ ਚੈੱਨਲ ਨਾ ਟੈਲੀਵਿਜ਼ਨ ਤੇ ਦੇਖਿਉ ਅਤੇ ਨਾ ਹੀ ਮੋਬਾਇਲ ਵਿੱਚ। ਆਪਣੀ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚੋਂ ਨਿਊਜ਼ ਚੈੱਨਲਾਂ ਨੂੰ ਦੇਖਣਾ ਹਟਾ ਦਿਉ। ਬੇਸ਼ੱਕ ਮੈਨੂੰ ਵੀ ਨਾ ਦੇਖਿਉ ਪਰੰਤੂ ਨਿਊਜ਼ ਚੈੱਨਲਾਂ ਨੂੰ ਵੇਖਣਾ ਬੰਦ ਕਰੋ।

ਮੈਂ ਇਹ ਗੱਲ ਪਹਿਲਾਂ ਤੋਂ ਕਹਿੰਦਾ ਰਿਹਾ ਹਾਂ। ਮੈਂ ਜਾਣਦਾ ਹਾਂ ਕਿ ਤੁਸੀਂ ਐਨੀ ਆਸਾਨੀ ਨਾਲ ਮੂਰਖਤਾ ਦੇ ਇਸ ਨਸ਼ੇ ਵਿਚੋਂ ਬਾਹਰ ਨਹੀਂ ਆ ਸਕਦੇ ਲੇਕਿਨ ਇੱਕ ਵਾਰ ਫਿਰ ਅਪੀਲ ਕਰਦਾ ਹਾਂ ਕਿ ਬਸ ਇਹ ਢਾਈ ਮਹੀਨਿਆਂ ਦੇ ਲਈ ਨਿਊਜ਼ ਚੈੱਨਲਾਂ ਨੂੰ ਵੇਖਣਾ ਬੰਦ ਕਰ ਦਿਉ। ਜੋ ਇਸ ਸਮੇਂ ਤੁਸੀਂ ਚੈੱਨਲਾਂ ਤੇ ਵੇਖ ਰਹੇ ਹੋ ਉਹ ਸਨਕ ਦੀ ਦੁਨੀਆਂ ਹੈ, ਪਾਗਲਪਣ ਦਾ ਸੰਸਾਰ ਹੈ, ਇਹਨਾਂ ਦੀ ਇਹੀ ਫਿਤਰਤ ਹੋ ਗਈ ਹੈ, ਪਹਿਲੀ ਵਾਰ ਐਦਾਂ ਨਹੀਂ ਹੋ ਰਿਹਾ। ਜਦ ਪਾਕਿਸਤਾਨ ਨਾਲ ਤਣਾਅ ਨਹੀਂ ਹੁੰਦਾ ਉਦੋਂ ਇਹ ਚੈੱਨਲ ਮੰਦਰ ਨੂੰ ਲੈ ਕੇ ਤਣਾਅ ਪੈਦਾ ਕਰਦੇ ਹਨ, ਜਦ ਮੰਦਰ ਦਾ ਤਣਾਅ ਨਹੀਂ ਹੁੰਦਾ ਉਦੋਂ ਇਹ ਚੈੱਨਲ ਪਦਮਾਵਤੀ ਫ਼ਿਲਮ ਨੂੰ ਲੈ ਕੇ ਤਣਾਅ ਪੈਦਾ ਕਰਦੇ ਹਨ, ਜਦ ਫ਼ਿਲਮ ਦਾ ਤਣਾਅ ਨਹੀਂ ਹੁੰਦਾ ਤਾਂ ਇਹ ਚੈੱਨਲ ਕੈਰਾਨਾ ਦੇ ਝੂਠ ਨੂੰ ਲੈ ਕੇ ਹਿੰਦੂ-ਮੁਸਲਮਾਨ ਵਿੱਚ ਤਣਾਅ ਪੈਦਾ ਕਰਦੇ ਹਨ, ਜਦੋਂ ਕੁਝ ਵੀ ਨਹੀਂ ਹੁੰਦਾ ਤਾਂ ਇਹ ਫਰਜ਼ੀ ਸਰਵੇ ਤੇ ਘੰਟਿਆਂਬੱਧੀ ਪ੍ਰੋਗਰਾਮ ਕਰਦੇ ਹਨ ਜਿਹਨਾਂ ਦਾ ਕੋਈ ਮਤਲਬ ਨਹੀਂ ਹੁੰਦਾ।

ਕੀ ਤੁਸੀਂ ਸਮਝ ਪਾਉਂਦੇ ਹੋ ਕਿ ਇਹ ਸਭ ਕਿਉਂ ਹੋ ਰਿਹਾ ਹੈ ? ਕੀ ਤੁਸੀਂ ਪਬਲਿਕ ਦੇ ਤੌਰ 'ਤੇ ਇਹਨਾਂ ਚੈੱਨਲਾਂ ਵਿੱਚ ਪਬਲਿਕ ਨੂੰ ਦੇਖ ਪਾਉਂਦੇ ਹੋ ? ਇਹਨਾਂ ਚੈੱਨਲਾਂ ਨੇ ਤੁਹਾਨੂੰ ਆਮ ਲੋਕਾਂ ਨੂੰ ਹਟਾ ਦਿੱਤਾ ਹੈ, ਕੁਚਲ ਦਿੱਤਾ ਹੈ। ਆਮ ਲੋਕਾਂ ਦੇ ਸਵਾਲ ਨਹੀਂ ਹਨ। ਚੈੱਨਲਾਂ ਦੇ ਸਵਾਲ ਆਮ ਲੋਕਾਂ ਦੇ ਸਵਾਲ ਬਣਾਏ ਜਾ ਰਹੇ ਹਨ। ਇਹ ਐਨੀ ਵੀ ਬਾਰੀਕ ਗੱਲ ਨਹੀਂ ਕਿ ਤੁਸੀਂ ਸਮਝ ਨਹੀਂ ਸਕਦੇ। ਲੋਕ ਪ੍ਰੇਸ਼ਾਨ ਹਨ। ਉਹ ਚੈੱਨਲ-ਚੈੱਨਲ ਘੁੰਮ ਕੇ ਵਾਪਿਸ ਚਲੇ ਜਾਂਦੇ ਹਨ ਪਰ ਉਹਨਾਂ ਦੀ ਥਾਂ ਕਿਤੇ ਨਹੀਂ ਹੁੰਦੀ। ਨੌਜਵਾਨਾਂ ਦੇ ਤਮਾਮ ਸਵਾਲਾਂ ਲਈ ਥਾਂ ਨਹੀਂ ਹੁੰਦੀ ਪਰੰਤੂ ਚੈੱਨਲ ਆਪਣਾ ਸਵਾਲ ਫੜਾ ਕੇ ਉਹਨਾਂ ਨੂੰ ਮੂਰਖ ਬਣਾ ਰਹੇ ਹਨ। ਚੈੱਨਲਾਂ ਕੋਲ ਇਹ ਸਵਾਲ ਕਿੱਥੋਂ ਆਉਂਦੇ ਹਨ, ਇਹ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। ਇਹ ਚੈੱਨਲ ਜੋ ਕੁਝ ਵੀ ਕਰਦੇ ਹਨ, ਉਹੀ ਤਣਾਅ ਦੇ ਲਈ ਕਰਦੇ ਹਨ ਜਿਹੜਾ ਇੱਕ ਨੇਤਾ ਦੇ ਲਈ ਰਾਹ ਬਣਾਉਂਦਾ ਹੈ, ਜਿਸਦਾ ਨਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਹੈ।

ਨਿਊਜ਼ ਚੈੱਨਲਾਂ, ਸਰਕਾਰ, ਬੀਜੇਪੀ ਅਤੇ ਮੋਦੀ ਦਾ ਆਪਸ ਵਿੱਚ ਰਲੇਵਾਂ ਹੋ ਚੁੱਕਾ ਹੈ। ਇਹ ਰਲੇਵਾਂ ਐਨਾ ਬੇਹਤਰੀਨ ਹੈ ਕਿ ਤੁਸੀਂ ਫ਼ਰਕ ਨਹੀਂ ਕਰ ਪਾਉਂਗੇ ਕਿ ਪੱਤਰਕਾਰਿਤਾ ਹੈ ਜਾਂ ਪ੍ਰੋਪੇਗੈਂਡਾ ਹੈ। ਤੁਸੀਂ ਇੱਕ ਨੇਤਾ ਨੂੰ ਪਸੰਦ ਕਰਦੇ ਹੋ, ਇਹ ਸੁਭਾਵਿਕ ਹੈ ਅਤੇ ਬਹੁਤ ਹੱਦ ਤੱਕ ਜ਼ਰੂਰੀ ਵੀ। ਲੇਕਿਨ ਉਸ ਪਸੰਦ ਦਾ ਲਾਭ ਉਠਾਕੇ ਇਹਨਾਂ ਚੈੱਨਲਾਂ ਦੁਆਰਾ ਜੋ ਕੀਤਾ ਜਾ ਰਿਹਾ ਹੈ, ਉਹ ਖ਼ਤਰਨਾਕ ਹੈ। ਬੀਜੇਪੀ ਦੇ ਵੀ ਜ਼ਿੰਮੇਵਾਰ ਸਮੱਰਥਕਾਂ ਨੂੰ ਸਹੀ ਸੂਚਨਾ ਦੀ ਜ਼ਰੂਰਤ ਹੁੰਦੀ ਹੈ। ਸਰਕਾਰ ਅਤੇ ਮੋਦੀ ਦੀ ਭਗਤੀ ਵਿੱਚ ਪ੍ਰੋਪੇਗੈਂਡਾ ਨੂੰ ਪਰੋਸਣਾ ਉਸ ਸਮੱਰਥਕ ਦਾ ਵੀ ਅਪਮਾਨ ਹੈ। ਉਸਨੂੰ ਮੂਰਖ ਸਮਝਣਾ ਹੈ ਜਦਕਿ ਉਹ ਆਪਣੇ ਅੱਗੇ ਦੇ ਵਿਕਲਪਾਂ ਦੀਆਂ ਸੂਚਨਾਵਾਂ ਦੇ ਆਧਾਰ ਤੇ ਕਿਸੇ ਦਾ ਸਮੱਰਥਨ ਕਰਦਾ ਹੈ। ਅੱਜ ਦੇ ਨਿਊਜ਼ ਚੈੱਨਲ ਨਾ ਸਿਰਫ਼ ਆਮ ਨਾਗਰਿਕਾਂ ਦਾ ਅਪਮਾਨ ਕਰਦੇ ਹਨ ਸਗੋਂ ਉਸਦੇ ਨਾਲ ਭਾਜਪਾ ਦੇ ਸਮੱਰਥਕਾਂ ਦਾ ਵੀ ਅਪਮਾਨ ਕਰ ਰਹੇ ਹਨ।

ਮੈਂ ਭਾਜਪਾ ਸਮੱਰਥਕਾਂ ਨੂੰ ਵੀ ਅਪੀਲ ਕਰਦਾ ਹਾਂ ਕਿ ਤੁਸੀਂ ਇਹਨਾਂ ਚੈੱਨਲਾਂ ਨੂੰ ਨਾ ਦੇਖੋ। ਤੁਸੀਂ ਭਾਰਤ ਦੇ ਲੋਕਤੰਤਰ ਦੀ ਬਰਬਾਦੀ ਵਿੱਚ ਸ਼ਾਮਲ ਨਾ ਹੋਵੋ। ਕੀ ਤੁਸੀਂ ਇਹਨਾਂ ਘਟੀਆ ਚੈੱਨਲਾਂ ਤੋਂ ਬਗੈਰ ਨਰੇਂਦਰ ਮੋਦੀ ਦਾ ਸਮੱਰਥਨ ਨਹੀਂ ਕਰ ਸਕਦੇ ? ਕੀ ਇਹ ਜ਼ਰੂਰੀ ਹੈ ਕਿ ਨਰੇਂਦਰ ਮੋਦੀ ਦਾ ਸਮੱਰਥਨ ਕਰਨ ਲਈ ਪੱਤਰਕਾਰਿਤਾ ਦੇ ਪਤਨ ਦਾ ਵੀ ਸਮੱਰਥਨ ਕੀਤਾ ਜਾਵੇ ? ਫਿਰ ਤੁਸੀਂ ਇੱਕ ਇਮਾਨਦਾਰ ਰਾਜਨੀਤਿਕ ਸਮੱਰਥਕ ਨਹੀਂ ਹੋ। ਕੀ ਉੱਚ ਪੱਤਰਕਾਰਿਤਾ ਦੇ ਮਿਆਰ ਦੇ ਨਾਲ ਨਰੇਂਦਰ ਮੋਦੀ ਦਾ ਸਮੱਰਥਨ ਕਰਨਾ ਅਸੰਭਵ ਹੋ ਚੁੱਕਾ ਹੈ ? ਭਾਜਪਾ ਸਮੱਰਥਕੋ, ਤੁਸੀਂ ਭਾਜਪਾ ਨੂੰ ਚੁਣਿਆ ਸੀ, ਇਹਨਾਂ ਚੈੱਨਲਾਂ ਨੂੰ ਨਹੀਂ। ਮੀਡੀਆ ਦਾ ਪਤਨ ਰਾਜਨੀਤੀ ਦਾ ਵੀ ਪਤਨ ਹੈ। ਇੱਕ ਵਧੀਆ ਸਮੱਰਥਕ ਦਾ ਵੀ ਪਤਨ ਹੈ।

ਚੈੱਨਲ ਤੁਹਾਡੀ ਨਾਗਰਿਕਤਾ ਤੇ ਹਮਲਾ ਕਰ ਰਹੇ ਹਨ। ਲੋਕਤੰਤਰ ਵਿੱਚ ਨਾਗਰਿਕ ਹਵਾ ਵਿੱਚ ਨਹੀਂ ਬਣਦਾ। ਸਿਰਫ਼ ਕਿਸੇ ਭੂਗੋਲਿਕ ਪ੍ਰਦੇਸ਼ ਵਿੱਚ ਪੈਦਾ ਹੋ ਜਾਣ ਨਾਲ ਤੁਸੀਂ ਨਾਗਰਿਕ ਨਹੀਂ ਹੁੰਦੇ। ਸਹੀ ਸੂਚਨਾ ਅਤੇ ਸਹੀ ਸਵਾਲ ਤੁਹਾਡੀ ਨਾਗਰਿਕਤਾ ਦੇ ਲਈ ਜ਼ਰੂਰੀ ਹੈ। ਇਹਨਾਂ ਨਿਊਜ਼ ਚੈੱਨਲਾਂ ਦੇ ਕੋਲ ਇਹ ਦੋਨੋਂ ਨਹੀਂ ਹਨ। ਪ੍ਰਧਾਨ ਮੰਤਰੀ ਮੋਦੀ ਪੱਤਰਕਾਰਿਤਾ ਦੇ ਇਸ ਪਤਨ ਦੇ ਸ੍ਰਪ੍ਰਸਤ ਹਨ, ਸੁਰੱਖਿਅਕ ਹਨ। ਉਹਨਾਂ ਦੀ ਭਗਤੀ ਵਿੱਚ ਚੈੱਨਲਾਂ ਨੇ ਖੁਦ ਨੂੰ ਭੰਡ ਬਣਾ ਦਿੱਤਾ ਹੈ। ਇਹ ਪਹਿਲਾਂ ਵੀ ਭੰਡ ਸੀ ਪਰ ਹੁਣ ਇਹ ਤੁਹਾਨੂੰ ਭੰਡ ਬਣਾ ਰਹੇ ਹਨ। ਤੁਹਾਡਾ ਭੰਡ ਬਣ ਜਾਣਾ ਲੋਕਤੰਤਰ ਦਾ ਮਿਟ ਜਾਣਾ ਹੋਵੇਗਾ।

ਭਾਰਤ ਪਾਕਿਸਤਾਨ ਤਣਾਅ ਦੇ ਬਹਾਨੇ ਇਹਨਾਂ ਨੂੰ ਦੇਸ਼ (ਰਾਸ਼ਟਰ) ਭਗਤ ਹੋਣ ਦਾ ਮੌਕਾ ਮਿਲ ਗਿਆ ਹੈ। ਇਹਨਾਂ ਦੇ ਕੋਲ ਦੇਸ਼ ਨੂੰ ਲੈ ਕੇ ਕੋਈ ਭਗਤੀ ਨਹੀਂ ਹੈ। ਭਗਤੀ ਹੁੰਦੀ ਤਾਂ ਲੋਕਤੰਤਰ ਦੇ ਜ਼ਰੂਰੀ ਥੰਮ੍ਹ ਪੱਤਰਕਾਰਿਤਾ ਦੇ ਉੱਚ ਮਿਆਰ ਨੂੰ ਬਣਾਉਂਦੇ। ਚੈੱਨਲਾਂ ਤੇ ਜਿਸ ਤਰ੍ਹਾਂ ਦਾ ਹਿੰਦੁਸਤਾਨ ਬਣਾਇਆ ਗਿਆ ਹੈ, ਉਹਨਾਂ ਦੇ ਰਾਹੀਂ ਤੁਹਾਡੇ ਅੰਦਰ ਜਿਸ ਤਰ੍ਹਾਂ ਦਾ ਹਿੰਦੁਸਤਾਨ ਬਣਾਇਆ ਗਿਆ ਹੈ ਉਹ ਸਾਡਾ ਹਿੰਦੁਸਤਾਨ ਨਹੀਂ ਹੈ। ਉਹ ਇੱਕ ਨਕਲੀ ਹਿੰਦੁਸਤਾਨ ਹੈ। ਦੇਸ਼ ਨਾਲ ਪਿਆਰ ਦਾ ਅਰਥ ਹੁੰਦਾ ਹੈ ਕਿ ਅਸੀਂ ਸਾਰੇ ਆਪਣਾ ਆਪਣਾ ਕੰਮ ਉੱਚ ਆਦਰਸ਼ਾਂ ਅਤੇ ਮਿਆਰ ਦੇ ਹਿਸਾਬ ਨਾਲ ਕਰੀਏ। ਹਿੰਮਤ ਦੇਖੋ ਕਿ ਝੂਠੀਆਂ ਸੂਚਨਾਵਾਂ ਅਤੇ ਪੁੱਠੇ-ਸਿੱਧੇ ਨਾਅਰਿਆਂ ਅਤੇ ਵਿਸ਼ਲੇਸ਼ਣਾਂ ਨਾਲ ਤੁਹਾਡੀ ਦੇਸ਼ਭਗਤੀ ਬਣਾਈ ਜਾ ਰਹੀ ਹੈ। ਤੁਹਾਡੇ ਅੰਦਰ ਦੇਸ਼ਭਗਤੀ ਦੇ ਕੁਦਰਤੀ ਚੈੱਨਲ ਨੂੰ ਖ਼ਤਮ ਕਰ ਕੇ ਇਹ ਨਿਊਜ਼ ਚੈੱਨਲ ਬਣਾਵਟੀ ਚੈੱਨਲ ਬਣਾਉਣਾ ਚਾਹੁੰਦੇ ਹਨ, ਜਿਸ ਕਰਕੇ ਤੁਸੀਂ ਇੱਕ ਮੁਰਦਾ ਰੋਬੋਟ ਬਣ ਕੇ ਰਹਿ ਜਾਵੋਂ।

ਇਸ ਸਮੇਂ ਦੇ ਅਖ਼ਬਾਰ ਅਤੇ ਚੈੱਨਲ ਤੁਹਾਡੀ ਨਾਗਰਿਕਤਾ ਅਤੇ ਨਾਗਰਿਕ ਅਧਿਕਾਰਾਂ ਦੇ ਖ਼ਾਤਮੇ ਦਾ ਐਲਾਨ ਕਰ ਰਹੇ ਹਨ। ਤੁਹਾਨੂੰ ਅੱਗਿਓਂ ਨਜ਼ਰ ਆ ਜਾਣਾ ਚਾਹੀਦਾ ਹੈ ਕਿ ਇਹ ਹੋਣ ਵਾਲਾ ਨਹੀਂ, ਸਗੋਂ ਹੋ ਚੁੱਕਾ ਹੈ। ਅਖ਼ਬਾਰਾਂ ਦੇ ਹਾਲ ਵੀ ਉਹੀ ਹਨ। ਹਿੰਦੀ ਦੇ ਅਖ਼ਬਾਰਾਂ ਨੇ ਤਾਂ ਪਾਠਕਾਂ ਦੀ ਹੱਤਿਆ ਦੀ ਫਿਰੌਤੀ ਲੈ ਲਈ ਹੈ। ਗਲਤ ਅਤੇ ਕਮਜ਼ੋਰ ਸੂਚਨਾਵਾਂ ਦੇ ਆਧਾਰ ਤੇ ਪਾਠਕਾਂ ਦੀ ਹੱਤਿਆ ਹੋ ਰਹੀ ਹੈ। ਅਖ਼ਬਾਰਾਂ ਦੇ ਪੰਨ੍ਹੇ ਵੀ ਧਿਆਨ ਨਾਲ ਦੇਖੋ। ਹਿੰਦੀ ਅਖ਼ਬਾਰਾਂ ਨੂੰ ਚੁੱਕ ਕੇ ਘਰ ਤੋਂ ਬਾਹਰ ਸੁੱਟ ਦਿਉ। ਇੱਕ ਦਿਨ ਅਲਾਰਮ ਲਗਾ ਕੇ ਸੌਂ ਜਾਵੋ। ਅਗਲੀ ਸਵੇਰ ਉੱਠ ਕੇ ਹਾਕਰ ਨੂੰ ਕਹਿ ਦੇਵੋ ਕਿ ਭਾਈ ਸਾਹਿਬ ਚੋਣਾਂ ਤੋਂ ਬਾਅਦ ਅਖ਼ਬਾਰ ਦੇ ਜਾਇਓ।

ਇਹ ਸਰਕਾਰ ਨਹੀਂ ਚਾਹੁੰਦੀ ਕਿ ਤੁਸੀਂ ਸਹੀ ਸੂਚਨਾਵਾਂ ਨਾਲ ਪਰਪੱਕ ਨਾਗਰਿਕ ਬਣੋ। ਚੈੱਨਲਾਂ ਨੇ ਵਿਰੋਧੀ ਧਿਰ ਬਣਨ ਦੀ ਹਰ ਸੰਭਾਵਨਾ ਨੂੰ ਖ਼ਤਮ ਕੀਤਾ ਹੈ। ਤੁਹਾਡੇ ਅੰਦਰ ਜੇਕਰ ਸਰਕਾਰ ਦਾ ਵਿਰੋਧ ਨਾ ਬਣੇ ਤਾਂ ਤੁਸੀਂ ਸਰਕਾਰ ਦਾ ਸਮੱਰਥਕ ਵੀ ਨਹੀਂ ਬਣ ਸਕਦੇ। ਹੋਸ਼ ਨਾਲ ਸਮੱਰਥਨ ਕਰਨਾ ਅਤੇ ਨਸ਼ੇ ਦਾ ਟੀਕਾ ਲਾ ਕੇ ਸਮੱਰਥਨ ਕਰਵਾਉਣਾ ਦੋਨੋਂ ਵੱਖਰੀਆਂ ਗੱਲਾਂ ਨੇ, ਪਹਿਲੀ ਵਿੱਚ ਤੁਹਾਡਾ ਸ੍ਵੈਮਾਨ ਝਲਕਦਾ ਹੈ ਤੇ ਦੂਜੀ ਵਿੱਚ ਤੁਹਾਡਾ ਅਪਮਾਨ। ਕੀ ਤੁਸੀਂ ਬੇਇੱਜ਼ਤ ਹੋ ਕੇ ਇਹਨਾਂ ਨਿਊਜ਼ ਚੈੱਨਲਾਂ ਨੂੰ ਦੇਖਣਾ ਚਾਹੁੰਦੇ ਹੋ, ਇਹਨਾਂ ਦੇ ਰਾਹੀਂ ਸਰਕਾਰ ਨੂੰ ਸਮੱਰਥਨ ਕਰਨਾ ਚਾਹੁੰਦੇ ਹੋ ?

ਮੈਂ, ਜਾਣਦਾ ਹਾਂ ਕਿ ਮੇਰੀ ਇਹ ਗੱਲ ਨਾ ਕਰੋੜਾਂ ਲੋਕਾਂ ਤੱਕ ਪਹੁੰਚੇਗੀ ਅਤੇ ਨਾ ਹੀ ਕਰੋੜਾਂ ਲੋਕ ਨਿਊਜ਼ ਚੈੱਨਲ ਦੇਖਣਾ ਛੱਡਣਗੇ। ਪਰੰਤੂ ਮੈਂ ਤੁਹਾਨੂੰ ਸੁਚੇਤ ਕਰਦਾ ਹਾਂ ਕਿ ਜੇਕਰ ਇਹੀ ਚੈੱਨਲਾਂ ਦੀ ਪੱਤਰਕਾਰਿਤਾ ਹੈ ਤਾਂ ਭਾਰਤ ਵਿੱਚ ਲੋਕਤੰਤਰ ਦਾ ਭਵਿੱਖ ਚੰਗਾ ਨਹੀਂ ਹੈ। ਨਿਊਜ਼ ਚੈੱਨਲ ਇੱਕ ਅਜਿਹੀ ਪਬਲਿਕ ਬਣਾ ਰਹੇ ਹਨ ਜੋ ਗਲਤ ਅਤੇ ਸੀਮਿਤ ਸੂਚਨਾਵਾਂ ਤੇ ਆਧਾਰਿਤ ਹੋਵੇਗੀ। ਚੈੱਨਲ ਆਪਣੀ ਬਣਾਈ ਹੋਈ ਇਸ ਪਬਲਿਕ ਤੋਂ ਉਸ ਪਬਲਿਕ ਨੂੰ ਹਰਾ ਦੇਣਗੇ ਜਿਸਨੂੰ ਸੂਚਨਾਵਾਂ ਦੀ ਜ਼ਰੂਰਤ ਹੁੰਦੀ ਹੈ, ਜਿਸਦੇ ਕੋਲ ਸਵਾਲ ਹੁੰਦੇ ਹਨ। ਸਵਾਲ ਅਤੇ ਸੂਚਨਾ ਦੇ ਬਿਨ੍ਹਾਂ ਲੋਕਤੰਤਰ ਨਹੀਂ ਹੁੰਦਾ, ਲੋਕਤੰਤਰ ਵਿੱਚ ਨਾਗਰਿਕ ਨਹੀਂ ਹੁੰਦਾ।

ਸੱਚ ਅਤੇ ਤੱਥ ਦੀ ਹਰ ਸੰਭਾਵਨਾ ਖ਼ਤਮ ਕਰ ਦਿੱਤੀ ਗਈ ਹੈ। ਮੈਂ ਹਰ ਰੋਜ਼ ਪਬਲਿਕ ਨੂੰ ਧੱਕਿਆ ਜਾਂਦਾ ਵੇਖਦਾ ਹਾਂ। ਚੈੱਨਲ ਪਬਲਿਕ ਨੂੰ ਝੂਠ ਅਤੇ ਪ੍ਰੋਪੇਗੈਂਡਾ ਦੇ ਸਮੁੰਦਰ ਵਿਚਕਾਰ ਧੱਕ ਕੇ ਰੱਖਣਾ ਚਾਹੁੰਦੇ ਹਨ, ਜਿੱਥੇ ਰਾਜਨੀਤੀ ਆਪਣਾ ਵਾ-ਵਾਰੋਲਾ ਰਚ ਰਹੀ ਹੈ। ਰਾਜਨੀਤਿਕ ਦਲਾਂ ਦੇ ਬਾਹਰ ਦੇ ਮਸਲਿਆ ਦੀ ਜਗ੍ਹਾ ਨਹੀਂ ਬਚੀ ਹੈ, ਨਾ ਜਾਣੇ ਕਿੰਨੇ ਮਸਲੇ ਇੰਤਜ਼ਾਰ ਕਰ ਰਹੇ ਹਨ। ਚੈੱਨਲਾਂ ਨੇ ਆਪਣੇ ਸੰਪਰਕ ਵਿੱਚ ਆਏ ਲੋਕਾਂ ਨੂੰ, ਲੋਕਾਂ ਦੇ ਖਿਲਾਫ਼ ਤਿਆਰ ਕੀਤਾ ਹੈ। ਤੁਹਾਡੀ ਹਾਰ ਦਾ ਐਲਾਨ ਹੈ ਇਹਨਾਂ ਚੈੱਨਲਾਂ ਦੀ ਬਾਦਸ਼ਾਹਤ। ਤੁਹਾਡੀ ਗੁਲਾਮੀ ਹੈ ਇਹਨਾਂ ਦੀ ਜਿੱਤ। ਇਹਨਾਂ ਦੇ ਅਸਰ ਤੋਂ ਕੋਈ ਐਨੀ ਆਸਾਨੀ ਨਾਲ ਨਹੀਂ ਨਿਕਲ ਸਕਦਾ। ਤੁਸੀਂ ਇੱਕ ਦਰਸ਼ਕ ਹੋ। ਤੁਸੀਂ ਇੱਕ ਨੇਤਾ ਦਾ ਸਮੱਰਥਨ ਕਰਨ ਲਈ ਪੱਤਰਕਾਰਿਤਾ ਦੇ ਪਤਨ ਦਾ ਸਮੱਰਥਨ ਨਾ ਕਰੋ। ਸਿਰਫ਼ ਢਾਈ ਮਹੀਨਿਆਂ ਦੀ ਗੱਲ ਹੈ, ਨਿਊਜ਼ ਚੈੱਨਲਾਂ ਨੂੰ ਦੇਖਣਾ ਬੰਦ ਕਰ ਦਿਉ।

**ਮੂਲ ਲਿਖਤ - ਰਵੀਸ਼ ਕੁਮਾਰ**
**ਪੰਜਾਬੀ ਅਨੁਵਾਦ - ਗੋਬਿੰਦਰ ਸਿੰਘ 'ਬਰੜ੍ਹਵਾਲ'**

# ਇਸਤਰੀਆਂ ਦੀ ਮੁਕਤੀ ਲਈ ਲੜਨ ਵਾਲੀ ਮਹਾਨ ਇਸਤਰੀ 'ਕਲਾਰਾ ਜੈਟਕਿਨ'



ਰਾਜਿੰਦਰ ਕੌਰ ਚੋਹਕਾ
403-285-4208
91-98725-44738



"ਦੁਨੀਆ ਦੀ ਅੱਧੀ ਅਬਾਦੀ ਇਸਤਰੀਆਂ (ਔਰਤਾਂ) ਦੀ ਹੈ। ਮਜ਼ਦੂਰ ਜਮਾਤ ਆਪਣੀ ਮੁਕਤੀ ਦੀ ਕਲਪਨਾ ਹੀ ਨਹੀਂ ਕਰ ਸਕਦੀ! ਜਿਨ੍ਹਾਂ ਚਿਰ ਇਸ ਅੱਧੀ ਅਬਾਦੀ ਦੀਆਂ ਜ਼ੰਜੀਰਾਂ ਨਹੀਂ ਟੁੱਟਦੀਆਂ।"

ਇਕ ਬੇਸਮਝ ਪਸ਼ੂ ਦੀ ਰੂਹਵਾਲਾ ਮਨੁੱਖ ਹੀ ਇਤਨੀ ਜ਼ਿਆਦਾ ਬੁਰਾਈ ਤੇ ਦਬਾਉ ਹੇਠ ਦੁਨੀਆ ਵਿੱਚ ਰਹਿ ਸਕਦਾ ਹੈ ਅਤੇ ਜੋ ਕੁਝ ਉਹ ਆਪਣੇ ਆਲੇ ਦੁਆਲੇ ਵੇਖਦਾ ਹੈ, ਉਸਨੂੰ ਬਦਲਣ ਲਈ ਯਤਨ ਨਹੀਂ ਕਰਦਾ, ਦੱਬੇ ਕੁਚਲੇ ਤੇ ਵੰਚਿਤ ਲੋਕਾਂ ਲਈ ਖ਼ੁਸ਼ੀ ਦਾ ਹਿੱਸਾ ਪ੍ਰਾਪਤ ਕਰਨ ਲਈ ਹਰਕਤ ਨਹੀਂ ਕਰਦਾ। ਪਰ! ਇਹ ਦਰਦ ਮਹਿਸੂਸ ਕਰਨਾ ਹੀ ਕਾਫੀ ਨਹੀਂ ਸਾਨੂੰ ਕਾਰਵਾਈ ਕਰਨੀ ਚਾਹੀਦੀ ਹੈ! ਅਸੀਂ ਜ਼ਰੂਰ ਜਿਤਾਂਗੇ ਕਿਓਂਕਿ ਇਸ ਵਾਸਤੇ ਸਾਡੇ ਕੋਲ ਆਪਣਾ ਵਿਗਿਆਨ ਹੈ।

ਇਹ ਵੱਡਮੁਲੇ ਵਿਚਾਰ "ਇਸਤਰੀਆਂ ਦੀ ਮੁਕਤੀ ਦਾ ਸੰਘਰਸ਼" ਕਰਨ ਵਾਲੀ ਵੀਰਾਂਗਣ, ਜਰਮਨ ਦੇਸ਼ ਦੀ ਇਕ ਇਸਤਰੀ ਤੇ ਸਿਦਕੀ ਕਮਿਊਨਿਸਟ ਸੰਗਰਾਂਮਣ ਕਲਾਰਾ ਜੈਟਕਿਨ ਦੇ ਹਨ। ਲਾਲ ਡਾਕੀਏ "ਜੂਲੀਅਸ ਮੋਟਲਰ" ਦੀ ਨਿਧੜਕ ਸਹਾਇਕ "ਕਲਾਰਾ ਜੈਟਕਿਨ ਦਾ ਜਨਮ 5ਜੁਲਾਈ 1857 ਨੂੰ ਜਰਮਨ ਦੇਸ਼ ਦੇ ਵੀਡੀਓ" ਦੇ ਇਕ ਨਿੱਕੇ ਜਿਹੇ ਪਿੰਡ "ਸੈਕ ਸੋਨੀ"ਵਿੱਚ ਇੱਕ ਫਰਾਂਸੀਸੀ, ਮਾਤਾ ਦੀ ਕੁੱਖੋਂ ਹੋਇਆ । ਉਸ ਦਾ ਪਿਤਾ "ਗੋਲਟਫਰੀਡ ਈਂਨਰ', ਕਾਫੀ ਪੜ੍ਹਿਆ ਲਿਖਿਆ ਅਤੇ ਸਕੂਲ ਵਿਚ ਟੀਚਰ ਲੱਗਾ ਹੋਇਆ ਸੀ ਤੇ ਉਹ ਇੱਕ ਗਿਰਜਾਘਰ ਵਿੱਚ ਸਾਜ਼ ਵੀ ਵਜਾਉਂਦਾ ਸੀ।

ਕਲਾਰਾ ਜੈਟਕਿਨ ਦੀ ਪਰਵਰਿਸ਼ ਬਹੁਤ ਹੀ ਵਧੀਆ ਢੰਗ ਤੇ ਸਾਰੀਆਂ ਸਹੂਲਤਾਂ ਵਿੱਚ ਹੋਈ। ਉਹ ਇੱਕ ਤੀਖਣ ਬੁੱਧੀ ਵਾਲੀ ਲੜਕੀ ਸੀ। ਛੋਟੀ ਹੁੰਦੀ ਦਾ ਹੀ ਉਸ ਦਾ ਧਿਆਨ ਪੜ੍ਹਾਈ ਵੱਲ ਨਿਰੰਤਰ ਜਾਰੀ ਰਿਹਾ। ਪਿਤਾ ਦੇ ਘਰ ਵਿੱਚ ਇਕ ਵੱਡੀ ਲਾਇਬਰੇਰੀ ਵੀ ਹੋਣ ਕਰਕੇ, ਲਾਇਬ੍ਰੇਰੀ ਅੰਦਰ ਸਾਰੇ ਹੀ ਬੁੱਧੀਜੀਵੀ ਲੇਖਕਾਂ ਦੀਆਂ ਕਿਤਾਬਾਂ "ਕਲਾਰਾ ਬਾਖ਼, ਮੋਜ਼ਰਟ, ਬੀਥੋਵਾਨ, ਗੋਥੇ, ਮਿਲਰ, ਹੋਮਰ, ਸ਼ੈਕਸਪੀਅਰ, ਬਾਇਰਨ, ਸ਼ੈਲ, ਤੇ ਡਿਕਨਾਂ"ਨੂੰ ਪੜ੍ਹ ਕੇ ਉਸ ਨੇ ਆਪਣੇ ਗਿਆਨ ਵਿਚ ਅਥਾਹ ਵਾਧਾ ਕੀਤਾ। ਜਦੋਂ ਉਹ ਛੋਟੀ ਹੀ ਸੀ, ਤਾਂ ਉਸ ਨੇ ਅਮੀਰਾਂ, ਜਗੀਰਦਾਰਾਂ, ਵਪਾਰੀਆਂ ਨੂੰ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਸ਼ਾਨੋ-ਸ਼ੌਕਤ ਨਾਲ ਰਹਿੰਦਿਆਂ ਅਤੇ ਗਰੀਬ, ਕਿਸਾਨ ਤੇ ਛੋਟੇ-ਛੋਟੇ ਕਾਰੀਗਰਾਂ ਦੇ ਪਰਿਵਾਰਾਂ ਦੀ ਰਹਿਣੀ ਦੇ ਪਾੜੇ ਨੂੰ ਵੀ ਦੇਖਿਆ ਤੇ ਉਨ੍ਹਾਂ ਕਾਰਨਾਂ ਨੂੰ ਲੱਭਣ ਦੀ ਉਹ ਕੋਸ਼ਿਸ਼ ਕਰਦੀ ਅਤੇ ਬਹੁਤ ਹੀ ਦੁਖੀ ਹੁੰਦੀ ।

1871 ਵਿਚ ਉਸ ਦੇ ਮਾਤਾ ਪਿਤਾ ਲਿਪਜਿੰਗ ਵਿੱਚ ਚਲੇ ਗਏ ਤੇ ਉਥੇ ਦੀ ਜ਼ਿੰਦਗੀ ਕਲਾਰਾ ਨੂੰ ਕਾਫੀ ਰਾਸ ਆਈ, ਉਸ ਦੀ ਮਾਤਾ ਉਸ ਨੂੰ ਜਰਮਨ ਇਸਤਰੀਆਂ ਦੀ ਲੀਗ ਦੀਆਂ ਹੋ ਰਹੀਆਂ ਮੀਟਿੰਗਾਂ ਵਿੱਚ ਲੈ ਕੇ ਜਾਣ ਲੱਗ ਪਈ। ਇਨ੍ਹਾਂ ਮੀਟਿੰਗਾਂ ਵਿੱਚ ਹੀ ਉਸ ਨੇ 'ਪੈਰਿਸ ਕਮਿਊਨ' ਦੇ ਫੇਲ ਹੋਣ ਬਾਰੇ ਸੁਣਿਆ ਤੇ ਇਸਦਾ ਕਰਨ ਲੱਭਣ ਲਈ ਉਸ ਨੇ ਸੋਚਣਾ ਸ਼ੁਰੂ ਕਰ ਦਿੱਤਾ! ਕਲਾਰਾ ਨੇ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਨੌਕਰੀ ਕਰਨ ਦੀ ਬਜਾਏ ਇਕ ਇਹੋ ਜਿਹਾ ਮਾਰਗ ਚੁਣਿਆ, ਜਿਸ ਵਿੱਚ ਸਹੂਲਤਾਂ ਘੱਟ ਅਤੇ ਦੁੱਵਾਰੀਆਂ ਜ਼ਿਆਦਾ ਸਨ। ਉਸ ਨੇ ਆਪਣੇ ਗਿਆਨ ਦੇ ਵਾਧੇ ਨੂੰ ਮਜ਼ਦੂਰਾਂ, ਕਿਸਾਨਾਂ ਤੇ ਇਸਤਰੀਆਂ ਨੂੰ ਆ ਰਹੀਆਂ ਸਮਾਜਿਕ, ਆਰਥਿਕ, ਰਾਜਨੀਤਿਕ ਦੁੱਵਾਰੀਆਂ ਤੋਂ ਬਚਾਉਣ ਲਈ ਉਨ੍ਹਾਂ ਦੇ ਹੱਲ ਲਈ ਚਲਾਏ ਜਾ ਰਹੇ ਸੰਘਰਸ਼ਾਂ ਵਿੱਚ ਉਨ੍ਹਾਂ ਨੂੰ ਪਾਉਣ ਦੀ ਇਕ ਦਲੇਰਾਨਾ ਹਿੰਮਤ ਕੀਤੀ। ਉਸ ਨੇ ਆਪਣੇ ਗਿਆਨ ਵਿੱਚ ਹੋਰ ਅਥਾਹ ਵਾਧਾ ਕਰਨ ਲਈ "ਕਾਰਲ ਮਾਰਕਸ ਤੇ ਏਗਲਜ਼" ਦੀਆਂ ਲਿਖਤਾਂ ਨੂੰ ਵਾਰ ਵਾਰ ਪੜ੍ਹਿਆ ਤੇ ਉਨ੍ਹਾਂ ਤੇ ਅਮਲ ਵੀ ਕੀਤਾ। ਕਲਾਰਾ ਉਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਇਨੀ ਪ੍ਰਭਾਵਿਤ ਹੋਈ, "ਕਿ ਉਸ ਨੇ ਮਨੁੱਖਤਾ ਦੀ ਬਰਾਬਰੀ ਵਾਲੇ ਰਸਤੇ ਤੇ ਚਲਣ ਵਾਲੇ ਰਾਹ ਨੂੰ ਚੁਣਿਆ ਤੇ ਉਸ ਨੇ ਕਮਿਊਨਿਸਟ ਮੈਨੀਫੈਸਟੋ ਨੂੰ ਪੜ੍ਹ ਕੇ ਉਸ ਤੇ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਪਾਰਟੀ 'ਚ ਸ਼ਾਮਲ ਹੋ ਗਈ। ਇਸ ਫੈਸਲੇ ਤੋਂ ਉਸ ਦੇ ਮਾਪੇ ਵੀ ਨਾਰਾਂ ਹੋ ਗਏ। ਪਰ ਉਸ ਨੇ ਆਪਣੇ ਅਸੂਲਾਂ 'ਤੇ ਪਹਿਰਾ ਦਿੰਦਿਆਂ ਆਪਣੇ ਮਾਪਿਆਂ, ਦੋਸਤਾਂ, ਮਿੱਤਰਾਂ ਨੂੰ ਤਿਆਗ ਕੇ ਵਿਗਿਆਨਕ ਸਮਾਜਵਾਦੀ ਸਿਧਾਂਤ ਨਾਲ ਜਾ ਦੋਸਤੀ ਪਾਈ। ਭਾਵੇ! ਉਹ ਅਜੇ ਤੱਕ ਇਸ ਵਿੱਚ ਪੂਰਣ ਤੌਰ 'ਤੇ ਪਰਪੱਕ ਨਹੀਂ ਸੀ, ਪਰ! ਉਸ ਨੇ ਨਵੀਆਂ ਚੁਣੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਘਰ ਬਾਰ ਤਿਆਗ ਦਿੱਤਾ। ਕਲਾਰਾ ਨੇ ਇਹ ਕਦਮ ਉਸ ਵੇਲੇ ਚੁੱਕਿਆ ਜਦੋਂ ਜਰਮਨੀ ਦੇ ਹਾਲਾਤ ਬਹੁਤ ਹੀ ਮਾੜੇ ਸਨ।

ਇਨ੍ਹਾਂ ਦਿਨ੍ਹਾਂ ਵਿੱਚ ਹੀ ਜਦੋਂ ਉਹ ਪਾਰਟੀ ਲਈ ਫੰਡ ਵਗੈਰਾ ਇਕੱਠਾ ਕਰ ਰਹੀ ਸੀ, ਤਾਂ ਉਸ ਦਾ ਮੇਲ ਇਕ ਰੂਸੀ ਨੌਜਵਾਨ, "ਔਸਿਪ ਜੈਟਕਿਨ" ਨਾਲ ਹੋਇਆ ਜੋ ਸ਼ੌਲਿਸਟ ਪਾਰਟੀ ਦਾ ਮੈਂਬਰ ਸੀ। ਕਲਾਰਾ ਨੇ ਔਸਿਪ ਜੈਟਕਿਨ ਨਾਲ ਵਿਆਹ ਕਰ ਲਿਆ ਤੇ ਉਸ ਦੇ ਦੋ ਲੜਕੇ ਪੈਦਾ ਹੋਏ। ਕਲਾਰਾ ਪਰਿਵਾਰ ਨਾਲੋਂ ਟੁੱਟ ਕੇ ਘੋਰ ਗ਼ਰੀਬੀ ਗੁਰਬਤ ਦੀ ਸ਼ਿਕਾਰ ਹੋ ਗਈ, ਆਰਥਿਕ ਸੋਮੇਂ ਕੋਈ ਨਹੀਂ ਸਨ। ਪ੍ਰੰਤੂ! ਇਨ੍ਹਾਂ ਮੁਸ਼ਕਲ ਹਲਾਤਾਂ ਵਿੱਚ ਵੀ ਕਲਾਰਾ ਨੇ ਹਿੰਮਤ ਨਹੀਂ ਹਾਰੀ, ਪਾਰਟੀ ਦਾ ਕੰਮ, ਘਰ ਬਾਰ ਦਾ ਕੰਮ, ਬੱਚਿਆਂ ਦਾ ਪਾਲਣ ਪੌਣ ਜਿਹੇ ਕੰਮ ਵੀ ਕਰਦੀ ਸੀ। ਪਰ ਜ਼ਿਆਦਾ ਕੰਮ ਕਰਨ ਦੇ ਬਾਵਜੂਦ ਵੀ ਉਹਨਾਂ ਦੀ ਆਮਦਨ ਵਿੱਚ ਕੋਈ ਵਾਧਾ ਨਹੀਂ ਹੋ ਰਿਹਾ ਸੀ। ਇਸ ਅਵਸਥਾ ਵਿੱਚ ਮਕਾਨ ਦਾ ਕਰਾਇਆ ਦੇਣ ਲਈ ਵੀ ਕੋਈ ਪੈਸਾ ਨਹੀਂ ਸੀ ਤਾਂ ਮਕਾਨ ਮਾਲਕ ਨੇ ਰਾਤ ਦੇ ਹਨੇਰੇ ਵਿੱਚ ਜੈਟਕਿਨ ਪ੍ਰੀਵਾਰ ਨੂੰ ਘਰੋਂ ਕੱਢ ਦਿੱਤਾ। ਆਪਣੇ ਦੋ ਮਾਸੂਮ ਬੱਚਿਆਂ ਨੂੰ ਲੈ ਕੇ ਪੈਰਿਸ ਦੇ ਇਕ ਚੌਕ ਵਿਚ ਬੈਠ ਗਏ। ਕਿਸੇ ਵਾਕਫ਼ ਕਾਰ ਨੇ ਉਨ੍ਹਾਂ ਨੂੰ ਆਪਣੇ ਘਰ ਰੱਖਿਆ। ਉਹ ਵਾਕਫ਼ਕਾਰ ਰੂਸ ਦੀ ਰਹਿਣ ਵਾਲੀ ਸੀ। ਕਲਾਰਾ ਨੂੰ ਆਪਣੀ ਆਰਥਿਕਤਾ ਬਿਹਤਰ ਬਣਾਉਣ ਲਈ, ਕਈ ਪਾਪੜ ਵੇਲਣੇ ਪਏ। ਅਖਵਾਰਾਂ ਲਈ ਆਰਟੀਕਲ ਵੀ ਲਿਖੇ, ਪਰ ਉਹ ਆਰਟੀਕਲ ਜੈਟਕਿਨ ਦੇ ਨਾਂ ਤੇ ਨਹੀਂ ਛਪਦੇ ਸਨ, ਕਿਉਂਕਿ ਪ੍ਰਕਾਸ਼ਕ ਵੀ ਇਸਤਰੀਆਂ ਵਲੋਂ ਇਹੋ ਜਿਹੇ ਕੀਤੇ ਗਏ ਕੰਮਾਂ ਨੂੰ ਨਫਰਤ ਨਾਲ ਦੇਖਦੇ ਸਨ? ਕੱਪੜੇ ਸਿਉਣ ਦਾ ਕੰਮ ਵੀ ਕੀਤਾ। ਪ੍ਰੰਤੂ ਇਨ੍ਹਾਂ ਦਿਨਾਂ ਵਿੱਚ ਹੀ ਕਲਾਰਾ ਦਾ ਪਤੀ ਗ਼ਰੀਬੀ, ਥੁੜਾਂ, ਰੋਟੀ ਤੋਂ ਆਤਰ, ਨੂੰ ਭਿਆਨਕ ਬੀਮਾਰੀ ਤਪਦਿਕ ਨੇ ਆ ਘੇਰਿਆ। ਕਲਾਰਾ ਦਾ ਆਪਣੇ ਪਤੀ ਨਾਲ ਬੇਹੱਦ ਪਿਆਰ ਸੀ। ਪਰ ਉਸ ਦੀ ਬਿਮਾਰੀ ਨੂੰ ਲੈ ਕੇ ਉਹ ਚਿੰਤਤ ਸੀ ਤੇ ਉਸ ਨੂੰ ਸੈਸ਼ਟੋਰੀਅਮ ਭੇਜਣਾ ਪਿਆ ਤੇ ਆਪਣੇ ਦੋਨਾਂ ਪੁੱਤਰਾਂ ਨੂੰ ਲੈ ਕੇ ਲਿਪਜ਼ਿੰਗ ਆ ਗਈ ਤੇ ਪਹਿਲੀ ਵਾਰ ਇਥੇ ਉਸ ਦਾ "ਲਿਬਕਣੇ ਖਤ" ਨਾਲ ਮੇਲ ਹੋਇਆ। ਜਿਥੋਂ ਉਸ ਨੇ ਸੰਘਰਸ਼ਮਈ ਜੀਵਨ ਅਰੰਭਿਆ ਹੀ ਸੀ, 'ਕਿ ਆਪਣੇ ਮਰ ਰਹੇ ਪਤੀ ਦਾ ਉਸ ਨੇ ਖਿਆਲ ਆਉਂਦਿਆਂ ਹੀ ਆਪਣੇ ਪਤੀ ਪਾਸ ਮੁੜ ਪੈਰਿਸ ਆ ਗਈ। ਉਸ ਨੇ ਇਸ ਪ੍ਰੀਵਾਰਕ ਦੁੱਖ ਦੀ ਘੜੀ ਵਿੱਚ ਆਪਣੇ ਪਤੀ ਦਾ ਸਾਥ ਵੀ ਦਿੱਤਾ। ਪਰ ਉਸ ਦੀ ਬਿਮਾਰੀ ਅੱਗੇ ਨਾ ਤਾਂ, ਕਲਾਰਾ ਦੀ ਅਤੇ ਨਾ ਹੀ ਡਾਕਟਰਾਂ ਦੀ ਕੋਈ ਪੇਸ਼ ਗਈ ਅਤੇ ਕਲਾਰਾ ਦੇ ਪਤੀ ਦੀ ਮੌਤ ਹੋ ਗਈ। ਕਲਾਰਾ ਨੇ ਆਪਣੇ ਪਤੀ ਔਸੱਪ ਦੀ ਮੌਤ ਨੂੰ ਦ੍ਰਿੜ ਇਰਾਦੇ ਤੇ ਮਜਬੂਤ ਦਿਲ ਨਾਲ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਕਲਾਰਾ ਨੇ ਇਹੋ ਜਿਹੀ ਅਵਸਥਾ ਵਿੱਚ ਵੀ ਆਪਣੇ ਸਰੀਰ ਦੀ ਸਾਰੀ ਸ਼ਕਤੀ ਪਾਰਟੀ ਦੇ ਪ੍ਰਚਾਰ ਵਿੱਚ ਝੋਕ ਦਿੱਤੀ। ਜਦੋਂ 1889 ਵਿੱਚ ਸ਼ੋਸਲਿਸਟ ਦੀ ਕੌਮਾਂਤਰੀ ਕਾਂਗਰਸ ਹੋਣ ਜਾ ਰਹੀ ਸੀ ਤਾਂ ਕਲਾਰਾ ਨੇ ਉਸ ਕਾਂਗਰਸ ਵਿਚ ਮਜ਼ਦੂਰਾਂ, ਗੈਰ ਹੁਨਰਮੰਦ ਕਾਮੇ, ਟੈਕਸਟਾਈਲ ਮਜ਼ਦੂਰਾਂ, ਗੋਦੀ ਮਜ਼ਦੂਰਾਂ ਦੀਆਂ ਅਤੇ ਮਜ਼ਦੂਰ ਇਸਤਰੀਆਂ ਦੀਆਂ ਮੰਗਾਂ ਨੂੰ ਲੈ ਕੇ ਆਪਣੀ ਜੋਸ਼ ਭਾਰੀ ਤਕਰੀਰ ਰਾਹੀਂ, ਉੱਚੀ ਅਵਾਜ ਵਿਚ ਕਿਹਾ ਕਿ, "ਮਨੁੱਖਤਾ ਦੀ ਆਉਂਦੀ ਲਈ ਲੜ ਰਹੇ ਮਜ਼ਦੂਰਾਂ ਨੂੰ ਕਦੇ ਵੀ ਆਪਣੇ ਆਪ, ਇਸਤਰੀਆਂ ਦੀ ਆਰਥਿਕ ਨਿਰਭਰਤਾ ਨੂੰ ਇਸ ਤਰ੍ਹਾਂ ਅੱਧੀ ਮਨੁੱਖੀ ਨਸਲ ਦੇ ਗੁਲਾਮ ਹੋ ਜਾਣ ਨੂੰ, ਪਰਵਾਨ ਨਹੀਂ ਕਰਨਾ ਚਾਹੀਦਾ।"

"ਕੌਮਾਂਤਰੀ ਕਾਨਫਰੰਸ" ਸਮੇਂ ਜੁੜੇ, ਡੈਲੀਗੇਟ ਕਲਾਰਾ ਵਲੋਂ ਕੀਤੀ ਜਾ ਰਹੀ ਤਕਰੀਰ ਨੂੰ ਸਾਹ ਰੋਕ ਕੇ ਸੁਣ ਰਹੇ ਸਨ! ਹਾਲ ਵਿਚ ਚੁੱਪ-ਛਾ ਗਈ! ਇਤਿਹਾਸ ਦੇ ਵਿੱਚ ਇਹ ਪਹਿਲੀ ਵਾਰੀ ਤਕਰੀਰ ਸੀ, "ਕਿ ਜ਼ਿੰਦਗੀ ਦੇ ਕੰਮ, ਰਾਜਸੀ ਜੱਦੋ ਜਹਿਦ ਵਿੱਚ ਇਸਤਰੀਆਂ ਲਈ ਬਰਾਬਰ ਹੱਕਾਂ ਦੀ ਮੰਗ ਨੂੰ ਇਕ ਇਸਤਰੀ ਨੇ ਹੀ ਜੋਸ਼ੀਲੀ ਅਵਾਜ਼ ਵਿੱਚ ਉਠਾਇਆ ਹੋਵੇ"? ਕਲਾਰਾ ਜੈਟਕਿਨ ਵਲੋਂ ਕੀਤੀ ਜਾ ਰਹੀ ਤਕਰੀਰ ਨੂੰ ਸਾਰਿਆਂ ਨੇ ਸੁਣਿਆ ਪਰ! ਅਜੇ ਤੱਕ ਵੀ ਇਸਤਰੀਆਂ ਨੂੰ ਬਰਾਬਰ ਦੇ ਹੱਕ ਦਿੱਤੇ ਜਾਣ, ਸ਼ਾਇਦ ਕਾਂਗਰਸ ਵਿਚ ਸਰਬ ਸੰਮਤੀ ਨਹੀਂ ਬਣ ਸਕੇਗੀ? ਕਲਾਰਾ ਨੂੰ ਪਤਾ ਸੀ, "ਪਰ! ਉਸ ਨੇ ਉਨ੍ਹਾਂ ਮਜ਼ਦੂਰਾਂ, ਇਸਤਰੀਆਂ ਦੀ ਨੁਮਾਇੰਦਗੀ ਕਰਦਿਆਂ ਉਨ੍ਹਾਂ ਦੀਆਂ ਮੰਗਾਂ ਨੂੰ ਆਪਣੀ ਤਕਰੀਰ ਵਿੱਚ ਬੜੀ ਹੀ ਬੇਬਾਕੀ ਨਾਲ ਕਹਿ ਦਿੱਤਾ।" ਭਾਵੇਂ ਇਨ੍ਹਾਂ ਮੰਗਾਂ ਨੂੰ ਕਾਂਗਰਸ ਵਿੱਚ ਨਹੀਂ ਮੰਨਿਆ ਗਿਆ। ਪਰ (ਕਮਿਊਨਿਸਟਾਂ) ਮਾਰਕਸਵਾਦੀਆਂ ਤੇ ਕੁਝ ਅਗਾਂਹ ਵੱਧੂ ਦੂਰਦਰੀਆਂ ਅਤੇ ਜਿਹੜੇ, ਕਲਾਰਾ ਦੇ ਨੇੜਲੇ ਸਹਿਯੋਗੀ ਸਨ "ਲੈਫ਼ਾਰਗ, ਗੋਡੇ ਅਤੇ ਬੇਬਲ" ਨੇ ਉਨ੍ਹਾਂ ਮੰਗਾਂ ਦੀ ਹਮਾਇਤ ਕੀਤੀ।

ਕਲਾਰਾ ਜੈਟਕਿਨ ਨੇ ਇਸਤਰੀਆਂ ਨੂੰ ਆਪਣੇ ਹੱਕਾਂ-ਹਿੱਤਾਂ ਲਈ ਜਾਗਰਿਤ ਕਰਨ ਲਈ ਇਕ ਇਸਤਰੀਆਂ ਦੀ ਅਖਬਾਰ 'ਇੱਕੂਐਲਿਟੀ' (ਮੈਗਜੀਨ) ਦਾ ਸੰਪਾਦਨ ਦਾ ਕੰਮ ਵੀ ਕੀਤਾ। 'ਫਰੈਡਰਿਕ ਏਂਗਲਜ਼' ਨੇ ਉਸਦੀ ਤਕਰੀਰ ਦੀ ਜਿਹੜੀ ਉਸ ਨੇ, 'ਜਿਉਰਿਖ' ਵਿੱਚ ਸੁਣੀ ਸੀ, ਸਲੁਹਤਾ ਕੀਤੀ। ਗੱਲ ਕੀ? ਕਲਾਰਾ ਜੈਟਕਿਨ ਆਪਣੇ ਮੁੱਕਿਲ ਹਾਲਾਤਾਂ ਤੋਂ ਕਦੀ ਨਹੀਂ ਡਰੀ ਸੀ ਤੇ ਨਾਂ ਹੀ ਉਸ ਨੇ ਕਦੇ ਪਿੱਛੇ ਮੁੜ ਕੇ ਦੇਖਿਆ ਸੀ। ਉਸ ਦਾ ਟੀਚਾ ਸੀ, ਭਵਿੱਖ ਲਈ ਕੰਮ ਕਰਨਾ। ਉਸ ਨੇ, ਆਪਣੀ ਜ਼ਿੰਦਗੀ ਨੂੰ'ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼' ਦੀ ਮਿਸਾਲ 'ਤੇ ਉਨ੍ਹਾਂ ਦੇ ਦਰਸਾਏ ਰਾਹ ਤੇ ਅਡੋਲ ਅਤੇ ਖ਼ਤਰਨਾਕ ਥਿੜਕਣਾ ਵਿਰੁੱਧ ਬੜੀ ਬਹਾਦਰੀ ਤੇ ਸਾਹਸ ਨਾਲ ਲੜਨ ਦਾ ਪ੍ਰਣ ਲਿਆ ਅਤੇ ਅਗੇ ਹੀ ਵੱਧਦੀ ਗਈ।

ਕਲਾਰਾ ਜੈਟਕਿਨ ਨੂੰ ਆਪਣੀ ਜ਼ਿੰਦਗੀ ਵਿਚ ਬਹੁਤ ਸਾਰੀਆਂ ਸੰਗਰਾਂਮਣ ਸਾਥਣਾਂ ਵੀ ਮਿਲੀਆਂ ਜਿਨ੍ਹਾਂ ਦੇ ਨਾਲ ਰਹਿ ਕੇ ਉਨ੍ਹਾਂ ਪਾਸੋ ਮਾਰਕਸਵਾਦੀ ਸਿਧਾਂਤ ਦੀਆਂ ਕਈ ਵਧੀਆ ਗੁੰਝਲਦਾਰ ਮਸਲਿਆਂ ਨੂੰ ਸਮਝਿਆ ਅਤੇ ਆਪ ਉਨ੍ਹਾਂ ਤੇ ਚੰਗੀ ਮੁਹਾਰਤ ਪ੍ਰਾਪਤ ਕੀਤੀ। 1893ਵਿਚ ਪੋਲਿਸ਼ ਡੈਲੀਗੇਟ "ਡਾਕਟਰ ਰੋਜਾ" ਲਕਸਮਬਰਗ ਨਾਲ ਕਲਾਰਾ ਦੀ ਮੁਲਾਕਾਤ ਹੋਈ। "ਡਾਕਟਰ ਰੋਜ਼ਾ" ਪਾਸੋਂ ਉਸ ਨੇ ਬਹੁਤ ਕੁਝ ਸਿਖਿਆ। ਦੋਨੋਂ ਹੀ ਸਾਥਣਾਂ ਦਾ ਆਪਸ ਵਿਚ ਬਹੁਤ ਕੁਝ ਮਿਲਦਾ ਜੁਲਦਾ ਸੀ। ਡਾਕਟਰ ਰੋਜ਼ਾ ਜਿੱਥੇ ਮਾਰਕਸਵਾਦੀ ਸਿਧਾਂਤ ਦੇ ਕਈ ਸਭ ਤੋਂ ਵਧੀਆ ਗੁੰਝਲਦਾਰ ਮਸਲਿਆਂ ਬਾਰੇ ਮੁਹਾਰਤ ਰੱਖਦੀ ਸੀ, ਉਥੇ ਕਲਾਰਾ ਜੈਟਕਿਨ ਨੂੰ ਕਾਰਲ ਮਾਰਕਸ ਅਤੇ ਏਂਗਲਜ਼ ਦੀਆਂ ਲਿਖਤਾਂ ਬਾਰੇ ਪੂਰੀ ਮੁਹਾਰਤ ਸੀ। ਸਟੇਜ ਤੇ ਤਕਰੀਰ ਕਰਨ ਲਈ ਡਾਕਟਰ ਰੋਜ਼ਾ ਤੇ ਕਲਾਰਾ ਜੈਟਕਿਨ ਦਾ ਕੋਈ ਸਾਨੀ ਨਹੀਂ ਸੀ। ਦੋਨੋਂ ਹੀ ਉੱਘੀਆਂ ਬੁਲਾਰੀਆਂ ਸਨ । ਜਦੋਂ ਉਹ ਸਟੇਜ 'ਤੇ ਆਪਣੀ ਜੋਸ਼ੀਲੀ ਤਕਰੀਰ ਕਰਦੀਆਂ ਸਨ, ਤਾਂ! ਹਾਲ ਵਿਚ ਬੈਠੇ ਸਰੋਤੇ ਉਨ੍ਹਾਂ ਦੇ ਭਾਸ਼ਣਾਂ ਨੂੰ ਸੁਣ ਕੇਕੀਲੇ ਜਾਂਦੇ ਸਨ। ਰੋਜ਼ਾ ਜਦੋਂ ਵੀ ਕੋਈ ਕਿਤਾਬ ਪੜ੍ਹ ਲੈਂਦੀ ਸੀ ਉਸ ਨੂੰ ਉਸ ਦਾ ਇਕ-ਇਕ ਲਫਜ ਯਾਦ ਰਹਿੰਦਾ ਸੀ। ਉਹ ਇਨੀ ਤੀਖਣਬੁੱਧੀ ਦੀ ਮਾਲਕ ਸੀ, ਕਿ ਉਸਨੂੰ ਦਾਸ ਕੈਪੀਟਲ ਦੇ ਬਹੁਤ ਸਾਰੇ ਕਿਤਾਬਾਂ ਦੇ ਸਫ਼ੇ ਮੂੰਹ ਜਬਾਨੀ ਯਾਦ ਸਨ ਤੇ ਮਾਰਕਸਵਾਦੀ ਸਿਧਾਂਤ ਤੇ ਕਈ ਪੇਚੀਦਾ ਮਸਲਿਆਂ ਨੂੰ ਹਲ ਕਾਰਨ ਵਿਚ ਪੂਰੀ ਮੁਹਾਰਤ ਰੱਖਦੀ ਸੀ। ਉਹ ਆਪਣੇ ਭਾਸ਼ਣਾਂ ਨੂੰ ਤੱਥਾਂ ਦੇ ਅਧਾਰ ਤੇ ਜ਼ਿੰਦਗੀ ਵਿਚ ਕੀਤੇ ਗਏ ਤਜਰਬਿਆਂ ਰਾਹੀਂ ਕੀਤੀਆਂ ਪ੍ਰਾਪਤੀਆਂ ਨੂੰ ਆਪਣੀਆਂ ਦਲੀਲਾਂ ਰਾਹੀ ਵਿਰੋਧੀਆਂ ਨੂੰ ਵੀ ਲਾ-ਜਵਾਬ ਕਰ ਦਿੰਦੀ ਸੀ। ਜਦ ਕਿ? ਕਲਾਰਾ ਜੈਟਕਿਨ ਦੇ ਭਾੱਣਾਂ ਦੀ ਵਿਲੱਖਣਤਾ ਵੀ ਘੱਟ ਨਹੀਂ ਸੀ, ਜਦੋਂ ਉਹ ਆਪਣਾ ਭਾਸ਼ਣ ਸ਼ੁਰੂ ਕਰਦੀ ਸੀ, ਤਾਂ ਇਕ ਵੰਗਾਰਮਾਈ ਰੂਪੀ ਅਵਾਜ਼ ਵਿਚ ਤੇਜ਼ ਤਰਾਰ ਬੋਲੀ ਵਿਚ ਸਰੋਤਿਆਂ ਨੂੰ ਸੁਨਣ ਲਈ ਘੰਟਿਆਂ ਤੱਕ ਬੈਠਣ ਲਈ ਕੀਲ ਲੈਂਦੀ ਸੀ। 1905 ਵਿਚ ਜਦੋਂ ਰੂਸੀ ਇਨਕਲਾਬ ਦੀ ਚੰਗਿਆੜੀ ਫੁੱਟਣ ਲੱਗੀ ਤਾਂ ਡਾਕਟਰ ਰੋਜ਼ਾ ਲਕਸਮਬਰਗ ਤੇ ਕਲਾਰਾ ਜੈਟਕਿਨ ਇਸ ਇਨਕਲਾਬੀ ਲਹਿਰ ਦੀ ਹਮਾਇਤ ਵਿਚ ਤੁਰ ਪਈਆਂ ਅਤੇ ਰੂਸੀ ਲੋਕਾਂ ਦੀ ਹਮਾਇਤ ਵਿਚ ਕੀਤੇ ਜਾ ਰਹੇ ਜਲਸੇ, ਮੁਜਾਹਰਿਆਂ ਦੀ ਅਗਵਾਈ ਕੀਤੀ ਭਾਵੇ ਪੁਲਿਸ ਵਲੋਂ ਉਨ੍ਹਾਂ ਨੂੰ ਰੋਕਣ ਦੇ ਯਤਨਾਂ ਨੂੰ ਉਨ੍ਹਾਂ ਨੇ ਨਾ- ਕਾਮਯਾਬ ਬਣਾ ਦਿੱਤਾ।

19-ਵੀ ਸਦੀ ਦੇ ਅਖੀਰ ਵਿਚ ਇਸਤਰੀਆਂ ਦੇ ਹੱਕਾਂ ਹਿੱਤਾਂ ਦੀ ਰਾਖੀ ਲਈ ਇਸਤਰੀ ਮਰਦ ਦੀ ਬਰਾਬਰੀ ਦੀ ਮੰਗ ਨੂੰ ਲੈ ਕੇ ਕਲਾਰਾ ਜੈਟਕਿਨ ਨੇ ਆਪਣੀ ਰਾਜਸੀ ਤੇ ਬਰਾਬਰਤਾ ਦੀ ਲੜਾਈ ਸ਼ੁਰੂ ਕਰ ਦਿੱਤੀ। ਉਸ ਨੇ 'ਇਸਤਰੀ' ਦੀ ਬਰਾਬਰੀ ਦਾ ਇਕ ਝੰਡਾ ਬਣਾਇਆ। ਜਿਸ ਤੇ ਲਿਖਿਆ ਹੋਇਆ ਸੀ ਕਿ,

"ਲੜਾਈ ਲਿੰਗਾ ਦੀ ਨਹੀਂ ਹੈ? ਜਮਾਤ ਦੀ ਲੜਾਈ ਹੈ"

1907 ਦਾ ਵਰ੍ਹਾ ਕਲਾਰਾ ਜੈਟਕਿਨ ਦੀ ਜ਼ਿੰਦਗੀ ਵਿਚ ਇਕ ਸਫਲ ਇਸਤਰੀ ਕ੍ਰਾਂਤੀਕਾਰੀ ਵਜੋਂ ਉਭਰਨ ਦਾ ਪੂਰਨ ਸੰਕੇਤ ਸੀ। 1907 ਵਿਚ ਇਸਤਰੀਆਂ ਦੀ ਪਹਿਲੀ ਕਾਨਫਰੰਸ 'ਸਟਟਗਾਰਡ'ਵਿਖੇ ਕੀਤੀ ਗਈ ਤੇ ਇਸ ਕਾਨਫਰੰਸ ਵਿਚ ਇਸਤਰੀ ਲਹਿਰ ਨੂੰ ਗਠਨ ਕਰਨ ਲਈ ਇਕ ਸਕੱਤਰੇਤ ਸਥਾਪਿਤ ਕੀਤਾ ਗਿਆ। ਕਲਾਰਾ ਜੈਟਕਿਨ ਨੂੰ ਇਸ ਦਾ ਆਗੂ ਚੁਣਿਆ ਗਿਆ। ਜੋ ਮਜ਼ਦੂਰਾਂ ਦੀ ਇਕ ਜੋਸ਼ੀਲੀ ਅਤੇ ਦ੍ਰਿੜ ਇਰਾਦੇ ਵਾਲੀ ਲੜਾਕੂ ਇਸਤਰੀ ਸੀ। ਦੁਨੀਆ ਵਿਚ "ਕੌਮਾਂਤਰੀ ਕਾਮਾ ਇਸਤਰੀ ਦਿਵਸ" ਕਾਇਮ ਕਰਨ ਵਾਲੀ ਕਲਾਰਾ ਜੈਟਕਿਨ ਨੇ 1910ਵਿਚ ਸਮਾਜਵਾਦੀ ਇਸਤਰੀਆਂ ਦੀ ਦੂਸਰੀ ਕਾਨਫਰੰਸ ਜੋ "ਕੋਪਨ ਹੈਗਨ", (ਡੈਨਮਾਰਕ) ਵਿਖੇ ਕੀਤੀ ਗਈ ਸੀ, ਵਿੱਚ ਇਕ ਮੱਤਾ ਪੇਸ਼ ਕੀਤਾ, "ਜਿਸ ਦਾ ਪਹਿਲਾ ਮੁੱਖ ਨਿਸ਼ਾਨਾ ਇਸਤਰੀਆਂ ਲਈ ਵੋਟ ਦੇ ਹੱਕ ਲਈ ਸੰਘਰਸ਼ ਕਰਨਾ ਹੋਵੇਗਾ"। ਇਸ ਕਾਨਫਰੰਸ ਵਿਚ 17 ਦੇਸ਼ ਵਿਚੋਂ 100ਤੋਂ ਵੱਧ ਇਸਤਰੀਆਂ ਨੇ ਭਾਗ ਲਿਆ। ਇਸ ਕਾਨਫਰੰਸ ਵਿਚ ਰੂਸ ਦੀ ਪ੍ਰਤੀਨਿਧਤਾ 'ਸੇਟ ਪੀਟਰਵਰਗ ਟੈਕਸਟਾਈਲ" ਮਜ਼ਦੂਰ ਯੂਨੀਅਨ ਦੀ ਆਗੂ, 'ਅਲੈਗਜ਼ੈਡਰਾਂ ਕੋਲਾਨਤਾਏ'ਨੇ ਕੀਤੀ ਅਤੇ ਇਸੇ ਹੀ ਕਾਨਫਰੰਸ ਵਿਚ 8-ਮਾਰਚ ਦਾ ਦਿਨ ਅੰਤਰ ਰਾਸ਼ਟਰੀ ਪੱਧਰ 'ਤੇ '8-ਮਾਰਚ ਕੌਮਾਂਤਰੀ ਇਸਤਰੀ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ। 1907 ਵਿਚ ਹੀ ਬਹੁਤ ਸਾਰੇ ਦੇਸ਼ਾਂ ਵਿਚ ਸੋਸ਼ਲਿਸਟਾਂ ਨੇ ਕਲਾਰਾ ਦਾ 50ਵਾਂ ਜਨਮ ਦਿਨ, ਮਨਾਇਆ ਗਿਆ ਅਤੇ ਉਸੇ ਸਾਲ ਦੇ ਅਗਸਤ ਵਿੱਚ, 'ਸਟਟਗਾਰਡ' ਵਿਚ ਦੂਸਰੀ ਇੰਟਰਨੈਸ਼ਨਲ ਕਾਨਫਰੰਸ ਦੇ ਮੌਕੇ ਉਸ ਨੇ ਲੈਨਿਨ ਨੂੰ ਪਹਿਲੀ ਵਾਰ ਦੇਖਿਆ।

ਜਦੋਂ ਪਹਿਲੀ ਵੱਡੀ ਜੰਗ ਸ਼ੁਰੂ ਹੋਈ ਤਾਂ ਕਲਾਰਾ ਨੇ "ਰੋਜ਼ਾ ਲਕਸਮਬਰਗ, ਕਾਰਲ ਲਿਬਕਾਨੇਖਤ ਤੇ ਫਰੈਨਜ਼ ਮਿਹਰਿੰਗ" ਨਾਲ ਮਿਲ ਕੇ ਜਰਮਨ ਨਾਜ਼ੀਆਂ ਦੀਆਂ ਨੀਤੀਆਂ ਜਿਹੜੀਆਂ ਲੋਕਾਂ ਦੇ ਵਿਰੋਧ ਵਿਚ ਸਨ, ਨਿਖੇਧੀ ਕੀਤੀ ਤੇ ਉੱਨਾਂ ਨੀਤੀਆਂ ਤੋਂ ਸੁਚੇਤ ਰਹਿਣ ਲਈ, ਕਲਾਰਾ ਨੇ ਫਰਾਂਸ, ਰੂਸ, ਇੰਗਲੈਂਡ, ਇਟਲੀ ਤੇ ਸਵਿਟਜ਼ਰਲੈਂਡ ਦੀਆਂ ਪ੍ਰਮੁੱਖ ਮੁਖੀ ਇਸਤਰੀਆਂ ਜਿਹੜੀਆਂ ਸੋਸ਼ਲਿਸਟ ਵਿਚਾਰਾਂ ਨਾਲ ਲੈਸ ਸਨ ਰਾਬਤਾ ਕਾਇਮ ਕੀਤਾ ਤੇ ਉਸ ਨੇ 'ਬਰਨ' ਵਿਚ ਇਸਤਰੀਆਂ ਦੀ ਕੌਮਾਂਤਰੀ ਕਾਨਫਰੰਸ ਕਰਾਉਣ ਵਿਚ ਸਫਲਤਾ ਪ੍ਰਾਪਤ ਕਰ ਲਈ। ਕਲਾਰਾ ਜਦੋਂ ਵਾਪਸ ਜਰਮਨ ਚਲੀ ਗਈ ਤੇ ਉਸ ਉੱਪਰ ਦੇਸ਼ ਗਦਾਰੀ ਦਾ ਦੋਸ਼ ਲਾ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਇਸ ਗ੍ਰਿਫਤਾਰੀ ਲਈ ਉਸ ਦੇ ਪੁਰਾਣੇ ਸਾਥੀਆਂ ਨੇ ਹੀ ਉਸ ਨੂੰ ਧੋਖਾ ਦਿੱਤਾ। ਕਲਾਰਾ ਨੂੰ ਗ੍ਰਿਫ਼ਤਾਰ ਕਰ ਕੇ ਤਸੀਹੇ ਦਿੱਤੇ ਤੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਜੇਲ੍ਹ ਵਿਚ ਬਹੁਤ ਬਿਮਾਰ ਹੋਣ ਨਾਲ ਉਹ ਕਮਜ਼ੋਰ ਹੋ ਗਈ। ਉਸ ਦੇ ਵਿਸ਼ਵਾਸਪਾਤਰ ਦੋਸਤਾਂ ਮਿੱਤਰਾਂ ਨੇ ਉਸ ਦੀ ਮਾਨਤ ਕਾਰਵਾਈ। ਜਦੋਂ ਜਰਮਨ ਵਿਚ "ਜਰਮਨ ਕੌਮਾਂਤਰੀ ਵਾਦੀਆਂ" ਦੇ ਗਰੁੱਪ ਦਾ ਗਠਨ ਕੀਤਾ ਗਿਆ ਤਾਂ ਕਲਾਰਾ ਨੇ ਵੀ ਉਨ੍ਹਾਂ ਦੀ ਮੈਂਬਰ ਬਣ ਕੇ ਸਰਗਰਮੀ ਨਾਲ ਆਪਣੀ ਭੂਮਿਕਾ ਨੂੰ ਨਿਭਾਇਆ। ਜਿਸ ਨੂੰ "ਸਪਾਰਟਾਕਸ ਲੀਗ" ਕਿਹਾ ਜਾਂਦਾ ਸੀ। ਬਾਅਦ ਵਿਚ ਇਹ "ਸਪਾਰਟਾਕਸ ਲੀਗ ਦੀ ਜਰਮਨ

ਕਮਿਊਨਿਸਟ ਪਾਰਟੀ" ਦੀ ਮੈਂਬਰ ਬਣ ਗਈ ਸੀ। ਇਸ ਦੀ ਮੈਂਬਰ ਬਣਨ ਕਰਕੇ ਹੀ ਉਸ ਨੂੰ ਸ਼ਾਵਨਵਾਦੀਆਂ ਵੱਲੋਂ, ਉਸ ਵਲੋਂ ਚਲਾਈ ਜਾ ਰਹੀ ਅਖਬਾਰ 'ਇਕੁਐਲਿਟੀ' ਵਿਚੋਂ ਕੱਢ ਦਿੱਤਾ ਪਰ ਉਸ ਨੇ ਬਹੁਤ ਹੀ ਸਵੈ-ਵਿਸ਼ਵਾਸ ਨਾਲ ਇਸ ਅਸਹਿ ਕਹਿਰ ਨੂੰ ਸਹਿਣ ਕੀਤਾ। ਉਸ ਨੇ ਰੂਸ ਦੇ ਇਨਕਲਾਬ 'ਤੇ ਵਧਾਈ ਦਿੰਦਿਆਂ ਕਿਹਾ, ਕਿ ਮੈਂ ਤਨੋ-ਮਨੋ ਰੂਸੀ ਲੋਕਾਂ ਨਾਲ ਆਪਣੀ ਏਕਤਾ ਦਾ ਪ੍ਰਗਟਾਵਾਂਕਰਦੀ ਹਾਂ।

ਇਸ ਜਾਂਬਾਜ਼ ਬਹਾਦਰ ਨਿਡਰ ਤੇ ਨਿਧੜਕ ਮਹਾਨ ਆਗੂ ਕਲਾਰਾ ਜੈਟਕਿਨ ਨੂੰ ਪੈਰ ਪੈਰ ਤੇ ਆਈਆਂ ਮੁਸੀਬਤਾਂ ਨੇ ਮਾਯੂਸ ਨਹੀਂ ਕੀਤਾ ਸਗੋਂ 'ਤੇ ਉਨ੍ਹਾਂ ਮੁਸੀਬਤਾਂ ਨੂੰ ਸਹਿਣ ਕਰਦਿਆਂ ਇਕ ਕਠੋਰ, ਦਲੇਰ, ਮਜ਼ਬੂਤ ਤੇ ਜਾਂਬਾਂਜ਼ ਹੋ ਕੇ ਨਿਕਲੀ ਨੂੰ ਜਦੋਂ ਕੁਝ ਸੋਸ਼ਲਿਸਟਾਂ ਨੇ ਉਸ ਨਾਲ ਗੱਦਾਰੀ ਕਰ ਦਿੱਤੀ, ਜਦੋਂ ਕਲਾਰਾ ਜੈਟਕਿਨ ਦਾ ਨਾਂ ਵੀ ਪਿਛਾਖੜੀਆਂ ਦਾ ਨਿਸ਼ਾਨਾ ਬਣਨ ਵਾਲੀ ਲਿਸਟ ਵਿਚ ਪਾ ਦਿੱਤਾ ਗਿਆ। ਇਹ ਉਹ ਸਮਾਂ ਸੀ ਜਦੋਂ ਜਰਮਨ ਵਿਚ ਇਨਕਲਾਬ ਦਾ ਲਾਵਾ ਫੁੱਟਿਆ ਹੀ ਸੀ, ਤਾਂ ਕਲਾਰਾ ਬਿਮਾਰ ਪੈ ਗਈ ਤੇ ਰੋਜ਼ਾ ਲਕਸਮਬਰਗ ਤੇ ਕਾਰਲ ਲਿਬਕਨੇਖਤ ਸ਼ਹੀਦ ਕਰ ਦਿੱਤੀਆਂ ਗਈਆਂ। ਜਦੋਂ ਉਸ ਨੂੰ ਬਿਮਾਰੀ ਦੀ ਹਾਲਤ ਵਿਚ ਹੀ ਆਪਣੀ ਜਾਂਬਾਂ ਸਾਥਣਾਂ ਦੇ ਵਿਛੋੜੇ ਦਾ ਪੱਤਾ ਲੱਗਿਆ ਤਾਂ 1919ਵਿਚ ਕਲਾਰਾ ਜੈਟਕਿਨ ਨੇ ਜਰਮਨ ਦੇ ਸ਼ੋਸ਼ਲ ਡੈਮੋਕਰੇਟਾਂ ਦੇ ਨਾ ਤੇ ਇਕ ਬਿਆਨ ਦਿੰਦਿਆਂ ਲਿਖਿਆ,

'ਕਿ, "ਮੈਂ ਸ਼ਰੇਆਮ ਐਲਾਨ ਕਰਦੀ ਹਾਂ ਕਿ ਸੱਜੇ ਪੱਖੀਆਂ ਨਾਲ ਹੋਰ ਮੈਂਬਰੀ ਸਾਂਝੀ ਰੱਖਣੀ ਮੇਰੇ ਲਈ ਸੰਭਵ ਨਹੀਂ ਰਹੀ! ਲਗਪਗ ਚਾਲੀ ਸਾਲਾਂ ਤੋਂ ਮੈਂ ਸੋਸ਼ਲਿਸਟ ਵਿਚਾਰਾਂ ਦੀ ਪੂਰਤੀ ਲਈ ਲੜਦੀ ਰਹੀ ਹਾਂ। ਭਾਵੇਂ! ਮੈਂ ਬੁੱਢੀ ਹਾਂ, ਮੈਂ ਸ਼ਾਇਦ ਬਹੁਤ ਸਮਾਂ ਨਹੀਂ ਜਿਊਣਾ, ਜਦੋਂ, ਕਿ ਅਜੇ ਵੀ ਮੇਰੇ ਵਿੱਚ ਤਾਕਤ ਹੈ, ਉਸ ਪਾਸਿਓਂ ਮੈਂ ਲੜਨਾ ਚਾਹੁੰਦੀ ਹਾਂ, ਜਿਥੇ ਸਾਹ-ਸੱਤ ਤੇ ਜ਼ਿੰਦਗੀ ਹੈ। ਉਸ ਪਾਸਿਓਂ ਨਹੀਂ? ਜਿਥੇ ਨਿਪੁੰਸਕਤਾ ਤੇ ਨਿਘਾਰ ਤੋਂ ਬਿਨ੍ਹਾ ਹੋਰ ਕੁਝ ਵੀ ਨਹੀਂ! ਜਿਨ੍ਹਾਂ ਚਿਰ ਮੈਂ ਜਿਉਂਦੀ ਹਾਂ, 'ਮੈਂ ਰਾਜਸੀ ਮੌਤ ਦੀ ਹਵਾ ਵਿਚ ਸਾਹ ਨਹੀਂ ਲੈਣਾ ਚਾਹੁੰਦੀ?"

ਆਪਣੇ ਨਿਰਸਵਾਰਥ ਨੂੰ ਮੁਖ ਰੱਖਦਿਆਂ, ਆਪਣੀਆਂ ਤਰਕ ਭਰੀਆਂ ਦਲੀਲਾਂ ਨੂੰ ਕਾਇਮ ਕਰਨ ਵਾਲੀ ਤੇ ਪ੍ਰੋਲੇਤਾਰੀ ਇਨਕਲਾਬ ਦੀ ਚੈਂਪੀਅਨ, ਦੇ ਨਾ ਨਾਲ ਜਾਣੀ ਜਾਣ ਵਾਲੀ ਇਸ ਮਹਾਨ ਹਸਤੀ, ਕਲਾਰਾ ਜੈਟਕਿਨ ਜਰਮਨੀ ਦੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਈ ਤੇ ਆਪਣੀ ਲਿਆਕਤ ਤੇ ਰਾਜਸੀ ਸੂਝ-ਬੂਝ ਰਾਹੀਂ ਉਸ ਨੇ ਕੇਂਦਰੀ ਕਮੇਟੀ ਦਾ ਮੈਂਬਰ ਬਣਨ ਦਾ ਮਾਣ ਪ੍ਰਾਪਤ ਕੀਤਾ। ਕੇਂਦਰੀ ਕਮੇਟੀ ਦੀ ਮੈਂਬਰ ਵਜੋਂ ਉਸ ਨੇ ਹਰ ਮੁਸ਼ਕਿਲ ਕੰਮ ਨੂੰ ਦ੍ਰਿੜਤਾ ਨਾਲ ਕਰਦਿਆਂ ਨੇਪਰੇ ਚਾੜ੍ਹਿਆ ਤੇ ਪਾਰਟੀ ਦੀ ਤੀਸਰੀ ਕਮਿਊਨਿਸਟ ਇੰਟਰਨੈਸ਼ਨਲ ਵਿਚ ਆਪਣੀ ਬਣਦੀ ਭੂਮਿਕਾ ਨੂੰ ਚੰਗੀ ਤਰ੍ਹਾਂ ਨਿਭਾਇਆ। ਉਹ ਪਾਰਟੀ ਵਿਚ ਵੀ ਆਪਣੀ ਗੱਲ ਨੂੰ ਕਹਿਣ ਤੋਂ ਕਦੀ ਵੀ ਕੰਨੀ ਨਹੀਂ ਕਤਰਾਈ ਸੀ! ਆਪਣੇ ਵਿਚਾਰਾਂ ਤੇ ਕੰਮਾਂ 'ਤੇ ਦ੍ਰਿੜਤਾ 'ਤੇ ਪਹਿਰਾ ਦਿੰਦਿਆਂ ਪਾਰਟੀ ਵਿਚ ਚਲ ਰਹੀਆਂ ਬਹਿਸਾਂ ਵਿਚ ਉਸ ਨੇ ਉਸਾਰੂ ਭੂਮਿਕਾ ਨਿਭਾਈ। ਆਪਣੇ ਨੁਕਤੇ, ਆਪਣੇ ਗੱਲ ਨੂੰ ਬੇਬਾਕੀ, ਨਾਲ ਚੁੱਕਿਆ। ਪਰ ! ਇਕ ਕੇਂਦਰੀ ਕਮੇਟੀ ਦੀ ਮੀਟਿੰਗ ਵਿਚ ਇਕ ਸਵਾਲ ਤੇ ਬਹਿਸਾਂ ਦੌਰਾਨ ਪੈਦਾ ਹੋਈਆਂ ਪ੍ਰਸਥਿਤੀਆਂ ਉਤੇ ਨਰਾਜ਼ ਹੁੰਦਿਆਂ ਕਲਾਰਾ ਨੇ ਕੇਂਦਰੀ ਕਮੇਟੀ ਤੋਂ ਇਹ ਕਹਿ ਕੇ ਅਸਤੀਫਾ ਦੇ ਦਿੱਤਾ, 'ਕਿ, "ਉਹ ਉਸ ਜ਼ਿੰਮੇਵਾਰੀ ਵਿੱਚ ਭਾਈਵਾਲ ਬਣਨ ਲਈ ਤਿਆਰ ਨਹੀਂ, 'ਜਿਸ ਨੂੰ ਉਸ ਦੀ ਪਾਰਟੀ ਦੀ ਸਭ ਤੋਂ ਉੱਚੀ ਸੰਸਥਾ ਦੀਆਂ ਨੁਕਸਾਨ ਦੇਹ ਨੀਤੀਆਂ ਕਹਿੰਦੀ ਸੀ"

ਕਲਾਰਾ ਦੇ ਇਸ ਪਾਰਟੀ ਦੇ ਅਨੁਸ਼ਾਸਨ ਵਿਰੁੱਧ ਚੁੱਕੇ ਗਏ ਕਦਮਾਂ ਦੀ ਉਸ ਦੇ ਦੋਸਤਾਂ ਮਿੱਤਰਾਂ ਤੇ ਖਾਸ ਕਰਕੇ ਰੂਸੀ ਦੋਸਤਾਂ ਨੇ ਕਾਫੀ ਤਿੱਖੀ ਵਿਰੋਧਤਾ ਕੀਤੀ। ਇਸ ਤੋਂ ਇਲਾਵਾ ਕਾਮ: ਵੀ. ਆਈ. ਲੈਨਿਨ ਨੇ ਵੀ ਕਲਾਰਾ ਵਲੋਂ ਪੁੱਟੇ ਇਸ ਕਦਮ ਦੀ ਸਖਤ ਵਿਰੋਧਤਾ ਕਰਦਿਆਂ ਕਿਹਾ, ਕਿ ਮੈਨੂੰ ਦਸ ਤੂੰ ਇਨੀ ਬੇਵਕੂਫੀ ਕੀਤੀ ਕਿਵੇਂ? ਹਾਂ! ਮੇਰਾ ਮਤਲਬ ਹੈ ਵੱਡੀ ਬੇਵਕੂਫੀ ਕੇਂਦਰੀ ਕਮੇਟੀ ਤੋਂ ਅਸਤੀਫ਼ਾ? ਕਿ ਤੈਨੂੰ ਹੋਸ਼ ਨਹੀਂ ਸੀ? ਮੈਂ ਇਸ ਤੋਂ ਬਹੁਤ ਪ੍ਰੇਸ਼ਾਨ ਹਾਂ? ਹੱਦੋਂ ਵੱਧ ਪ੍ਰੇਸ਼ਾਨ ਤੂੰ ਅਜਿਹੇ ਕਦਮ ਦੇ ਨਤੀਜੇ ਸੋਚੇ ਬਗੈਰ ਹੀ ਏਨੀ ਕਾਹਲੀ ਵਿੱਚ ਇਹ ਕਾਰਵਾਈ ਕਰ ਕਿਵੇਂ ਲਈ?"

ਕਾਮ: ਲੈਨਿਨ ਨੇ ਬੜੀ ਸਖਤੀ ਭਰੇ ਸ਼ਬਦਾਂ ਵਿੱਚ ਦਲੀਲਾਂ ਰਹੀ ਉਸ ਦੇ ਇਸ ਫੈਸਲੇ ਤੇ ਟਕੋਰ ਕਰਦਿਆਂ ਕਿਹਾ, ਨਹੀਂ 'ਨਹੀਂ! ਤੈਨੂੰ, ਆਪਣੇ ਵਿੱਚ ਟਿਕੇ ਭਰੋਸੇ ਤੋਂ ਇਨਕਾਰ ਕਰਨ ਦਾ ਕੋਈ ਹੱਕ ਨਹੀਂ ਹੈ? ਜਲਦੀ ਹੋ ਸਕੇ ਆਪਣੇ ਫੈਸਲੇ ਤੇ ਮੁੜ ਤੋਂ ਸੋਚ? ਕਲਾਰਾ ਨੇ ਕਾ: ਲੈਨਿਨ ਵਲੋਂ ਦਿੱਤੀਆਂ ਗਈਆਂ ਦਲੀਲਾਂ 'ਤੇ ਬੜੇ ਠਰੰਮੇ ਨਾਲ ਸੋਚਿਆ ਤੇ ਜਦੋਂ ਉਹ ਤੀਸਰੀ ਕੋਮਿੰਟਰਨ ਵਿੱਚ 'ਮਿਲ ਹੋਈ ਤਾਂ ਡੈਲੀਗੇਟਾਂ ਨੇ ਕਲਾਰਾ ਦੇ ਵਲੋਂ ਗਲਤ ਤਰੀਕੇ ਨਾਲ ਦਿੱਤੇ ਗਏ ਅਸਤੀਫੇ ਦੀ ਸਖਤ ਸ਼ਬਦਾਂ ਵਿਚ ਨੁਕਤਾਚੀਨੀ ਕੀਤੀ। ਇਸ ਕੀਤੀ ਗਈ ਨੁਕਤਾਚੀਨੀ ਨੂੰ ਕਲਾਰਾ ਨੇ ਬਹੁਤ ਹੀ ਸਹਿਜਸ਼ੀਲਤਾ ਤੇ ਠਰੰਮੇ ਨਾਲ ਸੁਣਿਆ। ਕਲਾਰਾ ਇਹ ਸਮਝਦੀ ਸੀ, 'ਕਿ ਡੈਲੀਗੇਟਾਂ ਵਲੋਂ ਕੀਤੀ ਜਾ ਰਹੀ ਨੁਕਤਾਚੀਨੀ ਇਕ ਉਸਾਰੂ ਸੋਚ ਰਾਹੀਂ, ਉਸ ਵਲੋਂ ਲਏ ਗਏ ਫੈਸਲੇ ਨੂੰ ਦਰੁਸਤੀ ਵਲੋਂ ਸੇਧਤ ਕਰਦੀ ਸੀ। ਕੇਂਦਰੀ ਕਮੇਟੀ ਤੇ ਡੈਲੀਗੇਟ ਇਹੋ ਜਿਹੀ ਦ੍ਰਿੜ ਸੰਗਰਾਂਮਣ ਨੂੰ ਆਪਣੇ ਤੋਂ ਗੁਆਉਣਾ ਨਹੀਂ ਚਾਹੁੰਦੇ ਸਨ! ਜਿਸ ਨੇ ਇੰਨੀ ਸਖਤ ਮਿਹਨਤ ਕਰਕੇ ਤੇ ਜ਼ਿੰਦਗੀ ਵਿਚ ਆਈਆਂ ਮੁਸ਼ਕਲਾਵਾਂ ਨੂੰ ਵੀ ਝੇਲਦੀ ਹੋਈ ਨੇ ਕਿਰਤੀ, ਕਿਸਾਨਾਂ, ਮਜ਼ਦੂਰਾਂ, ਇਸਤਰੀਆਂ ਤੇ ਦੱਬੇ-ਕੁਚਲੇ ਲੋਕਾਂ ਦੀ ਬਿਹਤਰੀ ਲਈ ਕੀਤੇ ਗਏ ਸੰਘਰਸ਼ਾਂ ਵਿੱਚ ਮੋਹਰੀ ਰੋਲ ਅਦਾ ਕਰਕੇ ਉਨ੍ਹਾਂ ਵਿੱਚ ਇਕ ਆਸ ਦੀ ਕਿਰਨ ਜਗਾਈ। ਜਿਸ ਨੂੰ ਪਾਰਟੀ ਜਗਦਾ ਰੱਖਣ ਲਈ ਇਹੋ ਜਿਹੀ ਸੰਗਰਾਂਮਣ ਨੂੰ ਮੁੜ ਆਪਣੀਆਂ ਸਫ਼ਾਂ ਵਿੱਚ ਲਿਆਉਣਾ ਚਾਹੁੰਦੀ ਸੀ। ਉਸ ਨੇ ਕਾਂਗਰਸ ਦੇ ਫੈਸਲਿਆਂ ਨੂੰ ਮੰਨ ਲਿਆ। ਕਾਂਗਰਸ ਦੇ ਸਮਾਗਮ ਵਿੱਚ ਜਦੋਂ ਆਮ ਵਾਂਗ ਕਲਾਰਾ ਆਈ, ਤਾਂ! ਆਪਣੀ ਕੁਰਸੀ ਫੁੱਲਾਂ ਨਾਲ ਸਜੀ ਹੋਈ ਦੇਖ ਕੇ ਹੈਰਾਨ ਪ੍ਰੇਸ਼ਾਨ ਹੋ ਗਈ। ਸਾਰੇ ਡੈਲੀਗੇਟ ਉਸ ਮਹਾਨ ਸੰਗਰਾਂਮਣ ਤੇ ਮਹਾਨ ਵੀਰਾਂਗਣ ਜਿਸਨੇ ਅਕਤੂਬਰ ਇਨਕਲਾਬ ਦੀਆਂ ਪ੍ਰਾਪਤੀਆਂ ਲਈ ਆਪਣੀ ਜ਼ਿੰਦਗੀ ਲਾ ਦਿੱਤੀ ਸੀ, ਜਦੋਂ ਉਹ ਹਾਲ ਵਿੱਚ ਆਈ ਤਾਂ ਸਾਰੇ ਡੈਲੀਗੇਟ ਉਸ ਦੇ ਸਵਾਗਤ ਲਈ ਉੱਠ ਕੇ ਖੜੇ ਹੋ ਗਏ ਤੇ ਜਦੋਂ ਉਹ ਬੋਲਣ ਲਈ ਉੱਠੀ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ, 'ਕਲਾਰਾ ਨੇ ਕਿਹਾ ਕਿ:-

"ਜਦੋਂ ਤੁਸੀਂ ਪ੍ਰਸ਼ੰਸਾ ਤੇ ਪ੍ਰਵਾਨਗੀ ਦੇ ਸ਼ਬਦਾਂ ਨਾਲ ਮੈਨੂੰ ਸੰਬੋਧਨ ਕੀਤਾ ਹੈ, ਤੁਸੀਂ ਮੇਰੀ ਸ਼ਕਤੀ ਖੋਹ ਲਈ ਹੈ। ਜਦੋਂ ਤੁਸੀਂ ਮੇਰੇ ਤੇ ਹਮਲੇ ਕਰਦੇ ਹੋ, ਮੈਂ ਵਧੇਰੇ ਚੰਗਾ ਮਹਿਸੂਸ ਕਰਦੀ ਹਾਂ। ਕਿਉਂਕਿ ਮੈਂ ਮਹਿਸੂਸ ਕਰਦੀ ਹਾਂ, 'ਕਿ ਘਟੋ-ਘੱਟ ਮੈਂ ਅਜੇ ਵੀ ਕੁੱਝ ਚੰਗਾ ਕਰ ਰਹੀ ਹਾਂ, ਕਿ ਮੈਂ ਸਪੱਸ਼ਟਤਾ ਪ੍ਰਾਪਤ ਕਰਨ ਵਿੱਚ ਮਦਦ ਕਰ ਰਹੀ ਹਾਂ, ਇਸ ਤਰ੍ਹਾਂ ਇਨਕਲਾਬ ਨੂੰ ਹੋਰ ਅੱਗੇ ਵਧਾਉਣ ਵਿੱਚ ਹਿੱਸਾ ਪਾ ਰਹੀ ਹਾਂ। ਪਰ! ਜਦੋਂ ਤੁਸੀਂ ਮੇਰੀ ਪ੍ਰਸ਼ੰਸਾ ਕਰਦੇ ਹੋ, ਮੈਂ ਦੱਬੀ ਹੋਈ ਮਹਿਸੂਸ ਕਰਦੀ ਹਾਂ। ਮੈਂ ਜੋ ਕੁਝ ਪ੍ਰਾਪਤ ਕਰਨਾ ਚਾਹੁੰਦੀ ਹਾਂ ਉਸ ਵਾਰੇ ਸੋਚਦੀ ਹਾਂ ਪਰ ਪ੍ਰਾਪਤ ਨਹੀਂ ਕਰ ਸਕਦੀ। ਮੈਂ ਉਹ ਸਭ ਕੁਝ ਸੋਚਦੀ ਹਾਂ, ਜੋ ਜ਼ਿੰਦਗੀ ਤੇ ਇਨਕਲਾਬ ਦੇ ਵਿਚਾਰਾਂ ਨੇ ਮੈਨੂੰ ਦਿੱਤਾ ਹੈ ਅਤੇ ਮਹਿਸੂਸ ਕਰਦੀ ਹਾਂ, ਕਿ ਬਦਕਿਸਮਤੀ ਨਾਲ ਮੈਂ, ਇਨਕਲਾਬ ਅੱਗੇ ਕਰਜ਼ਾਈ ਰਹਾਂਗੀ, ਕਿਉਂਕਿ? ਮੇਰੀ ਸ਼ਕਤੀ ਸੀਮਤ ਹੈ।

ਕਲਾਰਾ ਦੇ ਇਹ ਵਿਚਾਰ ਸੁਣ ਕੇ ਹਾਲ ਤਾੜੀਆਂ ਨਾਲ ਗੂੰਜ ਉਠਿਆ। ਕਾਂਗਰਸ ਦੀ ਕਾਰਵਾਈ ਖਤਮ ਹੋਣ ਤੋਂ ਬਾਅਦ ਲੈਨਿਨ ਨੇ ਕਲਾਰਾ ਨੂੰ ਸਲਾਹ ਦਿੱਤੀ, ਕਿ "ਤੈਨੂੰ ਆਪਣੇ ਨਿੱਜੀ ਵਿਚਾਰਾ ਬਾਰੇ ਬੇ-ਲਿਹਾਜ ਹੋਣਾ ਚਾਹੀਦਾ ਹੈ, ਬਿਨ੍ਹਾਂ ਕਿਸੇ ਦੇਰੀ ਤੋਂ ਕੇਂਦਰ ਕਮੇਟੀ ਵਿੱਚ ਪਰਤ ਜਾ। ਮੁਸ਼ਕਿਲ ਦੇ ਦਿਨਾਂ ਵਿੱਚ ਪਾਰਟੀ ਤੇ ਪ੍ਰੋਲੇਤਾਰੀ ਦੀ ਸੇਵਾ ਕਰਨ ਦੇ ਹੱਕ ਤੋਂ ਬਿਨ੍ਹਾਂ ਤੈਨੂੰ ਕੋਈ ਹੋਰ ਹੱਕ ਨਹੀਂ?"

ਇਸਤਰੀਆਂ ਨੂੰ ਆਰਥਿਕ, ਰਾਜਨੀਤਕ ਤੇ ਇਸਤਰੀਆਂ ਦੀ ਬੰਦ ਖਲਾਸੀ ਆਦਿ ਮੁੱਦਿਆਂ ਨੂੰ ਲੈ ਕੇ ਕਲਾਰਾ ਨੇ ਇਕ ਥੀਸਸ ਵੀ ਲਿਖਿਆ। ਲੈਨਿਨ ਨੇ ਸੁਝਾਹ ਦਿੱਤਾ ਸੀ, ਕਿ ਇਸ ਥੀਸਸ ਨੂੰ ਜਲਦੀ ਖ਼ਤਮ ਕੀਤਾ ਜਾਵੇ ਤਾਂ ਜੋ ਇਸ ਨੂੰ ਤੀਜੀ ਕੌਮਾਂਤਰੀ ਕਾਂਗਰਸ ਵਿੱਚ ਪੇਸ਼ ਕਰਕੇ ਚਰਚਾ ਕਰਾਈ ਜਾਵੇ। ਕਲਾਰਾ ਨੇ ਦੱਸਿਆ ਕਿ ਇਸ ਥੀਸਸ ਵਿੱਚ ਸਦਾ ਮੁੱਖ ਨਿਸ਼ਾਨਾ "ਇਸਤਰੀਆਂ ਲਈ ਬਰਾਬਰ ਕੰਮ ਲਈ ਬਰਾਬਰ ਉਜਰਤ, ਅੱਠ ਘੰਟੇ ਦੀ ਕੰਮ ਦੀ ਦਿਹਾੜੀ ਬਣਾਉਣ ਲਈ ਕਾਨੂੰਨ, ਮਰਦ ਤੇ ਇਸਤਰੀ ਦਾ ਬਰਾਬਰ ਦਾ ਰੁਤਬਾ, ਮਾਂ ਤੇ ਬੱਚੇ ਦੇ ਸਿਹਤ ਬਾਰੇ ਕਾਨੂੰਨ, ਇਸਤਰੀ ਦਾ ਸਮਾਜ ਵਿੱਚ ਦਰਜਾ, ਰਾਜਨੀਤਿਕ ਵਿਚਾਰ ਵਟਾਂਦਰਿਆਂ ਵਿਚ ਉਸ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਤੇ ਕੰਮ ਦੇ ਸਥਾਨ ਤੇ ਉਸ ਦੀ ਹਿਫ਼ਾਂਤ ਆਦਿ ਜਿਹੇ ਕਾਨੂੰਨ ਬਣਾਉਣ ਦੇ ਵੇਰਵੇ ਲਿਖੇ ਗਏ, ਜੋ ਉਸ ਕਾਂਗਰਸ ਵਿਚ ਪੇਸ਼ ਕਰਨੇ ਸਨ ਗੱਲ ਕੀ? ਕਲਾਰਾ ਦਾ ਸੁਪਨਾ ਸੀ ਕਿ? "ਇਸਤਰੀਆਂ ਨੂੰ ਦੁਨੀਆ ਦੇ ਹਰ ਦੇਸ਼ ਵਿਚ, ਬਰਾਬਰਤਾ ਦੇਣ ਤੇ ਉਸ ਨੂੰ ਮੁਕਤੀ ਦੇ ਬੰਧਨਾਂ ਤੋਂ ਦੂਰ ਕਰ ਕੇ ਇਹੋ ਜਿਹੇ ਸਮਾਜ ਦੀ ਸਿਰਜਣਾ ਕੀਤੀ ਜਾਵੇ ਜਿਥੇ ਇਸਤਰੀ ਨੂੰ ਇਕ ਦੂਜੇ ਦਰਜੇ ਦੀ ਨਾਗਰਿਕ ਨਾ ਸਮਝਿਆ ਜਾਵੇ! ਉਸ ਨਾਲ ਲਿੰਗਕ ਵਿਤਕਰਾ ਨਾ ਕੀਤਾ ਜਾਵੇ, ਉਸ ਨੇ ਇਨ੍ਹਾਂ ਕੁਰੀਤੀਆਂ ਵਿਰੁੱਧ ਅਵਾਜ਼ ਬੁਲੰਦ ਕਰਕੇ ਸੰਘਰਸ਼ ਕੀਤੇ ਤੇ ਸਫਲਤਾ ਵੀ ਪ੍ਰਾਪਤ ਕੀਤੀ।" ਪਰ ਸਾਡੇ ਲਈ ਇਹ ਇਕ ਸੰਘਰਸ਼ ਕਰਨ ਦੀ ਇਕ ਜਾਗਦੀ ਮਿਸਾਲ ਸਾਨੂੰ ਕਰੋੜਾਂ ਇਸਤਰੀਆਂ ਨੂੰ ਦੇ ਕੇ ਸਾਥੋਂ ਸਦਾ ਲਈ ਉਹ ਵਿਦਾ ਹੋ ਗਈ ਹੈ। ਪਰ! ਸਾਡੇ ਲਈ ਇਕ ਮਾਰਗ ਦਰਸ਼ਨ ਸਾਨੂੰ ਦੇ ਗਈ ਹੈ, ਉਸ ਦੀ ਜਗਦੀ ਮਿਸਾਲ ਨੂੰ ਹੋਰ ਉਚਾ ਚੁੱਕਣ ਅਸੀਂ ਉਨ੍ਹਾਂ ਦੱਬੀਆਂ ਕੁਚਲੀਆਂ ਇਸਤਰੀਆਂ ਨੂੰ, ਨਾਲ ਲੈ ਕੇ ਅਗਲੇ ਸੰਘਰਸ਼ ਵਿਢਣੇ ਹਨ ।

ਸਾਡਾ ਸਫਰ ਬਹੁਤ ਹੀ ਲੰਬਾ ਤੇ ਕਠਿਨ ਹੈ। ਪਰ! ਇਹ ਤਦ ਤੱਕ ਜਾਰੀ ਰੱਖਣਾ ਹੈ, ਜਦ ਤਕ ਅਸੀਂ ਆਪਣੀ 'ਬਰਾਬਰੀ, ਮੁਕਤੀ' ਆਦਿ ਪ੍ਰਾਪਤ ਨਹੀਂ ਕਰ ਲੈਂਦੀਆਂ?

ਕਲਾਰਾ ਜੈਟਕਿਨ ਨੇ ਆਪਣੀ ਵੱਧਦੀ ਉਮਰ ਦੀ ਵੀ ਪ੍ਰਵਾਹ ਨੀ ਕਰਦਿਆਂ ਆਪਣੀ ਹਿੰਮਤ ਤੋਂ ਵੱਧ ਕੰਮ ਕੀਤਾ। ਕਲਾਰਾ ਨੂੰ ਬਿਰਧ ਅਵਸਥਾ ਵਿਚ ਜਦੋਂ ਜਰਮਨ ਰੀਖਸਟੈਗ ਲਈ ਚੁਣਿਆ, ਤਾਂ ਉਸ ਨੇ ਆਪਣੀ ਸਾਰੀ ਤਾਕਤ ਨੂੰ ਇਕੱਠਿਆਂ ਕਰਕੇ ਸਭ ਤੋਂ ਬਜ਼ੁਰਗ ਡਿਪਟੀ ਵਜੋਂ ਉਦਘਾਟਨੀ ਭਾਸ਼ਣ ਕਰਨਾ ਸੀ ਤਾਂ ਜੋਸ਼ ਨਾਲ ਭਰ ਗਈ। ਉਸ ਨੇ ਆਪਣੇ ਜੋਸ਼ੀਲੇ ਭਾਸ਼ਣ ਵਿੱਚ ਆਪਣੇ ਦੇਸ਼ ਵਾਸੀਆਂ ਨੂੰ ਸ਼ੋਸ਼ਲਿਸਟ ਇਨਕਲਾਬ ਦੀ ਲੜਾਈ ਵਿਚ ਸ਼ਾਮਲ ਹੋਣ ਲਈ ਉਤਸ਼ਾਹ ਦਿੰਦਿਆਂ 'ਸੋਵੀਅਤ ਲੋਕਾਂ ਦੀ ਬਹਾਦਰੀ ਦੀ ਮਿਸਾਲ ਦਿੰਦਿਆਂ, ਉਨ੍ਹਾਂ ਤੋਂ ਸੇਧ ਲੈਣ ਦੀ ਪ੍ਰੇਰਨਾ ਦਿੱਤੀ ।

ਕਲਾਰਾ ਨੂੰ ਆਪਣੀ ਮੌਤ ਦੀ ਇਨੀ ਚਿੰਤਾਂ ਨਹੀਂ ਸੀ, 'ਜਿੰਨੀ ਚਿੰਤਾਂ ਉਸ ਨੂੰ ਕਾਮ: ਲੈਨਿਨ ਦੇ ਅਸਹਿ ਵਿਛੋੜੇ ਨੇ ਦਿੱਤੀ! ਜਰਮਨ ਤੋਂ ਵਾਪਸ ਆ ਕੇ ਉਹ ਬੀਮਾਰ ਪੈ ਗਈ। ਪਰ ਉਸ ਦੀ ਯਾਦ ਸ਼ਕਤੀ ਅਖੀਰ ਤੱਕ ਕਾਇਮ ਰਹੀ ਤੇ ਆਪਣੀ ਮੌਤ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਉਹ ਸ਼ੈਕਸਪੀਅਰ, ਗੇਟੇ, ਸਿਲਰ ਤੇ ਹੋਰ ਅਨੇਕਾਂ ਬੁੱਧੀਜੀਵੀਆਂ ਦੀਆਂ ਕਿਤਾਬਾਂ ਪੜ੍ਹਦੀ ਰਹੀ। ਅੰਤ 19 ਜੂਨ-1933 ਨੂੰ ਉਹ ਮਹਾਨ ਵੀਰਾਂਗਣ ਜਿਸ ਨੇ ਦੁਨੀਆਂ ਦੀਆਂ ਇਸਤਰੀਆਂ ਨੂੰ ਆਪਣੇ ਹੱਕਾਂ ਹਿੱਤਾਂ ਦੀ ਰਾਖੀ ਲਈ ਜਾਗ੍ਰਿਤ ਕਰਕੇ ਸੰਘਰਸ਼ ਕਰਨ ਵੱਲ ਤੋਰਿਆ, 'ਨੂੰ ਮੌਤ ਨੇ ਸਾਡੇ ਪਾਸੋ ਖੋਹ ਲਿਆ। ਪਰ! ਸਾਡੇ ਵਿਚ ਵੀ ਉਹ ਵਿੱਵਾਸ, ਦ੍ਰਿੜਤਾ, ਸਾਹਸ ਤੇ ਦਲੇਰਨਾ ਹਿੰਮਤ ਨਾਲ ਕੰਮ ਕਰਨ ਦੀ ਇਕ 'ਕਤੀ ਦੇ ਗਈ। ਉਸ ਨੇ ਸਾਨੂੰ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ"। ਆਓ! ਅਸੀਂ ਵੀ ਪ੍ਰਣ ਕਰੀਏ, "ਕਿ ਕਲਾਰਾ ਜੈਟਕਿਨ ਵਲੋਂ ਇਸਤਰੀਆਂ ਲਈ ਚਲਾਈਆਂ ਜਮਹੂਰੀ ਲਹਿਰਾਂ ਨੂੰ ਲੈ ਕੇ ਅਗੇ ਵਧੀਏ! ਜਿਸ ਦਾ ਸਦਕਾ ਹੀ ਅੱਜ! ਦੀਆਂ ਇਸਤਰੀਆਂ ਅੱਗੇ ਵਧੀਆਂ ਹਨ। ਹੱਕ-ਸੱਚ ਦੀ ਲੜਾਈ ਦੀ ਉਹ ਅਲੰਬਰਦਾਰ ਸੀ। ਆਪਣੇ ਹੱਕਾਂ-ਹਿੱਤਾਂ ਦੀ ਰਾਖੀ ਲਈ, ਸਮਾਜ ਵਿਚ ਆਪਣਾ ਦਰਜਾ ਬਰਾਬਰ ਦਾ ਲੈਣ ਲਈ, ਹੱਕ ਲੈਣ ਲਈ, ਰਾਜਨੀਤੀ ਵਿੱਚ ਹਿੱਸਾ ਲੈਣ ਲਈ ਰਸਤਾ ਦੱਸ ਗਈ ਹੈ। ਉਸ ਦੇ ਪੂਰਨਿਆਂ ਤੇ ਚਲੀਏ ਤੇ ਦੁਨੀਆਂ ਦੀ ਅੱਧੀ ਅਬਾਦੀ ਇਸਤਰੀਆਂ ਨੂੰ ਆਪਣੇ ਹੱਕਾਂ ਲਈ ਸੰਘਰਸ਼ਸ਼ੀਲ ਹੋਣ ਲਈ ਪ੍ਰੇਰੀਏ ਤੇ ਲੁੱਟ-ਖਸੁੱਟ ਵਾਲੇ ਪ੍ਰਬੰਧ ਨੂੰ ਖਤਮ ਕਰੀਏ।

**ਸਾਬਕਾ ਜਨਰਲ ਸਕੱਤਰ**
**ਜਨਵਾਦੀ ਇਸਤਰੀ ਸਭਾ, ਪੰਜਾਬ**

# ਸਾਮਰਾਜ ਤੋਂ ਮੁਕਤੀ ਲਈ ਸੰਗਰਾਮ ਦਾ ਅਹਿਦ ਬਣੇਗੀ ਜਲ੍ਹਿਆਂਵਾਲਾ ਬਾਗ ਸ਼ਤਾਬਦੀ

## 13 ਅਪ੍ਰੈਲ ਨੂੰ ਅੰਮ੍ਰਿਤਸਰ ਪੁੱਜਣ ਦਾ ਸੱਦਾ



ਸੂਬੇ ਦੀ ਜਨਤਕ ਜਮਹੂਰੀ ਲਹਿਰ ਦੀਆਂ ਉੱਘੀਆਂ ਸਖਸ਼ੀਅਤਾਂ ਵੱਲੋਂ ਗਠਿਤ ਕੀਤੀ ਗਈ ਜਲ੍ਹਿਆਂਵਾਲਾ ਬਾਗ ਸ਼ਤਾਬਦੀ ਸਮਾਗਮ ਕਮੇਟੀ ਪੰਜਾਬ ਵੱਲੋਂ 13 ਅਪ੍ਰੈਲ ਨੂੰ ਜਲ੍ਹਿਆਂਵਾਲਾ ਬਾਗ 'ਚ ਪੁੱਜਣ ਦਾ ਸੱਦਾ ਦਿੱਤਾ ਗਿਆ ਹੈ। ਕਮੇਟੀ ਵੱਲੋਂ ਅੱਜ ਤੋਂ ਸ਼ੁਰੂ ਹੋ ਰਹੀ ਵਿਸ਼ਾਲ ਜਨਤਕ ਮੁਹਿੰਮ ਅਤੇ ਸਿਖਰ 'ਤੇ ਹੋਣ ਵਾਲਾ ਸਮਾਗਮ ਸਾਮਰਾਜ ਤੋਂ ਮੁਕਤੀ ਲਈ ਸੰਗਰਾਮ ਨੂੰ ਤੇਜ਼ ਕਰਨ ਦਾ ਅਹਿਦ ਬਣੇਗਾ। ਸ਼ਤਾਬਦੀ ਮਨਾਉਣ ਲਈ ਜਥੇਬੰਦ ਹੋਈ ਇਸ ਕਮੇਟੀ 'ਚ ਪੰਜਾਬ ਦੀ ਹੱਕਾਂ ਦੀ ਲਹਿਰ ਦੇ ਸਰਗਰਮ ਘੁਲਾਟੀਆਂ ਦੇ ਨਾਲ ਜਮਹੂਰੀ ਖੇਤਰ ਤੇ ਸਾਹਿਤਕ-ਸਭਿਆਚਾਰਕ ਖੇਤਰ ਦੀਆਂ ਸਖ਼ਸ਼ੀਅਤਾਂ ਵੀ ਸ਼ਾਮਲ ਹਨ। ਕਮੇਟੀ ਤਰਫੋਂ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਅਮੋਲਕ ਸਿੰਘ, ਕੰਵਲਜੀਤ ਖੰਨਾ, ਝੰਡਾ ਸਿੰਘ ਜੇਠੂਕੇ ਤੇ ਮਨਜੀਤ ਸਿੰਘ ਧਨੇਰ ਨੇ ਦੱਸਿਆ ਕਿ ਅੰਗਰੇਜ਼ ਬਸਤੀਵਾਦ ਖਿਲਾਫ ਸਾਡੇ ਕੌਮੀ ਸੰਗਰਾਮ 'ਚ ਜਲ੍ਹਿਆਂਵਾਲੇ ਬਾਗ ਦਾ ਅਹਿਮ ਸਥਾਨ ਹੈ ਤੇ ਇਹ ਕਾਂਡ ਸਾਡੇ ਮੁਲਕ ਦੇ ਲੋਕਾਂ ਵੱਲੋਂ ਧਰਮਾਂ, ਜਾਤਾਂ ,ਪਾਤਾਂ ਤੋਂ ਉੱਪਰ ਉਠੱਕੇ ਕੀਤੀ ਗਈ ਸ਼ਾਨਾਮੱਤੀ ਜਦੋਜਹਿਦ ਅਤੇ ਕੀਤੀਆਂ ਕੁਰਬਾਨੀਆਂ ਦਾ ਅਜਿਹਾ ਪ੍ਰਤੀਕ ਮੀਨਾਰ ਹੈ ਜੋ ਅੱਜ ਵੀ ਕਿਰਤੀ ਲੋਕਾਈ ਲਈ ਸਾਮਰਾਜ ਖਿਲਾਫ ਜੂਝਣ ਦੀ ਪ੍ਰੇਰਨਾ ਬਣਦਾ ਹੈ। ਸੰਨ 47 ਦੀ ਸੱਤਾ ਬਦਲੀ ਮਗਰੋਂ ਸਾਮਰਾਜੀ ਗੁਲਾਮੀ ਮੁੱਕੀ ਨਹੀਂ ਹੈ, ਇਸਦੀ ਸ਼ਕਲ 'ਚ ਹੀ ਤਬਦੀਲੀ ਹੋਈ ਹੈ। ਅੱਜ ਮੁਲਕ ਨੂੰ ਸਾਮਰਾਜੀਆਂ ਤੇ ਇਸਦੇ ਦੇਸੀ ਜੋਟੀਦਾਰ ਦਲਾਲਾਂ ਵੱਲੋਂ ਰਲਕੇ ਲੁੱਟਿਆ ਜਾ ਰਿਹਾ ਹੈ। ਸਾਮਰਾਜੀ ਸੰਸਾਰੀਕਰਨ ਦੀਆਂ ਨੀਤੀਆਂ ਨੇ ਮੁਲਕ ਦੀ ਸਮੁੱਚੀ ਲੋਕਾਈ ਨੂੰ ਬੁਰੀ ਤਰ੍ਹਾਂ ਝੰਬ ਸੁੱਟਿਆ ਹੈ। ਇਹਨਾਂ ਨੀਤੀਆਂ ਖਿਲਾਫ ਜੂਝਦੀ ਲੋਕਾਈ ਦੇ ਰੋਹ ਨੂੰ ਕੁਚਲਣ ਲਈ ਰੋਲਟ ਐਕਟ ਵਰਗੇ ਕਾਲੇ ਕਾਨੂੰਨ ਹੁਣ ਵੀ ਲੋਕਾਂ 'ਤੇ ਉਵੇਂ ਹੀ ਮੜ੍ਹੇ ਜਾ ਰਹੇ ਹਨ ਤੇ ਹੱਕ ਸੱਚ ਲਈ ਉੱਠਦੀ ਹਰ ਆਵਾਜ਼ ਦੀ ਸੰਘੀ ਘੁੱਟੀ ਜਾ ਰਹੀ ਹੈ। ਲੋਕਾਂ ਦੀ ਏਕਤਾ ਚ ਪਾਟਕ ਪਾਉਣ ਲਈ ਤੇ ਇੱਕ ਦੂਜੇ ਤੋਂ ਗੱਦੀ ਹਥਿਆਉਣ ਲਈ ਹਾਕਮਾਂ ਦੇ ਧੜੇ ਅੰਗਰੇਜ਼ ਹੁਕਮਰਾਨਾਂ ਤੋਂ ਵਿਰਸੇ 'ਚ ਲਈ ਪਾੜੋ ਤੇ ਰਾਜ ਕਰੋ ਦੀ ਨੀਤੀ 'ਤੇ ਚੱਲ ਰਹੇ ਹਨ। ਫਿਰਕਾਪ੍ਰਸਤੀ ਦਾ ਜ਼ੋਰਦਾਰ ਹੱਲਾਂ ਲੋਕਾਂ ਤੇ ਬੋਲਿਆ ਜਾ ਰਿਹਾ ਹੈ। ਪਹਿਲਾਂ ਕਾਂਗਰਸ ਪਾਰਟੀ ਵੀ ਏਹੀ ਕੁੱਝ ਕਰਦੀ ਰਹੀ ਹੈ ਤੇ ਹੁਣ ਭਾਜਪਾ ਉਹਤੋਂ ਵੀ ਤੇਜ਼ੀ ਨਾਲ ਤੇ ਹੋਰ ਵੱਡੇ ਪੈਮਾਨੇ 'ਤੇ ਫਿਰਕਾਪ੍ਰਸਤੀ ਦਾ ਪਸਾਰਾ ਕਰ ਰਹੀ ਹੈ। ਗੁਆਂਢੀ ਮੁਲਕ ਖ਼ਿਲਾਫ਼, ਮੁਸਲਮਾਨਾਂ ਖਿਲਾਫ ਤੇ ਕਸ਼ਮੀਰੀ ਲੋਕਾਂ ਖਿਲਾਫ ਸੇਧਤ ਫਿਰਕੂ ਰਾਸ਼ਟਰਵਾਦ ਦੇ ਨਾਅਰਿਆਂ ਨਾਲ ਲੋਕਾਂ ਨੂੰ ਭਰਮਾਇਆ ਜਾ ਰਿਹਾ ਹੈ ਤੇ ਮੁਲਕ 'ਚ ਅੰਨ੍ਹੇ ਕੌਮੀ ਜਨੂੰਨ ਦਾ ਪਸਾਰਾ ਕਰਕੇ, ਵੋਟਾਂ ਦੀ ਫਸਲ ਕੱਟਣ ਦੀਆਂ ਵਿਉਂਤਾ ਘੜੀਆਂ ਗਈਆਂ ਹਨ ਜਦਕਿ ਲੋਕਾਂ ਦੇ ਹਕੀਕੀ ਮਸਲਿਆਂ ਨੂੰ ਦਰਕਿਨਾਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਉਹਨਾਂ ਕਿਹਾ ਕਿ ਕਮੇਟੀ ਵੱਲੋਂ ਜਥੇਬੰਦ ਕੀਤੀ ਜਾ ਰਹੀ ਮੁਹਿੰਮ ਤੇ ਸਮਾਗਮ ਲੋਕਾਂ ਨੂੰ ਚੋਣਾਂ ਦੇ ਮੌਸਮ 'ਚ ਆਪਣੀ ਏਕਤਾ ਕਾਇਮ ਰੱਖਣ ਤੇ ਆਪਸੀ ਪਾੜੋ ਧਾੜ ਤੋਂ ਬਚਣ ਦਾ ਸੰਦੇਸ਼ ਵੀ ਦੇਵੇਗਾ।

ਜਲ੍ਹਿਆਂਵਾਲਾ ਕਤਲੇਆਮ ਲਈ ਅੰਗਰੇਜ਼ਾਂ ਵੱਲੋਂ ਮੁਆਫੀ ਮੰਗਣ ਦੀ ਮੰਗ 'ਤੇ ਟਿੱਪਣੀ ਕਰਦਿਆਂ ਉਹਨਾਂ ਕਿਹਾ ਕਿ ਸਾਮਰਾਜੀਆਂ ਦੇ ਗੁਨਾਹ ਕਿਸੇ ਮੁਆਫੀ ਨਾਲ ਧੋਤੇ ਨਹੀਂ ਜਾ ਸਕਦੇ। ਉਹ ਤਾਂ ਅੱਜ ਵੀ ਲੁਟਦੇ ਹਨ ਤੇ ਥਾਂ-ਥਾਂ ਕਹਿਰ ਢਾਹੁੰਦੇ ਹਨ। ਮੁਆਫੀ ਦੋਸਤਾਂ ਨੂੰ ਦਿੱਤੀ ਜਾਂਦੀ ਹੈ, ਦੁਸ਼ਮਣਾ ਨੂੰ ਨਹੀਂ। ਸਾਮਰਾਜ ਤੇ ਭਾਰਤੀ ਲੋਕਾਂ ਦਾ ਦੁਸ਼ਮਣਾ ਵਾਲਾ ਰਿਸ਼ਤਾ ਹੈ। ਸਾਮਰਾਜੀਆਂ ਤੋਂ ਮੁਆਫੀ ਦੀ ਥਾਂ ਮੁਕਤੀ ਲਈ ਡਟਣਾ ਚਾਹੀਦਾ ਹੈ। ਇਹ ਸ਼ਤਾਬਦੀ ਦਿਹਾੜਾ ਸਾਡੇ ਲੋਕਾਂ ਵੱਲੋਂ ਸਾਮਰਾਜ ਖਿਲਾਫ ਸੰਗਰਾਮ ਹੋਰ ਤੇਜ਼ ਕਰਨ ਦੇ ਐਲਾਨ ਕਰਨ ਦਾ ਦਿਹਾੜਾ ਹੈ। ਇਸ ਲਈ ਕਮੇਟੀ ਵੱਲੋਂ ਇਸ ਮੌਕੇ ਮੁਲਕ ਦੇ ਹਾਕਮਾਂ ਨੂੰ ਸੁਣਾਉਣੀ ਕੀਤੀ ਜਾਵੇਗੀ ਕਿ ਸਾਮਰਾਜੀ ਸੰਸਾਰੀਕਰਨ ਦੀਆਂ ਨੀਤੀਆਂ ਰੱਦ ਕੀਤੀਆਂ ਜਾਣ, ਸਾਮਰਾਜੀਆਂ ਦੀਆਂ ਲੁਟੇਰੀਆਂ ਕੌਮਾਂਤਰੀ ਸੰਸਥਾਵਾਂ ਸੰਸਾਰ ਵਪਾਰ ਸੰਸਥਾ, ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਵਗੈਰਾ ਤੋਂ ਬਾਹਰ ਆਇਆ ਜਾਵੇ, ਸਾਮਰਾਜੀਆਂ ਨਾਲ ਕੀਤੀਆਂ ਸਾਰੀਆਂ ਦਾਬੇ ਵਾਲੀਆਂ ਸੰਧੀਆਂ ਰੱਦ ਕੀਤੀਆਂ ਜਾਣ, ਅਮਰੀਕੀ ਸਾਮਰਾਜੀਆਂ ਦੇ ਹਿਤਾਂ ਲਈ ਅਤੇ ਆਪਣੇ ਪਸਾਰਵਾਦੀ ਮਨਸੂਬਿਆਂ ਲਈ ਭਾਰਤੀ ਫੌਜਾਂ ਝੋਕਣੀਆਂ ਬੰਦ ਕੀਤੀਆਂ ਜਾਣ, ਕਸ਼ਮੀਰ ਤੇ ਅਦਿਵਾਸੀ ਖੇਤਰਾਂ 'ਚੋਂ ਫੌਜਾਂ ਵਾਪਸ ਬੁਲਾਈਆਂ ਜਾਣ ਤੇ ਅਫਸਪਾ ਕਾਨੂੰਨ ਹਟਾਇਆ ਜਾਵੇ। ਦਲਿਤਾਂ ,ਅਣ ਗਿਣਤੀਆਂ ਤੇ ਬੁਧੀਜੀਵਆਂ ਤੇ ਹਮਲੇ ਬੰਦ ਕੀਤੇ ਜਾਣ। ਵਿਕਾਸ ਦੇ ਨਾਂ ਹੇਠ ਸਾਮਰਾਜੀਆਂ ਤੇ ਲੁਟੇਰੇ ਦੇਸੀ ਸਰਮਾਏਦਾਰਾਂ ਨੂੰ ਮੁਲਕ ਲੁਟਾਉਣਾ ਬੰਦ ਕੀਤਾ ਜਾਵੇ। ਅਤੇ ਅੰਗਰੇਜ਼ਾਂ ਤੋਂ ਵਿਰਸੇ 'ਚ ਲਏ ਤੇ ਨਵੇਂ ਘੜੇ ਕਾਲੇ ਕਾਨੂੰਨਾਂ ਨੂੰ ਫੌਰੀ ਰੱਦ ਕੀਤਾ ਜਾਵੇ।

ਕਮੇਟੀ ਮੈਂਬਰਾਂ ਨੇ ਕਿਹਾ ਕਿ ਕਿਰਤੀ ਲੋਕਾਂ ਦੀ ਬੰਦ ਖੁਲਾਸੀ ਲਈ ਜੂਝਣਾ ਹੀ ਸੱਚੀ ਦੇਸ਼ ਭਗਤੀ ਹੈ ਜਦਕਿ ਮੁਲਕ ਦੇ ਹਾਕਮ ਦੇਸ਼ ਭਗਤੀ ਦਾ ਦੰਭ ਕਰਦੇ ਹਨ ਅਤੇ ਅਸਲ 'ਚ ਸਾਮਰਾਜੀਆਂ ਦੀ ਚਾਕਰੀ ਕਰਦੇ ਹਨ। ਉਹਨਾਂ ਕਿਹਾ ਕਿ ਉਹ ਹਾਕਮਾਂ ਦੀ ਦੰਭੀ ਦੇਸ਼ ਭਗਤੀ ਦਾ ਪਰਦਾਚਾਕ ਕਰਨਗੇ ਤੇ ਕੌਮੀ ਸ਼ਹੀਦਾਂ ਦੇ ਇਨਕਲਾਬ-ਜ਼ਿੰਦਾਬਾਦ ਤੇ ਸਾਮਰਾਜਵਾਦ-ਮੁਰਦਾਬਾਦ ਦੇ ਨਾਅਰੇ ਨੂੰ ਬੁਲੰਦ ਕਰਨਗੇ ਤੇ ਹੱਕੀ ਸੰਘਰਸ਼ਾਂ ਨੂੰ ਤੇਜ਼ ਕਰਨ ਦਾ ਸੱਦਾ ਦੇਣਗੇ।

ਗਠਿਤ ਕੀਤੀ ਗਈ ਕਮੇਟੀ ਚ ਅਮੋਲਕ ਸਿੰਘ, ਕੰਵਲਜੀਤ ਖੰਨਾ, ਝੰਡਾ ਸਿੰਘ ਜੇਠੂਕੇ, ਮਨਜੀਤ ਸਿੰਘ ਧਨੇਰ, ਨੌਨਿਹਾਲ ਸਿੰਘ, ਪ੍ਰੋ. ਜਗਮੋਹਨ ਸਿੰਘ, ਵਰਿਆਮ ਸੰਧੂ, ਬਲਦੇਵ ਸੜਕਨਾਮਾ, ਕੇਵਲ ਧਾਲੀਵਾਲ, ਜਗਮੋਹਨ ਸਿੰਘ ਪਟਿਆਲਾ, ਸਤਨਾਮ ਸਿੰਘ ਪੰਨੂ, ਕੰਵਲਪ੍ਰੀਤ ਸਿੰਘ ਪੰਨੂ, ਹਰਜਿੰਦਰ ਟਾਂਡਾ, ਲਛਮਣ ਸਿੰਘ ਸੇਵੇਵਾਲਾ, ਡਾ. ਪਰਮਿੰਦਰ ਸਿੰਘ, ਪ੍ਰੋ. ਏ. ਕੇ. ਮਲੇਰੀ, ਪ੍ਰਿਤਪਾਲ ਸਿੰਘ, ਡਾ ਨਵਸ਼ਰਨ , ਨਰਾਇਣ ਦੱਤ, ਜਗਮੇਲ ਸਿੰਘ ,ਰਜਿੰਦਰ ਭਦੌੜ, ਯਸ਼ਪਾਲ, ਹਰਜਿੰਦਰ ਸਿੰਘ, ਨਰਭਿੰਦਰ, ਗੁਰਮੀਤ ਸੁਖਪੁਰ, ਹਰਕੇਸ਼ ਚੌਧਰੀ, ਅਸ਼ਵਨੀ ਕੁਮਾਰ, ਐਨ. ਕੇ. ਜੀਤ ਸ਼ਾਮਲ ਹਨ। ਕਮੇਟੀ ਵੱਲੋਂ ਮੁਹਿੰਮ ਤੇ ਸਮਾਗਮ ਲਈ ਹੱਥ ਪਰਚਾ ਤੇ ਪੋਸਟਰ ਵਿਆਪਕ ਗਿਣਤੀ 'ਚ ਜਾਰੀ ਕੀਤਾ ਜਾ ਰਿਹਾ ਹੈ।

# ਹਰੇ ਪਾਣੀ ਵਾਲਾ ਟੱਬ





ਬੀ ਐੱਸ ਢਿਲੋਂ
ਐਡਵੋਕੇਟ
9988091463

ਉਸ ਰਾਤ ਮੈਂ ਜਲਦੀ ਸੋ ਗਿਆ ਸੀ। ਫ਼ੋਨ ਦੀ ਘੰਟੀ ਵੱਜੀ ਤੇ ਫਿਰ ਵੱਜਦੀ ਹੀ ਰਹੀ। ਹੁਣ ਤਾਂ ਉੱਠਣਾ ਹੀ ਪਊ। ਘੇਸਲ ਮਾਰੀ ਪਏ ਨੇ ਬੈੱਡ ਸਵਿੱਚ ਬਾਲਕੇ ਸਾਹਮਣੀ ਕੰਧ ਤੇ ਟਾਈਮ ਵੇਖਿਆ। ਦੋ ਵਜੇ ਸਨ। ਕੌਣ ਹੋਇਆ ? ਮੈਂ ਅਫਿਸ ਵਿੱਚ ਜਾ ਕੇ ਲੈਂਡਲਾਈਨ ਫ਼ੋਨ ਚੁੱਕਿਆ। ਦੂਜੇ ਪਾਸਿਉਂ ਬੇਹੱਦ ਹਲੀਮੀ ਭਰੀ ਆਵਾਜ਼ ਆਈ। "ਢਿੱਲੋਂ ਸਾਬ! ਸੱਤ ਸਰੀ ਅਕਾਲ। ਮੈਂ ਇੰਗਲੈਂਡ ਤੋਂ ਐੱਚ ਐੱਸ ਥਿਆੜਾ ਬੋਲਦਾ ਹਾਂ ਜੀ। ਤੁਹਾਡਾ ਪੁਰਾਣਾ ਪਾਠਕ ਹਾਂ ਜੀ।" ਮੇਰੇ ਨਾਲ ਅਕਸਰ ਇਦਾਂ ਹੁੰਦਾ ਸੀ। 15-16 ਸਾਲ ਪਹਿਲਾਂ ਹੁਣ ਵਾਲੇ ਸਾਧਣ ਨਹੀਂ ਸਨ। ਮੈਂ ਲੁਧਿਆਣੇ ਮਿੱਤਰ ਸੈਣ ਮੀਤ ਦੇ, ਇੱਕ ਪੰਜਾਬੀ ਭਵਨ ਵਿਚ ਹੋਏ ਫੰਕਸ਼ਨ ਵਿਚ, ਹਰਬੀਰ ਸਿੰਘ ਭੰਵਰ ਤੋਂ ਕੁੱਝ ਕੁ ਵਿਦੇਸ਼ੀ ਅਖ਼ਬਾਰਾਂ ਦੇ ਈ-ਮੇਲ ਪਤੇ ਲੈ ਲਏ ਸਨ ਤੇ ਪੰਜਾਬ ਵਿਚ ਛਪਦੇ ਆਪਣੇ ਲੇਖ ਬਾਹਰਲੇ ਪਰਚਿਆਂ ਨੂੰ ਭੇਜਣ ਲੱਗ ਗਿਆ ਸੀ। ਅੱਜ ਵੀ ਯਾਦ ਹੈ। ਜਦੋਂ 2003 ਵਿਚ ਇੰਗਲੈਂਡ ਵਿਚੱ ਛਪਦੇ 'ਲਿਖਾਰੀ ਡਾਟ ਕਾਮ' ਤੇ ਮੇਰਾ ਪਹਿਲਾ ਲੇਖ ਛਪਿਆ ਸੀ, ਤਾਂ ਮੈਨੂੰ ਗਿਆਨੀ ਸੰਤੋਖ ਸਿੰਘ ਜੀ ਦਾ ਪਹਿਲਾ ਫੋਨ ਸਿਡਨੀ ਤੋਂ ਆਇਆ ਸੀ। ਫਿਰ ਵਿਦੇਸ਼ੀ ਪਾਠਕ ਇੱਕ ਇਕ ਕਰਕੇ ਮੇਰੇ ਮਿੱਤਰਾਂ ਦੀ ਮਾਲਾ ਦੇ ਮਣਕੇ ਬਣਦੇ ਗਏ ਜੋ ਅੱਜ ਹਜਾਰਾਂ ਵਿੱਚ ਹਨ। "ਸੱਤ ਸਰੀ ਅਕਾਲ ਜੀ।" ਮੈਂ ਉਬਾਸੀ ਲੈਂਦੇ ਨੇ ਫਤਿਹ ਦਾ ਜਵਾਬ ਦਿੱਤਾ। ਅਸੀਂ ਦੋ ਕੁ ਮਿਨਟ ਗੱਲ ਕੀਤੀ। ਫਿਰ ਜਾਣ ਪਹਿਚਾਣ ਦੋਸਤੀ ਚ ਬਦਲਣ ਲੱਗੀ। ਬੁਹਨਾਂ ਦਾ ਇੱਕ ਸਾਢੂ ਨੇਵੀ ਚੋਂ ਕਰਨਲ ਰਿਟਾਇਰ ਹੋ ਕੇ 32 ਸੈਕਟਰ ਰਹਿੰਦਾ ਸੀ। ਸ਼ਾਂਮਾਂ ਨੂੰ ਉਸਦੇ ਘਰ ਨੇਵੀ ਵਾਲੇ ਅਫਸਰਾਂ ਦੀਆਂ ਮਹਿਫਲਾਂ 'ਚ ਅਸੀਂ ਇਕੱਠੇ ਹੁੰਦੇ ਤੇ ਕਦੀ ਮੈਂ ਉਸਨੂੰ ਚੰਡੀਗੜ੍ਹ ਕਲੱਬ ਚ ਬੁਲਾ ਲੈਂਦਾ। 'ਰਫਤਾ ਰਫਤਾ ਵੋਹ ਮੇਰੀ ਹਸਤੀ ਕਾ ਸਾਮਾਂਨ ਹੋ ਗਏ। ਪਹਿਲੇ ਜਾਂ, ਫਿਰ ਜਾਂਨੇ ਜਾਂ,ਫਿਰ ਜਾਂਨੇ ਜਾਂਨਾਂ ਹੋ ਗਏ।' ਥਿਆੜਾ ਸਾਬ ਜਲੰਧਰ ਕੋਲ ਆਪਣੇ ਪਿੰਡ ਨਵੀਂ ਕੋਠੀ ਬਨਾਉਣ ਲੱਗੇ। ਉਸਨੇ ਮੈਨੰ ਦੱਸਿਆ ਕਿ ਜੰਡੂ ਸਿੰਘਾ ਦੇ ਕੋਲ ਮੇਰਾ ਛੋਟਾ ਜਿਹਾ ਪਿੰਡ ਹੈ। ਜੰਡੂ ਸਿੰਘ ਜਰਾ ਹੁਸ਼ਿਆਰਪੁਰ ਰੋਡ ਤੇ ਰਹਿ ਜਾਂਦਾ ਤੇ ਸਾਡਾ ਨੇੜੇ ਸੜਕ ਤੋਂ ਦੋ ਕੁ ਕਿਲੋਮੀਟਰ ਹਟਵਾਂ ਹੈ। ਹੁਣ ਉਸਦੀ ਇੱਕ ਲੱਤ ਇੰਗਲੈਂਡ ਤੇ ਦੂਜੀ ਪੰਜਾਬ ਹੁੰਦੀ। ਸਾਲ ਕੁ ਬਾਅਦ ਉਸਨੇ ਬੜਾ ਖੁਸ਼ ਹੋ ਕੇ ਮੈਨੂੰ ਨਵੀਂ ਬਣੀ ਕੋਠੀ ਦੀ ਚੱਠ ਤੇ ਬੁਲਾਇਆ। ਮੈਂ ਐਤਵਾਰ ਨੂੰ ਠੀਕ ਵਕਤ ਸਿਰ ਵਾਲਵੋ ਰਾਹੀਂ ਜਲੰਧਰ ਪਹੁੰਚਣ ਦਾ ਵਾਅਦਾ ਕੀਤਾ। ਉਸਦੇ ਪਿੰਡੋਂ ਹੀ ਇੱਕ ਮੁੰਡਾ ਟੈਕਸੀ ਚਲਾਉਂਦਾ ਹੈ। ਮੈਂ ਉਸਨੂੰ ਦੱਸਿਆ ਕਿ ਮੇਰੇ ਚੈੱਕ ਦਾ ਕੋਟ,ਉਨਾਭੀ ਰੰਗ ਦੀ ਪੱਗ ਤੇ ਟਾਈ ਲੱਗੀ ਹੋਵੇਗੀ। ਜਲੰਧਰ ਬੱਸੋਂ ਉੱਤਰਦਿਆਂ ਹੀ ਮੈਂ ਬੱਸ ਸਟੈਂਡ ਦੇ ਪਿਛਲੇ ਪਾਸੇ ਬਾਹਰ ਨਿੱਕਲਿਆ। ਦੂਰੋਂ ਹੀ ਮੈਨੂੰ ਪਹਿਚਾਣ ਕੇ ਟੈਕਸੀ ਵਾਲਾ ਮੁੰਡਾ (ਅੱਜ ਨਾਮ ਵੀ ਯਾਦ ਨਹੀਂ) ਮੇਰੇ ਵੱਲ ਆਇਆ ਤੇ ਮੇਰਾ ਬੈਗ ਫੜ੍ਹਕੇ ਚੱਲ ਪਿਆ। ਟੈਕਸੀ ਸ਼ਹਿਰੋਂ ਨਿੱਕਲਦਿਆਂ ਹੀ ਹਵਾ ਨੂੰ ਗੰਢਾਂ ਦੇਣ ਲੱਗੀ। ਟੇਪ ਤੇ ਸਦੀਕ ਲਲਕਾਰਾ ਮਾਰਨ ਲੱਗਾ, "ਹੋ ਜਾ ਹੁਣ ਜਿਹੋ ਜਿਹਾ ਹੋਣਾ ਮੱਲਾ ਓਇ। ਪਿੱਛੋਂ ਤੂੰ ਨਰੈਣੇ ਨੂੰ ਤਕਾ ਲਿਆ ਕੱਲਾ ਓਇ।"

ਅਖੰਡ ਪਾਠ ਦੇ ਭੋਗ ਪਿੱਛੋਂ ਜਦੋਂ ਲੋਕ ਚਲੇ ਗਏ ਤਾਂ ਕੋਠੇ ਤੇ ਯਾਰਾਂ ਦੀ ਮਹਿਫਲ ਸਜ ਗਈ! ਉਸਦੇ ਸਾਰੇ ਪਰਿਵਾਰ ਬੇਟੇ ਤੇ ਨੂੰਹ , ਵੱਡੀ ਬੇਟੀ ਤੇ ਉਸਦਾ ਗੋਰਾ ਪਤੀ, ਛੋਟੀ ਬੇਟੀ ਜੋ ਬਰਮਿੰਘਮ ਆਪਣੇ ਬੁਆਏ ਫਰੈਂਡ ਨਾਲ ਰਹਿ ਰਹੀ ਸੀ ਅਤੇ 5-6 ਇੰਗਲੈਂਡੀਏ ਦੋਸਤ ਵੀ ਆਏ ਹੋਏ ਸਨ। ਵਿਆਹ ਵਰਗਾ ਮਹੌਲ ਸੀ। ਦਿਨ ਯਾਦਗਾਰੀ ਹੋ ਨਿੱਬੜਿਆ। ਅਗਲੀ ਸਵੇਰ ਉਹੀ ਟੈਕਸੀ ਵਾਲਾ ਮੁੰਡਾ ਮੈਨੂੰ ਜਲੰਧਰ ਬੱਸ ਅੱਡੇ ਛੱਡ ਗਿਆ। ਵਕਤ ਨੇ ਲੰਘਣਾ ਸੀ ਲੰਘਦਾ ਰਿਹਾ। ਹੁਣ ਉਹ ਬਹੁਤਾ ਸਮਾਂ ਪਿੰਡ ਰਹਿਣ ਲੱਗਾ। ਇੱਕ ਵਾਰ ਉਹ ਚੰਡੀਗੜ੍ਹ ਆਇਆ ਤੇ ਵਾਪਸੀ ਤੇ ਮੈਨੂੰ ਤੇ ਆਪਣੇ ਨੇਵੀ ਵਾਲੇ ਸਾਢੂ ਤੇ ਉਸਦੇ ਦੋਸਤ ਨੂੰ ਟੈਕਸੀ ਵਿੱਚ ਨਾਲ ਹੀ ਲੈ ਗਿਆ ਕਹਿੰਦਾ ਪੋਤੇ ਦਾ ਜਨਮ ਦਿਨ ਹੈ। ਪਾਰਟੀ ਸ਼ਾਰਟੀ ਕਰਾਂਗੇ। ਉਸ ਰਾਤ ਨੂੰ ਖਾ ਪੀ ਕੇ ਸੌਂ ਗਏ। ਅਗਲੀ ਦੁਪਹਿਰ ਪੋਤੇ ਦਾ ਜਨਮ ਦਿਨ ਮਨਾਉਣਾ ਸੀ। ਫੱਗਣ ਦਾ ਮਹੀਨਾ ਤੇ ਕੋਸੀ ਕੋਸੀ ਧੁੱਪ ਸੀ। ਛੱਤ ਉੱਪਰ ਮੇਜ ਕੁਰਸੀਆਂ ਸਜ ਗਈਆਂ। ਥਿਆੜੇ ਨੇ ਛੱਤ ਉੱਪਰ ਬਾਥ ਟੱਬ ਬਣਾਇਆ ਹੋਇਆ ਸੀ ਜਿਸ ਵਿੱਚ ਹਰੇ ਰੰਗ ਦੀਆਂ ਟਾਇਲਾਂ ਲੱਗੀਆਂ ਹੋਈਆਂ ਸਨ। ਟੱਬ ਵਿਚਲਾ ਪਾਣੀ ਹਰਾ ਹਰਾ ਦਿੱਸਦਾ ਸੀ। ਪਾਣੀ ਗਰਮ ਕਰਣ ਲਈ ਨਾਲ ਹੀ ਦੋ ਵੱਡੇ ਗੀਜਰ ਲੱਗੇ ਹੋਏ ਸਨ। ਮੈਂ ਸਾਰਿਆਂ ਤੋਂ ਛੋਟਾ ਸੀ। ਤਿੰਨਾਂ ਨੇ ਚੱਕ ਚਕਾ ਕੇ ਮੈਨੂੰ ਟੱਬ ਚ ਵਾੜ ਤਾ। ਠੰਢੀ ਬੀਅਰ ਤੇ ਹਰੀ ਕੇ ਪੱਤਣ ਵਾਲੀ ਮੱਛੀ ਦੇ ਦੌਰ ਚੱਲ ਰਹੇ ਸਨ। ਮੈਂ ਅਜਿਹੇ ਟੱਬ ਵਾਲੇ ਸੀਂਨ ਰਾਜੇਸ਼ ਖੰਨਾਂ ਦੀਆਂ ਫਿਲਮਾ ਚ ਵੇਖੈ ਸਨ। ਕੋਸੇ ਪਾਣੀ ਵਿੱਚ ਲੇਟੇ ਪਏ ਨੂੰ ਮੈਂਨੂੰ ਉਪਰ ਨੀਲੇ ਆਸਮਾਂਨ ਵਿੱਚ ਰੇਖਾ ਦੇ ਮੁਜਰੇ ਤੇ ਹੈਲਨ ਦੇ ਕੈਬਰੇ ਡਾਂਸ ਦੇ ਝੌਲੇ ਪੈਣ ਲੱਗੇ। ਦੋ ਵਾਰ ਉਸਦਾ ਭਤੀਜਾ ਉੱਪਰ ਆਇਆ। ਪਰ ਉਸਨੇ ਲਿਆ ਕੁਝ ਨਹੀਂ। ਸਾਨੂੰ ਠਹਾਕੇ ਲਾ ਕੇ ਹੱਸਦਿਆਂ ਨੂੰ ਵੇਖਕੇ ਉਹ ਚੁੱਪ ਹੀ ਰਿਹਾ। ਮੈਨੂੰ ਉਸਦੇ ਮੱਥੇ ਤੇ ਨਿੱਕੀ ਜਿਹੀ ਤਿਉੜੀ ਦਿੱਸੀ। ਨਾਲ ਦੀ ਨਾਲ ਮੇਰੇ ਮੱਥੇ ਦੀ ਨਾੜ ਫੜੱਕ ਫੜੱਕ ਵੱਜੀ। ਪਤਾ ਨਹੀਂ ਮੈਨੂੰ ਕਿਉਂ ਮਹਿਸੂਸ ਹੋਇਆ ਕਿ ਖੁਸ਼ੀਆਂ ਤੇ ਹਾਸਿਆਂ ਪਿੱਛੋਂ ਇੱਕ ਦੌਰ ਉਦਾਸੀ ਦਾ ਵੀ ਆਉਂਦਾ। ਅਗਲੇ ਦਿਨ ਉਸਨੇ ਉਸੇ ਟੈਕਸੀ ਤੇ ਸਾਨੂੰ ਤਿੰਨਾਂ ਨੂੰ ਵਾਪਸ ਚੰਡੀਗੜ੍ਹ ਭੇਜ ਦਿੱਤਾ।

ਦੋ ਕੁ ਸਾਲ ਬਾਅਦ ਉਸਦਾ ਫੋਨ ਆਇਆ। "ਢਿੱਲੋਂ ਸਾਬ। ਮੈਂ ਇਸ ਵੇਲੇ ਜਲੰਧਰ ਕਚਹਿਰੀ ਚੋਂ ਬੋਲਦਾਂ। ਤੁਹਾਡੇ ਕਿਸੇ ਵਾਕਫ ਵਕੀਥਲ ਜੇ ਕੋਈ ਹੋਵੇ ਤਾਂ ਦਾ ਨਾਂਮ ਦੱਸਿਉ। ਥੋੜ੍ਹਾ ਚੱਕਰ ਪੈ ਗਿਆ।" ਮੈਂ ਉਸਨੂੰ ਦੋ ਨਾਂਮ ਦੱਸਕੇ ਕਿਹਾ ਕਿ ਇਹਨਾਂ ਨਾਲ ਗੱਲ ਕਰੋ ਜੇ ਲੋੜ ਪਈ ਤਾਂ ਮੇਰੀ ਗੱਲ ਕਰਾ ਦਿਉ। ਪਰ ਹੋਇਆ ਕੀ ? "ਮੈਂ ਜਿਸ ਪੁਰਾਣੇ ਢੱਠੇ ਹੋਏ ਘਰ ਵਾਲੀ ਥਾਂ ਕੋਠੀ ਪਾਈ ਹੈ। ਤੁਸੀ ਵੇਖਿਆ ਸੀ ਕਿ ਦੋਨੋਂ ਪਾਸੇ ਮੇਰੇ ਭਰਾਵਾਂ ਦੇ ਸੋਹਣੇ ਮਕਾਂਨ ਬਣੇ ਹੋਏ ਹਨ। ਮੇਰਾ ਵੱਡਾ ਭਰਾ ਅਮਰੀਕਾ ਤੇ ਛੋਟਾ ਕਨੇਡਾ ਰਹਿੰਦਾ ਸੀ। ਵੱਡੇ ਦਾ ਮੁੰਡਾ ਤੇ ਨੂੰਹ ਪਿੰਡ ਹਨ। ਛੋਟੇ ਦਾ ਇੱਕ ਮੁੰਡਾ ਪਿੰਡ ਰਹਿੰਦਾ ਹੈ। ਉਹ ਆਪ ਮਰ ਗਿਆ ਸੀ। ਮੇਰੇ ਭਤਿਜਆਂ ਰੌਲਾ ਪਾ ਲਿਆ ਕਿ ਮੈਂ ਕੋਠੀ ਸਾਂਝੀ ਥਾਂ ਵਿੱਚ ਪਾਈ ਹੈ ਇਸ ਲਈ ਸਾਰਿਆਂ ਦਾ ਹਿੱਸਾ ਹੈ।" ਵਿਚਾਰਾ ਨਮਾਜ ਬਖਸ਼ਾਉਣ ਆਇਆ ਸੀ ਤੇ ਰੋਜੇ ਗਲ ਪੁਆ ਬੈਠਾ। ਇਸ ਦਿਨ ਤੋਂ ਪਿੱਛੋਂ ਸਾਡਾ ਸੰਪਰਕ ਟੁੱਟ ਗਿਆ।

ਇੱਕ ਦਿਨ ਹੁਸ਼ਿਆਰਪੁਰ ਤੋਂ ਮੇਰੇ ਮਿੱਤਰ ਦਾ ਫੋਂਨ ਆਇਆ ਕਿ ਜਲੰਧਰ ਦੂਰਦਰਸ਼ਨ ਤੇ ਆਪਣਾ ਟਾਕ ਸ਼ੋਅ ਹੈ ਨਾਲੇ ਗਦਰੀ ਬਾਬਿਆਂ ਦਾ ਮੇਲਾ ਹੈ। ਰਾਤ ਉੱਥੇ ਰਹਾਂਗੇ। ਮੈਂ ਥਿਆੜੇ ਨੂੰ ਯਾਦ ਕੀਤਾ ਕਿ ਉਸ ਕੋਲ ਰਹਾਂਗੇ। ਇੰਗਲੈਂਡ ਵਾਲੇ ਨੰਬਰ ਤੇ ਮਸ਼ੀਨ ਬੋਲ ਰਹੀ ਸੀ। ਦੂਜੇ ਦਿਨ ਉਸਨੇ ਫੋਨ ਮਿਲਾ ਲਿਆ। ਇਸ ਵਾਰ ਕੋਈ ਓਪਰਾ ਬੰਦਾ ਬੋਲਦਾ ਲੱਗਿਆ। ਰਸਮੀਂ ਹਾਲ ਚਾਲ ਪੁੱਛਣ ਤੋਂ ਬਾਅਦ ਉਹ ਭਰਿਆ ਪੀਤਾ ਬੋਲਿਆ, " ਇਹ ਦੇਸ਼ ਕੁੱਤਾ ਹੈ। ਸਾਲੇ ਲੋਕ ਕੁੱਤੇ ਹਨ। ਕੋਈ ਕਿਸੇ ਦਾ ਸਕਾ ਨਹੀਂ। ਲੁੱਟ ਮੱਚੀ ਪਈ ਹੈ।ਸਾਲਾ ਹਰ ਪਾਸੇ ਭ੍ਰਿਸ਼ਟਾਚਾਰ ਹੈ, ਵਗੈਰਾ ਵਗੈਰਾ। ਮੈਂ ਸੁਣਦਾ ਰਿਹਾ। "ਮੈਂ ਸੁਣ ਰਿਹਾ ਹਾਂ ਮੈਨੂੰ ਸਾਰੀ ਗੱਲ ਦੱਸੋ।" ਮੈਂ ਉਤਸੁਕਤਾ ਵੱਸ ਜਾਨਣਾ ਚਾਹਿਆ। "ਹੋਇਆ ਇਹ ਹੈ ਜੀ ਕਿ ਮੇਰੇ ਭਰਾਵਾਂ ਭਤੀਜਿਆਂ ਨਾਲ ਦੋ ਤਿੰਨ ਕੇਸ ਚੱਲਪੇ।ਮੇਰੇ ਬੱਚੇ ਕਹਿੰਦੇ, ਡੈਡ ਤੁਸੀਂ ਪੰਗਾ ਕਿਉਂ ਲਿਆ ? 40 ਸਾਲ ਬਾਅਦ ਉੱਥੇ ਜਾ ਕੇ ਰਹਿਣ ਦੀ ਕੀ ਤੁਕ ਸੀ ?ਸਾਨੂੰ ਕੋਈ ਦਿਲਚਸਪੀ ਨਹੀਂ।ਅਸੀਂ ਨਹੀਂ ਜਾਣਾ।ਮੇਰੀ ਵਾਈਫ ਕਹਿੰਦੀ ਸਾਨੂੰ ਕੋਠੀ ਨਾਲੋਂ ਤੁਹਾਡੀ ਸਿਹਤ ਦਾ ਫਿਕਰ ਹੈ। ਦਫਾ ਕਰੋ। ਮੇਰਾ 35 ਲੱਖ ਲੱਗਿਆ ਸੀ। 15 ਦੋਵਾਂ ਭਤੀਜਿਆਂ ਨੂੰ ਦੇ ਕੇ 20 ਮੇਰੇ ਹਿੱਸੇ ਆਇਆ। ਕੋਠੀ ਵੇਚਕੇ ਮੈਂ ਮੁੜ ਲੈਸਟਰ ਆ ਗਿਆ ਹਾਂ। ਹੁਣ ਨਹੀਂ ਕਦੀ ਵੀ ਜਾਣਾ।" ਮਾੜਾ ਹੋਇਆ ਕਹਿਕੇ ਮੈਂ ਹੁੰਘਾਰਾ ਭਰਿਆ। "ਅੱਛਾ ਇੱਦਾਂ ਆ ਢਿੱਲੋਂ ਸਾਹਿਬ! ਕਦੀ ਇੰਗਲੈਂਡ ਵੱਲ ਆਏ ਤਾਂ ਮੇਰੇ ਕੋਲ ਰਹਿਣਾ ਤੇ ਮਿਲਕੇ ਜਾਣਾ।" ਮੈਂ ਕਿਹਾ, "ਥਿਆੜਾ ਸਾਹਿਬ। ਮੈਂ ਤਾਂ ਸਾਰੀ ਉਮਰ ਯਾਰੀਆਂ ਹੀ ਪਾਲੀਆਂ। ਮੇਰੇ ਕੋਲ ਤੁਹਾਡੇ ਵਰਗੇ ਦੋ ਤਿੰਨ ਇੰਗਲੈਂਡ ਦੇ ਨਿਉਂਦੇ ਪਹਿਲਾਂ ਹੀ ਪਏ ਹਨ। ਰਾਤਾਂ ਥੋੜ੍ਹੀਆਂ ਤੇ ਯਾਰ ਬਥੇਰੇ ਮੈਂ ਕੀਹਦਾ ਕੀਹਦਾ ਮਾਣ ਰੱਖ ਲਾਂ। ਇਹ ਕਲਮ ਦੀ ਹੀ ਕਰਾਮਾਤ ਹੈ ਕਿ ਮੇਰੀ ਜ਼ਿੰਦਗੀ ਚ ਤੁਹਾਡੇ ਵਰਗੇ ਨਿੱਘੇ ਮਿੱਤਰ ਹਨੇਰੀ ਦੀ ਤਰ੍ਹਾਂ ਆਉਂਦੇ ਹਨ ਤੇ ਤੁਫਾਂਨ ਦੀ ਤਰਾਂ ਚਲੇ ਜਾਂਦੇ ਹਨ। ਮੈਂ ਚੁਰਾਹੇ ਵਿੱਚ ਖੜ੍ਹੇ ਬਿਜਲੀ ਦੇ ਖੰਭੇ ਵਾਂਗ, ਦੂਰ ਦਿਸਹੱਦੇ ਤੱਕ ਆਉਂਦੇ ਜਾਂਦੇ ਸੋਹਣੇ ਚਿਹਰੇ ਦੇਖਦਾ ਰਹਿੰਦਾ ਹਾਂ! ਫਿਰ ਵੀ ਇਨਸ਼ਾ ਅੱਲਾਂ ਜਰੂਰ ਮਿਲਾਂਗੇ। ਜੇ ਨਾਂ ਵੀ ਮਿਲੇ ਮੈਨੂੰ ਤੁਹਾਡਾ ਹਰੇ ਪਾਣੀ ਵਾਲਾ ਟੱਬ ਹਮੇਸ਼ਾ ਯਾਦ ਰਹੇਗਾ! ਖੁਦਾ ਹਾਫਿਜ਼।"

146 ਸੈਕਟਰ 49-ਏ ਚੰਡੀਗੜ੍ਹ

# Global inequality widens dramatically



The planet's billionaires got even richer last year, widening the wealth gap with the poorest 3.8 billion people who make up half the world's population. Oxfam released its annual report on growing inequality, Public Good or Private Wealth, as the global elite gathered for the World Economic Forum in Davos, Switzerland.

Globally, billionaires' wealth grew by 12 per cent last year. That's $3.3 billion every day. The wealth of Canadian billionaires grew by nearly $20 billion from March 2017 to March 2018. That could provide affordable universal child care to all Canadian families, says Oxfam.

The report shows how the widening wealth gap hits women and girls hardest. Tax cuts, that overwhelmingly benefit wealthy men, leave public services that lift women and girls out of poverty underfunded and vulnerable to cuts. Oxfam's report pegs the combined yearly value of women's unpaid care work around the world at $13.2 trillion – 43 times the annual sales of Apple.

**US research shows growing racial wealth gap**

New research from the Institute for Policy Studies shows the growing wealth gap in the US has a significant racial component. The report, Dreams Deferred, uses US central bank data to show how wealth shares have changed since 1983. The wealth of the median Black family has been cut in half over the past 30 years, while the wealth of the median white family has grown by one-third.

The report highlights the class and race biases in US public policy. Solutions to growing inequality will have to understand both dimensions. The institute's recommendations include financial support for new parents, a tax on the top 0.1 per cent, and an audit of federal policies to understand their impact on growing racial wealth inequality.

Canada does not have the data to track wealth inequality for Black, racialized, or Indigenous households. CUPE and other unions have been at the forefront of calling for the federal government to collect this data, so we can understand and address this issue.

**Racial and gender inequality persist for Ontario workers**

Racialized workers are overrepresented in precarious jobs (low-wage, part-time, and/or temporary), have higher unemployment rates, and experience significant wage gaps, according to a new CCPA-Ontario report. Persistent Inequality: Ontario's Colour-coded Labour Market, compares 2006 and 2016 census data to expose labour market inequality in Ontario.

The report finds racialized women have the highest unemployment rates of all groups and earn 58 cents for every dollar a white male earns. Poverty is also much more common for racialized households – 21 per cent of racialized households had after-tax income below Statistics Canada's low-income measure, compared to 11.5 per cent of white households.

The report highlights varying patterns among different racialized groups, showing the importance of understanding the many ways that discrimination impacts diverse groups. CCPA's recommendations include reforms that support all low wage workers, such as pay equity provisions that mandate equal pay and benefits for part-time, full-time, and temporary workers.

# ਨਿਝੱਕ ਧੜੱਲੇ ਅਤੇ ਬੇ-ਰੋਕ ਵੇਗ ਦਾ ਨਾਂ ਸੀ ਬਲਦੇਵ ਮਾਨ

ਗੁਰਭਜ ਸਿੰਘ

1967-69 ਅਤੇ 1970-71 ਦੇ ਸਾਲ ਤਰਥੱਲੀ ਪਾਊ ਨਕਸਲੀ ਲਹਿਰ ਦੀ ਅਤਿਅੰਤ ਭਰਵੀਂ ਸਰਗਰਮੀ ਦੇ ਸਾਲ ਸਨ। ਦੇਸ਼ ਦੇ ਹਰੇਕ ਖੇਤਰ ਵਿੱਚ ਸੰਕਟ ਦੀ ਮਾਰ ਆਮ ਕਿਰਤੀ ਲੋਕਾਂ ਦਾ ਜੀਣਾ ਦੁੱਭਰ ਕਰ ਰਹੀ ਸੀ। ਸਾਰੇ ਦੇਸ਼ ਵਿੱਚ ਨਕਸਲੀ ਲਹਿਰ ਉੱਪਰ ਕੀਤੇ ਜਾ ਰਹੇ ਅੰਨ੍ਹੇ ਸਰਕਾਰੀ ਜਬਰ ਅਤੇ ਨਕਸਲੀ ਆਗੂਆਂ 'ਤੇ ਕਾਰਕੁੰਨਾਂ ਨੂੰ ਮਾਰ ਕੇ ਮੁਕਾਉਣ ਦੀ ਨੀਤੀ ਦੇ ਵਿਰੁੱਧ ਇੱਕ ਰੋਸ ਲੋਕਾਂ ਦੇ ਮਨਾਂ ਅੰਦਰ ਨਫ਼ਰਤ ਤੋਂ ਅੱਗੇ ਵਧਕੇ ਲੋਕ-ਰੋਹ ਬਣਨ ਲਈ ਉੱਸਲਵੱਟੇ ਲੈ ਰਿਹਾ ਸੀ। ਨਾਲ ਹੀ ਨਕਸਲੀ ਲਹਿਰ ਦਾ ਇੱਕ ਹਿੱਸਾ ਜਨਤਕ ਜੱਥੇਬੰਦੀਆਂ ਦੀ ਉਸਾਰੀ ਅਤੇ ਲੋਕ-ਰੋਹ ਦਾ ਵਾਹਨ ਬਣਨ ਵੱਲ ਤੁਰ ਪਿਆ ਸੀ। ਭਾਵੇਂ ਇੰਦਰਾ-ਗਾਂਧੀ ਦੀ ਅਗਵਾਈ ਵਿੱਚ ਕਾਂਗਰਸ-ਸਰਕਾਰ ਨੇ ਪਾਕਿਸਤਾਨ ਨਾਲ ਛੇੜੀ ਲੜਾਈ ਆਪਣੇ ਪੱਖ ਵਿੱਚ ਭੁਗਤਾ ਲਈ ਸੀ ਅਤੇ ਅੰਨ੍ਹੀ-ਕੌਮਪ੍ਰਸਤੀ ਦਾ ਝੱਖੜ ਝੁਲਾ ਰੱਖਿਆ ਸੀ ਪਰ ਇਸ ਅੰਨੇ-ਜੋਸ਼ ਦੇ ਗੁਬਾਰੇ ਵਿੱਚੋਂ ਛੇਤੀ ਹੀ ਫੂਕ ਨਿਕਲਣੀ ਆਰੰਭ ਹੋ ਗਈ ਸੀ। ਉੱਤਰ-ਪ੍ਰਦੇਸ਼ ਤੇ ਬਿਹਾਰ ਵਿੱਚ ਕਿਸਾਨ ਘੋਲ ਫੁੱਟ ਪਏ ਸਨ ਅਤੇ 1972 ਵਿੱਚ ਪੰਜਾਬ ਦੇ ਕਿਸਾਨ ਜ਼ਿਮੀਦਾਰਾ ਯੂਨੀਅਨ ਦੇ ਨਾਂ ਹੇਠ ਆਪਣੀਆਂ ਮੰਗਾਂ ਉੱਪਰ ਘੋਲ ਕਰਨ ਲੱਗ ਪਏ ਸਨ। ਮੂੰਹ ਨੂੰ ਖ਼ੂਨ ਲੱਗਣ ਕਾਰਨ ਸਰਕਾਰੀ ਦਮਨ ਮੋਗੇ ਦੇ ਵਿਦਿਆਰਥੀਆਂ ਉੱਪਰ ਝਪਟ ਪਿਆ ਸੀ ਅਤੇ ਦੋ ਵਿਦਿਆਰਥੀ ਪੁਲੀਸ ਦੀਆਂ ਗੋਲੀਆਂ ਨਾਲ ਸ਼ਹੀਦ ਕਰ ਦਿੱਤੇ ਗਏ ਸਨ। ਅੰਦਰੇ-ਅੰਦਰ ਭਬਕਦਾ ਲੋਕ ਰੋਹ ਇੱਕ ਵਿਸ਼ਾਲ ਤੇ ਖਾੜਕੂ ਇਤਿਹਾਸਕ ਘੋਲ ਬਣਕੇ ਉੱਭਰ ਤੇ ਬਿੱਫਰ ਪਿਆ ਸੀ।

ਇਸੇ ਅਰਸੇ ਵਿੱਚ ਨਕਸਲੀ ਲਹਿਰ, ਖਾਸ ਕਰਕੇ ਸੀ.ਪੀ.ਆਈ. (ਐਮ-ਐਲ) ਸੱਤਿਆਨਰਾਇਣ ਸਿੰਘ ਦੀ ਅਗਵਾਈ ਹੇਠ ਕਿਰਤੀ ਕਿਸਾਨ ਯੂਨੀਅਨ, ਨੌਜੁਆਨ ਭਾਰਤ ਸਭਾ ਵਰਗੀਆਂ ਇਨਕਲਾਬੀ ਜਨਤਕ ਜੱਥੇਬੰਦੀਆਂ ਘੋਲ ਦੇ ਮੈਦਾਨ ਵਿੱਚ ਆ ਦਾਖਲ ਹੋਈਆਂ ਸਨ। ਇਹ ਹੀ ਉਹ ਸੁਲੱਖਣਾ ਇਤਿਹਾਸਕ ਕਾਲ ਹੈ ਜਦੋਂ ਨੌਜੁਆਨ ਆਗੂ ਬਲਦੇਵ ਸਿੰਘ ਮਾਨ ਦੀਆਂ ਇਨਕਲਾਬੀ ਸਰਗਰਮੀਆਂ ਅਤੇ ਕਮਿਊਨਿਸਟ ਇਨਕਲਾਬੀ ਕਿਰਦਾਰ ਦਾ ਨਿਰਮਾਣ ਆਰੰਭ ਅਤੇ ਵਿਕਸਤ ਹੁੰਦਾ ਹੈ।

ਨੌਜੁਆਨ ਆਗੂ ਬਲਦੇਵ ਸਿੰਘ, ਉਸਦੇ ਸੰਗਰਾਮੀ ਸਾਥੀ ਸੁਖਰਾਜ ਸਿੰਘ ਛੀਨਾ, ਹਰਦੇਵ ਸਿੰਘ ਛੀਨਾ, ਸਰਬਜੀਤ ਸਿੰਘ ਭਿੱਟੇਵੱਢ, ਜਗੀਰ ਸਿੰਘ ਖੇਮਕਰਨ, ਬਲਰਾਜ ਸਿੰਘ ਜਗਦੇਵ ਕਲਾਂ, ਜਗਤਾਰ ਸਿੰਘ, ਅਨੇਕਾਂ ਹੋਰ ਆਗੂ ਸਾਥੀ ਨੌਜਵਾਨ ਭਾਰਤ ਸਭਾ ਦੀ ਉਸਾਰੀ ਵਿੱਚ ਜੁਟ ਜਾਂਦੇ ਹਨ। ਦੇਖਦੇ ਹੀ ਦੇਖਦੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਨੌਜਵਾਨ ਜਾਗਰਤੀ ਅਤੇ ਸਰਗਰਮੀ ਦੀ ਇੱਕ ਬੇਰੋਕ ਹਵਾ ਵਗਣ ਲੱਗਦੀ ਹੈ। ਨੌਜਵਾਨ ਭਾਰਤ ਸਭਾ ਪਿੰਡਾਂ ਦੇ ਘੜੰਮ-ਚੌਧਰੀਆਂ, ਜਖੀਰੇਬਾਜਾਂ, ਬਲੈਕੀਆਂ, ਮੁਖਬਰਾਂ ਅਤੇ ਲਠੈਤਾਂ ਦੀ ਨੀਂਦ ਹਰਾਮ ਕਰਨ ਲੱਗਦੀ ਹੈ। ਇਉਂ ਜਾਪਦਾ ਸੀ ਜਿਵੇਂ ਇੱਕ ਸਾਗਰ-ਮੰਥਨ ਹੋ ਰਿਹਾ ਸੀ ਅਤੇ ਦੇਵਤੇ ਸਮੂਹ ਰਾਖਸ਼ਾਂ ਨੂੰ ਚੁਣੌਤੀ ਦੇਣ ਲੱਗ ਪਏ ਹਨ।

ਨੌਜਵਾਨ ਤੇ ਵਿਦਿਆਰਥੀ ਆਗੂ ਬਲਦੇਵ ਸਿੰਘ ਮਾਨ ਇਸ ਸਾਗਰ-ਮੰਥਨ (ਸਮੁੰਦਰ ਰਿੜਕਣ) ਵਿੱਚ ਪ੍ਰਾਪਤ ਹੋਇਆ ਇੱਕ ਅਨਮੋਲ ਹੀਰਾ ਸੀ। ਕੁੱਝ ਮਹੀਨਿਆਂ ਵਿੱਚ ਹੀ ਸਾਰੇ ਜ਼ਿਲ੍ਹੇ ਵਿੱਚ ਨੌਜਵਾਨ ਭਾਰਤ ਸਭਾ ਦੀਆਂ ਇਕਾਈਆਂ ਸਥਾਪਿਤ ਹੋਣ ਲੱਗੀਆਂ ਸਨ।

ਨੌਜਵਾਨ ਆਗੂ ਸਾਥੀ ਮਾਨ ਵਿਦਿਆਰਥੀਆਂ ਨੂੰ ਵੀ ਜੱਥੇਬੰਦ ਕਰਦਾ ਸੀ। ਅੰਮ੍ਰਿਤਸਰ ਵਿੱਚ ਗੁਰਸ਼ਰਨ ਭਾਅ ਜੀ ਦੀਆਂ ਸੱਭਿਆਚਾਰਕ ਸਰਗਰਮੀਆਂ ਦਾ ਅੰਗ ਵੀ ਬਣਦਾ ਸੀ ਅਤੇ ਕਦੇ-ਕਦੇ ਆਪਣੀ ਨਿੱਕੀ ਨਾਟਕ ਟੋਲੀ ਨਾਲ ਨਾਟਕ ਵੀ ਖੇਲ ਲੈਂਦਾ ਸੀ। ਮਾਨ ਦੀ ਪ੍ਰਤਿਭਾ ਬਹੁ-ਪੱਖੀ ਹੋਣ ਕਰਕੇ ਉਹ ਕਹਾਣੀ ਦੀ ਰਚਨਾ ਵੀ ਕਰ ਲੈਂਦਾ ਸੀ।

ਨੌਜਵਾਨ ਭਾਰਤ ਸਭਾ ਦੀ ਅਗਵਾਈ ਵਿੱਚ ਨੌਜਵਾਨ ਲਹਿਰ ਦੇ ਸਾਹਮਣੇ ਕਈ ਸਮੱਸਿਆਵਾਂ ਵੀ ਆਉਂਦੀਆਂ ਸਨ। ਕਿਸੇ ਵਿੱਚ 'ਲੀਡਰ' ਬਣਨ ਦੀ ਲਾਲਸਾ ਉੱਭਰਕੇ ਬੰਦਿਆਂ ਨੂੰ ਚੌਧਰੀ ਬਣਨ ਵੱਲ ਤੋਰ ਦਿੰਦੀ, ਕਿਸੇ ਨੂੰ ਕਿਸੇ ਖਾਸ ਸਿਆਸੀ ਪਾਰਟੀ ਦੇ ਹਿੱਤਾਂ ਦੀ ਸੇਵਾ ਵੱਲ ਧੱਕਦੀ ਅਤੇ ਕਿਸੇ ਨੂੰ ਸਿਰਫ ਨੌਜਵਾਨਾਂ ਦੀ ਸਰਗਰਮੀ ਤੱਕ ਸੀਮਿਤ ਕਰਨ ਵੱਲ ਲੈ ਤੁਰਦੀ। ਮਾਨ ਨੂੰ ਇਨ੍ਹਾਂ ਸਾਰੇ ਗ਼ਲਤ ਤੇ ਭਟਕਾਊ ਰੁਝਾਨਾਂ ਦਾ ਟਾਕਰਾ ਕਰਨਾ ਪੈਂਦਾ ਸੀ। ਸਾਥੀ ਮਾਨ ਨੇ ਆਪਣੇ ਵਿਚਾਰਾਂ ਦੀ ਪ੍ਰਪੱਕਤਾ ਅਤੇ ਜੱਥੇਬੰਦਕ ਯੋਗਤਾ ਨਾਲ ਇਨਾਂ ਸਾਰੇ ਗ਼ਲਤ ਰੁਝਾਨਾਂ ਉੱਪਰ ਕਾਬੂ ਪਾਉਣਾ ਸਿੱਖ ਲਿਆ ਸੀ।

ਨੌਜੁਆਨ ਭਾਰਤ ਸਭਾ ਦੀ ਅਗਵਾਈ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕਿਸਾਨਾਂ ਤੇ ਸਨਅਤੀ ਮਜ਼ਦੂਰਾਂ ਤੇ ਨੌਜੁਆਨਾਂ ਦੀ ਲੋਕ-ਲਹਿਰ ਦੀ ਉਸਾਰੀ ਦਾ ਕਾਰਜ ਚੱਲ ਹੀ ਰਿਹਾ ਸੀ ਕਿ ਉਪਰੋਂ ਐਮਰਜੈਂਸੀ ਦੀ ਬਿੱਜ ਆਣ ਡਿੱਗੀ।

ਨੌਜੁਆਨ ਲਹਿਰ ਅਤੇ ਨੌਜਵਾਨ ਭਾਰਤ ਸਭਾ ਲਈ ਆਪਣੇ ਆਪ ਨੂੰ ਸੰਭਾਲਣ ਅਤੇ ਆਪਣੀ ਸਰਗਰਮੀ ਦੇ ਨਵੇਂ ਰੂਪਾਂ ਨੂੰ ਖੋਜਣ ਦੀ ਚੁਣੌਤੀ ਪੇਸ਼ ਕੀਤੀ। ਇਸ ਸਮੇਂ ਵਿੱਚ, ਸਾਥੀ ਮਾਨ ਨੇ ਆਪਣੀ ਸਰਗਰਮੀ ਤੇ ਜੀਵਨ-ਸੰਗਰਾਮ ਦੇ ਸਫ਼ਰ ਨੂੰ ਲਗਾਤਾਰਤਾ ਤੇ ਅਰਪਨਾ ਪਰਦਾਨ ਕਰਨ ਦਾ ਅਸਲ ਅਤੇ ਕਮਿਊਨਿਸਟ ਇਨਕਲਾਬੀ ਵਿਚਾਰਾਂ ਨੂੰ ਅੰਗੀਕਾਰ ਕਰਨ ਦੀ ਅਟੱਲਤਾ ਨੂੰ ਦਿਲੋਂ-ਮਨੋਂ ਮਹਿਸੂਸ ਕਰਦੇ ਹੋਏ, ਇਨ੍ਹਾਂ ਵਿੱਚ ਪ੍ਰਪੱਕਤਾ ਪ੍ਰਾਪਤ ਕਰਨ ਦਾ ਰਾਹ ਚੁਣ ਲਿਆ ਸੀ। ਹੁਣ ਸਾਥੀ ਮਾਨ ਸਿਰਫ ਇੱਕ ਨੌਜੁਆਨ ਆਗੂ ਹੀ ਨਹੀਂ ਸਗੋਂ ਇੱਕ ਕਮਿਊਨਿਸਟ ਇਨਕਲਾਬੀ ਆਗੂ ਵਜੋਂ ਵੀ ਉੱਭਰ ਆਇਆ ਸੀ।

ਐਮਰਜੈਂਸੀ ਚੁੱਕੀ ਜਾਣ ਦੇ ਮਗਰੋਂ ਸਾਥੀ ਮਾਨ ਨੇ ਆਪਣੀ ਬਹੁ-ਪੱਖੀ ਸਰਗਰਮੀ ਦੀ ਨਿਰੰਤਰਤਾ ਨੂੰ ਹੋਰ ਵਿਕਸਤ ਕੀਤਾ। ਉਸ ਨੇ ਪਾਰਟੀ ਦੇ ਆਗੂ ਸਾਥੀ ਭਗਵੰਤ ਸਿੰਘ ਉਰਫ ਹੌਲਦਾਰ ਦੀ ਅਗਵਾਈ ਤੇ ਸਹਿਯੋਗ ਨਾਲ ਨੌਜੁਆਨ ਲਹਿਰ ਦੇ ਬੁਲਾਰੇ 'ਲਲਕਾਰ' ਦੀ ਪ੍ਰਕਾਸ਼ਨਾ ਆਰੰਭ ਕੀਤੀ। ਇਸ ਦੀ ਲਗਾਤਾਰ ਪ੍ਰਕਾਸ਼ਨਾ, ਵੰਡ ਅਤੇ ਸੱਜਰੀ ਲਿਖਤ-ਸਮੱਗਰੀ ਕਾਰਨ ਇਹ ਮਾਸਕ ਪੱਤਰ ਕੁੱਝ ਮਹੀਨਿਆਂ ਵਿੱਚ ਹੀ ਆਪਣੀ ਵਿਲੱਖਣ ਨੁਹਾਰ ਤੇ ਪਛਾਣ ਸਥਾਪਿਤ ਕਰ ਗਿਆ ਸੀ। ਇੱਕ ਵਾਰ ਜਦ ਇਸ ਦੀਆਂ ਆਰਥਿਕ ਸਮੱਸਿਆਵਾਂ ਗੰਭੀਰ ਹੋ ਗਈਆਂ ਤਾਂ ਇਸਦਾ ਸੰਪਾਦਕ ਸਾਥੀ ਮਾਨ ਆਪਣਾ ਸੋਨੇ ਦਾ ਕੜਾ ਗਿਰਵੀ ਰੱਖਣ ਤੋਂ ਵੀ ਨਹੀਂ ਝਿਜਕਿਆ ਸੀ।

ਐਮਰਜੈਂਸੀ ਹਟਾਏ ਜਾਣ ਮਗਰੋਂ ਹੋਈ ਪੰਜਾਬ ਵਿਧਾਨ ਸਭਾ ਦੀ ਚੋਣ ਵੇਲੇ ਸਾਥੀ ਮਾਨ ਸੀ.ਪੀ.ਆਈ. (ਐਮ-ਐਲ) ਸੱਤਿਆਨਰਾਇਣ ਸਿੰਘ ਦਾ ਰਾਜਾਸਾਂਸੀ ਤੋਂ ਉਮੀਦਵਾਰ ਬਣਨ ਲਈ ਮੈਦਾਨ ਵਿੱਚ ਆਣ ਗੱਜਿਆ ਸੀ। ਇਸ ਚੋਣ ਵਿੱਚ ਸਾਥੀ ਮਾਨ, ਉਸਦੀ ਧੜੱਲੇਦਾਰ ਟੀਮ ਅਤੇ ਪਾਰਟੀ-ਜੱਥੇਬੰਦੀ ਦੀ ਕਾਰਗੁਜ਼ਾਰੀ ਨੇ ਸੀ.ਪੀ.ਐਮ. ਦੇ ਉਮੀਦਵਾਰ ਸ਼੍ਰੀ ਦਲੀਪ ਸਿੰਘ ਟਪਿਆਲਾ ਤੇ ਉਹਨਾਂ ਦੀ ਪਾਰਟੀ ਅਤੇ ਕਾਂਗਰਸੀ, ਅਕਾਲੀ ਆਗੂਆਂ ਨੂੰ ਵੀ ਚਿੰਤਾ ਵਿੱਚ ਪਾ ਦਿੱਤਾ ਸੀ। ਇਸ ਚੋਣ ਵਿੱਚ ਸਾਥੀ ਮਾਨ ਤੇ ਉਸ ਦੀ ਪਾਰਟੀ ਨੂੰ ਪਈਆਂ ਲਗਭਗ 10 ਹਜ਼ਾਰ ਵੋਟਾਂ ਨੇ ਸਾਰੇ ਵਿਰੋਧੀਆਂ ਨੂੰ ਹੈਰਾਨ ਕਰ ਦਿੱਤਾ ਸੀ। ਕਮਿਊਨਿਸਟ ਇਨਕਲਾਬੀ ਕੈਂਪ ਵੀ ਜਨਤਕ-ਅਧਾਰ ਦੀ ਇਸ ਪ੍ਰਾਪਤੀ ਤੋਂ ਪ੍ਰਭਾਵਿਤ ਹੋਏ ਬਗੈਰ ਨਹੀਂ ਸੀ ਰਹਿ ਸਕਿਆ। ਪੰਜਾਬ ਵਿੱਚ ਖਾਸ ਕਰਕੇ ਅੰਮ੍ਰਿਤਸਰ ਵਿੱਚ ਖਾਲਿਸਤਾਨੀ ਤੇ ਸਰਕਾਰੀ ਫਿਰਕੂ ਦਹਿਸ਼ਤ, ਸਾਕਾ ਨੀਲਾ ਤਾਰਾ, ਭਾਰਤ ਵਿੱਚ ਸਿੱਖ ਭਾਈਚਾਰੇ ਦੇ ਕਤਲੇਆਮ ਦੇ ਬਾਵਜੂਦ ਵੀ ਸਾਥੀ ਮਾਨ ਤੇ ਉਨਾਂ ਦੀ ਪਾਰਟੀ ਆਪਣੇ ਇਸ ਜਨਤਕ ਸਿਆਸੀ ਅਧਾਰ ਨੂੰ ਬਚਾਉਣ ਵਿੱਚ ਸਫ਼ਲ ਰਹੀ ਸੀ। ਬਿੱਲ-ਬਾਈਕਾਟ 'ਤੇ ਉਸਰੀ ਵਿਸ਼ਾਲ ਤੇ ਖਾੜਕੂ ਕਿਸਾਨ ਲਹਿਰ, ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਦਾ ਠੋਸ ਪ੍ਰਭਾਵ ਵੀ ਸੀ ਕਿ 1985 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਾਥੀ ਮਾਨ ਅਤੇ ਉਨ੍ਹਾਂ ਦੀ ਪਾਰਟੀ ਆਪਣੀ ਵੋਟ-ਗਿਣਤੀ ਨੂੰ ਸਾਂਭਣ-ਭੁਗਤਾਉਣ ਵਿੱਚ ਸਫ਼ਲ ਰਹੀ ਸੀ।

ਮਈ 1983 ਵਿੱਚ ਪੰਚਾਇਤ ਚੋਣਾਂ ਆ ਡਿੱਗੀਆਂ। ਸਾਥੀ ਮਾਨ ਛੇਤੀ ਹੀ ਇਨ੍ਹਾਂ ਦੀ ਨਿਭਾਹਟ ਅਤੇ ਗੁੰਝਲਾਂ 'ਚੋਂ ਛੇਤੀ ਹੀ ਨਿਕਲਕੇ, ਬਿੱਲ ਬਾਈਕਾਟ ਦੇ ਨਾਅਰੇ ਅਧੀਨ ਕਿਸਾਨ ਮੋਰਚੇ 'ਤੇ ਆਣ ਡਟੇ। ਪਿੰਡ ਪੁਰ ਪਿੰਡ ਕਿਸਾਨ ਕਮੇਟੀਆਂ ਉਸਰਨ ਲੱਗੀਆਂ ਤੇ ਬਿੱਲ ਬਾਈਕਾਟ ਲਾਗੂ ਹੋਣ ਲੱਗਾ। ਸਰਕਾਰੀ ਤੇ ਫ਼ਿਰਕੂ ਦਹਿਸ਼ਤ ਦੇ ਮਾਰੂ, ਦਹਿਸ਼ਤੀ ਤੇ ਭਟਕਾਊ ਪ੍ਰਭਾਵ ਦੇ ਬਾਵਜੂਦ ਅਜਨਾਲਾ, ਖੇਮਕਰਨ, ਝਬਾਲ ਆਦਿ ਥਾਵਾਂ ਤੇ ਕਿਰਤੀ ਕਿਸਾਨ ਯੂਨੀਅਨ ਦੇ ਲਾਲ ਪਿਛੋਕੜ, ਹਲ੍ਹ ਤੇ ਖੰਡੇ ਵਾਲੇ ਝੰਡੇ ਦੀ ਅਗਵਾਈ ਵਿੱਚ ਭਰਵੀਆਂ ਤੇ ਜੋਸ਼ ਭਰਪੂਰ ਕਿਸਾਨ-ਕਾਨਫਰੰਸਾਂ ਹੋਣ ਲੱਗੀਆਂ। ਸਾਥੀ ਮਾਨ, ਉਸਦੇ ਜੁਝਾਰੂ ਸਾਥੀਆਂ ਅਤੇ ਪਾਰਟੀ ਦਾ ਇਹ ਕਾਰਜ ਇੱਕ ਇਤਿਹਾਸਕ ਕਾਰਜ ਸੀ ਜਿਸ ਨੇ ਸਪੱਸ਼ਟ ਦਰਸਾ ਦਿੱਤਾ ਸੀ ਕਿ ਫਿਰਕੂ ਤੇ ਸਰਕਾਰੀ ਦਹਿਸ਼ਤ ਦੇ ਟਾਕਰੇ ਲਈ ਵਿਸ਼ਾਲ ਕਿਸਾਨ ਤੇ ਲੋਕ-ਲਹਿਰ ਇੱਕ ਅਟੱਲ ਲੋੜ ਹੁੰਦੀ ਹੈ। ਇਸਨੇ ਇਹ ਵੀ ਸਾਬਤ ਕਰ ਦਿੱਤਾ ਕਿ ਫਿਰਕੂ ਦਹਿਸ਼ਤ ਨਾਲ ਜੂਝਣਾ ਵੀ ਅਟੱਲ ਹੁੰਦਾ ਹੈ ਅਤੇ ਜਨਤਕ ਮੋਰਚੇ ਉੱਪਰ ਲਾਮਬੰਦੀ ਕਰਨਾ ਵੀ ਅਟੱਲ ਹੁੰਦਾ ਹੈ। ਇਸ ਦਲੇਰ, ਧੜੱਲੇਦਾਰ ਅਤੇ ਫੁਰਤੀਲੀ ਕਿਸਾਨ-ਲਾਮਬੰਦੀ ਦਾ ਹੀ ਸਿੱਟਾ ਸੀ ਕਿ ਮਾਰਚ 1984 ਵਿੱਚ ਚੰਡੀਗੜ੍ਹ ਵਿੱਚ ਕੀਤੇ ਗਏ ਸੂਬਾ-ਪੱਧਰੀ ਕਿਸਾਨ ਮੁਜਾਹਰੇ ਵਿੱਚ ਫਿਰਕੂ ਦਹਿਸ਼ਤ ਨਾਲ ਝੰਬੇ ਹੋਏ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਵਿੱਚੋਂ ਸਾਥੀ ਮਾਨ ਦੀ ਅਗਵਾਈ ਹੇਠ 74 ਟਰੱਕ ਲੈਕੇ ਪੁੱਜੇ ਸੀ, ਰੈਲੀ ਅਤੇ ਮੁਜ਼ਾਹਰੇ ਦੇ ਅੰਤ ਤੱਕ ਅੰਮ੍ਰਿਤਸਰੋਂ ਟਰੱਕਾਂ ਦੀ ਲਾਮਡੋਰੀ ਲੱਗੀ ਰਹੀ ਸੀ। ਇਸ ਸਫ਼ਲ ਕਿਸਾਨ ਲਾਮਬੰਦੀ ਨਾਲ ਸਾਥੀ ਮਾਨ ਦੀ ਪਾਰਟੀ, ਸਾਥੀ ਮਾਨ ਦੀ ਟੀਮ ਨੇ ਭਵਿੱਖ ਦੀਆਂ ਚੁਣੌਤੀਆਂ ਨਾਲ ਸਿੱਝਣ ਲਈ ਇੱਕ ਸੁਰੱਖਿਆ ਅਧਾਰ ਸਥਾਪਤ ਕਰਨ ਦਾ ਕਾਰਜ ਸਿਰੇ ਚਾੜ੍ਹਿਆ ਸੀ।

ਪਰ ਸਾਕਾ ਨੀਲਾ ਤਾਰਾ ਨੇ ਇਸ ਲਾਮਬੰਦੀ ਵਿੱਚ ਅੜਿੱਕਾ ਢਾਹ ਦਿੱਤਾ। ਕਿਸਾਨ ਘੋਲ ਦੀ ਰਾਖੀ ਦੀਆਂ ਸਮੱਸਿਆਵਾਂ, ਦੋਹਾਂ ਕਿਸਮਾਂ ਦੀ ਦਹਿਸ਼ਤ ਨਾਲ ਨਿਪਟਦੇ ਹੋਏ ਫੌਜ ਦੇ ਜਬਰ ਦਾ ਸਾਹਮਣਾ ਕਰਨ ਦੀ ਸਮੱਸਿਆ ਨਾਲ ਵੀ ਨਿਪਟਣਾ ਪੈ ਗਿਆ ਸੀ। ਫੌਜੀ ਅਧਿਕਾਰੀਆਂ ਨੇ ਕੁਝ ਸਾਥੀ ਗ੍ਰਿਫਤਾਰ ਕਰ ਲਏ ਸਨ ਅਤੇ ਉਨ੍ਹਾਂ ਉੱਪਰ ਘੋਰ ਤਸ਼ੱਦਦ ਕੀਤਾ ਸੀ। ਇਨਾਂ ਸਾਰਿਆਂ ਤੇ ਸਰਹੱਦ ਉੱਪਰ ਕੰਡੇਦਾਰ ਤਾਰ ਲਾਉਣ ਨਾਲ ਸਰਹੱਦੀ ਪੱਟੀ ਦੇ ਕਿਸਾਨਾਂ ਦੀਆਂ ਨਵੀਆਂ ਮੁਸ਼ਕਲਾਂ ਆ ਖੜੀਆਂ ਹੋਈਆਂ। ਇਸ ਤ੍ਰਾਸਦਿਕ ਮਾਹੌਲ ਵਿੱਚ ਦਿੱਲੀ ਵਿੱਚ ਇੱਕ ਰੈਲੀ ਤੇ ਮੁਜ਼ਾਹਰਾ 1985 ਵਿੱਚ ਲਾਮਬੰਦ ਕੀਤਾ ਗਿਆ ਜਿਸ ਵਿੱਚ ਅੰਮ੍ਰਿਤਸਰ ਦੀ ਸਰਹੱਦੀ ਪੱਟੀ ਦੇ ਕਿਸਾਨਾਂ ਦੀ ਗਿਣਨਯੋਗ ਗਿਣਤੀ ਨੂੰ ਦਿੱਲੀ ਲਿਜਾਣ ਦੀ ਚੁਣੌਤੀ ਵੀ ਸਾਥੀ ਮਾਨ ਤੇ ਉਨਾਂ ਦੀ ਟੀਮ ਨੇ ਕਬੂਲ ਕੀਤੀ ਸੀ। ਸਾਕਾ ਨੀਲਾ ਤਾਰਾ ਸਮੇਂ ਸਾਥੀ ਹਿਰਾਵਲ ਦਸਤਾ ਮਾਸਕ ਪੱਤਰ ਦੇ ਸੰਪਾਦਕ ਸਨ। ਉਨ੍ਹਾਂ ਨੇ ਇਹ ਘਟਨਾ ਮਗਰੋਂ ਪ੍ਰਕਾਸ਼ਿਤ ਕੀਤੇ ਅੰਕ ਵਿੱਚ ਸੰਪਾਦਕੀ ਲੇਖ ਠੋਕ ਕੇ ਲਿਖਿਆ ਸੀ ਜਿਸਦਾ ਸਿਰਲੇਖ ਸੀ "ਫੌਜੀ ਬੂਟਾਂ ਹੇਠ ਲਿਤਾੜੀ ਪੰਜਾਬ ਦੀ ਧਰਤੀ" ਜਿਸ ਵਿੱਚ ਫੌਜੀ-ਕਾਰਵਾਈ ਦੀ ਬੇਖੌਫ਼ ਨਿਖੇਧੀ ਕੀਤੀ ਗਈ ਸੀ ਅਤੇ ਕਾਂਗਰਸ-ਸਰਕਾਰ ਦੀਆਂ ਫ਼ਿਰਕੂ ਤੇ ਹਿੰਦੂ-ਪੱਤਾ ਵਰਤਣ ਦੀਆਂ ਨੀਤੀਆਂ ਦੀ ਜ਼ੋਰਦਾਰ ਆਲੋਚਨਾ ਕੀਤੀ ਗਈ ਸੀ।

ਜ਼ਿਲ੍ਹੇ ਤੇ ਸੂਬੇ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਸਾਥੀ ਮਾਨ ਪੰਜਾਬ ਦੇ ਦੂਸਰੇ ਜ਼ਿਲ੍ਹਿਆਂ ਦੇ ਘੋਲਾਂ ਦਾ ਵੀ ਸਰਗਰਮ ਅੰਗ ਬਣੇ ਰਹੇ। ਅਗਸਤ-ਸਤੰਬਰ ਵਿੱਚ ਉਹ ਨਵਾਂਸ਼ਹਿਰ ਦੇ ਕਿਸਾਨਾਂ ਦੇ ਗੰਨਾ-ਘੋਲ ਵਿੱਚ ਸਰਗਰਮੀ ਨਾਲ ਸ਼ਾਮਲ ਹੋਏ। ਇੱਥੇ ਹੀ ਉਨਾਂ ਨੂੰ ਆਪਣੀ ਬੇਟੀ ਦੇ ਜਨਮ ਦੀ ਸ਼ੁਭ-ਖ਼ਬਰ ਮਿਲੀ ਸੀ ਅਤੇ ਇੱਥੇ ਹੀ ਉਨਾਂ ਨੇ ਸਮਾਂ ਕੱਢ ਕੇ ਆਪਣੀ ਨਵ-ਜਨਮੀ ਬੇਟੀ ਦੇ ਨਾਂ ਉਹ ਖ਼ਤ ਲਿਖਿਆ ਸੀ ਜੋ ਇੱਕ ਅਮਰ ਅਤੇ ਇਤਿਹਾਸਕ ਦਸਤਾਵੇਜ ਹੋ ਨਿੱਬੜਿਆ ਸੀ।

ਨਵਾਂਸ਼ਹਿਰੋਂ ਉਹ 24 ਸਤੰਬਰ ਦੀ ਸ਼ਾਮ ਨੂੰ ਵਿਦਾ ਹੋਏ ਸਨ। ਸਭ ਸਾਵਧਾਨੀਆਂ ਰੱਖਦੇ ਹੋਏ ਉਹ 25 ਸਤੰਬਰ ਨੂੰ ਬੱਗਾ ਕਲਾਂ ਆਪਣੇ ਪਿੰਡ ਜਾ ਪਹੁੰਚੇ। 26 ਸਤੰਬਰ ਨੂੰ ਉਨ੍ਹਾਂ ਦੀ ਸ਼ਹੀਦੀ ਹੋ ਗਈ।

ਸਾਥੀ ਮਾਨ ਦੀ ਸ਼ਹੀਦੀ ਦਾ ਝਟਕਾ ਅਤੇ ਨੁਕਸਾਨ ਇੱਕ ਅਸਹਿ ਝਟਕਾ ਅਤੇ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਸੀ। ਇਸ ਖਤਰਿਆਂ ਭਰੇ ਸਮੇਂ ਵਿੱਚ ਉਨਾਂ ਦੇ ਯੁੱਧ ਸਾਥੀ ਸਰਬਜੀਤ ਸਿੰਘ ਭਿੱਟੇਵੱਢ ਨੇ ਜੱਥੇਬੰਦੀ ਅਤੇ ਲੋਕ-ਸੰਘਰਸ਼ ਦੀ ਕਮਾਂਡ ਅੱਗੇ ਹੋ ਕੇ ਸੰਭਾਲੀ। ਸਾਥੀ ਸੁਖਰਾਜ ਸਿੰਘ ਛੀਨਾ, ਸਾਧੂ ਸਿੰਘ ਛੀਨਾ ਅਤੇ ਕਈ ਹੋਰ ਸਾਥੀ ਉਨਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਤੁਰਦੇ ਰਹੇ। ਮਗਰੋਂ ਮਾਰਚ 1990 ਤੱਕ ਜਾਂਦੇ ਹੋਏ ਪੰਜਾਬ ਤੇ ਜ਼ਿਲ੍ਹੇ ਦੇ ਕਈ ਸਾਥੀ, ਸਾਥੀ ਬਲਵੰਤ ਸਿੰਘ ਕਾਲਾ ਅਫਗਾਨਾ, ਸਾਥੀ ਹਰਦੇਵ ਬੱਬੂ, ਸਾਥੀ ਜੈਮਲ ਸਿੰਘ ਪੱਡਾ, ਸਾਥੀ ਅਮਰੀਕ ਸਿੰਘ ਪਨਿਆੜ ਸ਼ਹੀਦ ਹੋ ਗਏ ਅਤੇ ਮਈ 1990 ਵਿੱਚ ਹੀ ਆਪਣੇ ਪਿਆਰੇ ਸਾਥੀਆਂ ਦੀਆਂ ਅਮਿੱਟ ਪੈੜਾਂ 'ਤੇ ਚੱਲਦੇ ਹੋਏ ਸਾਥੀ ਸਰਬਜੀਤ ਸਿੰਘ ਭਿੱਟੇਵੱਢ ਅਤੇ ਸਾਥੀ ਬਲਵਿੰਦਰ ਸਿੰਘ ਛੀਨਾ ਵੀ ਸ਼ਹੀਦ ਹੋ ਗਏ। ਸਾਥੀ ਸੁਖਰਾਜ ਸਿੰਘ ਛੀਨਾ ਖਾਲਿਸਤਾਨੀ ਦਹਿਸ਼ਤ ਦੇ ਹਮਲਿਆਂ ਦਾ ਟਾਕਰਾ ਕਰਦੇ ਹੋਏ, ਸ਼ਹੀਦਾਂ ਦੀ ਜਗਾਈ ਮਸ਼ਾਲ ਦੀ ਰਾਖੀ ਕਰਦੇ ਰਹੇ।

ਮਾਨ ਵਰਗੇ ਲੋਕ-ਆਗੂਆਂ ਦਾ ਹਰੇਕ ਕੰਮ ਅਤੇ ਹਰੇਕ ਬੋਲ ਉਨਾਂ ਦੇ ਸਮੁੱਚੇ ਅਮਲਾਂ ਦੀ ਮਾਲਾ ਦਾ ਮੋਤੀ ਹੁੰਦਾ ਹੈ, ਕੋਈ ਛੋਟਾ ਕੋਈ ਵੱਡਾ, ਜਿਹੜਾ ਉਨਾਂ ਨੂੰ ਖ਼ੁਦ-ਬ-ਖ਼ੁਦ ਅਮਰਤਾ ਤੇ ਸਦੀਵਤਾ ਬਖਸ਼ ਦਿੰਦਾ ਹੈ। ਮਾਨ ਦਾ ਬੇਟੀ ਸੋਨੀਆ ਨੂੰ ਲਿਖਿਆ ਖ਼ਤ ਵੀ ਇਹ ਹੀ ਦਰਜਾ ਰੱਖਦਾ ਹੈ। ਇਸ ਖ਼ਤ ਦੀ ਰੌਸ਼ਨੀ ਅਤੇ ਰੂਹ ਮਾਨ ਦੀ ਸਖਸ਼ੀਅਤ ਅਤੇ ਕਾਰਜਾਂ ਨੂੰ ਆਪਣੇ-ਆਪ ਹੀ ਪ੍ਰਕਾਸ਼ਮਾਨ ਕਰੀ ਜਾਂਦੀ ਹੈ। ਇਸ ਖ਼ਤ ਰਾਹੀਂ ਮਾਨ ਆਪਣੇ ਕਾਰਜਾਂ ਦਾ ਖ਼ੁਦ ਹੀ ਪੇਸ਼ਕਰਤਾ ਬਣ ਗਿਆ ਸੀ। ਇਹ ਖ਼ਤ ਦੁਨੀਆਂ ਤੇ ਦੇਸ਼ ਦੀਆਂ ਕਈ ਭਾਸ਼ਾਵਾਂ ਵਿੱਚ ਅਨੁਵਾਦ ਹੋ ਕੇ ਸੰਚਾਰਤ ਤੇ ਪ੍ਰਸਾਰਿਤ ਹੁੰਦਾ ਰਿਹਾ ਹੈ।

ਸਾਥੀ ਮਾਨ ਦੀ ਅਦੁੱਤੀ ਜੀਵਨ-ਗਾਥਾ ਨਵੀਆਂ ਪੀੜੀਆਂ ਲਈ ਅਭੁੱਲ ਪ੍ਰੇਰਨਾ ਬਣਨ ਦੀ ਸਮਰੱਥਾ ਰੱਖਦੀ ਹੈ।

## ਨਰਕਕੁੰਡ ਦਾ ਹਿਟਲਰ



ਨਰਕਕੁੰਡ 'ਚ ਕਿਹੜੀ ਬੰਦੂਆ ਮਜਦੂਰੀ
ਕਰਦਾ ਹੈ, ਹਿਟਲਰ?

ਉਹ ਦੀਵਾਰਾਂ ਰੰਗਦਾ ਹੈ ਜਾਂ ਲਾਸ਼ਾਂ ਦੇ ਪਿੰਜਰ?
ਕੀ ਉਹ ਸੁੰਘਦਾ ਹੈ ਮੁਰਦਿਆਂ ਦੀ ਗੰਧ ਦਾ ਧੂੰਆਂ ?

ਕੀ ਉਹ ਉਸਨੂੰ ਖਵਾਉਂਦੇ ਹਨ ਖਾਕ
ਉਹਨਾਂ ਸਾਰੇ ਮਰੇ ਹੋਏ ਬੱਚਿਆਂ ਦੀ ?

ਜਾਂ ਮਰਨ ਤੋਂ ਬਾਅਦ ਉਸਨੂੰ ਮਿਲਦਾ ਹੈ ਲਹੂ
ਚਿਮਨੀ ਨਾਲ ਪੀਣ ਲਈ ?

ਜਾਂ ਕੀ ਉਹ ਉਸਦੇ ਮੂੰਹ ਵਿੱਚ ਹਥੌੜੇ ਨਾਲ ਠੋਕਦੇ ਹਨ
ਖਿੱਚ ਕੇ ਕੱਢੇ ਗਏ ਸੋਨੇ ਦੇ ਸਾਰੇ ਦੰਦ ?

ਕੀ ਉਹ ਉਸਨੂੰ ਸੁਲਾਉਂਦੇ ਹਨ
ਉਸਦੀ ਕੰਢੀਆਲੀ ਤਾਰ ਦੀ ਵਾੜ ਉੱਤੇ ?

ਜਾਂ ਉਹ ਉਸਦੀ ਚਮੜੀ ਉੱਤੇ ਬਣਾਉਂਦੇ ਹਨ ਚਿੱਤਰ
ਨਰਕ ਦੇ ਦੀਵਿਆਂ ਲਈ ?

ਜਾਂ ਲਪਟਾਂ ਦੇ ਕਾਲੇ ਕੁੱਤੇ
ਵੱਡਦੇ ਹਨ ਉਸਨੂੰ ਬੇਰਹਿਮੀ ਨਾਲ ?

ਜਾਂ ਕੀ ਉਸਨੂੰ ਬਿਨਾਂ ਅਰਾਮ ਕੀਤੇ ਕਰਨਾ ਪੈਂਦਾ ਹੈ ਸਫਰ
ਆਪਣੇ ਸੈਨਿਕਾਂ ਨਾਲ ਦਿਨ-ਰਾਤ ?

ਜਾਂ ਗੈਸ ਦੇ ਨਜਦੀਕ ਸਦੀਵੀ
ਉਸਨੂੰ ਮਰਨਾ ਚਾਹੀਦਾ ਹੈ ਬੇਮੌਤ ?

**ਪਾਬਲੋ ਨੈਰੂਦਾ**
**ਅਨੁਵਾਦ - ਮਨਦੀਪ**

## ਚੋਣਾਂ

ਆ ਗਈਆਂ ਵੋਟਾਂ
ਜਿਤਣਾ ਉਨ੍ਹਾਂ ਨੇ
ਮਨ ਜਿਨ੍ਹਾਂ ਦੇ
ਖੋਟਾਂ।

ਭੁੱਲ ਜਾਣਗੇ ਸਭ
ਜੰਤਰ ਮੰਤਰ
ਝੂਮ ਉਠਣਗੇ ਸਾਰੇ
ਪੰਜ ਰਤਨੀ ਵੰਡੂ
ਸਾਡਾ ਵੋਟ ਤੰਤਰ ।

ਮੁਰਦਾਬਾਦ ਹੁਣ ਜ਼ਿੰਦਾਬਾਦ ਹੋਊ
ਫਸਲਾਂ ਦੇ ਭਾਅ ਵਾਲਾ
ਗੱਡੀਆਂ ਭਰ ਭਰ ਵੋਟਾਂ
ਬੂਥ ਤੇ ਪੱਕਾ ਢੋਊ ।

ਨੀਲੇ ਚਿੱਟਿਆਂ ਨੇ
ਚੱਟ ਲਈ ਜਵਾਨੀ
ਵੋਟਾਂ ਆਈਆਂ
ਵੋਟਾਂ ਆਈਆਂ
ਖੇਡਣ ਖੇਡ ਇਹ ਭਲਵਾਨੀ ।



ਜਿਤੋਂਗੇ ਤੁਸੀਂ ਮੋਤੀਆਂ ਵਾਲਿਓ ਜਰੂਰ
ਟੀ.ਏ.ਡੀ.ਏ. ਕਰੂਗਾ
ਨਾਲ ਬੇਲੀਆਂ ਪਾਰਟੀ
ਕਰਾਰੀ ਜੀ ਜਰੂਰ ।

ਆਟੇ ਦਾਲ ਦੀ
ਕੋਣ ਕਿੰਨੀ ਕਰੂ ਸੇਵਾ
ਸੇਵਾ ਜਿੰਨੀ ਕਰੇ ਕੋਈ
ਪੀਪੀਆਂ ਚ ਪਾਵੇ
ਉਨਾ ਹੀ ਮੇਵਾ ।

ਹੇ ਵੋਟ ਤੰਤਰ !!
ਅਜਬ ਤੇਰੇ ਨਜ਼ਾਰੇ
ਵੋਟਾਂ ਵਾਲਿਆਂ ਵੋਟ ਲੈ
ਖੱਡੀ ਵੜ ਜਾਣਾ
ਭੁੱਖੇ ਸੜਦੇ ਕਿਰਤਾਂ ਦੇ ਵਣਜਾਰੇ ।

**ਨਿੱਕਾ ਸਮਾਓ।**

# 23 ਮਾਰਚ ਦੇ ਸ਼ਹੀਦਾਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜ਼ਲੀ

**ਸਰੀ/ਪਰਮਿੰਦਰ ਸਵੈਚ**

ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ 23 ਮਾਰਚ ਦੇ ਸ਼ਹੀਦਾਂ ਦਾ 88ਵਾਂ ਸ਼ਹੀਦੀ ਦਿਹਾੜਾ ਪ੍ਰੋਗਰੈਸਿਵ ਕਲਚਰਲ ਸੈਂਟਰ ਵਿੱਚ ਮਨਾਇਆ ਗਿਆ। ਜਿਸ ਵਿੱਚ ਸ਼ਹੀਦਾਂ ਨੂੰ ਸ਼ਰਧਾਂਜ਼ਲੀਆਂ ਦੇ ਰੂਪ ਵਿੱਚ ਉਹਨਾਂ ਦੀ ਕੁਰਬਾਨੀ ਅਤੇ ਉਹਨਾਂ ਦੀ ਕ੍ਰਾਂਤੀਕਾਰੀ ਸੋਚ 'ਤੇ ਤਕਰੀਬਨ ਦੋ ਘੰਟੇ ਵਿਚਾਰ ਵਟਾਂਦਰਾਂ ਕੀਤਾ ਗਿਆ। ਪ੍ਰੋਗਰਾਮ ਨੂੰ ਸ਼ੁਰੂ ਕਰਦੇ ਹੋਏ ਕਮੇਟੀ ਦੇ ਜਨਰਲ ਸਕੱਤਰ ਹਰਭਜਨ ਚੀਮਾ ਨੇ ਸਾਰੇ ਆਏ ਦਰਸ਼ਕਾਂ ਨੂੰ ਜੀ ਆਇਆਂ ਕਿਹਾ ਅਤੇ ਸੰਖੇਪ ਜਾਣਕਾਰੀ ਦਿੱਤੀ। ਪਰਮਿੰਦਰ ਸਵੈਚ ਨੇ ਸ਼ਹੀਦਾਂ ਦੀ ਵਿਚਾਰਧਾਰਾ ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਅੱਜ ਉਹਨਾਂ ਦੇ ਵਿਚਾਰਾਂ ਦੀ ਉਸ ਸਮੇਂ ਨਾਲੋਂ ਹੋਰ ਵੀ ਜ਼ਿਆਦਾ ਜ਼ਰੂਰਤ ਹੈ ਕਿਉਂਕਿ ਹੁਣ ਦੀਆਂ ਹਾਲਤਾਂ ਬਦ ਤੋਂ ਬਦਤਰ ਹੋ ਰਹੀਆਂ ਹਨ। ਸ਼ਹੀਦਾਂ ਦੇ ਸੁਪਨਿਆਂ ਦੀ ਪੂਰਨ ਅਜ਼ਾਦੀ ਜੋ ਸਰਮਾਏਦਾਰੀ ਢਾਂਚੇ ਵਿੱਚ ਰੁਲ਼ ਕੇ ਰਹਿ ਗਈ ਹੈ ਉਸਤੇ ਵਿਚਾਰਾਂ ਕਰਨ ਲੋੜ ਹੈ। ਲਖਬੀਰ ਖੁਣਖੁਣ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਜੋ ਰੰਗ ਢੰਗ ਭਾਰਤ ਦੀ ਰਾਜਨੀਤੀ ਵਿੱਚ ਚੱਲ ਰਹੇ ਹਨ ਉਹ ਲੋਕ ਹਿਤਾਂ ਵਿਰੁੱਧ ਭੁਗਤ ਰਹੇ ਹਨ, ਬੇਸ਼ੱਕ ਬਹੁਤ ਸਾਰੀਆਂ ਲੋਕ ਲਹਿਰਾਂ ਆਪਣਾ ਯੋਗਦਾਨ ਬਾਖੂਬੀ ਪਾ ਰਹੀਆਂ ਹਨ। ਸਭ ਨੂੰ ਇਕੱਠੇ ਹੋ ਕੇ ਚੱਲਣ ਦੀ ਲੋੜ ਹੈ। ਕਵੀ ਇੰਦਰਜੀਤ ਸਿੰਘ ਧਾਮੀ ਨੇ ਕਵਿਤਾ ਦੇ ਰੂਪ ਵਿੱਚ ਸ਼ਰਧਾਂਜ਼ਲੀ ਵੀ ਦਿੱਤੀ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਹਥਿਆਰਬੰਦ ਇਨਕਲਾਬ ਦੇ ਵਿਚਾਰ ਤੇ ਸਵਾਲ ਵੀ ਖੜਾ ਕੀਤਾ। ਕਮਿਊਨਿਟੀ ਦੇ ਜਾਣੇ ਪਛਾਣੇ ਲੇਖਕ ਸਾਧੂ ਬਿਨਿੰਗ ਨੇ ਭਗਤ ਸਿੰਘ ਦੀ ਤਰਕਸ਼ੀਲਤਾ ਤੇ ਗੱਲ ਕੀਤੀ ਅਤੇ ਆਪਣੀ ਭਗਤ ਸਿੰਘ ਬਾਰੇ ਲਿਖੀ ਕਵਿਤਾ ਸਾਂਝੀ ਕੀਤੀ। ਕਾਮਰੇਡ ਸੰਧੂ ਨੇ ਵੀ ਨਕਸਲਬਾੜੀ ਲਹਿਰ ਦੀ ਪਰੋੜਤਾ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ। ਤਰਲੋਚਨ ਦੂਹੜੇ ਨੇ ਦੱਸਿਆ ਕਿ ਦੁਨੀਆਂ ਵਿੱਚ ਜੋ ਵੀ ਇਨਕਲਾਬ ਆਏ ਹਨ ਉਹ ਹਥਿਆਰਬੰਦ ਘੋਲਾਂ ਨਾਲ ਹੀ ਜਿੱਤੇ ਗਏ ਹਨ, ਵੋਟਾਂ ਨਾਲ ਸਿਰਫ਼ ਲੀਡਰਸ਼ਿਪ ਦੀ ਤਬਦੀਲੀ ਹੁੰਦੀ ਹੈ, ਜਨਤਾ ਨੂੰ ਉਸਦਾ ਕੋਈ ਲਾਭ ਨਹੀਂ ਹੁੰਦਾ। ਕਵੀ ਤੇ ਗੀਤਕਾਰ ਖੁਸ਼ਹਾਲ ਸਿੰਘ ਘਲੋਟੀ ਨੇ ਸਾਰਿਆਂ ਨਾਲ ਆਪਣਾ ਸ਼ਹੀਦਾਂ ਲਈ ਲਿਖਿਆ ਗੀਤ ਸਾਂਝਾ ਕੀਤਾ। ਸੇਵ ਕੈਨੇਡੀਅਨ ਕਿੱਡਜ਼ ਸੰਸਥਾ ਵਲੋਂ ਗੁਰਪ੍ਰੀਤ ਤੂਰ ਨੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦੇ ਹੋਏ ਇੱਥੋਂ ਦੇ ਸਮਾਜ ਵਿੱਚ ਫੈਲ ਰਹੀਆਂ ਕੁਰੀਤੀਆਂ ਗੈਂਗ ਗਤੀਵਿਧੀਆਂ ਅਤੇ ਡਰੱਗ ਓਵਰਡੋਜ਼ ਬਾਰੇ ਵਿਸਥਾਰ ਨਾਲ ਗੱਲ ਕੀਤੀ। ਮਿਸਟਰ ਲਿੱਟ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਕਵੀ ਤੇ ਇਤਿਹਾਸਕਾਰ ਜੋਗਿੰਦਰ ਸ਼ਮਸ਼ੇਰ ਜਿਨ੍ਹਾਂ ਨੇ ਬਹੁਤ ਹੀ ਖੋਜ ਭਰਪੂਰ ਜਲ੍ਹਿਆਂਵਾਲੇ ਬਾਗ ਬਾਰੇ ਪੁਸਤਕ ਵੀ ਲਿਖੀ ਹੈ ਉਹਨਾਂ ਨੇ ਵੀ ਬਹੁਤ ਭਾਵਪੂਰਤ ਕਵਿਤਾ ਸਾਂਝੀ ਕੀਤੀ। ਸੰਗੀਤ ਮੰਡਲੀ ਭਦੌੜ ਦੇ ਮੁਢਲੇ ਮੈਂਬਰ




ਪਿਆਰਾ ਸਿੰਘ ਚਾਹਲ ਨੇ ਸ਼ਹੀਦਾਂ ਨੂੰ ਸਮਰਪਿਤ ਗਜ਼ਲ ਗਾ ਕੇ ਆਪਣੀ ਹਾਜ਼ਰੀ ਲਵਾਈ। ਕਾਮਰੇਡ ਸੁਰਜੀਤ ਸਿੰਘ ਭੱਟੀ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦਿਆ ਇਹ ਆਸ ਪ੍ਰਗਟਾਈ ਕਿ ਸਾਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ ਸਗੋਂ ਆਪਣਾ ਯੋਗਦਾਨ ਜ਼ਰੂਰ ਪਾਉਣਾ ਚਾਹੀਦਾ ਹੈ। ਤਰਕਸ਼ੀਲ ਸੁਸਾਇਟੀ ਦੇ ਸੈਕਟਰੀ ਨਿਰਮਲ ਕਿੰਗਰਾ ਨੇ ਵੀ ਵਿਸਥਾਰਪੂਰਬਕ ਭਗਤ ਸਿੰਘ ਤੇ ਸਾਥੀਆਂ ਦੇ ਵਿਚਾਰਾਂ ਤੇ ਚਾਨਣਾ ਪਾਇਆ। ਦੇਸ ਪ੍ਰਦੇਸ ਟਾਈਮਜ਼ ਦੇ ਪੱਤਰਕਾਰ ਸੁਖਵਿੰਦਰ ਚੋਹਲਾ ਨੇ ਵੀ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਇਹ ਚਿੰਤਾ ਵੀ ਪ੍ਰਗਟ ਕੀਤੀ ਕਿ ਸਾਡੇ ਬੱਚੇ ਇਹਨਾਂ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਿਉਂ ਨਹੀਂ ਕਰ ਰਹੇ ਅਤੇ ਸਾਨੂੰ ਹੋਰ ਵੀ ਇਸ ਬਾਰੇ ਇਕੱਠੇ ਹੋ ਕੇ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਨੌਜਵਾਨ ਨਰਿੰਦਰ ਨਿੰਦੀ ਨੇ ਭਾਰਤ ਵਿੱਚ ਕਿਸਾਨੀ ਦੀਆਂ ਹਾਲਤਾਂ



ਤੇ ਗੱਲ ਕਰਦੇ ਹੋਏ ਉਸੇ ਹੀ ਸੰਦਰਭ ਵਿੱਚ ਇੱਕ ਕਵਿਤਾ ਵੀ ਸਾਂਝੀ ਕੀਤੀ। ਭੰਵਰਜੀਤ ਮਾਨ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜੋ ਲੋਕ ਉੱਥੇ ਕੰਮ ਕਰਦੇ ਹਨ ਸਾਨੂੰ ਉਹਨਾਂ ਦੀ ਸਪੋਰਟ ਕਰਨੀ ਚਾਹੀਦੀ ਹੈ। ਬੁਲਾਰਿਆਂ ਤੋਂ ਬਿਨਾਂ ਵੀ ਪੰਜਾਬੀ ਕਮਿਊਨਿਟੀ ਦੀਆਂ ਬਹੁਤ ਸਾਰੀਆਂ ਜਾਣੀਆਂ ਪਛਾਣੀਆਂ ਸ਼ਖਸੀਅਤਾਂ ਸੋਹਣ ਪੂਨੀ, ਸਾਧੂ ਸਿੰਘ ਗਿੱਲ, ਕ੍ਰਿਸ਼ਨ ਭਨੋਟ, ਮੋਹਣ ਗਿੱਲ ਆਦਿ ਪਹੁੰਚੀਆਂ ਹੋਈਆਂ ਸਨ। ਅੰਤ ਵਿੱਚ ਹਰਭਜਨ ਚੀਮਾ ਨੇ ਸਾਰਿਆਂ ਦਾ ਧੰਨਵਾਦ ਕੀਤਾ।



BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains

DR. J.S. BAINS & ASSOCIATES-(OPTOMETRY)
Appointments also available on Saturdays & Evenings
Services Available in Punjabi, Hindi, Urdu & English
- Complete Eye Exam
- Ocular Health Assessment
- Contact Lenses

403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102, Surrey, BC V3W 3M8
604-635-0155

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work
ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।
HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work


Paul Sekhon: 403-829-5000
Free Estimate Paul Sekhon: 403-701-4947
Bay 11 2316 27 Ave. NE, Calgary Ph.: 403-719-4947

IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.com

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email: sidhuaccounting@gmail.com
Unit 202, 4656 Westwinds Dr. NE Calgary, AB. T3J 3Z5 (Near Sikh Virsa Office)

# ਅੰਤਰਰਾਸ਼ਟਰੀ ਔਰਤ ਦਿਵਸ ਮਨਾਇਆ








**ਸਰੀ/ਪਰਮਿੰਦਰ ਸਵੈਚ**

ਰੈਵੋਲਿਊਸ਼ਿਨਰੀ ਕਮਿਊਨਿਸਟ ਪਾਰਟੀ ਦੇ ਸੱਦੇ 8 ਮਾਰਚ ਨੂੰ ਔਰਤ ਦਿਵਸ ਮਨਾਇਆ ਗਿਆ। ਜਿਸ ਵਿੱਚ ਬਹੁਤ ਸਾਰੀਆਂ ਜਨਤਕ ਜਥੇਬੰਦੀਆਂ ਨੇ ਭਾਗ ਲਿਆ। ਜਿੱਥੇ ਬੁਲਾਰਿਆਂ ਨੇ ਇਸ ਦਿਨ ਦੀ ਅਹਿਮੀਅਤ ਬਾਰੇ ਵਿਚਾਰ ਸਾਂਝੇ ਕੀਤੇ ਉੱਥੇ ਔਰਤਾਂ ਦੀਆਂ ਅੱਜ ਦੀਆਂ ਹਾਲਤਾਂ ਤੇ ਵੀ ਚਾਨਣਾ ਪਾਇਆ। ਆਰ. ਸੀ. ਪੀ. ਦੇ ਸੈਕਟਰੀ ਕਾਮਰੇਡ ਡੇਸਿਨ ਨੇ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਸਾਰੇ ਦਰਸ਼ਕਾਂ ਨੂੰ ਜੀ ਆਇਆਂ ਕਿਹਾ ਤੇ ਇਹ ਦਿਨ ਕਦੋਂ ਸ਼ੁਰੂ ਹੋਇਆ ਬਾਰੇ ਕਾਫੀ ਡੀਟੇਲ ਵਿੱਚ ਦੱਸਿਆ। ਉਸਤੋਂ ਬਾਅਦ ਰੈਵੋਲਿਊਸ਼ਨਰੀ ਸਟੂਡੈਂਟਸ ਮੂਵਮੈਂਟ ਵਲੋਂ ਕਾਮਰੇਡ ਰੇਚਲ ਨੇ ਦੱਸਿਆ ਕਿ 21 ਵੀਂ ਸਦੀ ਵਿੱਚ ਜਿੱਥੇ ਔਰਤ ਬਰਾਬਰ ਦਾ ਕੰਮ ਕਰਦੀ ਹੈ ਅਜੇ ਵੀ ਕੰਮਾਂਕਾਰਾਂ ਤੇ ਉਸ ਨੂੰ ਤਨਖਾਹ ਘੱਟ ਦਿੱਤੀ ਜਾਂਦੀ ਹੈ। ਔਰਤਾਂ ਤਾਂ ਦੂਹਰੀ ਤੀਹਰੀ ਮਾਰ ਝੱਲ ਰਹੀਆਂ ਹਨ, ਘਰ ਵੀ ਕੰਮ ਕਰਦੀਆਂ ਹਨ, ਬਾਹਰ ਵੀ ਤੇ ਬੱਚੇ ਵੀ ਪੈਦਾ ਕਰਦੀਆਂ ਹਨ, ਪਰ ਹਾਲਤਾਂ ਫਿਰ ਵੀ ਮਾੜੀਆਂ ਦੀਆਂ ਮਾੜੀਆਂ। ਫਿਲਪਾਈਨ ਦੀ ਜਥੇਬੰਦੀ ਵਲੋਂ ਡੈਨਿਲ ਗਬਰੀਲਾ ਨੇ ਆਪਣੇ ਵਿਚਾਰ ਪੇਸ਼ ਕੀਤੇ ਤੇ ਦੱਸਿਆ ਫਿਲਪੀਨ ਵਿੱਚ ਔਰਤਾਂ ਦੀਆਂ ਕੀ ਹਾਲਤਾਂ ਹਨ। ਸਰ੍ਹੀ ਪੀਪਲ ਪਾਵਰ ਅਤੇ ਆਈ. ਐਲ ਪੀ. ਐਸ. ਦੋਨਾਂ ਜਥੇਬੰਦੀਆਂ ਵਲੋਂ ਕਾਮਰੇਡ ਮਾਰਥਾ ਨੇ ਕੈਨੇਡਾ ਵਿੱਚ ਔਰਤਾਂ ਦੀਆਂ ਹਾਲਤਾਂ ਬਾਰੇ ਚਾਨਣਾ ਪਾਇਆ ਤੇ ਦੱਸਿਆ ਕਿ ਇੱਥੇ ਕਿੰਨੀਆਂ ਆਦਿਵਾਸੀ ਔਰਤਾਂ ਨੂੰ ਕਤਲ ਕਰ ਦਿੱਤਾ ਗਿਆ ਹੈ। ਇੱਥੇ ਵੀ ਜਿਹੜੀਆਂ ਔਰਤਾਂ ਬਾਹਰ ਕੰਮ ਕਰਦੀਆਂ ਹਨ ਉਹਨਾਂ ਨੂੰ ਤਨਖਾਹ ਮਿਲਦੀ ਹੈ ਪਰ ਸਾਰਾ ਦਿਨ ਘਰ ਰਹਿ ਕੇ ਕੰਮ ਕਰਨ ਵਾਲੀਆਂ ਔਰਤਾਂ ਨੂੰ ਕੁੱਝ ਨਹੀਂ ਮਿਲਦਾ, ਜਿਵੇਂ ਬੇਬੀ ਸਿਟਰ ਨੂੰ ਪੇ ਕੀਤਾ ਜਾਂਦਾ ਹੈ ਪਰ ਮਾਂ ਨਹੀਂ। ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਹਰਭਜਨ ਚੀਮਾ ਨੇ ਬੋਲਦਿਆਂ ਭਾਰਤ ਵਿੱਚ ਔਰਤਾਂ ਤੇ ਹੋ ਰਹੇ ਤਸ਼ੱਦਦ ਬਾਰੇ ਦੱਸਿਆ ਚਾਹੇ ਉਹ ਭਰੂਣ ਹੱਤਿਆ ਦੀ ਗੱਲ ਹੋਵੇ ਜਾਂ ਔਰਤਾਂ ਨਾਲ ਹੋ ਰਹੇ ਬਲਾਤਕਾਰਾਂ ਦੀ ਜਾਂ ਜੰਗਲਾਂ ਦੀਆਂ ਆਦਿ ਵਾਸੀ ਲੋਕਾਂ ਦੇ ਜਲ਼, ਜੰਗਲ ਤੇ ਜ਼ਮੀਨ ਹਥਿਆਉਣ ਲਈ ਪੁਲੀਸ ਵਲੋਂ ਕੀਤਾ ਜਾਂਦਾ ਔਰਤਾਂ ਨਾਲ ਜਬਰ ਜਿਨਾਹ ਹੋਵੇ। ਇਹ ਉਦੋਂ ਹੀ ਰੁਕ ਸਕਦਾ ਹੈ ਜਦੋਂ ਇੱਕ ਔਰਤ ਨੂੰ ਵੀ ਮਰਦ ਦੇ ਬਰਾਬਰ ਦੀ ਸ਼ਹਿਰੀ ਮੰਨਿਆ ਜਾਵੇ। ਪਰ ਸਰਕਾਰਾਂ ਇਹੋ ਜਿਹੇ ਫਰਕ ਪੈਦਾ ਕਰਕੇ ਰੱਖਦੀਆਂ ਹਨ ਤਾਂ ਕਿ ਇਹਨਾਂ ਨੂੰ ਹੀ ਆਪਸ ਵਿੱਚ ਲੜਾਇਆ ਜਾਵੇ। ਲਖਬੀਰ ਖੁਣਖੁਣ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਅਲਾਂਇਸ ਅਗੇਨਸਟ ਡਿਸਪਲੇਸਮੈਂਟ ਕਮੇਟੀ ਵਲੋਂ ਲੋਰਾ ਨੇ ਆਪਣੇ ਵਿਚਾਰਾਂ ਵਿੱਚ ਕਿਹਾ ਕਿ ਜਿੰਨਾ ਚਿਰ ਸਰਮਾਏਦਾਰੀ ਸਿਸਟਮ ਚੱਲ ਰਿਹਾ ਹੈ ਇਹ ਕਦੇ ਵੀ ਕਿਸੇ ਨੂੰ ਬਰਾਬਰ ਦੇ ਹੱਕ ਨਹੀਂ ਦੇਵੇਗਾ। ਹੁਣ ਔਰਤ ਨੂੰ ਮਰਦ ਤੋਂ ਅਜ਼ਾਦੀ ਨਹੀਂ ਚਾਹੀਦੀ ਸਗੋਂ ਸਾਰੀ ਮਨੁੱਖਤਾ ਨੂੰ ਸਰਮਾਏਦਾਰੀ ਸਿਸਟਮ ਤੋਂ ਅਜ਼ਾਦ ਹੋਣ ਦੀ ਲੋੜ ਹੈ। ਅੰਤ ਡੇਸਿਨ ਨੇ ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ।

## ਜਲ੍ਹਿਆਂਵਾਲੇ ਵਾਲੇ ਬਾਗ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸੈਮੀਨਾਰ 7 ਅਪ੍ਰੈਲ ਨੂੰ

ਕੈਲਗਰੀ : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 7 ਅਪ੍ਰੈਲ ਦਿਨ ਐਤਵਾਰ ਨੂੰ ਕੋਸੋ ਹਾਲ (102, 3208-8 ਐਵੀਨਿਊ) ਵਿਖੇ ਜਲ੍ਹਿਆਂਵਾਲੇ ਵਾਲੇ ਬਾਗ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਸੈਮੀਨਾਰ 2.00 ਤੋਂ 5.00 ਵਜੇ ਤੱਕ ਕਰਵਾਇਆ ਜਾ ਰਿਹਾ ਹੈ ਜਿਸ ਦੇ ਮੁੱਖ ਬੁਲਾਰੇ ਰਮਨਜੀਤ ਸਿੱਧੂ (ਪੱਤਰਕਾਰ) ਹੋਣਗੇ। ਹਰਚਰਨ ਪਰਹਾਰ ਸੰਪਾਦਕ ਸਿੱਖ ਵਿਰਸਾ ਅਤੇ ਹੋਰ ਬੁਲਾਰੇ ਵੀ ਸੰਬੋਧਨ ਕਰਨਗੇ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ (ਕੈਲਗਰੀ) ਨਾਲ 403-455-4220 'ਤੇ ਸੰਪਰਕ ਕਰੋ।






**ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ**


**ਸਰੋਕਾਰਾਂ ਦੀ ਆਵਾਜ਼**

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794


ਸੁਖਵੀਰ ਗਰੇਵਾਲ (ਕੈਲਗਰੀ) 403 402 0770



















# ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ’ਚ ਬੁਲਾਰਿਆਂ ਵਲੋਂ ਜੰਗ ਨਹੀਂ, ਅਮਨ ਦਾ ਸੁਨੇਹਾ ਦਿੱਤਾ ਗਿਆ











**ਕੈਲਗਰੀ/ਹਰਚਰਨ ਪਰਹਾਰ**

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ‘ਅਦਾਰਾ ਸਿੱਖ ਵਿਰਸਾ’ ਤੇ ‘ਪਾਕਿਸਤਾਨ ਕੈਨੇਡੀਅਨ ਐਸੋਸੀਏਸ਼ਨ ਅਲਬਰਟਾ’ ਦੇ ਸਹਿਯੋਗ ਨਾਲ ਵਿਚਾਰ ਚਰਚਾ ਦਾ ਸੈਸ਼ਨ ਕੋਸੋ ਹਾਲ ਦੇ ਭਰਵੇਂ ਇਕੱਠ ਵਿੱਚ ਕਰਵਾਇਆ ਗਿਆ। ਇਸ ਮੌਕੇ ’ਤੇ ਵੱਖ-ਵੱਖ ਬੁਲਾਰਿਆਂ ਨੇ ਇੰਡੀਆ ਤੇ ਪਾਕਿਸਤਾਨ ਵਿੱਚ ਕਸ਼ਮੀਰ ਵਿੱਚ ਪੁਲਵਾਮਾ ਦੇ ਸਥਾਨ ਤੇ ਸੀ ਆਰ ਪੀ ਐਫ ਦੇ ਜਵਾਨਾਂ ਤੇ ਹੋਏ ਆਤਮਘਾਤੀ ਹਮਲੇ ਤੋਂ ਬਾਅਦ ਪੈਦਾ ਹੋਏ ਹਾਲਾਤਾਂ ਦੇ ਮੱਦੇਨਜ਼ਰ ਜੰਗ ਦੇ ਬਣ ਰਹੇ ਹਾਲਾਤਾਂ ਤੇ ਵਿਚਾਰ ਪੇਸ਼ ਕੀਤੇ ਅਤੇ ਇਹ ਸੁਨੇਹਾ ਦਿੱਤਾ ਕਿ ਸਾਨੂੰ ਜੰਗ ਦੀ ਨਹੀਂ ਅਮਨ ਤੇ ਤਰੱਕੀ ਦੀ ਲੋੜ ਹੈ। ਇਸ ਮੌਕੇ ’ਤੇ ਕਸ਼ਮੀਰੀ ਨੌਜਵਾਨ ਜ਼ੁਨੈਦ ਬਹਾਦਰ ਖਾਨ ਵਲੋਂ ਕਸ਼ਮੀਰ ਵਿੱਚ ਸੁਰੱਖਿਆ ਦਸਤਿਆਂ ਵਲੋਂ ਕੀਤੀਆਂ ਜਾ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀ ਨਿਖੇਧੀ ਕਰਨ ਦੇ ਨਾਲ-ਨਾਲ ਦੱਸਿਆ ਕਿ ਜਦ ਵੀ ਭਾਰਤ-ਪਾਕਿਸਤਾਨ ਸਰਹੱਦਾਂ ਤੇ ਤਨਾਅ ਵੱਧਦਾ




ਹੈ, ਉਦੋਂ ਸਭ ਤੋਂ ਵੱਧ ਨੁਕਸਾਨ ਕਸ਼ਮੀਰੀਆਂ ਦਾ ਹੁੰਦਾ ਹੈ।ਉਨ੍ਹਾਂ ਦੇਸ਼ ਦੇ ਨਾਮ ਤੇ ਮਨੁੱਖਤਾ ਦੀ ਚੜ੍ਹਾਈ ਜਾ ਰਹੀ ਬਲ਼ੀ ਦੀ ਵੀ ਸਖਤ ਨਿਖੇਧੀ ਕੀਤੀ।‘ਸਿੱਖ ਵਿਰਸਾ’ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ ਇਹ ਖਦਸ਼ਾ ਜਾਹਰ ਕੀਤਾ ਕਿ ਪੁਲਵਾਮਾ ਹਮਲੇ ਪਿਛੇ ਦੇਖਣ ਨੂੰ ਭਾਵੇਂ ਕਿਸੇ ਅੱਤਵਾਦੀ ਜਥੇਬੰਦੀ ਦਾ ਹੱਥ ਹੋਵੇ, ਪਰ ਜਿਨ੍ਹਾਂ ਹਾਲਾਤਾਂ ਵਿੱਚ ਇਹ ਹਮਲਾ ਹੋਇਆ ਉਸ ਤੋਂ ਬਿਲਕੁਲ ਸਪੱਸ਼ਟ ਹੈ ਕਿ ਇਸ ਹਮਲੇ ਪਿਛੇ ਭਾਰਤ ਸਰਕਾਰ ਦਾ ਹੱਥ ਹੋ ਸਕਦਾ ਹੈ ਕਿਉਂਕਿ ਮੋਦੀ ਸਰਕਾਰ ਮਈ 2019 ਦੀਆਂ ਚੋਣਾਂ ਜਿੱਤਣ ਲਈ ਕੁਝ ਵੀ ਕਰ ਸਕਦੀ ਹੈ, ਕਿਉਂਕਿ ਉਨ੍ਹਾਂ ਦਾ ਮੁੱਖ ਏਜੰਡਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਹੈ। ‘ਪਾਕਿਸਤਾਨ ਕਨੇਡੀਅਨ ਐਸੋਸੀਏਸ਼ਨ ਅਲਬਰਟਾ’ ਦੇ ਬੁਲਾਰੇ ਅਸਜਦ ਬੁਖਾਰੀ ਵਲੋਂ ਸਰਕਾਰਾਂ ਦੀ ਇਸ ਗੱਲ ਲਈ ਨਿਖੇਧੀ ਕੀਤੀ ਕਿ ਲੋਕ ਤਾਂ ਭੁੱਖੇ ਮਰ ਰਹੇ ਹਨ ਤੇ ਸਰਕਾਰਾਂ ਆਪਣੇ ਬਜਟ ਦਾ ਵੱਡਾ ਹਿੱਸਾ ਹਥਿਆਰ ਖਰੀਦਣ ਲਈ ਵਰਤ ਰਹੀਆਂ ਹਨ। ਉਨ੍ਹਾਂ ਕਟਾਕਸ਼ ਕੀਤਾ ਕਿ ਇੱਕ ਪਾਸੇ ਕਸ਼ਮੀਰ ਨੂੰ ਆਪਣੀ ਸ਼ਾਹ ਰਗ ਜਾਂ ਦੇਸ਼ ਦਾ ਅਟੁੱਟ ਅੰਗ ਕਿਹਾ ਜਾ ਰਿਹਾ ਹੈ, ਦੂਜੇ ਪਾਸੇ ਕਸ਼ਮੀਰੀਆਂ ਦੀਆਂ ਸ਼ਾਹ ਰਗਾਂ ਕੱਟੀਆਂ ਜਾ ਰਹੀਆਂ ਹਨ। ਰੈਡ ਐਫ ਐਮ ਦੇ ਹੋਸਟ ਰਿਸ਼ੀ ਨਾਗਰ ਵਲੋਂ ਪੁਲਵਾਮਾ ਹਮਲੇ ਦੇ ਸੰਦਰਭ ਵਿੱਚ ਭਾਰਤੀ ਮੀਡੀਏ ਦੇ ਰੋਲ ਦੀ ਨਿਖੇਧੀ ਕੀਤੀ ਤੇ ਭਾਰਤ ਵਿੱਚ ਆਪਣੀ ਪੱਤਰਕਾਰੀ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਕਮਿਉਨਿਟੀ ਵਰਕਰ ਹੁਮੈਰਾ ਫਲਕ ਵਲੋਂ ਜੰਗ ਦੇ ਇਸ ਮਾਹੌਲ ਵਿੱਚ ਕਨੇਡਾ ਵਿੱਚ ਭਾਰਤੀਆਂ ਤੇ ਪਾਕਿਸਤਾਨੀਆਂ ਨੂੰ ਭਾਈਚਾਰਾ ਬਣਾ ਕੇ ਰੱਖਣ ਦੀ ਅਪੀਲ ਕੀਤੀ।ਕਸ਼ਮੀਰੀ ਬੁਲਾਰੇ ਇਰਫਾਨ ਇਸ਼ਾਕ ਵਲੋਂ ਕਸ਼ਮੀਰੀਆਂ ਨਾਲ ਹੋ ਰਹੀਆਂ ਵਧੀਕੀਆਂ ਦੀ ਚਰਚਾ ਕੀਤੀ ਤੇ ਕਸ਼ਮੀਰ ਦੇ ਮਸਲੇ ਦੇ ਰਾਜਨੀਤਕ ਹੱਲ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਵੀ ਦੋਨਾਂ ਦੇਸ਼ਾਂ ਵਿੱਚ ਜੰਗ ਦਾ ਮਾਹੌਲ ਬਣਦਾ ਹੈ ਤਾਂ ਕਸ਼ਮੀਰੀਆਂ ਨੂੰ ਗੱਲਬਾਤ ਤੋਂ ਬਾਹਰ ਕਰ ਦਿੱਤਾ ਜਾਂਦਾ ਹੈ, ਜਦਕਿ ਸਭ ਤੋਂ ਵੱਧ ਨੁਕਸਾਨ ਕਸ਼ਮੀਰੀਆਂ ਦਾ ਹੋ ਰਿਹਾ ਹੈ।

ਇਸ ਵਿਚਾਰ ਚਰਚਾ ਵਿੱਚ ‘ਵੈਨਜ਼ੂਐਲਾ’ ਦੀ ਮੌਜੂਦਾ ਰਾਜਨੀਤਕ ਤੇ ਆਰਥਿਕ ਹਾਲਤ ਬਾਰੇ ਚਰਚਾ ਕਰਦੇ ਹੋਏ ਅਮਰਪ੍ਰੀਤ ਸਿੰਘ ਨੇ ਕਿਹਾ ਕਿ ਕਿਵੇਂ ਤੇਲ ਤੇ ਹੋਰ ਕੁਦਰਤੀ ਸਾਧਨਾਂ ਤੇ ਕਬਜ਼ੇ ਦੀ ਲਾਲਸਾ ਵਿੱਚ ਸਰਮਾਏਦਾਰੀ ਤਾਕਤਾਂ ਵੈਨਜ਼ੂਐਲਾ ਦੀ ਆਰਥਿਕਤਾ ਤਬਾਹ ਕਰ ਰਹੀਆਂ ਹਨ। ਇਸ ਮੌਕੇ ਤੇ ਨਵਕਿਰਨ ਢੁੱਡੀਕੇ ਵਲੋਂ ਅੰਤਰ ਰਾਸ਼ਟਰੀ ਔਰਤ ਦਿਵਸ ਨੂੰ ਸਮਰਪਿਤ ਇੱਕ ਬਹੁਤ ਭਾਵਪੂਰਤ ਕਵਿਤਾ ਸਾਂਝੀ ਕੀਤੀ। ਕਮਲਪ੍ਰੀਤ ਪੰਧੇਰ ਵਲੋਂ ਅੰਤਰ ਰਾਸ਼ਟਰੀ ਔਰਤ ਦਿਵਸ ਸਬੰਧੀ ਬੋਲਦੇ ਹੋਏ ਔਰਤਾਂ ਤੇ ਹੁੰਦੇ ਜਿਣਸੀ ਸੋਸ਼ਣ ਬਾਰੇ ਵਿਚਾਰ ਪੇਸ਼ ਕੀਤੇ।ਉਨ੍ਹਾਂ ਅੰਕੜੇ ਪੇਸ਼ ਕਰਦੇ ਹੋਏ ਦੱਸਿਆ ਕਿ ਬਹੁਤੀਆਂ ਔਰਤਾਂ ਜਾਂ ਬੱਚੀਆਂ ਦਾ ਸੋਸ਼ਣ ਘਰੇਲੂ ਮਰਦਾਂ ਵਲੋਂ ਹੀ ਕੀਤਾ ਜਾਂਦਾ ਹੈ। ਉਨ੍ਹਾਂ ਪੰਜਾਬੀ ਜਾਂ ਭਾਰਤੀ ਭਾਈਚਾਰੇ ਵਿੱਚ ਔਰਤਾਂ ਦੀ ਸਥਿਤੀ ਬਾਰੇ ਵਿਸਥਾਰ ਵਿੱਚ ਵਿਚਾਰ ਸਾਂਝੇ ਕੀਤੇ। ਲੇਖਿਕਾ ਗੁਰਚਰਨ ਕੌਰ ਥਿੰਦ ਵਲੋਂ ਵੀ ਔਰਤਾਂ ਬਾਰੇ ਬੋਲਦੇ ਹੋਏ ਕਿਹਾ ਕਿ ਸਾਡੀ ਮਾਨਸਿਕਤਾ ਅਜਿਹੀ ਬਣ ਗਈ ਹੈ ਕਿ ਜੇ ਕੋਈ ਔਰਤ ਕਿਸੇ ਮਰਦ ਨਾਲ ਆਮ ਗੱਲ ਵੀ ਕਰਦੀ ਹੈ ਤਾਂ ਉਸਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ।ਸੁੱਖਵਿੰਦਰ ਸਿੰਘ ਤੂਰ ਵਲੋਂ ਪੰਜਾਬ ਦੀ ਤਰਾਸਦੀ ਨੂੰ ਬਿਆਨ ਕਰਦੀ ਇੱਕ ਕਵਿਤਾ ਬੁਲੰਦ ਆਵਾਜ ਵਿੱਚ ਪੇਸ਼ ਕੀਤੀ।

ਮੰਚ ਸੰਚਾਲਨ ਕਰਨ ਦੇ ਨਾਲ-ਨਾਲ ਮਾਸਟਰ ਭਜਨ ਸਿੰਘ ਵਲੋਂ ਕਸ਼ਮੀਰ ਮੁੱਦੇ ਸਮੇਤ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਮੁੱਖ ਰੱਖ ਕੇ ਆਪਣੇ ਵਿਚਾਰ ਕੀਤੇ ਕਿ ਕਿਵੇਂ ਲੋਕ ਵਿਰੋਧੀ ਸਰਕਾਰਾਂ ਸਾਡੇ ਸ਼ਹੀਦਾਂ ਦੀਆਂ ਕੁਰਬਾਨੀਆਂ ਰੋਲ਼ ਕੇ ਲੋਕਾਂ ਤੇ ਜ਼ੁਲਮ ਤਸ਼ੱਦਦ ਕਰ ਰਹੀਆਂ ਹਨ। ਉਨ੍ਹਾਂ ਕਸ਼ਮੀਰ ਮੁੱਦੇ ਤੇ ਬੋਲਦਿਆਂ ਕਿਹਾ ਕਿ ਲੋਕ ਵਿਰੋਧੀ ਸਰਕਾਰਾਂ ਆਪਣੇ ਰਾਜਸੀ ਹਿੱਤਾਂ ਲਈ ਜੰਗਾਂ ਲਗਾ ਕੇ ਲੋਕਾਂ ਨੂੰ ਬਲ਼ੀ ਦਾ ਬੱਕਰਾ ਬਣਾਉਂਦੀਆਂ ਹਨ, ਉਥੇ ਉਨ੍ਹਾਂ ਦੇ ਮਸਲਿਆਂ ਤੋਂ ਧਿਆਨ ਲਾਂਭੇ ਕਰਨ ਲਈ ਅਜਿਹੇ ਕਾਰਨਾਮੇ ਕਰਦੀਆਂ ਹਨ। ਉਨ੍ਹਾਂ ਮਾਰਚ 5 ਦਿਨ ਮੰਗਲਵਾਰ ਨੂੰ ਕਸ਼ਮੀਰੀ ਜਥੇਬੰਦੀਆਂ ਵਲੋਂ ਸਿਟੀ ਹਾਲ ਕੈਲਗਰੀ ਸਾਹਮਣੇ ਕੀਤੀ ਜਾ ਰਹੀ ਸ਼ਾਂਤੀ ਰੈਲੀ ਵਿੱਚ ਸਭ ਨੂੰ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਅਗਲੀ ਮਾਸਿਕ ਮੀਟਿੰਗ ਕੋਸੋ ਹਾਲ ਵਿੱਚ 7 ਅਪਰੈਲ ਨੂੰ 2 ਵਜੇ ਤੋਂ 5 ਵਜੇ ਤੱਕ ਹੋਵੇਗੀ।ਉਨ੍ਹਾਂ ਅੱਗੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਿੱਚ ਨਵੀਆਂ ਕਿਤਾਬਾਂ ਦੀ ਸ਼ਿਪਮੈਂਟ ਆ ਚੁੱਕੀ ਹੈ, ਤੁਸੀਂ ਮਾਸਟਰ ਭਜਨ ਸਿੰਘ ਹੋਰਾਂ ਨੂੰ 403-455-4220 ਤੇ ਸੰਪਰਕ ਕਰਕੇ ਕਿਤਾਬਾਂ ਲੈ ਸਕਦੇ ਹੋ।







# ਪੰਜਾਬੀ ਲਿਖਾਰੀ ਸਭਾ ਕੈਲਗਰੀ ਦਾ ਅੱਠਵਾਂ "ਬੱਚਿਆ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ" ਸਮਾਗਮ ਇਸ ਸਾਲ ਸਫਲਤਾ ਦਾ ਨਵਾਂ ਇਤਿਹਾਸ ਸਿਰਜ ਗਿਆ

**ਜੋਰਾਵਰ ਬਾਂਸਲ**



ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਹਰ ਸਾਲ ਕਰਵਾਇਆ ਜਾਂਦਾ 'ਬੱਚਿਆ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ ਬਾਅਦ ਦੁਪਹਿਰ ਇੱਕ ਵਜੇ ਵਾਈਟਹੌਰਨ ਕਮਿਊਨਟੀ ਹਾਲ ਵਿੱਚ ਦਰਸ਼ਕਾਂ ਦੇ ਭਾਰੀ ਇੱਕਠ ਨਾਲ ਸ਼ੁਰੂ ਹੋਇਆ। ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਪਰਿਵਾਰ ਬੱਚਿਆ ਸਮੇਤ ਕੈਲਗਰੀ ਹੀ ਨਹੀਂ ਬਲਕਿ ਐਡਮਿੰਟਨ ਤੇ ਹੋਰ ਦੂਰ ਦੇ ਇਲਾਕਿਆ ਤੋਂ ਹੁੰਮਹੁੰਮਾ ਕੇ ਪਹੁੰਚੇ। ਸਭਾ ਦੇ ਜਨਰਲ ਸਕੱਤਰ ਰਣਜੀਤ ਸਿੰਘ ਨੇ ਹਾਜ਼ਰੀਨ ਦੀਆਂ ਤਾੜੀਆਂ ਨਾਲ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਪ੍ਰਧਾਨ ਬਲਜਿੰਦਰ ਸੰਘਾ, ਸਰਪ੍ਰਸਤ ਜਸਵੰਤ ਗਿੱਲ, ਪ੍ਰੌਗਰੈਸਿਵ ਕਲਾ ਮੰਚ ਦੀ ਕਨਵੀਨਰ ਕਮਲਪ੍ਰੀਤ ਕੌਰ ਪੰਧੇਰ, ਮੇਹੁਲ ਗੁਪਤਾ ਤੇ ਮਨਦੀਪ ਕੌਰ ਸੰਘਾ ਨੂੰ ਸੱਦਾ ਦਿੱਤਾ। ਸਮਾਗਮ ਦੀ ਸ਼ੁਰੂਆਤ ਪਰਲਪ੍ਰਭਲੀਨ ਬਾਂਸਲ ਨੇ ਰਾਸ਼ਟਰੀ ਗੀਤ 'ਓ ਕੈਨੇਡਾ' ਗਾ ਕੇ ਕੀਤੀ। ਜਿਸ ਦੇ ਬਾਅਦ ਸੂਟਨ ਗਾਰਨਰ ਨੇ ਰਿਬਨ ਕੱਟ ਕੇ ਸਮਾਗਮ ਦਾ ਰਸਮੀ ਉਦਘਾਟਨ ਕੀਤਾ। ਜੋ 'ਆਈ ਕੈਨ ਫਾਰ ਕਿੱਡ' ਸੰਸਥਾ ਦੀ ਸੰਚਾਲਿਕ ਹੈ। ਇਹ ਸੰਸਥਾ ਸਕੂਲਾਂ ਵਿੱਚ ਹਜਾਰਾਂ ਹੀ ਬੱਚਿਆਂ ਨੂੰ ਖਾਣਾ ਉਪਲਬਧ ਕਰਵਾਉਂਦੀ ਹੈ। ਉਸ ਨੇ ਸਟੇਜ ਤੋਂ ਸੰਸਥਾ ਬਾਰੇ ਜਾਣਕਾਰੀ ਦਿੱਤੀ ਤੇ ਇਸ ਮੌਕੇ ਲੋਕਾਂ ਵਲੋਂ ਡੱਬਾ ਬੰਦ ਖਾਣਾ ਸੰਸਥਾ ਨੂੰ ਦਾਨ ਕੀਤਾ ਗਿਆ। ਪ੍ਰਧਾਨ ਬਲਜਿੰਦਰ ਸੰਘਾ ਨੇ ਸਮਾਗਮ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਤੇ ਸਭਾ ਦੇ ਸਰਪ੍ਰਸਤ ਜਸਵੰਤ ਗਿੱਲ ਨੇ ਸਭਾ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਸਮਾਗਮ ਦੇ ਪਹਿਲੇ ਗਰੁੱਪ ਦੇ ਬੱਚਿਆ ਲਈ ਪ੍ਰੌਫੈਸਰ ਕੁਲਦੀਪ ਸਿੰਘ, ਸੁਰਿੰਦਰ ਕੌਰ (ਜੱਗ ਟੀ ਵੀ), ਡਾਕਟਰ ਸਰਬਜੀਤ ਕੌਰ ਜਵੰਦਾ, ਦੂਸਰੇ ਗਰੁੱਪ ਲਈ ਨੈਸ਼ਨਲ ਪੰਜਾਬੀ ਅਖਬਾਰ, ਸੁਰਸੰਗਮ ਰੇਡੀਓ ਤੇ ਪ੍ਰਾਈਮ ਏਸ਼ੀਆ ਟੀ ਵੀ ਵਲੋਂ ਰਣਜੀਤ ਸਿੱਧੂ ਅਤੇ ਸਿੱਖ ਵਿਰਸਾ ਤੋਂ ਗੁਰਦੀਪ ਪਰਹਾਰ, ਤੀਸਰੇ ਗਰੁੱਪ ਲਈ ਹੈਰੀਟੇਜ ਗਿੱਧਾ ਤੇ ਭੰਗੜਾ ਅਕੈਡਮੀ ਤੋਂ ਜਸਪ੍ਰਿਆ ਜੋਹਲ, ਡਾਕਟਰ ਬਲਵਿੰਦਰ ਕੌਰ ਬਰਾੜ ਤੇ ਹਰਕੀਰਤ ਧਾਲੀਵਾਲ ਨੇ ਜੱਜ ਸਹਿਬਾਨ ਦੀ ਭੂਮਿਕਾ ਬੜੇ ਸੂਝਵਾਨ ਤਰੀਕੇ ਨਾਲ ਅਦਾ ਕੀਤੀ। ਇਸ ਪ੍ਰੋਗਰਾਮ ਲਈ ਬੱਚਿਆ ਦੀ ਮਹੀਨਿਆਬੱਧੀ ਕੀਤੀ ਸਖਤ ਮਿਹਨਤ ਨਾਲ ਕੀਤੀ ਤਿਆਰੀ ਨਜ਼ਰ ਆ ਰਹੀ ਸੀ। ਇੱਕ ਤੋਂ ਬਾਅਦ ਇੱਕ ਸ਼ਾਨਦਾਰ ਪੇਸ਼ਕਾਰੀ ਨੇ ਖੁਬ ਰੰਗ ਬੰਨ੍ਹਿਆ। ਧਾਰਮਿਕ, ਸਭਿਆਚਾਰਿਕ ਤੇ ਪੰਜਾਬੀ ਦੀ ਗੱਲ ਦੇ ਨਾਲ ਨਾਲ ਸਮਾਜਿਕ ਬੁਰਾਈਆ ਉੱਤੇ ਵੀ ਟਕੋਰ ਕੀਤੀ ਗਈ। ਸਨਮਾਨਾਂ ਦੇ ਦੌਰ ਦੀ ਸ਼ੁਰੂਆਤ ਵਿੱਚ ਸਾਬਕਾ ਪ੍ਰਧਾਨ ਹਰੀਪਾਲ ਨੇ ਮੇਹੁਲ ਗੁਪਤਾ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਜਿਸ ਨੇ 'ਰਾਨਾ ਯੂਥ' ਨੋਨ ਪ੍ਰੌਫਿਟ ਸੰਸਥਾ ਲਈ 60,000 ਡਾਲਰ ਦੀ ਰਾਸ਼ੀ ਬਰੇਨ ਕੈਸਰ ਮਰੀਜ਼ਾਂ ਅਤੇ 10,000 ਡਾਲਰ ਦੀ ਰਾਸ਼ੀ ਜੈਪੁਰ ਦੀਆਂ ਰੂਰਲ ਕਮਿਊਨਟੀ ਦੇ ਵਿਕਾਸ ਲਈ ਇੱਕਠੇ ਕੀਤੇ ਤੇ ਕਈ ਸੰਸਥਾਵਾਂ ਵਲੋਂ ਐਵਾਰਡ ਹਾਸਲ ਕੀਤੇ। ਦੂਸਰੇ ਸਨਮਾਨ ਲਈ ਮਨਦੀਪ ਕੌਰ ਸੰਘਾ ਵਾਸਤੇ ਕਹਾਣੀਕਾਰ ਦਵਿੰਦਰ ਮਲਹਾਂਸ ਨੇ ਜਾਣਕਾਰੀ ਸਾਂਝੀ ਕਰਦਿਆਂ ਉਸਦੀ ਚਾਰ, ਛੇ, ਬਾਰਾਂ ਮੀਟਰ ਦੀਆਂ ਦੌੜਾਂ ਵਿੱਚ ਜਿੱਤ ਅਤੇ ਤਿੰਨ ਗੋਲਡ ਤੇ ਤਿੰਨ ਸਿਲਵਰ ਜਿੱਤੇ ਮੈਡਲਾਂ ਬਾਰੇ ਜ਼ਿਕਰ ਕੀਤਾ। ਦੋਨਾਂ ਬੱਚਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦੇ ਬਾਅਦ ਪੰਜਾਬੀ ਲਿਖਾਰੀ ਸਭਾ ਦੀ ਪੂਰੀ ਕਾਰਜਕਾਰੀ ਕਮੇਟੀ ਵਲੋਂ ਸਟੇਜ ਉੱਤੇ ਸਨਮਾਨ ਚਿੰਨ੍ਹ ਦੇ ਕੇ ਤਾੜੀਆਂ ਨਾਲ ਗੂੰਜਦੇ ਹਾਲ ਵਿੱਚ ਹੌਸਲਾ ਅਫਜ਼ਾਈ ਕੀਤੀ ਗਈ। ਇਸੇ ਲੜੀ ਵਿੱਚ ਪੰਜਾਬ ਤੋਂ ਬਾਲ ਲੇਖਿਕਾਂ ਸਨਮਵੀਰ ਕੌਰ ਸੰਧੂ ਦਾ ਪਲੇਠਾ ਕਾਵਿ ਸੰਗ੍ਰਹਿ 'ਪੁੰਗਰਦੀ ਕਲੀ' ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਰੌਣਕ ਵਿੱਚ ਵਾਧਾ ਕਰਦਿਆ 'ਕੈਲਗਰੀ ਗਿੱਧਾ ਤੇ ਡਾਂਸ ਅਕੈਡਮੀ' ਵਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਪੂਰੇ ਸਮਾਗਮ ਦੌਰਾਨ ਐਡਮਿੰਟਨ ਤੋਂ ਪਰਿਵਾਰ ਸਮੇਤ ਪਹੁੰਚੇ ਦਿਲਜੋਤ ਕੌਰ ਧਾਲੀਵਾਲ ਨੇ 'ਅਸੀਂ ਮੁਕਲਾਵੇ', ਤਰਲੋਚਨ ਸੈਂਭੀ ਨੇ ਅੱਜ 23 ਮਾਰਚ ਭਗਤ ਸਿੰਘ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆ ਮਹਿੰਦਰ ਸੂਮਲ ਦੀ ਲਿਖਤ 'ਨਾ ਤੂੰ ਦੁੱਖੜੇ ਰੋ' ਸਿਮਰਨਪ੍ਰੀਤ ਸਿੰਘ (ਜੱਗ ਟੀ ਵੀ) 'ਜੇ ਮੈਂ ਬਾਬਾ ਹੁੰਦਾ, ਬਲਵੀਰ ਗੋਰਾ ਨੇ' ਆਪਣੀ ਮਾਂ ਬੋਲੀ, ਪਰਮਿੰਦਰ ਰਮਨ, ਪੰਜਾਬੀ ਬੋਲੀ, ਪ੍ਰੋ. ਕੁਲਦੀਪ ਸਿੰਘ 'ਦਿੱਲੀਏ' ਜਨਮਜੀਤ ਸਿੰਘ 'ਮਿੱਟੀ ਦੀ ਮਹਿਕ' ਕਵਿਤਾ ਨਾਲ ਹਾਜ਼ਰੀ ਲਵਾਈ। ਜੱਜ ਸਹਿਬਾਨ ਵਲੋਂ ਆਏ ਨਤੀਜਿਆ ਦਾ ਐਲਾਨ ਮਹਿੰਦਰ ਐਸ ਪਾਲ ਜੀ ਨੇ ਜਿਸ ਵਿੱਚ ਗਰੁੱਪ ਪਹਿਲਾਂ ਗਰੇਡ 2,3 ਤੇ 4 ਦੇ ਬੱਚਿਆ ਵਿੱਚੋਂ ਸਫਲਸ਼ੇਰ ਸਿੰਘ ਮਾਲਵਾ ਪਹਿਲੇ, ਸਲੋਨੀ ਗੌਤਮ ਦੂਸਰੇ ਤੇ ਨਿਮਰਤ ਕੌਰ ਤੀਸਰੇ ਦੂਸਰੇ ਗਰੁੱਪ ਗਰੇਡ 5,6,7 ਗਰੇਡ ਦੇ ਬੱਚਿਆਂ ਵਿੱਚੋਂ ਅਨੂਪ ਕੌਰ ਧਾਲੀਵਾਲ ਪਹਿਲੇ ਸਥਾਨ ਤੇ, ਕੋਸ਼ਇਕ ਚੀਮਾ ਦੂਸਰੇ ਸਥਾਨ, ਤੇ ਸਹਿਜ ਪੰਧੇਰ ਤੀਸਰੇ ਸਥਾਨ ਤੇ ਅਤੇ ਤੀਸਰੇ ਗਰੁੱਪ ਜਿਸ ਵਿੱਚ ਗਰੇਡ 8,9 ਤੇ 10 ਦੇ ਬੱਚਿਆਂ ਨੇ ਭਾਗ ਲਿਆ ਵਿੱਚੋਂ ਪ੍ਰਭਲੀਨ ਗਰੇਵਾਲ ਪਹਿਲੇ ਸਥਾਨ, ਅਮਰੀਕ ਗਿੱਲ ਨੇ ਦੂਸਰੇ ਸਥਾਨ ਤੇ ਅਤੇ ਗੁਰਤੇਜ ਲਿੱਟ ਨੇ ਤੀਸਰਾ ਸਥਾਨ ਹਾਸਿਲ ਕੀਤਾ। ਭਰਪੂਰ ਤਾੜੀਆਂ ਵਿੱਚ ਸਭ ਦਾ ਸਨਮਾਨ ਪੂਰੀ ਕਾਰਜਕਾਰੀ ਕਮੇਟੀ ਤੇ ਮੁੱਖ ਮਹਿਮਾਨਾਂ ਵਲੋਂ ਕੀਤਾ ਗਿਆ। ਅਖੀਰ ਵਿੱਚ ਪ੍ਰਧਾਨ ਬਲਜਿੰਦਰ ਸੰਘਾ ਨੇ ਐਡਮਿੰਟਨ ਤੋਂ ਉਚੇਚੇ ਤੌਰ ਉੱਤੇ ਪਹੁੰਚੇ ਰਘਬੀਰ ਬਿਲਾਸਪੁਰੀ ਅਤੇ ਸਾਰੇ ਹਾਜ਼ਰੀਨ, ਸਮੂਹ ਮੀਡੀਆ ਅਤੇ ਸ਼ਹਿਰ ਦੀਆਂ ਮਾਨਯੋਗ ਸੰਸਥਾਵਾਂ ਦੇ ਸਹਿਯੋਗ ਅਤੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਉਹਨਾਂ ਦਾ ਧੰਨਵਾਦ ਕੀਤਾ। ਸਭਾ ਦੀ ਅਗਲੀ ਮੀਟਿੰਗ 21 ਅਪ੍ਰੈਲ ਦਿਨ ਐਤਵਾਰ ਬਾਅਦ ਦੁਪਿਹਰ ਦੋ ਵਜੇ ਹੋਵੇਗੀ ਵਿੱਚ ਆਉਣ ਦਾ ਸਾਰਿਆਂ ਨੂੰ ਖੁੱਲ੍ਹਾ ਸੱਦਾ ਦਿੱਤਾ। ਹੋਰ ਜਾਣਕਾਰੀ ਲਈ ਪ੍ਰਧਾਨ ਬਲਜਿੰਦਰ ਸੰਘਾ ਨੂੰ 4036803212 ਤੇ ਜਨਰਲ ਸਕੱਤਰ ਰਣਜੀਤ ਸਿੰਘ ਨੂੰ 4037146848 ਤੇ ਸੰਪਰਕ ਕੀਤਾ ਜਾ ਸਕਦਾ ਹੈ।

















# ਆਰਥਿਕ ਆਧਾਰ ਤੇ ਰਾਖਵਾਂਕਰਨ ਦੀ ਨੀਤੀ-ਇੱਕ ਮਨੂੰਵਾਦੀ ਸਾਜ਼ਿਸ਼



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਦਲਿਤਾਂ ਅਤੇ ਦੱਬੇ ਕੁਚਲੇ ਲੋਕਾਂ ਦੇ ਲੰਬੇ ਸੰਘਰਸ਼ ਪਿੱਛੋਂ ਦੇਸ਼ ਦੀਆਂ ਹਾਕਮ ਜਮਾਤਾਂ ਨੇ ਸੰਵਿਧਾਨ ਵਿੱਚ ਰਾਖਵੇਂਕਰਨ ਦੀ ਵਿਵਸਥਾ ਕੀਤੀ। ਬ੍ਰਾਹਮਣਵਾਦੀ ਜਾਤੀ ਬਣਤਰ ਦੀ ਮਜ਼ਬੂਤੀ ਅਤੇ ਮਨੂੰਵਾਦੀ ਤਾਕਤਾਂ ਦੇ ਦਾਬੇ ਦੀ ਵਜ੍ਹਾ ਕਰਕੇ ਜਦੋਂ ਯੋਗ ਤੋਂ ਯੋਗ ਗ਼ੈਰ ਸਵਰਨ ਵਿਅਕਤੀਆਂ ਦਾ ਵੀ ਮਹੱਤਵਪੂਰਨ ਅਹੁਦਿਆਂ ਤੇ ਪਹੁੰਚ ਜਾਣਾ ਲੱਗਭਗ ਅਸੰਭਵ ਸੀ, ਉਦੋਂ ਰਾਖਵਾਂਕਰਨ ਪ੍ਰਣਾਲੀ ਦੀ ਵਜ੍ਹਾ ਕਰਕੇ ਸਦੀਆਂ ਤੋਂ ਵਾਂਝੀਆ ਜਾਤੀਆਂ ਵਿੱਚੋਂ ਐਸੇ ਲੋਕ ਨਿਕਲਣੇ ਸ਼ੁਰੂ ਹੋਏ ਜੋ ਅੱਜ ਸਮਾਜਿਕ, ਆਰਥਕ, ਰਾਜਨੀਤਕ, ਸਿੱਖਿਅਕ ਤੇ ਹੋਰ ਵੱਖ-ਵੱਖ ਖੇਤਰਾਂ ਵਿੱਚ ਆਪਣੀ ਮੌਜੂਦਗੀ ਦਰਜ ਕਰਵਾ ਰਹੇ ਹਨ। ਰਾਖਵੇਂਕਰਨ ਦੀ ਵਜ੍ਹਾ ਕਰਕੇ ਘੱਟੋ ਘੱਟ ਇਸ ਗੱਲ ਦੀ ਗਰੰਟੀ ਹੋਈ ਕਿ ਤੁਸੀਂ ਚਾਹੋ ਜਾਂ ਨਾ ਚਾਹੋ ਪਰ ਰਾਖਵੀਆਂ ਸੀਟਾਂ ਤੇ ਵਾਂਝੀਆਂ ਜਾਤੀਆਂ ਦੇ ਬੰਦਿਆਂ ਨੂੰ ਪਹੁੰਚਣ ਤੋਂ ਰੋਕ ਨਹੀਂ ਸਕਦੇ।

ਅਜ਼ਾਦੀ ਦੇ ਸੰਘਰਸ਼ ਦੌਰਾਨ ਦੇਸ਼ ਵਿੱਚ ਹਰ ਥਾਂ ਅਜ਼ਾਦੀ ਤੇ ਬਰਾਬਰੀ ਦਾ ਨਾਅਰਾ ਗੂੰਜਿਆ ਸੀ। ਅੰਬੇਦਕਰ ਦੀ ਧਾਰਾ, ਭਗਤ ਸਿੰਘ ਦੀ ਧਾਰਾ ਅਤੇ ਕਮਿਊਨਿਸਟਾਂ ਸਮੇਤ ਸਾਰੀਆਂ ਪ੍ਰਗਤੀਸ਼ੀਲ ਤਾਕਤਾਂ ਅਛੂਤ ਸਮੱਸਿਆ ਅਤੇ ਹਰ ਤਰ੍ਹਾਂ ਦੇ ਗੈਰ ਬਰਾਬਰੀ ਨੂੰ ਖਤਮ ਕਰਨ ਲਈ ਲੜ ਰਹੀਆਂ ਸਨ। ਉਮੀਦ ਸੀ ਕਿ ਅਜ਼ਾਦੀ ਤੋਂ ਪਿੱਛੋਂ ਇੱਕ ਐਸੇ ਭਾਰਤ ਦਾ ਨਿਰਮਾਣ ਹੋਵੇਗਾ, ਜਿੱਥੇ ਜਲ, ਜੰਗਲ, ਜ਼ਮੀਨ ਤੇ ਕਾਰਖਾਨਿਆਂ ਸਮੇਤ ਸਾਰੇ ਵਸੀਲਿਆਂ ਤੇ ਸਮਾਜ ਦਾ ਜਨਵਾਦੀਕਰਨ ਕੀਤਾ ਜਾਵੇਗਾ ਪਰ ਅੰਗਰੇਜ਼ਾਂ ਵੱਲੋਂ ਪੂੰਜੀਪਤੀਆਂ ਦੇ ਉਮੀਦਵਾਰਾਂ ਦੀ ਪਾਰਟੀ ਕਾਂਗਰਸ ਨੂੰ ਸੱਤਾ ਸੰਭਾਲਣ ਦੇ ਨਾਲ ਹੀ ਇਹ ਸੰਭਾਵਨਾ ਖਤਮ ਹੋ ਗਈ। ਭੀਮ ਰਾਓ ਅੰਬੇਦਕਰ ਦੁਆਰਾ ਦਲਿਤਾਂ ਦੇ ਲਈ ਅਲੱਗ ਚੋਣ ਪ੍ਰਣਾਲੀ ਦੀ ਮੰਗ ਦਾ ਗਲਾ ਪਹਿਲਾਂ ਹੀ ਪੂਨਾ ਪੈਕਟ ਦੌਰਾਨ ਘੋਟ ਦਿੱਤਾ ਗਿਆ ਸੀ। 1947 ਦੀ ਸੱਤਾ ਤਬਦੀਲੀ ਦੇ ਨਾਲ ਹੀ ਅੰਬੇਦਕਰ ਨੂੰ ਇਹ ਲੱਗਿਆ ਕਿ ਆਜ਼ਾਦੀ ਦੇ ਪਿੱਛੋਂ ਵੀ ਜੋ ਨਵੀਂ ਪ੍ਰਣਾਲੀ ਬਣਨ ਜਾ ਰਹੀ ਹੈ ਉਹ ਦਲਿਤਾਂ ਦੀ ਦਸ਼ਾ ਸੁਧਾਰਨ ਦੇ ਲਈ ਕੁਝ ਨਹੀਂ ਕਰਨ ਵਾਲੀ। ਇਸ ਲਈ ਜਿਉਂ ਹੀ ਗਾਂਧੀ ਦੇ ਦਬਾਅ ਵਿੱਚ ਕਾਂਗਰਸ ਨੇ ਅੰਬੇਦਕਰ ਦੇ ਸਾਹਮਣੇ ਸੰਵਿਧਾਨ ਸਭਾ ਵਿੱਚ ਸ਼ਾਮਲ ਹੋਣ ਦਾ ਪ੍ਰਸਤਾਵ ਰੱਖਿਆ ਉਸ ਨੂੰ ਉਨ੍ਹਾਂ ਨੇ ਮਨਜ਼ੂਰ ਕਰ ਲਿਆ। ਉਹਨੂੰ ਲੱਗਿਆ ਕਿ ਸ਼ਾਇਦ ਸੰਵਿਧਾਨ ਸਭਾ ਵਿੱਚ ਰਹਿ ਕੇ ਉਹ ਦਲਿਤਾਂ ਨੂੰ ਕੁਝ ਅਧਿਕਾਰ ਦਿਵਾ ਸਕਣਗੇ। ਅਜ਼ਾਦੀ ਅੰਦੋਲਨ ਦੀਆਂ ਉਮੀਦਾਂ ਦੇ ਦਬਾਅ ਅਤੇ ਅੰਬੇਦਕਰ ਦੇ ਯਤਨਾਂ ਨਾਲ ਸੰਵਿਧਾਨ ਵਿੱਚ ਸਮਾਜਿਕ ਅਤੇ ਸਿੱਖਿਅਕ ਤੌਰ 'ਤੇ ਪਿਛੜੇ ਵਰਗਾਂ ਦੇ ਲਈ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ। ਇੱਥੇ ਇਹ ਸਾਫ ਕਰ ਦੇਣਾ ਜ਼ਰੂਰੀ ਹੈ ਕਿ ਰਾਖਵਾਂਕਰਨ ਕੋਈ ਗਰੀਬੀ ਹਟਾਉਣ ਦਾ ਪ੍ਰੋਗਰਾਮ ਨਹੀਂ ਹੈ। ਗਰੀਬੀ ਹਟਾਉਣ ਦੇ ਲਈ ਤਾਂ ਤਤਕਾਲ ਭੂਮੀ ਸੁਧਾਰ ਅਤੇ ਅਰਥਚਾਰੇ ਦੇ ਜਨਵਾਦੀਕਰਨ ਦੀ ਜ਼ਰੂਰਤ ਸੀ ਅਤੇ ਅੱਜ ਵੀ ਹੈ। ਰਾਖਵੇਂਕਰਨ ਦੀ ਪ੍ਰਣਾਲੀ ਤਾਂ ਇਸ ਲਈ ਕੀਤੀ ਗਈ ਕਿ ਸਿੱਖਿਆ, ਰੁਜ਼ਗਾਰ, ਨੌਕਰਸ਼ਾਹੀ ਤੇ ਹੋਰ ਉਹ ਮਹੱਤਵਪੂਰਨ ਖੇਤਰਾਂ ਵਿੱਚ ਦਲਿਤ ਆਦਿਵਾਸੀ ਤੇ ਪਿਛਲੇ ਵਰਗ ਦੀ ਵੀ ਕੁੱਝ ਨੁਮਾਇੰਦਗੀ ਯਕੀਨੀ ਬਣਾਈ ਜਾ ਸਕੇ। ਪਰ ਤੁਸੀਂ ਵੇਖ ਸਕਦੇ ਹੋ ਕਿ ਰਾਖਵਾਂਕਰਨ ਪ੍ਰਣਾਲੀ ਦੀ ਮੌਜੂਦਗੀ ਦੇ ਬਾਵਜੂਦ ਹਰ ਤਰ੍ਹਾਂ ਦੀਆਂ ਸਾਜਿਸ਼ਾਂ ਤੇ ਜਾਲਸਾਜ਼ੀਆ ਦੀ ਵਜ੍ਹਾ ਕਰਕੇ ਬਹੁਤ ਸਾਰੇ ਰਾਖਵੇਂਕਰਨ ਦੇ ਅਹੁਦੇ ਖਾਲੀ ਹੀ ਰਹਿ ਜਾਂਦੇ ਹਨ। ਉੱਚ ਪੱਧਰ 'ਤੇ ਨੌਕਰਸ਼ਾਹੀ ਵਿੱਚ ਅਤੇ ਸਿੱਖਿਆ ਸੰਸਥਾਵਾਂ ਵਿੱਚ ਵਾਈਸ ਚਾਂਸਲਰ ਤੇ ਪ੍ਰੋਫੈਸਰਾ ਦੇ ਅਹੁਦੇ ਤੇ ਅੱਜ ਵੀ ਦਲਿਤਾਂ ਅਤੇ ਪਛੜਿਆਂ ਦਾ ਨੁਮਾਇੰਦਗੀ ਨਾਂਹ ਦੇ ਬਰਾਬਰ ਹੈ। ਜਿਨ੍ਹਾਂ ਖੇਤਰਾਂ 'ਚ ਰਾਖਵਾਂਕਰਨ ਹੈ ਹੀ ਨਹੀਂ ਉੱਥੇ ਤਾਂ ਸਥਿਤੀ ਹੋਰ ਵੀ ਹੀ ਭਿਆਨਕ ਹੈ। ਮਿਸਾਲ ਵਜੋਂ ਤੁਸੀਂ ਨਿਆਂ ਪ੍ਰਣਾਲੀ ਨੂੰ ਦੇਖ ਸਕਦੇ ਹੋ।



ਬੀਤੇ ਕੁਝ ਸਮੇਂ ਵਿੱਚ ਸਿਖ਼ਰਲੀ ਅਦਾਲਤ ਅਤੇ ਸੰਸਦ ਦੇ ਕੁਝ ਫ਼ੈਸਲਿਆਂ ਨੇ ਲੰਮੇ ਸਮੇਂ ਦੇ ਸੰਘਰਸ਼ ਪਿੱਛੋਂ ਹਾਸਲ ਕੀਤੀ ਰਾਖਵੇਂਕਰਨ ਦੀ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਉਲਟਾ ਦਿੱਤਾ ਹੈ। ਹਾਲ ਹੀ ਵਿੱਚ ਸਿੱਖਿਆ ਸੰਸਥਾਵਾਂ ਵਿੱਚ ਖੋਜ ਅਤੇ ਨਿਯੁਕਤੀਆਂ ਵਿੱਚ 200 ਪੁਆਇੰਟ ਰੋਸਟਰ (ਜੋ ਕਿ ਯੂਨੀਵਰਸਿਟੀਆਂ ਨੂੰ ਇਕਾਈ ਮੰਨਦਾ ਸੀ) ਨੂੰ ਖਤਮ ਕਰਨ ਦਾ ਸਿਖਰਲੀ ਅਦਾਲਤ ਦਾ ਫੈਸਲਾ ਅਤੇ ਦਸ ਫ਼ੀਸਦੀ ਗ਼ਰੀਬ ਸਵਰਨਾਂ ਨੂੰ ਰਾਖਵਾਂਕਰਨ ਦੇਣ ਤੇ ਲਗਭਗ ਆਮ ਸਹਿਮਤੀ ਨਾਲ ਸੰਸਦ ਵੱਲੋਂ ਪਾਸ ਸੰਵਿਧਾਨ ਸੋਧ ਬਿੱਲ ਰਾਖਵੇਂਕਰਨ ਪ੍ਰਣਾਲੀ ਦਾ ਲੱਕ ਤੋੜ ਦੇਣ ਵਾਲਾ ਹੈ। ਦਸ ਫ਼ੀਸਦੀ ਗ਼ਰੀਬ ਉੱਚ ਜਾਤੀਆਂ ਨੂੰ ਰਾਖਵੇਂਕਰਨ ਦੀ ਵਿਵਸਥਾ ਤਾਂ ਰਾਖਵਾਂ ਕਰਨ ਦੀ ਮੂਲ ਧਾਰਨਾ ਨੂੰ ਹੀ ਤਹਿਸ ਨਹਿਸ ਕਰ ਦੇਣ ਦੇ ਬਰਾਬਰ ਹੈ। ਆਰਥਿਕ ਆਧਾਰ ਤੇ ਰਾਖਵਾਂਕਰਨ ਇੱਕ ਤਰ੍ਹਾਂ ਨਾਲ ਰਾਖਵੇਂਕਰਨ ਨੂੰ ਖਤਮ ਕਰ ਦੇਣ ਦੀ ਹੀ ਵਿਉਂਤਬੰਦੀ ਸਮਝੋ।

ਸੰਵਿਧਾਨ ਵਿੱਚ ਕਿਤੇ ਵੀ ਆਰਥਕ ਅਧਾਰ ਤੇ ਰਾਖਵੇਂਕਰਨ ਦੀ ਗੱਲ ਨਹੀਂ ਕੀਤੀ ਗਈ ਹੈ। ਗਰੀਬੀ ਹਟਾਉ ਲਈ ਜ਼ਰੂਰੀ ਹੈ ਕਿ ਮੁਨਾਫ਼ਾ ਕੇਂਦਰਿਤ ਉਦਾਰੀਕਰਨ, ਨਿੱਜੀਕਰਨ ਤੇ ਸੰਸਾਰੀਕਰਨ ਦੀ ਅਰਥ ਵਿਵਸਥਾ ਨੂੰ ਖਤਮ ਕਰਕੇ ਲੋਕਾਂ ਤੇ ਕੇਂਦਰਿਤ ਅਰਥਚਾਰਾ ਲਾਗੂ ਕੀਤਾ ਜਾਵੇ। ਸਾਰੇ ਪੈਦਾਵਾਰੀ ਵਸੀਲਿਆਂ ਦਾ ਸਮਾਜੀਕਰਨ ਕੀਤਾ ਜਾਵੇ। ਜਦ ਵੀ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਆਉਂਦੀ ਹੈ ਤਾਂ ਸਰਕਾਰ ਵਸੀਲਿਆਂ ਦੀ ਪਕਮੀ ਦਾ ਰੋਣਾ ਰੋਣ ਲੱਗਦੀ ਹੈ। ਅਸੀਂ ਅੱਛੀ ਤਰ੍ਹਾਂ ਜਾਣਦੇ ਹਾਂ ਕਿ ਸਰਕਾਰ ਦੇ ਕੋਲ ਨਾ ਤਾਂ ਵਸੀਲਿਆਂ ਦੀ ਕਮੀ ਹੈ ਅਤੇ ਨਾ ਹੀ ਵਿੱਤੀ ਸਰੋਤਾਂ ਦੀ। ਪ੍ਰਧਾਨ ਮੰਤਰੀ ਮੋਦੀ ਨੇ ਹਰ ਸਾਲ ਦੋ ਕਰੋੜ ਲੋਕਾਂ ਨੂੰ ਨੌਕਰੀ ਦੇਣ ਦੀ ਗੱਲ ਕਹੀ ਸੀ ਪਰ ਪੰਜ ਸਾਲ ਹੋਣ ਜਾ ਰਹੇ ਹਨ ਅਤੇ ਰੁਜ਼ਗਾਰ ਦੀ ਦਰ ਵਧਣ ਦੀ ਬਜਾਏ ਹੋਰ ਘਟ ਗਈ ਹੈ। ਹਰ ਸਾਲ ਸਰਮਾਏਦਾਰਾਂ ਦੇ ਲੱਖਾਂ ਕਰੋੜਾਂ ਟੈਕਸ ਤੇ ਕਰਜ਼ੇ ਮੁਆਫ਼ ਕਰ ਦਿੱਤੇ ਜਾਂਦੇ ਹਨ। ਸੰਨ 2005-06 ਤੋਂ 2015-16 ਦਰਮਿਆਨ ਦੇਖੀਏ ਤਾਂ ਸਰਮਾਏਦਾਰਾਂ ਨੂੰ 47.6 ਕਰੋੜ ਕਰੋੜ ਰੁਪਏ ਦੀ ਟੈਕਸ ਵਿੱਚ ਛੋਟ ਦਿੱਤੀ ਗਈ। 580 ਲੱਖ ਵਰਗਮੀਟਰ ਜ਼ਮੀਨ ਨੂੰ 10 ਰੁਪਏ ਵਰਗ ਮੀਟਰ ਦੇ ਹਿਸਾਬ ਨਾਲ ਦੇ ਦਿੱਤੀ ਗਈ। ਬੈਂਕਾਂ ਦੇ ਹਜ਼ਾਰਾਂ ਕਰੋੜ ਰੁਪਏ ਲੈ ਕੇ ਵਿਜੇ ਮਾਲਿਆ ਤੇ ਨੀਰਜ ਮੋਦੀ ਵਰਗੇ ਸਰਮਾਏਦਾਰ ਵਿਦੇਸ਼ ਭੱਜ ਗਏ।

ਉਦਾਰੀਕਰਨ ਦੀਆਂ ਨੀਤੀਆਂ ਕਾਰਨ ਪਿਛਲੇ ਵੀਹ ਸਾਲਾਂ ਵਿੱਚ ਪੰਜ ਲੱਖ ਤੋਂ ਜ਼ਿਆਦਾ ਸਨਅਤੀ ਧੰਦੇ ਬੰਦ ਹੋ ਗਏ। ਸਵਾਲ ਉਠਦਾ ਹੈ ਕਿ ਜਦ ਸਾਰੀ ਪੂੰਜੀ ਤੇ ਵਸੀਲੇ ਸਰਮਾਏਦਾਰ ਹੜੱਪ ਲੈਣਗੇ ਤਾਂ ਸਨਅਤੀ ਧੰਦੇ ਵਧਣ ਦੀ ਬਜਾਏ ਬੰਦ ਹੋ ਜਾਣਗੇ ਤਾਂ ਲੋਕਾਂ ਨੂੰ ਕੀ ਸਿਰਫ ਰਾਖਵਾਂਕਰਨ ਦੇਣ ਨਾਲ ਰੁਜ਼ਗਾਰ ਮਿਲ ਜਾਵੇਗਾ? ਸੱਚ ਤਾਂ ਇਹ ਹੈ ਕਿ ਦੇਸ਼ ਵਿੱਚ ਸਰਕਾਰੀ ਨੌਕਰੀਆਂ ਲਗਾਤਾਰ ਘੱਟ ਰਹੀਆਂ ਹਨ। ਇੱਕ ਅੰਕੜੇ ਮੁਤਾਬਿਕ ਦੇਸ਼ ਵਿੱਚ ਕੁੱਲ ਸਰਕਾਰੀ ਨੌਕਰੀਆਂ ਕਰੀਬ 1.5 ਤੋਂ 2 ਕਰੋੜ ਹੋਣਗੀਆਂ। ਰਾਖਵਾਂਕਰਨ ਦੀ ਵਿਵਸਥਾ ਸਮਾਜਿਕ ਤੇ ਸਿੱਖਿਅਕ ਰੂਪ ਨਾਲ ਪਿਛੜੀਆ ਜਾਤਾਂ ਤੇ ਵਰਗਾਂ ਨੂੰ ਹਰ ਖੇਤਰ ਵਿੱਚ ਨੁਮਾਇੰਦਗੀ ਮੁਹੱਈਆ ਕਰਾਉਣ ਲਈ ਕੀਤੀ ਗਈ ਸੀ। ਕੀ ਇੱਕ ਜਾਤੀ ਅਤੇ ਵਰਗ ਵਜੋਂ ਸਫ਼ਾਈ ਕਰਮੀਆਂ ਦੇ ਕੰਮਾਂ ਤੋਂ ਇਲਾਵਾ ਕਿਸੇ ਵੀ ਖੇਤਰ ਵਿੱਚ ਸਵਰਨਾ ਨੂੰ ਨੁਮਾਇੰਦਗੀ ਦੀ ਘਾਟ ਹੈ? ਉੱਚ ਜਾਤੀਆਂ ਨੂੰ ਰਾਖਵਾਂਕਰਨ ਦੇਸ਼ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਗੰਦੀ ਰਾਜਨੀਤੀ ਦਾ ਸਿੱਟਾ ਹੈ।

ਮੰਡਲ ਕਮਿਸ਼ਨ ਦੀਆਂ ਵਿਵਸਥਾਵਾਂ ਤੇ ਪੈਮਾਨਿਆਂ ਦੇ ਆਧਾਰ 'ਤੇ ਪਹਿਲਾਂ ਤੋਂ ਹੀ ਕਈ ਰਾਜਾਂ ਵਿੱਚ ਉਚ ਜਾਤੀਆਂ ਨੂੰ ਵੀ ਓਬੀਸੀ ਕੋਟੇ ਵਿੱਚ ਰੱਖਿਆ ਗਿਆ ਹੈ। ਪਾਰਲੀਮੈਂਟ 'ਚ ਲਗਭਗ ਜਿਸ ਤਰ੍ਹਾਂ ਸਾਰੀਆਂ ਪਾਰਟੀਆਂ ਨੇ ਉੱਚ ਜਾਤੀ ਰਾਖਵੇਂਕਰਨ ਦੀ ਹਮਾਇਤ ਕੀਤੀ ਹੈ ਉਸ ਤੋਂ ਇੱਕ ਵਾਰ ਫਿਰ ਸਪਸ਼ਟ ਹੋ ਗਿਆ ਕਿ ਸੰਸਦ ਵਿੱਚ ਕੋਈ ਵਿਰੋਧੀ ਧਿਰ ਨਹੀਂ ਹੈ। ਸਭ ਇੱਕੋ ਥੈਲੀ ਦੇ ਚੱਟੇ ਵੱਟੇ ਹਨ। ਆਓ ਆਪਾਂ ਹੁਣ ਰੋਸਟਰ ਪ੍ਰਣਾਲੀ 'ਤੇ ਗੱਲ ਕਰੀਏ। ਰੋਸਟਰ ਪ੍ਰਣਾਲੀ ਇੱਕ ਵਿਧੀ ਹੈ ਜਿਸ ਦੇ ਜ਼ਰੀਏ ਨੌਕਰੀਆਂ ਵਿੱਚ ਰਾਖਵਾਂਕਰਨ ਲਾਗੂ ਕੀਤਾ ਜਾਂਦਾ ਹੈ ਪਰ ਜੇ ਉਸ ਨੂੰ ਲਾਗੂ ਨਾ ਕੀਤਾ ਜਾਵੇ ਜਾਂ ਲਾਗੂ ਕਰਨ ਵਿੱਚ ਬੇਈਮਾਨੀ ਹੋਵੇ ਤਾਂ ਰਾਖਵੇਂਕਰਨ ਦੀਆਂ ਸੰਵਿਧਾਨਕ ਵਿਵਸਥਾਵਾਂ ਦੀਆਂ ਧੱਜੀਆ ਉਡ ਜਾਂਦੀਆਂ ਹਨ।

ਸੰਨ 2007 ਵਿੱਚ ਉੱਚ ਸਿੱਖਿਆ ਸੰਸਥਾਵਾਂ ਵਿੱਚ ਓ ਬੀ ਸੀ ਰਾਖਵਾਂਕਰਨ ਲਾਗੂ ਕੀਤਾ ਗਿਆ ਉੱਥੇ ਅਨੁਸੂਚਿਤ ਜਾਤੀਆਂ/ਜਨਜਾਤੀਆਂ ਲਈ 1997 ਵਿੱਚ ਉਚ ਸਿੱਖਿਆ ਵਿੱਚ ਰਾਖਵੇਂਕਰਨ ਦਾ ਦੀ ਵਿਵਸਥਾ ਕੀਤੀ ਗਈ ਸੀ। ਪਰ ਯੂਨੀਵਰਸਿਟੀਆਂ ਆਪਣੀ ਖੁਦਮੁਖਤਿਆਰੀ ਦਾ ਹਵਾਲਾ ਦੇ ਕੇ ਲੰਮੇ ਸਮੇਂ ਤੋਂ ਰਾਖਵੇਂਕਰਨ ਨੂੰ ਲਾਗੂ ਕਰਨ ਦੀ ਮਨਾਹੀ ਕਰਦੀਆਂ ਰਹੀਆਂ। ਪਰ ਜਦ ਸਮਾਜਿਕ, ਰਾਜਸੀ ਤੇ ਕਾਨੂੰਨੀ ਦਬਾਅ ਪੈਣ ਲੱਗਿਆ ਤਾਂ ਉਨ੍ਹਾਂ ਨੇ ਰਾਖਵਾਂਕਰਨ ਲਾਗੂ ਕਰਨ ਦੀ ਹਾਮੀ ਤਾਂ ਭਰੀ ਪਰ ਉਸ ਵਿੱਚ ਅਨੇਕਾਂ ਅਜਿਹੀਆਂ ਚਾਲਬਾਜ਼ੀਆ ਕਰ ਦਿੱਤੀਆਂ ਜਿਸ ਨਾਲ ਕਿ ਇਹ ਅਸਰਦਾਇਕ ਢੰਗ ਨਾਲ਼ ਲਾਗੂ ਹੀ ਨਾ ਹੋ ਸਕੇ। ਅਜ਼ਾਦੀ ਦੇ 71 ਵਰ੍ਹੇ ਹੋ ਗਏ ਅਤੇ ਉੱਚ ਸਿੱਖਿਆ ਵਿੱਚ ਐਸਸੀ/ਐਸਟੀ ਵਰਗ ਨੂੰ ਰਾਖਵਾਂਕਰਨ ਮਿਲੇ ਬਾਈ ਸਾਲ ਤੇ ਓਬੀਸੀ ਨੂੰ ਵੀ 11 ਸਾਲ ਹੋ ਗਏ ਪਰ ਅੱਜ ਵੀ ਉੱਚ ਸਿੱਖਿਆ ਸੰਸਥਾਵਾਂ ਵਿੱਚ ਐੱਸਸੀ/ਐੱਸਟੀ ਤੇ ਓਬੀਸੀ ਦਾ ਕੁੱਲ ਨੁਮਾਇੰਦਗੀ ਸਿਰਫ਼ 6 ਫ਼ੀਸਦੀ ਹੈ ਜਦਕਿ ਉਸ ਦੀ ਆਬਾਦੀ 80 ਫੀਸਦੀ ਹੋ ਗਈ ਹੈ। ਕੇਂਦਰ ਸਰਕਾਰ ਨੇ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਨੂੰ ਦਸੰਬਰ 2005 ਵਿੱਚ ਇੱਕ ਚਿੱਠੀ ਭੇਜ ਕੇ ਯੂਨੀਵਰਸਿਟੀਆਂ ਵਿੱਚ ਰਾਖਵਾਂਕਰਨ ਲਾਗੂ ਕਰਨ ਵਿੱਚ ਆ ਰਹੀਆਂ ਦਿੱਕਤਾਂ ਨੂੰ ਦੂਰ ਕਰਨ ਲਈ ਕਿਹਾ। ਰਾਖਵਾਂਕਰਨ ਲਾਗੂ ਕਰਨ ਵਿੱਚ ਆ ਰਹੀਆਂ ਵਿਰੋਧਤਾਈਆਂ ਨੂੰ ਦੂਰ ਲਈ 2005-06 ਵਿੱਚ ਹੀ ਯੂ ਜੀ ਸੀ ਦੇ ਤਤਕਾਲੀਨ ਚੇਅਰਮੈਨ ਪ੍ਰੋਫੈਸਰ ਵੀ ਐੱਨ ਰਾਜਸ਼ੇਖਰਨ ਪਿਲਾਈ ਨੇ ਪ੍ਰਸਿੱਧ ਵਿਗਿਆਨਕ ਪ੍ਰੋਫੈਸਰ ਰਾਏ ਸਾਹਿਬ ਕਾਲੇ (ਜੋ ਕਿ ਅੱਗੇ ਚਲ ਕੇ ਗੁਜਰਾਤ ਕੇਂਦਰੀ ਯੂਨੀਵਰਸਿਟੀ ਦੇ ਸੰਸਥਾਪਕ ਕੁਲਪਤੀ ਵੀ ਮਨਾਏ ਗਏ ਸਨ), ਦੀ ਪ੍ਰਧਾਨਗੀ ਵਿੱਚ ਰਾਖਵਾਂਕਰਨ ਲਾਗੂ ਕਰਨ ਦੇ ਲਈ ਇਕ ਫਾਰਮੂਲਾ ਬਣਾਉਣ ਖਾਤਰ ਇੱਕ ਤਿੰਨ ਮੈਂਬਰੀ ਸੰਸਦੀ ਕਮੇਟੀ ਦਾ ਗਠਨ ਕੀਤਾ ਸੀ, ਇਸ ਵਿੱਚ ਕਾਨੂੰਨਦਾਨ ਪ੍ਰੋਫੈਸਰ ਜੋਸ਼ ਵਰਗੀਜ਼ ਅਤੇ ਯੂਜੀਸੀ ਦੇ ਤਤਕਾਲੀਨ ਸਕੱਤਰ ਡਾ. ਆਰ ਕੇ ਚੌਹਾਨ ਮੈਂਬਰ ਸਨ। ਕਾਲੇ ਕਮੇਟੀ ਨੇ ਰਾਖਵੇਂਕਰਨ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ 200 ਪੁਆਇੰਟ ਰੋਸਟਰ ਦਾ ਫਾਰਮੂਲਾ ਬਣਾਇਆ ਤਾਂ ਕਿ ਐਸਸੀ ਨੂੰ 15 ਫੀਸਦੀ ਐਸ ਟੀ ਨੂੰ 7.5 ਫੀਸਦੀ ਤੇ ਓ ਬੀ ਸੀ ਨੂੰ 27 ਫੀਸਦੀ ਰਾਖਵਾਂਕਰਨ ਮਿਲ ਸਕੇ। ਇਸ 200 ਪੁਆਇੰਟ ਰੋਸਟਰ ਨੂੰ ਲਾਗੂ ਕਰਨ ਲਈ ਯੂਨੀਵਰਸਿਟੀ ਨੂੰ ਇਕਾਈ ਮੰਨਿਆ ਗਿਆ। ਕਾਲੇ ਕਮੇਟੀ ਨੇ ਰੋਸਟਰ ਨੂੰ ਸੌ ਪੁਆਇੰਟ ਤੇ ਨਾ ਬਣਾ ਕੇ ਦੋ ਸੌ ਪੁਆਇੰਟ ਤੇ ਬਣਾਇਆ ਕਿਉਂਕਿ ਅਨੁਸੂਚਿਤ ਜਨ ਜਾਤੀਆਂ ਨੂੰ ਸਾਢੇ ਸੱਤ ਫੀਸਦੀ ਹੀ ਰਾਖਵਾਂਕਰਨ ਹੈ। ਜੇ ਇਹ ਰੋਸਟਰ 100 ਪੁਆਇੰਟ ਤੇ ਬਣਦਾ ਤਾਂ ਅਨੁਸੂਚਿਤ ਜਨ ਜਾਤੀਆਂ ਨੂੰ ਕਿਸੇ ਯੂਨੀਵਰਸਿਟੀ ਵਿੱਚ ਖਾਲੀ ਸੌ ਅਸਾਮੀਆਂ ਵਿੱਚੋਂ ਸਾਢੇ ਸੱਤ ਅਸਾਮੀਆਂ ਦੇਣੀਆ ਹੁੰਦੀਆਂ ਜੋ ਕਿ ਸੰਭਵ ਨਹੀਂ ਹੈ।

ਕਾਲੇ ਕਮੇਟੀ ਨੇ ਅਨੁਸੂਚਿਤ ਜਨ ਜਾਤੀ, ਅਨੁਸੂਚਿਤ ਜਾਤੀ ਤੇ ਓ ਬੀ ਸੀ ਨੂੰ ਸੌ ਫ਼ੀਸਦੀ ਵਿੱਚ ਦਿੱਤੇ ਗਏ ਕਾਰੋਬਾਰ 7.5,15,27 ਫੀਸਦੀ ਰਾਖਵੇਂਕਰਨ ਨੂੰ ਦੋ ਸੌ ਗੁਣਾ ਕਰ ਦਿੱਤਾ, ਜਿਸ ਨਾਲ ਇਹ ਨਿਕਲ ਕੇ ਆਇਆ ਕਿ ਦੋ ਸੌ ਫੀਸਦੀ ਵਿੱਚੋਂ ਅਨੁਸੂਚਿਤ ਜਨਜਾਤੀ, ਅਨੁਸੂਚਿਤ ਜਾਤੀ ਤੇ ਓ ਬੀ ਸੀ ਨੂੰ ਕ੍ਰਮਵਾਰ 15,30 ਤੇ 54 ਫੀਸਦੀ ਰਾਖਵਾਂਕਰਨ ਮਿਲੇਗਾ। ਭਾਵ ਜੇ ਇੱਕ ਯੂਨੀਵਰਸਿਟੀ ਵਿੱਚ ਦੋ ਸੌ ਸੀਟਾਂ ਹਨ ਤਾਂ ਉਸ ਵਿੱਚੋਂ ਅਨੁਸੂਚਿਤ ਜਨਜਾਤੀ, ਅਨੁਸੂਚਿਤ ਜਾਤੀ ਤੇ ਓਬੀਸੀ ਨੂੰ ਕਰਮਵਾਰ 15,30 ਤੇ 54 ਸੀਟਾਂ ਮਿਲਣਗੀਆਂ ਜੋ ਕਿ ਉਨ੍ਹਾਂ ਦੇ ਇਸ 7.5,15,27 ਫੀਸਦੀ ਦੇ ਅਨੁਸਾਰ ਹੋਵੇਗਾ। ਸੀਟਾਂ ਦੀ ਗਿਣਤੀ ਦਾ ਹਿਸਾਬ ਕਿਤਾਬ ਸਮਝਾਉਣ ਪਿੱਛੋਂ ਕਮੇਟੀ ਦੇ ਸਾਹਮਣੇ ਇਹ ਸਮੱਸਿਆ ਆਈ ਕਿ ਇਹ ਕਿਵੇਂ ਨਿਰਧਾਰਤ ਕੀਤਾ ਜਾਵੇ ਕਿ ਕਿਹੜੀ ਸੀਟ ਕਿਸ ਜਾਤੀ ਨੂੰ ਜਾਵੇਗੀ? ਇਸ ਬੁਝਾਰਤ ਨੂੰ ਸੁਲਝਾਉਣ ਲਈ ਕਮੇਟੀ ਨੇ ਹਰ ਸੀਟ ਤੇ ਚਾਰ ਵਰਗਾਂ ਦੀ ਹਿੱਸੇਦਾਰੀ ਦੇਖਣ ਦਾ ਫਾਰਮੂਲਾ ਅਪਣਾਇਆ। ਮਿਸਾਲ ਵਜੋਂ ਜੇ ਕਿਸੇ ਸੰਸਥਾ ਵਿੱਚ ਸਿਰਫ਼ ਇੱਕ ਸੀਟ ਹੈ ਤਾਂ ਉਸ ਵਿੱਚ ਜਨਰਲ ਵਰਗ ਦੀ ਹਿੱਸੇਦਾਰੀ 50.5 ਫੀਸਦੀ ਹੋਵੇਗੀ, ਓਬੀਸੀ ਦੀ 27 ਫੀਸਦੀ ਹੋਵੇਗੀ ਐਸ ਸੀ ਦੀ ਹਿੱਸੇਦਾਰੀ 15 ਫੀਸਦੀ ਅਤੇ ਐੱਸ ਟੀ ਦੀ ਹਿੱਸੇਦਾਰੀ 7.5 ਫੀਸਦੀ ਹੋਵੇਗੀ। ਕਿਉਂਕਿ ਇਸ ਵੰਡ ਵਿੱਚ ਆਮ ਵਰਗ ਦੀ ਹਿੱਸੇਦਾਰੀ ਸਭ ਤੋਂ ਜ਼ਿਆਦਾ ਇਸ ਲਈ ਪਹਿਲੀ ਸੀਟ ਗੈਰ-ਰਾਖਵੀਂ ਰੱਖੀ ਜਾਂਦੀ ਹੈ। ਪਹਿਲੀ ਸੀਟ ਗੈਰ-ਰਾਖਵੀਂ ਰੱਖੇ ਜਾਣ ਪਿਛੇ ਇੱਕ ਹੋਰ ਤਰਕ ਇਹ ਹੈ ਕਿ ਇਹ ਸੀਟ ਸਿਧਾਂਤਕ ਰੂਪ ਨਾਲ ਸਾਰੇ ਵਰਗਾਂ ਦੇ ਉਮੀਦਵਾਰਾਂ ਲਈ ਖੁੱਲ੍ਹੀ ਹੋਵੇਗੀ। ਇਹ ਅਲੱਗ ਹੈ ਕਿ ਹੌਲੀ ਹੌਲੀ ਇਹ ਮੰਨਿਆ ਜਾਣ ਲੱਗ ਪਿਆ ਕਿ ਗ਼ੈਰਰਾਖਵੀ ਸੀਟ ਦਾ ਮਤਲਬ ਆਮ ਵਰਗ ਲਈ ਰਾਖਵਾਂਕਰਨ। ਇਸ ਫਾਰਮੂਲੇ ਦੇ ਆਧਾਰ ਤੇ ਕਮੇਟੀ ਨੇ ਸੀਟ ਦੀ ਸਥਿਤੀ ਦਾ ਨਿਰਧਾਰਨ ਕਰਨ ਲਈ ਦੋ ਸੌ ਨੰਬਰ ਦਾ ਇੱਕ ਚਾਰਟ ਬਣਾ ਦਿੱਤਾ ਜਿਸ ਨੂੰ 200 ਪੁਆਇੰਟ ਦਾ ਰੋਸਟਰ ਕਹਿੰਦੇ ਹਨ। ਇਸ ਰੋਸਟਰ ਅਨੁਸਾਰ ਜੇ ਕਿਸੇ ਯੂਨੀਵਰਸਿਟੀ ਵਿੱਚ ਅਸਿਸਟੈਂਟ ਪ੍ਰੋਫੈਸਰ ਦੇ ਅਹੁਦੇ ਦੀਆਂ ਦੋ ਸੌ ਅਸਾਮੀਆਂ ਹਨ ਤਾਂ ਉਨ੍ਹਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ।

ਗੈਰ-ਰਾਖਵੇਂ: 01, 02, 03, 05, 06, 09ਵੀਂ ਸਮੇਤ ਬਾਕੀ ਸਾਰੀਆਂ ਅਸਾਮੀਆਂ ਜੋ ਕਿ ਓਬੀਸੀ, ਐਸੀਸੀ, ਐਸਟੀ ਵਿੱਚ ਨਹੀਂ ਸ਼ਾਮਲ ਹਨ।

ਓਬੀਸੀ. 04, 08, 12, 16, 19, 23, 26, 30, 34, 38, 42, 45, 49, 52, 56, 60, 63, 67, 71, 75, 78, 82, 86, 89, 93, 97, 100, 104, 109, 112, 115, 119, 123, 126, 130, 134, 13 8 , 141, 145, 149, 152, 156, 161, 163, 167, 171, 176, 178, 182, 186, 189, 193, 197, 200 ਵੀਂ ਅਸਾਮੀ।

ਐਸ ਸੀ. 7, 15, 20, 27, 35, 41, 47, 54, 61, 68, 74, 81, 87, 94, 99, 107, 114, 121, 127, 135, 140, 147, 154, 162, 168, 1174, 180, 187, 195, 199ਵੀਂ ਅਸਾਮੀ।

ਐਸ ਟੀ. 14, 28, 40, 55, 69,



80, 95, 108, 120, 136, 148, 160, 175, 188, 198ਵੀਂ ਅਸਾਮੀ।

ਪ੍ਰੋ: ਕਾਲੇ ਕਮੇਟੀ ਵੱਲੋਂ ਬਣਾਏ ਗਏ ਇਸ ਰੋਸਟਰ ਨੇ ਯੂਨੀਵਰਸਿਟੀਆਂ ਦੁਆਰਾ ਕੱਢੀਆਂ ਜਾ ਰਹੀਆਂ ਨਿਯੁਕਤੀਆਂ ਵਿੱਚ ਰਾਖਵੇਂ ਵਰਗ ਦੀਆਂ ਸੀਟਾਂ ਦੀ ਚੋਰੀ ਨੂੰ ਲੱਗਭੱਗ ਨਾਮੁਮਕਣ ਬਣਾ ਦਿੱਤਾ ਕਿਉਂਕਿ ਇਸ ਨੇ ਇਹ ਤੱਕ ਤੈਅ ਕਰ ਦਿੱਤਾ ਕਿ ਆਉਣ ਵਾਲੀਆਂ ਅਸਾਮੀਆਂ ਕਿਸ ਫ਼ਿਰਕੇ ਦੇ ਕੋਟੇ ਵਿੱਚੋਂ ਭਰੀਆਂ ਜਾਣੀਆਂ ਹਨ। ਇਸ ਵਜ੍ਹਾ ਕਰਕੇ ਬੀਐੱਚਯੂ, ਇਲਾਹਾਬਾਦ ਯੂਨੀਵਰਸਿਟੀ, ਦਿੱਲੀ ਯੂਨੀਵਰਸਿਟੀ, ਸ਼ਾਂਤੀ ਨਿਕੇਤਨ ਯੂਨੀਵਰਸਿਟੀ ਸਮੇਤ ਕਈ ਯੂਨੀਵਰਸਿਟੀਆਂ ਇਸ ਰੋਸਟਰ ਦੇ ਖਿਲਾਫ ਖੜ੍ਹੀਆਂ ਹੋ ਗਈਆਂ ਸਨ। ਅਜਿਹਾ ਇਸ ਲਈ ਹੋਇਆ ਕਿ ਇਹ ਰੋਸਟਰ ਉਦੋਂ ਤੋਂ ਲਾਗੂ ਮੰਨਿਆ ਜਾਣਾ ਸੀ ਜਦੋਂ ਤੋਂ ਉਸ ਯੂਨੀਵਰਸਿਟੀ ਨੇ ਆਪਣੇ ਇੱਥੇ ਰਾਖਵਾਂਕਰਨ ਲਾਗੂ ਕੀਤਾ ਸੀ। ਮੰਨ ਲਓ ਕਿਸੇ ਯੂਨੀਵਰਸਿਟੀ ਨੇ 2007 ਤੋਂ ਆਪਣੇ ਇੱਥੇ ਰਾਖਵਾਂਕਰਨ ਲੱਗ ਕੀਤਾ ਪਰ ਉਸ ਨੇ ਆਪਣੇ ਇੱਥੇ ਉਸ ਪਿੱਛੋਂ ਵੀ ਕਿਸੇ ਐੱਸਸੀ, ਐੱਸਟੀ ਤੇ ਓਬੀਸੀ ਨੂੰ ਨਿਯੁਕਤ ਨਹੀਂ ਕੀਤਾ ਤਾਂ ਅਜਿਹੀ ਹਾਲਤ ਵਿੱਚ ਉਸ ਯੂਨੀਵਰਸਿਟੀ ਵਿੱਚ 2007 ਤੋਂ ਬਾਅਦ ਨਿਯੁਕਤ ਹੋਏ ਸਾਰੇ ਅਸਿਸਟੈਂਟ ਪ੍ਰੋਫੈਸਰ, ਐਸੋਸੀਏਟ ਪ੍ਰੋਫੈਸਰ ਅਤੇ ਪ੍ਰੋਫੈਸਰਾਂ ਦੀਆਂ ਸੀਨੀਆਰਤਾ ਦੇ ਅਨੁਸਾਰ ਤਿੰਨ ਅਲਗ ਅਲਗ ਲਿਸਟਾਂ ਬਣਨਗੀਆਂ। ਹੁਣ ਮਨ ਲਓ ਕਿ ਇਹ ਯੂਨੀਵਰਸਿਟੀ ਅਸਿਸਟੈਂਟ ਪ੍ਰੋਫੈਸਰ ਦੇ ਅਹੁਦੇ ਤੇ ਹੁਣ ਤਕ 43 ਲੋਕਾਂ ਨੂੰ ਨਿਯੁਕਤ ਕਰ ਚੁੱਕੀ ਹੈ ਜਿਸ ਵਿੱਚੋਂ ਕੋਈ ਵੀ ਐਸਸੀ, ਐਸਟੀ, ਓਬੀਸੀ ਨਹੀਂ ਹੈ, ਤਾਂ ਰੋਸਟਰ ਦੇ ਅਨੁਸਾਰ ਉਸ ਯੂਨੀਵਰਸਿਟੀ 'ਚ ਅਗਲੇ 11 ਅਸਿਸਟੈਂਟ ਪ੍ਰੋਫੈਸਰ ਨੂੰ ਸਿਰਫ ਓਬੀਸੀ ਉਮੀਦਵਾਰਾ ਵਿੱਚੋਂ, 06 ਐਸਸੀ ਤੇ 03 ਨੂੰ ਐਸਟੀ ਉਮੀਦਵਾਰਾਂ ਵਿੱਚੋਂ ਭਰੇ ਬਿਨਾਂ ਉਕਤ ਯੂਨੀਵਰਸਿਟੀ ਕੋਈ ਵੀ ਅਸਿਸਟੈਂਟ ਪ੍ਰੋਫੈਸਰ ਦੇ ਅਹੁਦੇ ਤੇ ਜਨਰਲ ਵਰਗ ਦੀ ਨਿਯੁਕਤੀ ਨਹੀਂ ਕਰ ਸਕਦੀ। ਕਿਉਂਕਿ ਜ਼ਿਆਦਾਤਰ ਯੂਨੀਵਰਸਿਟੀਆਂ ਨੇ ਆਪਣੇ ਇੱਥੇ ਰਾਖਵਾਂਕਰਨ ਸਿਰਫ਼ ਕਾਗਜ਼ਾਂ ਵਿੱਚ ਹੀ ਲਾਗੂ ਕੀਤਾ ਸੀ ਇਸ ਲਈ ਇਸ ਰੋਸਟਰ ਆਉਣ ਪਿੱਛੋਂ ਉਹ ਫਸ ਗਈਆਂ ਕਿਉਂਕਿ ਉਹ ਨਵੀਂ ਅਸਾਮੀ ਜਨਰਲ ਵਰਗ ਦੇ ਲਈ ਉਹ ਉਦੋਂ ਤੱਕ ਨਹੀਂ ਕੱਢ ਸਕਦੇ ਹਨ ਜਦੋਂ ਤੱਕ ਕਿ ਪੁਰਾਣਾ ਬੈਕਲਾਗ ਭਰਿਆ ਨਾ ਜਾਵੇ। ਅਜਿਹੇ ਵਿੱਚ ਇਲਾਹਾਬਾਦ ਯੂਨੀਵਰਸਿਟੀ, ਬੀਐੱਚਯੂ, ਡੀ ਯੂ ਅਤੇ ਸ਼ਾਂਤੀ ਨਿਕੇਤਨ ਯੂਨੀਵਰਸਿਟੀ ਸਮੇਤ ਸਾਰੀਆਂ ਯੂਨੀਵਰਸਿਟੀਆਂ ਇਸ ਰੋਸਟਰ ਨੂੰ ਯੂਨੀਵਰਸਿਟੀ ਪੱਧਰ ਤੱਕ ਲਾਗੂ ਕੀਤੇ ਜਾਣ ਦਾ ਵਿਰੋਧ ਕਰਨ ਲੱਗੀਆਂ। ਉਨ੍ਹਾਂ ਨੇ ਵਿਭਾਗ ਪੱਧਰ 'ਤੇ ਹੀ ਰੋਸਟਰ ਲਾਗੂ ਕਰਨ ਦੀ ਮੰਗ ਕੀਤੀ। ਇਨ੍ਹਾਂ ਯੂਨੀਵਰਸਿਟੀਆਂ ਨੇ 200 ਪੁਆਇੰਟ ਰੋਸਟਰ ਨੂੰ ਜਦ ਲਾਗੂ ਕਰਨ ਤੋਂ ਮਨ੍ਹਾ ਕਰ ਦਿੱਤਾ ਤਾਂ ਯੂਜੀਸੀ ਦੇ ਉਸ ਵੇਲੇ ਦੇ ਚੇਅਰਮੈਨ ਪ੍ਰੋਫ਼ੈਸਰ ਸੁਖਦੇਵ ਥੋਰਾਟ ਨੇ ਪ੍ਰੋਫ਼ੈਸਰ ਰਾਓ ਸਾਹਿਬ ਕਾਲੇ ਦੀ ਪ੍ਰਧਾਨਗੀ ਵਿੱਚ ਇਨ੍ਹਾਂ ਵਿੱਚੋਂ ਕੁਝ ਯੂਨੀਵਰਸਿਟੀਆਂ ਦੇ ਖ਼ਿਲਾਫ਼ ਜਾਂਚ ਕਮੇਟੀ ਬਿਠਾ ਦਿੱਤੀ ਤੇ ਦਿੱਲੀ ਯੂਨੀਵਰਸਿਟੀ ਦਾ ਫੰਡ ਤੱਕ ਰੋਕ ਦਿੱਤਾ। ਦਿੱਲੀ ਯੂਨੀਵਰਸਿਟੀ ਦਾ ਫੰਡ ਉਦੋਂ ਪ੍ਰਧਾਨ ਮੰਤਰੀ ਦਫ਼ਤਰ ਦੀ ਦਖਲਅੰਦਾਜ਼ੀ ਨਾਲ ਹੀ ਰਿਲੀਜ਼ ਹੋ ਸਕਿਆ ਸੀ।

ਸੰਨ 2017 ਵਿੱਚ ਬੀ ਐੱਚ ਯੂ ਪ੍ਰਸ਼ਾਸਨ ਵੱਲੋਂ ਅਧਿਆਪਕ ਭਰਤੀ ਵਿੱਚ ਵਿਭਾਗ ਵਾਰ ਰੋਸਟਰ ਪ੍ਰਣਾਲੀ ਲਾਗੂ ਕੀਤੀ ਗਈ। ਜਿਸ ਨੂੰ ਚੁਣੌਤੀ ਦੇਣ ਲਈ ਇੱਥੋਂ ਦੇ ਇੱਕ ਅਧਿਆਪਕ ਨੇ ਅਲਾਹਾਬਾਦ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਦਿੱਤੀ। ਹਾਈ ਕੋਰਟ ਨੇ ਉਸ ਦੀ ਪਟੀਸ਼ਨ ਨੂੰ ਠੁਕਰਾ ਦਿੱਤਾ ਅਤੇ ਵਿਭਾਗ ਵਾਰ ਰਾਖਵਾਂਕਰਨ ਦੇ ਪੱਖ ਵਿੱਚ ਫੈਸਲਾ ਲਿਆ। ਯੂਜੀਸੀ ਨੇ ਵੀ ਬਿਨਾਂ ਕਿਸੇ ਦੇਰੀ ਦੇ 13 ਪੁਆਇੰਟ ਰੋਸਟਰ ਨੂੰ ਲਾਗੂ ਕਰਨ ਲਈ ਗਾਈਡਲਾਈਨ ਜਾਰੀ ਕਰ ਦਿੱਤੀਆਂ। ਤੇਜ਼ੀ ਦੇ ਨਾਲ ਯੂਨੀਵਰਸਿਟੀਆਂ ਨੇ ਵਿਭਾਗਾਂ ਨੂੰ ਆਧਾਰ ਬਣਾ ਕੇ ਸੀਟਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਤੇਰਾਂ ਪੁਆਇੰਟ ਰੋਸਟਰ ਤੇ ਅਧਾਰ ਤੇ ਨਿਯੁਕਤੀਆਂ ਵੀ ਸ਼ੁਰੂ ਹੋ ਗਈਆਂ।

ਜਦ ਤੇਰਾ ਪੁਆਇੰਟ ਰੋਸਟਰ ਦੇ ਖਿਲਾਫ਼ ਰੋਸ਼ ਤੇਜ਼ੀ ਨਾਲ ਫੈਲਣ ਲੱਗਿਆ ਅਤੇ ਰਾਸ਼ਟਰ ਵਿਆਪੀ ਰੂਪ ਲੈਣ ਲੱਗਿਆ ਤਾਂ ਰਾਜਸੀ ਨੁਕਸਾਨ ਦੇ ਡਰ ਤੋਂ ਤੱਟ ਫੱਟ ਸਰਕਾਰ ਨੇ ਯੂ ਜੀ ਸੀ ਨੂੰ ਤੇਰਾਂ ਪੁਆਇੰਟ ਰੋਸਟਰ ਦੇ ਆਧਾਰ ਤੇ ਹੋ ਰਹੀਆਂ ਨਿਯੁਕਤੀਆ ਉਪਰ ਰੋਕ ਲਾਉਣ ਦਾ ਆਦੇਸ਼ ਦਿੱਤਾ। ਹੁਣ ਜਦ ਪਿੱਛੇ ਜਿਹੇ ਹੀ ਸੁਪਰੀਮ ਕੋਰਟ ਦੇ ਫੈਸਲੇ ਨੇ ਵੀ ਇਸ ਨਵੀਂ ਰੋਸਟਰ ਪ੍ਰਣਾਲੀ ਤੇ ਮੋਹਰ ਲਾ ਦਿੱਤੀ ਹੈ ਤਦ ਦੇਸ਼ ਦੇ ਅੰਦਰ ਇਕ ਵਾਰ ਫਿਰ ਤੋਂ ਦਲਿਤਾਂ, ਪਛੜਿਆ ਤੇ ਇਨਸਾਫਪਸੰਦ ਲੋਕਾਂ ਦਾ ਗੁੱਸਾ ਸੜਕਾਂ ਤੇ ਫੁੱਟਣ ਲੱਗਿਆ ਹੈ। ਲੋਕ ਸਭਾ ਚੋਣਾਂ ਆਈਆਂ ਹੋਣ ਕਰਕੇ ਸਰਕਾਰ ਦਬਾਅ ਵਿੱਚ ਤਾਂ ਹੈ ਪਰ ਉਹ ਆਰਡੀਨੈਂਸ ਲਿਆਉਣ ਦੇ ਮੂਡ ਵਿੱਚ ਨਹੀਂ ਦੇਖ ਰਹੀ ਹੈ। ਮਨੁੱਖੀ ਵਸੀਲਿਆਂ ਬਾਰੇ ਮੰਤਰੀ ਪ੍ਰਕਾਸ਼ ਜਾਵੇਡਕਰ ਨੇ ਫਿਲਹਾਲ ਸੁਪਰੀਮ ਕੋਰਟ ਵਿੱਚ ਹੀ ਪੁਨਰ ਵਿਚਾਰ ਪਟੀਸ਼ਨ ਦਾਇਰ ਕਰਨ ਦੀ ਗੱਲ ਕੀਤੀ ਹੈ। ਆਪਾਂ ਵੇਖ ਸਕਦੇ ਹਾਂ ਕਿ ਇਧਰ ਸੁਪਰੀਮ ਕੋਰਟ ਦਾ ਫੈਸਲਾ ਆਇਆ ਹੈ ਅਤੇ ਉਧਰ ਰਾਜਸਥਾਨ ਯੂਨੀਵਰਸਿਟੀ ਸਮੇਤ ਕਈ ਯੂਨੀਵਰਸਿਟੀਆਂ ਨੇ ਤੇਰਾਂ ਪੁਆਇੰਟ ਰੋਸਟਰ ਦੇ ਆਧਾਰ ਤੇ ਅਧਿਆਪਕ ਭਰਤੀ ਦੇ ਲਈ ਇਸ਼ਤਿਹਾਰ ਕੱਢਣੇ ਸ਼ੁਰੂ ਕਰ ਦਿੱਤੇ ਹਨ। ਤੇਰਾ ਪੁਆਇੰਟ ਰੋਸਟਰ ਅਸਿੱਧੇ ਢੰਗ ਨਾਲ ਯੂਨੀਵਰਸਿਟੀਆਂ ਵਿੱਚੋਂ ਰਾਖਵਾਂਕਰਨ ਖ਼ਤਮ ਕਰਨ ਦੀ ਇੱਕ ਸਾਜਿਸ਼ ਹੈ।

ਤੇਰਾ ਪੁਆਇੰਟ ਰੋਸਟਰ ਲਾਗੂ ਕਰਨ ਵਿੱਚ ਵਿਭਾਗਾਂ ਨੂੰ ਆਧਾਰ ਬਣਾਇਆ ਜਾਂਦਾ ਹੈ ਇਸ ਦਾ ਸਭ ਤੋਂ ਵੱਡਾ ਖਤਰਾ ਹੀ ਹੈ ਕਿ ਜਦ ਵਿਭਾਗ ਵਿੱਚ ਇੱਕੋ ਵੇਲੇ 14 ਅਹੁਦੇ ਆਉਣਗੇ ਤਦ ਜਾ ਕੇ ਇੱਕ ਰਾਊਂਡ ਰਾਖਵੇਂਕਰਨ ਦੇ ਅਮਲ ਨਾਲ ਪੂਰਾ ਹੋਵੇਗਾ। ਉਦਾਹਰਣ ਦੇ ਤੌਰ 'ਤੇ 27 ਫੀਸਦੀ ਓਬੀਸੀ ਰਾਖਵਾਂਕਰਨ ਹੈ ਤਾਂ ਪਹਿਲੀ ਓਬੀਸੀ ਸੀਟ ਉਦੋਂ ਭਰੀ ਜਾਵੇਗੀ ਜਦ ਵਿਭਾਗ ਦਾ ਸਾਈਜ਼ 4 ਹੋਵੇਗਾ। ਦੂਜੀ ਓਬੀਸੀ ਰਾਖਵਾਂਕਰਨ ਸੀਟ ਲਈ ਵਿਭਾਗ ਵਿੱਚ ਅਧਿਆਪਕਾਂ ਦੀ ਸੰਖਿਆ 8 ਅਤੇ ਤੀਜੀ ਰਾਖਵੀ ਨਿਯੁਕਤੀ ਲਈ ਵਿਭਾਗ ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ 12 ਹੋਣੀ ਜ਼ਰੂਰੀ ਹੈ।

ਇਸ ਤਰ੍ਹਾਂ ਐੱਸ ਸੀ 15.5 ਫ਼ੀਸਦੀ ਰਾਖਵੇਂਕਰਨ ਦੇ ਅਨੁਸਾਰ ਉਨ੍ਹਾਂ ਲਈ ਪਹਿਲੀ ਅਸਾਮੀ ਉਦੋਂ ਬਣੇਗੀ ਜਦੋਂ ਵਿਭਾਗ ਵਿੱਚ ਅਸਾਮੀਆਂ ਦੀ ਗਿਣਤੀ 7 ਹੋਵੇਗੀ। ਅਨੁਸੂਚਿਤ ਜਨ ਜਾਤੀ ਦੀ ਪਹਿਲੀ ਅਸਾਮੀ ਦਾ ਨਿਰਮਾਣ ਵਿਭਾਗ ਵਿੱਚ ਅਸਾਮੀਆਂ ਦੀ ਗਿਣਤੀ 14 ਹੋਣ ਤੇ ਹੀ ਹੋ ਸਕੇਗਾ। ਜੇ ਹਰੇਕ ਵਿਭਾਗ ਵਿੱਚ ਚੌਦਾਂ ਜਾ ਉਸ ਤੋਂ ਵੱਧ ਅਸਾਮੀਆਂ ਹੋਣ ਤਾਂ ਪੁਰਾਣੇ 200 ਪੁਆਇੰਟ ਫਾਰਮੂਲੇ ਅਤੇ ਨਵੇਂ ਤੇਰਾਂ ਪੁਆਇੰਟ ਫਾਰਮੂਲੇ ਦੇ ਤਹਿਤ ਬਰਾਬਰ ਹੀ ਰਾਖਵਾਂਕਰਨ ਮਿਲੇਗਾ। ਪਰ ਵਿਭਾਗ ਵਿੱਚ ਇੱਕੋ ਵੇਲੇ ਚੌਦਾਂ ਅਸਾਮੀਆਂ ਦਾ ਆਉਣਾ ਬਹੁਤ ਹੀ ਮੁਸ਼ਕਿਲ ਹੈ। ਉੱਚ ਸਿੱਖਿਆ ਸੰਸਥਾਵਾਂ ਵਿੱਚ ਬ੍ਰਾਹਮਣਵਾਦੀ ਜਾਤੀ ਦਾ ਇੰਨਾ ਮਜ਼ਬੂਤ ਦਬ-ਦਬਾਅ ਹੈ ਕਿ ਉਹ ਇਹ ਪੂਰੀ ਕੋਸ਼ਿਸ਼ ਕਰੇਗਾ ਕਿ ਕਿਸੇ ਵਿਭਾਗ ਵਿੱਚ ਤਿੰਨ-ਚਾਰ ਤੋਂ ਵੱਧ ਅਸਾਮੀਆਂ ਨਿਕਲਣ ਹੀ ਨਾ। ਜੇ ਕਿਸੇ ਵਿਭਾਗ ਵਿੱਚ ਸਿਰਫ਼ ਤਿੰਨ ਹੀ ਸੀਟਾਂ ਹਨ ਤਾਂ ਉਹ ਸਭ ਜਨਰਲ ਸ਼੍ਰੇਣੀ ਤੋਂ ਹੀ ਭਰੀਆਂ ਜਾਣਗੀਆਂ। ਜਦੋਂ ਇਹਨਾਂ ਵਿੱਚੋਂ ਕੋਈ ਇੱਕ ਰਿਟਾਇਰ ਹੋ ਹੋਵੇਗਾ ਤਦ ਜਾ ਕੇ ਚੌਥੀ ਅਸਾਮੀ ਨਿਕਲੇਗੀ ਅਤੇ ਉਹ ਓਬੀਸੀ ਦੇ ਖਾਤੇ 'ਚ ਜਾਵੇਗੀ। ਯਾਨੀ ਕਿ ਅਗਲੇ ਤੀਹ ਚਾਲੀ ਸਾਲਾਂ ਤੱਕ ਉਸ ਦੇ ਸੇਵਾ ਮੁਕਤ ਹੋਣ ਦਾ ਇੰਤਜ਼ਾਰ ਕਰਨਾ ਪਵੇਗਾ। ਜੇ ਇੱਕ ਯੂਨੀਵਰਸਿਟੀ ਦੇ ਵੀਹ ਵਿਭਾਗਾਂ ਵਿੱਚ ਤਿੰਨ ਸੀਟਾਂ ਪ੍ਰਤੀ ਵਿਭਾਗ ਦੇ ਹਿਸਾਬ ਨਾਲ ਨਿਕਲਦੀਆਂ ਹਨ ਤਾਂ ਕੁੱਲ ਸੱਠ ਸੀਟਾਂ ਨਿਕਲਦੀਆਂ ਅਤੇ ਸਭ ਜਨਰਲ ਕੋਟੇ ਵਿੱਚੋਂ ਭਰੀਆਂ ਜਾਣਗੀਆਂ। ਪਰ ਜੇ ਯੂਨੀਵਰਸਿਟੀ ਨੂੰ ਅਧਾਰ ਮੰਨ ਕੇ ਦੋ ਸੌ ਰੋਸਟਰ ਪ੍ਰਣਾਲੀ ਦੇ ਆਧਾਰ ਤੇ ਇੰਨੀਆਂ ਹੀ 60 ਸੀਟਾਂ ਤੇ ਭਰਤੀ ਹੋਵੇਗੀ ਤਾਂ ਸੱਠ ਸੀਟਾਂ ਵਿੱਚੋਂ ਓਬੀਸੀ ਨੂੰ ਘੱਟੋ ਘੱਟ ਪੰਦਰਾਂ ਸੀਟਾਂ ਮਿਲਦੀਆਂ ਹਨ, ਐਸ ਸੀ ਨੂੰ 9 ਅਤੇ ਐੱਸ ਟੀ ਨੂੰ ਚਾਰ ਸੀਟਾਂ ਮਿਲਦੀਆਂ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਹਨ ਕਿ ਨਵੀਂ ਰੋਸਟਰ ਪ੍ਰਣਾਲੀ ਦਲਿਤਾਂ, ਪਛੜਿਆਂ ਅਤੇ ਆਦਿਵਾਸੀਆਂ ਦੀਆਂ ਘੱਟੋ ਘੱਟ 28 ਸੀਟਾਂ ਖਾ ਗਈ।

ਸਰਕਾਰ ਜੋ ਕੁਝ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਤੋਂ ਤੁਰੰਤ ਬਾਅਦ ਜੋ ਨਵੀਆਂ ਨੌਕਰੀਆਂ ਕੱਢੀਆ ਹਨ, ਉਨ੍ਹਾਂ ਨੂੰ ਦੇਖ ਕੇ ਆਪਾਂ ਸਮਝ ਸਕਦੇ ਹਾਂ ਕਿ ਨਵੀਂ ਰੋਸਟਰ ਪ੍ਰਣਾਲੀ ਕਿਸ ਤਰ੍ਹਾਂ ਸਮਾਜਿਕ ਨਿਆਂ ਦਾ ਗਲਾ ਘੋਟ ਰਹੀ ਹੈ। ਜਨਰਲ ਵਰਗ ਲਈ ਦਸ ਫੀਸਦੀ ਰਾਖਵੇਂਕਰਨ ਦੀ ਤਰ੍ਹਾਂ ਇਸ ਮਾਮਲੇ ਤੇ ਵੀ ਵਿਰੋਧੀ ਪਾਰਟੀਆਂ ਜਾਂ ਤਾਂ ਚੁੱਪ ਹਨ ਤੇ ਜਾਂ ਫਿਰ ਖੱਸੀ ਵਿਰੋਧ ਕਰਦੀਆਂ ਹਨ। ਸਰਕਾਰ ਅਤੇ ਸੁਪਰੀਮ ਕੋਰਟ ਦੀ ਮਿਲੀ ਭੁਗਤ ਕਰਕੇ ਜਿਸ ਤਰ੍ਹਾਂ ਨਾਲ ਦਹਾਕਿਆਂ ਦੇ ਸੰਘਰਸ਼ ਪਿਛੋਂ ਮਿਲੀਆ ਥੋੜ੍ਹੀਆ ਬਹੁਤੀਆਂ ਸਹੂਲਤਾਂ ਵੀ ਇਸ ਦੇਸ਼ ਦੇ ਲੁੱਟ-ਘਸੁੱਟ ਦਾ ਸ਼ਿਕਾਰ ਤੇ ਵਾਂਝੇ ਵਰਗਾਂ ਤੋਂ ਖੋਹੀਆ ਜਾਰੀਆਂ ਹਨ ਅਤੇ ਉਨ੍ਹਾਂ ਉੱਪਰ ਚੌਤਰਫਾ ਹਮਲਾ ਕੀਤਾ ਜਾ ਰਿਹਾ ਹੈ। ਉਸ ਨੂੰ ਦੇਖ ਅਸੀਂ ਕਹਿ ਸਕਦੇ ਹਾਂ ਕਿ ਇਹ ਪਿਤਰੀਸਤਾਮਕ ਤੇ ਮਨੂੰਵਾਦੀ ਪ੍ਰਣਾਲੀ ਫਿਰ ਤੋਂ ਲਾਗੂ ਕਰਨ ਦੀ ਇੱਕ ਤਰਾਂ ਨਾਲ ਸਾਜਸ਼ੀ ਕਾਰਵਾਈ ਲੱਗਦੀ ਹੈ। (ਤੱਥਾਂ ਦਾ ਸਰੋਤ 'ਦਸਤਕ'-ਅੰਕ 80)

**ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ**

# ਕਾਰਬੋਹਾਈਡਰੇਟ

**ਪਹਿਲੀ-ਕਿਸ਼ਤ**

ਜਿਵੇਂ ਕਿ ਨਾਮ ਤੋਂ ਹੀ ਸਪੱਸ਼ਟ ਹੈ ਕਿ ਕਾਰਬ+ਓ+ਹਾਈਡਰੇਟ ਭਾਵ ਕਾਰਬਨ, ਆਕਸੀਜਨ ਅਤੇ ਹਾਈਡਰੋਜਨ ਦੇ ਪ੍ਰਮਾਣੂ (atoms) ਮਿਲ ਕੇ ਕਾਰਬੋਹਾਈਡਰੇਟ ਦੀ ਇੱਕ ਬੁਨਿਆਦੀ ਇਕਾਈ - **ਗੁਲੂਕੋਜ** ਬਣਾਉਂਦੇ ਹਨ। ਭਾਵ ਸਾਰੇ ਕਾਰਬੋਹਾਈਡਰੇਟ ਗੁਲੂਕੋਜ ਦੇ ਹੀ ਬਣੇ ਹੁੰਦੇ ਹਨ। ਗੁਲੂਕੋਜ ਦਾ ਰਸਾਇਣਕ ਸੂਤਰ $C_6 H_{12} O_6$ ਹੈ। ਭਾਵ ਗੁਲੂਕੋਜ (ਪੁਰਾਣਾ ਨਾਮ ਗਲਾਈਕੋਜ) ਦਾ ਇੱਕ ਅਣੂ (molecule) ਕਾਰਬਨ ਦੇ 6, ਹਾਈਡਰੋਜਨ ਦੇ 12 ਅਤੇ ਆਕਸੀਜਨ ਦੇ 6 ਪ੍ਰਮਾਣੂਆਂ ਦਾ ਬਣਿਆਂ ਹੁੰਦਾ ਹੈ। ਗੁਲੂਕੋਜ ਇਸ ਲਈ ਸਭ ਤੋਂ ਮਹੱਤਵਪੂਰਨ ਹੈ ਕਿਉਂਕਿ ਮਨੁੱਖੀ ਸਰੀਰ ਹਰ ਤਰ੍ਹਾਂ ਦੇ ਕਾਰਬੋਹਾਈਡਰੇਟ ਨੂੰ ਗੁਲੂਕੋਜ ਦੇ ਟੁਕੜਿਆਂ ਵਿੱਚ ਵਿਖੰਡਤ ਕਰ ਕੇ ਹੀ ਅਪਣੀਆਂ ਊਰਜਾਂ ਲੋੜਾਂ ਲਈ ਵਰਤ ਸਕਦਾ ਹੈ। ਆਮ ਤੌਰ 'ਤੇ ਕਾਰਬੋਹਾਈਡਰੇਟ ਨੂੰ ਦੋ ਮੁੱਖ ਵਰਗਾਂ ਵਿੱਚ ਵੰਡਿਆ ਜਾਂਦਾ ਹੈ।

**ਸਰਲ ਕਾਰਬੋਹਾਈਡਰੇਟ ਅਤੇ ਜਟਿਲ ਕਾਰਬੋਹਾਈਡਰੇਟ ਸਰਲ ਕਾਰਬੋਹਾਈਡਰੇਟ**

ਇਹ ਅੱਗੋਂ ਫਿਰ ਦੋ ਕਿਸਮ ਦੇ ਹੁੰਦੇ ਹਨ।

**ੳ) ਇਕਿਹਰੇ ਕਾਰਬੋਹਾਈਡਰੇਟ** ਜਿਵੇਂ ਗੁਲੂਕੋਜ, ਗਲੈਕਟੋਜ ਅਤੇ ਫਰੱਕਟੋਜ। ਕਿਉਂਕਿ ਇਹ ਅਪਣੇ ਆਪ 'ਚ ਇਕਲੌਤੇ ਅਣੂ ਹੀ ਹੁੰਦੇ ਹਨ ਇਸ ਲਈ ਇਨ੍ਹਾਂ ਨੂੰ ਇਕਿਹਰੇ ਭਾਵ ਮੋਨੋਸੈਕਰਾਈਡ ਕਿਹਾ ਜਾਂਦਾ ਹੈ। ਕਾਰਬਨ, ਆਕਸੀਜਨ ਅਤੇ ਹਾਈਡਰੋਜਨ ਦੇ ਪ੍ਰਮਾਣੂਆਂ ਦੇ ਜੁੜਨ ਦੀ ਤਰਤੀਬ (ਗਿਣਤੀ ਨਹੀਂ) ਬਦਲ ਜਾਣ ਨਾਲ ਗੁਲੂਕੋਜ ਦਾ ਹੀ ਨਾਮ ਬਦਲ ਕੇ ਗਲੈਕਟੋਜ (ਦੁੱਧ ਦੀ ਮਿਠਾਸ ਦਾ ਇੱਕ ਹਿੱਸਾ) ਅਤੇ ਫਰੱਕਟੋਜ (ਸ਼ਹਿਦ ਅਤੇ ਫ਼ਲ਼ਾਂ ਵਿਚਲੀ ਮਿਠਾਸ) ਹੋ ਜਾਂਦਾ ਹੈ।

**ਅ) ਦੂਹਰੇ ਕਾਰਬੋਹਾਈਡਰੇਟ** ਜਿਵੇਂ ਮਾਲਟੋਜ, ਸੂਕਰੋਜ ਅਤੇ ਲੈਕਟੋਜ। ਕਿਉਂਕਿ ਇਹ ਦੋ ਅਣੂਆਂ ਦੇ ਸੰਯੋਗ ਨਾਲ ਬਣਦੇ ਹਨ ਇਸ ਲਈ ਇਨ੍ਹਾਂ ਨੂੰ ਦੂਹਰੇ ਭਾਵ ਡਾਈਸੈਕਰਾਈਡ ਕਿਹਾ ਜਾਂਦਾ ਹੈ। ਗੁਲੂਕੋਜ ਦੇ ਦੋ ਅਣੂਆਂ ਦੇ ਸੰਯੋਗ ਨਾਲ ਮਾਲਟੋਜ ਪੈਦਾ ਹੁੰਦਾ ਹੈ ਜਿਸ ਤੋਂ ਬੀਅਰ ਬਣਦੀ ਹੈ। ਗੁਲੂਕੋਜ ਅਤੇ ਫਰੱਕਟੋਜ ਦੇ ਸੰਯੋਗ ਨਾਲ ਸੂਕਰੋਜ (ਖੰਡ) ਬਣ ਜਾਂਦੀ ਹੈ ਜਦੋਂ ਕਿ ਗੁਲੂਕੋਜ ਅਤੇ ਗਲੈਕਟੋਜ ਜੁੜ ਕੇ ਲੈਕਟੋਜ (ਦੁੱਧ ਵਿਚਲੀ ਮਿਠਾਸ) ਬਣਾਉਂਦੇ ਹਨ।

ਇਹਨਾਂ ਇਕਿਹਰੇ ਅਤੇ ਦੂਹਰੇ ਕਾਰਬੋਹਾਈਡਰੇਟਸ ਨੂੰ ਸਾਂਝੇ ਤੋਰ 'ਤੇ ਸਰਲ ਕਾਰਬੋਹਾਈਡਰੇਟ ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ। ਇਹ ਸਾਨੂੰ ਸਿੱਧੇ ਮਿੱਠੇ, ਮਠਿਆਈਆਂ, ਮਿੱਠੇ ਫਲਾਂ ( ਕੇਲਾ, ਅੰਬ, ਚੀਕੂ, ਬੱਗੂਗੋਸ਼ਾ, ਖਜੂਰ ਅਤੇ ਅੰਗੂਰ), ਬੀਅਰ (ਮਾਲਟੋਜ ਹੋਣ ਕਰਕੇ), ਗੰਨੇ ਦਾ ਰਸ (ਸੂਕਰੋਜ ਹੋਣ ਕਰਕੇ) ਅਤੇ ਸ਼ਹਿਦ (ਫਰੱਕਟੋਜ ਹੋਣ ਕਰਕੇ) ਤੋਂ ਮਿਲਦੇ ਹਨ।

**ਜਟਿਲ ਕਾਰਬੋਹਾਈਡਰੇਟ**

ਇਹ ਦੋ ਤਰ੍ਹਾਂ ਦੇ ਹੁੰਦੇ ਹਨ –

(ੳ) **ਓਲੀਗੋਸੈਕਰਾਈਡ (oligosaccharides)** :- ਗੁਲੂਕੋਜ ਦੇ ਤਿੰਨ ਤੋਂ ਦਸ ਅਣੂਆਂ ਨਾਲ ਬਨਣ ਵਾਲੇ ਕਾਰਬੋਹਾਈਡਰੇਟ। ਇਹ ਕਾਰਬੋਹਾਈਡਰੇਟ ਸਭ ਤੋਂ ਵਧੀਆ ਕਾਰਬੋਹਾਈਡਰੇਟ ਦੀ ਸ਼੍ਰੇਣੀ ਵਿੱਚ ਆਉਂਦੇ ਹਨ ਕਿਉਂਕਿ ਇਹ ਸਾਡੇ ਮਿਹਦੇ (stomach) ਜਾਂ ਛੋਟੀ ਆਂਤ (small intestine) ਵਿੱਚ ਪਾਚਕ ਰਸਾਂ (salivary amylase ਅਤੇ pancreatic amylase) ਰਾਹੀਂ ਨਹੀਂ ਸਗੋਂ ਹੌਲ਼ੀ-ਹੌਲ਼ੀ ਹੇਠਾਂ ਜਾ ਕੇ ਵੱਡੀ ਆਂਤ (colon) ਵਿੱਚ ਬੈਕਟੀਰੀਆਈ ਵਿਘਟਨ (bacterial degradation) ਰਾਹੀਂ ਹਜ਼ਮ ਹੁੰਦੇ ਹਨ। ਇਸ ਲਈ ਹੇਠਾਂ ਜਾ ਕੇ ਹਜ਼ਮ ਹੋਣ ਲਈ ਇਨ੍ਹਾਂ ਨੂੰ ਮੁਕਾਬਲਤਨ ਥੋੜਾ ਲੰਮਾ ਪੈਂਡਾ ਤੈਅ ਕਰਨਾ ਪੈਂਦਾ ਹੈ। ਇਹ ਸਾਨੂੰ ਫ਼ਲੀਦਾਰ ਸਬਜੀਆਂ, ਮੂਲ਼ੀ, ਸ਼ਲਗਮ, ਪੱਤ ਗੋਭੀ, ਫੁੱਲ ਗੋਭੀ, ਬਰੌਕਲੀ, ਸਰੋਂ ਦੇ ਸਾਗ ਅਤੇ ਸ਼ਕਰਕੰਦੀਆਂ ਆਦਿ ਤੋਂ ਪ੍ਰਾਪਤ ਹੁੰਦੇ ਹਨ। ਇੱਕ ਤਾਂ ਹੌਲੀ-ਹੌਲੀ ਅਤੇ ਦੇਰ ਨਾਲ ਹਜ਼ਮ ਹੋਣ ਕਰਕੇ ਇਹ ਸਾਡੀ ਬਲੱਡ ਸ਼ੂਗਰ ਦਾ ਪੱਧਰ ਇੱਕ ਦਮ ਉੱਪਰ ਨਹੀਂ ਚੁੱਕਦੇ ਦੂਸਰਾ ਕਿਉਂਕਿ ਇਨ੍ਹਾਂ ਵਿੱਚ ਰੇਸ਼ਾ ਕਾਫ਼ੀ ਮਾਤਰਾ 'ਚ ਹੁੰਦਾ ਹੈ। ਇਸ ਲਈ ਇਹ ਸਾਡੀ ਆਂਤ ਨੂੰ ਸਾਫ਼ ਕਰਦਿਆਂ ਕਬਜੀ ਤੋਂ ਵੀ ਬਚਾਉਂਦੇ ਹਨ। ਇਹ ਸਰੀਰ ਦੇ ਰੱਖਿਆ ਤੰਤਰ (immunity) ਨੂੰ ਮਜਬੂਤ ਕਰਨ ਵਿੱਚ ਵੀ ਅਸਿੱਧੇ ਤੌਰ ਤੇ ਸਾਡੀ ਮੱਦਦ ਕਰਦੇ ਹਨ।




(ਅ) **ਪੌਲੀਸੈਕਰਾਈਡ (Polysaccharides)** :- ਗੁਲੂਕੋਜ ਦੇ 10 ਅਣੂਆਂ ਤੋਂ ਵੱਧ ਦੇ ਸੁਮੇਲ ਨਾਲ ਬਣਨ ਵਾਲੇ ਕਾਬੋਹਾਈਡਰੇਟ। ਜਿਵੇਂ ਕਿ ਨਸ਼ਾਸ਼ਤਾ (Starch)। ਨਸ਼ਾਸ਼ਤਾ ਅੱਗੋਂ ਫੇਰ ਗੁਲੂਕੋਜ ਦੀਆਂ ਦੋ ਵੱਡੀਆਂ (amylopectin) ਅਤੇ ਛੋਟੀਆਂ (amylose) ਲੜੀਆਂ ਦਾ ਬਣਿਆ ਹੁੰਦਾ ਹੈ। ਸਟਾਰਚ ਵਿੱਚ 80% ਅਮਾਈਲੋਪੈਕਟਿਨ ਅਤੇ 20% ਅਮਾਈਲੋਜ ਹੁੰਦਾ ਹੈ। ਅਮਾਈਲੋਪੈਕਟਿਨ ਦੀ ਇੱਕ ਲੜੀ ਗੁਲੂਕੋਜ ਦੇ 5000 ਤੋਂ 20000 ਅਣੂਆਂ ਦੀ ਮਾਲ਼ਾ ਤੋਂ ਬਣਦੀ ਹੈ। ਜਦੋਂ ਕਿ ਅਮਾਈਲੋਜ ਦੀ ਇੱਕ ਲੜੀ ਗੁਲੂਕੋਜ ਦੇ ਲਗਭਗ 1000 ਅਣੂਆਂ ਤੋਂ। ਜਿਵੇਂ ਮਨੁੱਖਾਂ ਵਿੱਚ ਗੁਲੂਕੋਜ ਗਲਾਈਕੋਜਨ ਦੇ ਰੂਪ 'ਚ ਜਮ੍ਹਾਂ ਹੁੰਦਾ ਹੈ ਇਵੇਂ ਹੀ ਪੌਦਿਆਂ ਵਿੱਚ ਇਹ ਸਟਾਰਚ ਦੇ ਰੂਪ 'ਚ ਜਮ੍ਹਾਂ ਹੁੰਦਾ ਹੈ। ਇਹ ਕਾਰਬੋਹਾਈਡਰੇਟ ਸਾਨੂੰ ਸਾਰੇ ਕਿਸਮ ਦੇ ਅਨਾਜੀ ਅੰਨਾਂ (cereals), ਦਾਲ਼ਾਂ, ਕੇਲਾ, ਪੱਤੇ ਵਾਲੀਆਂ ਸਬਜ਼ੀਆਂ, ਆਲੂ ਅਤੇ ਜ਼ਿਮੀਕੰਦ ਆਦਿ ਤੋਂ ਭਰਪੂਰ ਮਾਤਰਾ ਵਿੱਚ ਮਿਲਦੇ ਹਨ। ਇਨ੍ਹਾਂ ਵਿੱਚੋਂ ਕੇਲਾ, ਆਲੂ, ਜ਼ਿਮੀਕੰਦ ਅਤੇ ਸਾਰੇ ਅਨਾਜੀ ਅੰਨਾਂ 'ਚੋਂ ਮਿਲਦੇ ਕਾਰਬੋਹਾਈਡਰੇਟਸ ਨੂੰ ਮਨੁੱਖੀ ਸਰੀਰ ਲਈ ਮਾੜਾ ਮੰਨਿਆ ਗਿਆ ਹੈ ਕਿਉਂਕਿ ਸੇਵਨ ਉਪਰੰਤ ਇਹ ਜਲਦੀ ਹੀ ਗੁਲੂਕੋਜ ਦੇ ਟੁਕੜਿਆਂ ਵਿੱਚ ਟੁੱਟਦੇ ਹੋਏ ਸਾਡੀ ਬਲੱਡ ਸ਼ੂਗਰ ਨੂੰ ਇੱਕ ਦਮ ਵਧਾਉਂਦੇ ਹਨ। ਵਧੀ ਹੋਈ ਸ਼ੂਗਰ ਫਿਰ ਇਨਸੂਲਿਨ ਨੂੰ ਸੱਦਾ ਦਿੰਦੀ ਹੈ, ਇਨਸੂਲਿਨ ਫਿਰ ਮੋਟਾਪੇ ਨੂੰ ਤੇ ਮੋਟਾਪਾ ਫਿਰ ਬਲੱਡ ਪ੍ਰੈਸ਼ਰ ਅਤੇ ਹਿਰਦੇ ਰੋਗਾਂ ਨੂੰ।

ਕਾਰਬੋਹਾਈਡਰੇਟ ਬਾਰੇ ਉਪਰੋਕਤ ਚਰਚਾ ਤੋਂ ਬਾਅਦ ਅਸੀਂ ਸਹਿਜੇ ਹੀ ਚੰਗੇ ਅਤੇ ਮਾੜੇ ਕਾਰਬੋਹਾਈਡਰੇਟ ਵਿੱਚ ਨਿਖੇੜਾ ਕਰ ਸਕਦੇ ਹਾਂ।

**ਚੰਗੇ**- ਦਾਲ਼ਾਂ, ਸਬਜ਼ੀਆਂ, ਸਾਗ, ਖਟ ਮਿਠੇ ਫਲ਼ਾਂ, ਸ਼ਕਰਕੰਦੀਆਂ ਆਦਿ ਤੋਂ ਪ੍ਰਾਪਤ ਹੋਣ ਵਾਲੇ।

**ਮਾੜੇ**- ਸਿੱਧਾ ਮਿੱਠਾ, ਮਠਿਆਈ, ਅਨਾਜੀ ਅੰਨਾਂ (ਕਣਕ, ਚਾਵਲ, ਮੱਕੀ, ਬਾਜਰਾ, ਜੌਂ, ਜਵੀ ਅਤੇ ਜੁਆਰ ਆਦਿ) ਦਾ ਹਰ ਕਿਸਮ ਦਾ ਆਟਾ, ਮੈਦਾ, ਸੂਜੀ ਅਤੇ ਇਨ੍ਹਾਂ ਤੋਂ ਬਣੇ ਪਕਵਾਨ, ਆਈਸ ਕਰੀਮ, ਮਿੱਠੇ ਫਲ (ਕੇਲਾ, ਅੰਬ, ਅੰਗੂਰ, ਬੱਗੂਗੋਸ਼ਾ, ਖਜੂਰ ਅਤੇ ਚੀਕੂ), ਗੰਨੇ ਦਾ ਰਸ, ਜ਼ਿਮੀਕੰਦ, ਆਲੂ, ਸ਼ਰਬਤੀ ਠੰਢੇ ਅਤੇ ਬੀਅਰ ਆਦਿ। ਇਨ੍ਹਾਂ ਨੂੰ ਲਿਜ ਵੂਲਫ ਆਪਣੀ ਕਿਤਾਬ Eat the yolks ਵਿੱਚ ਖੁਰਾਕੀ ਕੂੜੇ (Carbage) ਦਾ ਨਾਮ ਦਿੰਦੀ ਹੈ।

**ਕਾਰਬੋਹਾਈਡਰੇਟ ਦੀ ਪਚਣ ਪ੍ਰਕਿਰਿਆ**

ਓਲੀਗੋਸੈਕਰਾਈਡਜ ਨੂੰ ਛੱਡ ਕੇ ਬਾਕੀ ਤਿੰਨੇ ਕਿਸਮਾਂ ਦੇ (ਮੋਨੋ, ਡਾਈ, ਪੌਲੀਸੈਕਰਾਈਡਜ) ਕਾਰਬੋਹਾਈਡਰੇਟ ਖਾਧੇ ਜਾਣ ਤੋਂ ਤੁਰੰਤ ਬਾਅਦ ਸਾਡੇ ਖੂਨ ਵਿਚਲੀ ਮਿਠਾਸ (blood sugar) ਦਾ ਪੱਧਰ ਇੱਕ ਦਮ ਵਧਾਣਾ ਸ਼ੁਰੂ ਕਰ ਦਿੰਦੇ ਹਨ। ਜਿਸ ਦੇ ਕੁਦਰਤੀ ਸਿੱਟੇ ਵਜੋਂ ਪੈਨਕਰੀਆਜ ਨਾਮੀ ਸਾਡੀ ਰਸ ਗ੍ਰੰਥੀ ਵਿੱਚੋਂ ਇਨਸੂਲਿਨ ਨਾਮ ਦਾ ਉਤੇਜਕ ਰਸ (hormone) ਰਿਸ ਕੇ ਖੂਨ ਵਿੱਚ ਆਉਣਾ ਸ਼ੁਰੂ ਹੋ ਜਾਂਦਾ ਹੈ ਤਾਂ ਕਿ ਖੂਨ ਵਿਚ ਗੁਲੂਕੋਜ ਦੀ ਵਧੀ ਹੋਈ ਆਮਦ ਨਾਲ ਨਜਿੱਠਿਆ ਜਾ ਸਕੇ। ਕਾਰਬੋਹਾਈਡਰੇਟ ਯੁਕਤ ਭੋਜਨ ਦੇ ਸੇਵਨ ਤੋਂ ਬਾਅਦ ਜੇ ਤਾਂ ਉਹ ਵਿਅਕਤੀ ਕੋਈ ਸਰੀਰਕ ਮੁਸ਼ੱਕਤ ਜਾਂ ਵਰਜਿਸ਼ ਕਰ ਰਿਹਾ ਹੈ ਤਾਂ ਅਜਿਹੀ ਹਾਲਤ ਵਿਚ ਖੂਨ ਵਿਚਲਾ ਵਧਿਆ ਹੋਇਆ ਗੁਲੂਕੋਜ ਊਰਜਾ ਦੀ ਵਧੀ ਹੋਈ ਮੰਗ ਨੂੰ ਪੂਰਾ ਕਰਨ ਦੇ ਕੰਮ ਆ ਜਾਵੇਗਾ ਭਾਵ ਇਸ ਦਾ ਸਦ ਉਪਯੋਗ ਹੋ ਜਾਵੇਗਾ। ਨਹੀਂ ਤਾਂ ਫਿਰ ਵਧੇ ਹੋਏ ਗੁਲੂਕੋਜ ਦਾ ਕੁੱਝ ਹਿੱਸਾ ਸਾਡੇ ਜਿਗਰ ਅਤੇ ਮਾਸਪੇਸ਼ੀਆਂ ਵਿੱਚ ਸੰਕਟਕਾਲੀਨ ਹਾਲਤਾਂ ਵਿੱਚ ਕੰਮ ਆਉਣ ਲਈ ਗਲਾਈਕੋਜਨ (ਸਿਰਫ਼ 600 ਗ੍ਰਾਮ) ਦੇ ਰੂਪ ਵਿੱਚ ਜਮ੍ਹਾਂ ਹੋ ਜਾਵੇਗਾ ਅਤੇ ਬਾਕੀ ਬਚਦੇ ਗੁਲੂਕੋਜ ਦੇ ਵੱਡੇ ਹਿੱਸੇ ਨੂੰ ਇਨਸੂਲਿਨ ਫਿਰ ਫੈਟ (ਫੈਟੀ ਐਸਿਡ) ਵਿੱਚ ਤਬਦੀਲ ਕਰ ਦੇਵੇਗੀ। ਤਿੰਨ ਫੈਟੀ ਐਸਿਡ ਗਲਿਸਰੋਲ ਨਾਮ ਦੇ ਇੱਕ ਅਣੂ ਨਾਲ ਚਿੰਬੜ ਕੇ ਟਰਾਈਗਲਿਸਰਾਈਡ ਬਣਾਉਂਦੇ ਚਲੇ ਜਾਣਗੇ ਫਿਰ ਇਹ ਟਰਾਈਗਲਿਸਰਾਈਡ ਫੈਟ ਦੇ ਰੂਪ ਵਿੱਚ ਸਾਡੇ ਫੈਟ ਸੈਲਾਂ (adipocytes) ਵਿੱਚ ਜਮ੍ਹਾਂ ਹੋਈਂ ਜਾਣਗੇ ਅਤੇ ਆਦਮੀ ਮੋਟਾ ਹੁੰਦਾ ਚਲਿਆ ਜਾਵੇਗਾ। ਇੱਕ ਬਾਲਗ ਮਨੁੱਖ ਦਾ ਜਿਗਰ ਮਹਿਜ 100 ਗ੍ਰਾਮ ਅਤੇ ਮਾਸਪੇਸ਼ੀਆਂ ਮਹਿਜ 500 ਗ੍ਰਾਮ ਗਲਾਈਕੋਜਨ ਹੀ ਅਪਣੀਆਂ ਕੋਸ਼ਕਾਵਾਂ ਵਿੱਚ ਜਮ੍ਹਾਂ ਕਰ ਸਕਦੇ ਹਨ। ਭਾਵ ਕੁੱਲ ਮਿਲਾ ਕੇ ਇਨ੍ਹਾਂ ਦੇ ਮੈਮਰੀ ਕਾਰਡ ਵਿੱਚ ਬਸ 600 ਗ੍ਰਾਮ ਕਾਰਬੋਹਾਈਡਰੇਟ ਹੀ ਭਰਿਆ ਜਾ ਸਕਦਾ ਹੈ। ਜਿਸ ਤੋਂ ਸਿਰਫ਼ ਇੱਕ ਦਿਨ ਦੇ ਊਰਜਾ ਖਰਚੇ (2400 ਕੈਲੋਰੀਆਂ) ਹੀ ਚੱਲ ਸਕਦੇ ਹਨ। ਭਾਵ ਜੇ ਕੋਈ ਮਨੁੱਖ 24 ਘੰਟੇ ਲਈ ਬਿਲਕੁੱਲ ਭੁੱਖਾ ਰਹੇਗਾ ਤਾਂ ਅਗਲੇ ਦਿਨ ਤੱਕ ਹੀ ਉਹ ਅਪਣੇ ਗਲਾਈਕੋਜਨ ਭੰਡਾਰ ਖਤਮ ਕਰ ਲਵੇਗਾ। ਇਸ ਤੋਂ ਅੱਗੇ ਸਰੀਰ ਨੂੰ ਚਲਦਾ ਰੱਖਣ ਲਈ ਲੋੜੀਂਦੀ ਊਰਜਾ ਚਰਬੀ ਭਾਵ ਫੈਟ ਸੈੱਲਾਂ ਵਿੱਚ ਜਮ੍ਹਾਂ ਟਰਾਈਗਲਿਸਰਾਈਡ ਦੇ ਪਿਘਲਣ ਤੋਂ ਹੀ ਪ੍ਰਾਪਤ ਹੋਵੇਗੀ। (ਚਲਦਾ)

**ਡਾ. ਦਰਸ਼ਨ ਖੇੜੀ**
**ਮੋਬਾਈਲ : 98159-08088**
**ਵੱਟਸਐਪ : 96465-31323**
**drdarshankheri@gmail.com**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

# ਕੀ ਯੂਕੇ ਯੂਰਪੀਅਨ ਯੂਨੀਅਨ 'ਚੋਂ ਬਾਹਰ ਨਿਕਲ ਸਕੇਗਾ ?

23 ਮਾਰਚ ਨੂੰ ਲੰਡਨ ਦੀਆਂ ਸੜਕਾਂ 'ਤੇ 10 ਲੱਖ ਤੋਂ ਵੱਧ ਲੋਕਾਂ ਵਲੋਂ ਯੂਕੇ ਦੇ ਯੂਰਪੀਅਨ ਯੂਨੀਅਨ ਵਿਚੋਂ ਬਾਹਰ ਨਿਕਲਣ ਦੇ ਫੈਸਲੇ ਵਿਰੁੱਧ ਭਾਰੀ ਪ੍ਰਦਰਸ਼ਨ ਕੀਤਾ ਗਿਆ। ਮੁਜ਼ਾਹਰਕਾਰੀਆਂ ਵਿੱਚ ਹਰ ਵਰਗ ਦੇ ਲੋਕ ਸ਼ਾਮਲ ਸਨ। ਮੁਜ਼ਾਹਰਾਕਾਰੀਆਂ ਵਲੋਂ ਜਿਥੇ 'ਯੂਰਪੀਅਨ ਯੂਨੀਅਨ' ਵਿੱਚ ਰਹਿਣ ਦੇ ਨਾਹਰੇ ਮਾਰੇ ਜਾ ਰਹੇ ਸਨ, ਉਥੇ ਅਜਿਹੇ ਬੈਨਰ ਵੀ ਚੁੱਕੇ ਹੋਏ ਸਨ ਕਿ ਇਕੱਠ ਵਿੱਚ ਭਾਈਚਾਰੇ ਨਾਲ ਰਹਿਣਾ ਹੀ ਸਾਡੇ ਹਿੱਤ ਵਿੱਚ ਹੈ। ਪਿਛਲੇ ਲੰਬੇ ਸਮੇਂ ਤੋਂ ਚੱਲ ਰਹੇ ਇਸ ਵਿਵਾਦ ਨੇ ਇਸ ਇਤਿਹਾਸਕ ਤੇ ਪ੍ਰਭਾਵਸ਼ਾਲੀ ਮੁਜ਼ਾਹਰੇ ਰਾਹੀਂ ਇੱਕ ਵਾਰ ਫਿਰ ਸਾਰੀ ਦੁਨੀਆਂ ਦਾ ਧਿਆਨ ਯੂਰਪ ਵੱਲ ਖਿੱਚਿਆ ਹੈ। ਇਥੇ ਯਾਦ ਰਹੇ ਕਿ 23 ਜੂਨ 2016 ਨੂੰ ਯੂਕੇ ਦੀ ਟੋਰੀ ਸਰਕਾਰ ਵਲੋਂ ਇੱਕ ਰੈਫਰੈਂਡਮ ਕਰਾਵਾਇਆ ਗਿਆ ਸੀ, ਜਿਸਨੂੰ 'ਬਰੈਕਜ਼ਿਟ' ਦਾ ਨਾਮ ਦਿੱਤਾ ਗਿਆ ਸੀ। ਜਿਸ ਅਨੁਸਾਰ ਲੋਕਾਂ ਨੂੰ ਮੌਕਾ ਦਿੱਤਾ ਗਿਆ ਸੀ ਕਿ ਫੈਸਲਾ ਕਰਨ ਕਿ ਯੂਕੇ ਨੂੰ 'ਯੂਰਪੀਅਨ ਯੂਨੀਅਨ' ਵਿੱਚ ਰਹਿਣਾ ਚਾਹੀਦਾ ਹੈ ਜਾਂ ਬਾਹਰ ਹੋ ਜਾਣਾ ਚਾਹੀਦਾ ਹੈ। ਇਸ ਰੈਫਰੈਂਡਮ ਵਿੱਚ 51.9% ਲੋਕਾਂ ਵਲੋਂ ਯੂਕੇ ਨੂੰ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਨਿਕਲਣ ਤੇ 48.1% ਨੇ ਵਿੱਚ ਰਹਿਣ ਦੇ ਹੱਕ ਵਿੱਚ ਵੋਟ ਪਾਈ ਸੀ। ਇਸ ਰੈਫਰੈਂਡਮ ਵਿੱਚ ਤਕਰੀਬਨ 72% ਯੂਕੇ ਵਾਸੀਆਂ ਨੇ ਹਿੱਸਾ ਲਿਆ ਸੀ। ਜਿਸ ਤੋਂ ਬਾਅਦ ਉਸ ਸਮੇਂ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਨੇ ਅਸਤੀਫਾ ਦੇ ਦਿੱਤਾ ਸੀ ਕਿਉਂਕਿ ਬੇਸ਼ੱਕ ਉਸਨੇ ਹੀ 2015 ਦੀਆਂ ਚੋਣਾਂ ਵਿੱਚ ਰੈਫਰੈਂਡਮ ਕਰਾਉਣ ਦਾ ਵਾਅਦਾ ਕੀਤਾ ਸੀ, ਜਿਸ ਕਰਕੇ ਉਸਦੀ ਬਹੁਮਤ ਵਾਲੀ ਸਰਕਾਰ ਬਣੀ ਸੀ, ਪਰ ਉਹ ਖੁਦ ਯੂਕੇ ਦੇ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਨਿਕਲਣ ਦੇ ਖਿਲਾਫ ਸੀ। ਲੋਕਾਂ ਵਲੋਂ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਨਿਕਲਣ ਦੇ ਫਤਵੇ ਤੋਂ ਬਾਅਦ ਡੇਵਿਡ ਕੈਮਰਨ ਨੇ ਨੈਤਿਕਤਾ ਦੇ ਆਧਾਰ ਤੇ ਅਸਤੀਫਾ ਦੇ ਦਿੱਤਾ ਸੀ। ਜਿਸ ਤੋਂ ਬਾਅਦ ਨਵੀਂ ਬਣੀ ਪ੍ਰਧਾਨ ਮੰਤਰੀ ਥਰੀਸਾ ਮੇਅ ਵਲੋਂ ਰੈਫਰੈਂਡਮ ਦੇ ਫੈਸਲੇ ਨੂੰ ਸਿਰੇ ਚੜ੍ਹਾਉਣ ਲਈ 29 ਮਾਰਚ 2017 ਨੂੰ ਦੋ ਸਾਲ ਦਾ ਸਮਾਂ ਲੈ ਕੇ 29 ਮਾਰਚ 2019 ਦੀ ਰਾਤ ਨੂੰ 12 ਵਜੇ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਜਾਣ ਦਾ ਫੈਸਲਾ ਲਿਆ ਸੀ। ਪਰ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਜਾਣ ਦੇ ਕੁਝ ਦਿਨ ਪਹਿਲਾਂ ਪੂਰੇ ਪ੍ਰਬੰਧ ਨਾ ਹੋਣ ਕਰਕੇ ਯੂਕੇ ਵਲੋਂ 'ਯੂਰਪੀਅਨ ਯੂਨੀਅਨ' ਤੋਂ ਕੁਝ ਹੋਰ ਸਮਾਂ ਮੰਗਿਆ ਗਿਆ ਸੀ, ਜਿਸ ਬਾਰੇ 'ਯੂਰਪੀਅਨ ਕੌਂਸਲ' ਵਲੋਂ ਆਪਣੀ ਵਿਸ਼ੇਸ਼ ਮੀਟਿੰਗ ਰਾਹੀਂ ਕਿਹਾ ਗਿਆ ਸੀ ਕਿ ਜੇ ਯੂਕੇ ਪਾਰਲੀਮੈਂਟ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਨਿਕਲਣ ਲਈ ਪਹਿਲੇ ਫੈਸਲੇ ਤੇ ਇਸ ਹਫਤੇ ਮੋਹਰ ਲਗਾ ਦਿੰਦੀ ਹੈ ਤਾਂ 12 ਅਪਰੈਲ ਤੱਕ ਬਾਹਰ ਨਿਕਲਣ ਲਈ ਸਮਾਂ ਦਿੱਤਾ ਜਾਵੇਗਾ ਅਤੇ ਜੇ ਪਾਰਲੀਮੈਂਟ ਬਾਹਰ ਨਿਕਲਣ ਦੇ ਫੈਸਲੇ ਨੂੰ ਪਾਸ ਨਹੀਂ ਕਰਦੀ ਤਾਂ ਇਹ ਤਰੀਖ 22 ਮਈ ਤੱਕ ਵਧਾਈ ਜਾ ਸਕਦੀ ਹੈ ਤਾਂ ਕਿ ਯੂਕੇ ਦੀ ਸਰਕਾਰ ਤੇ ਲੋਕ ਤੱਸਲੀ ਨਾਲ ਫੈਸਲਾ ਕਰ ਸਕਣ। ਜਿਥੇ 2016 ਵਿੱਚ ਜਦੋਂ ਰੈਫਰੈਂਡਮ ਹੋਇਆ ਸੀ ਤਾਂ ਪਾਰਲੀਮੈਂਟ ਵਿੱਚ ਕੰਜ਼ਰਵੇਟਿਵ ਦੀ ਬਹੁਮਤ ਸਰਕਾਰ ਸੀ, ਉਥੇ ਹੁਣ 2017 ਵਿੱਚ ਥਰੀਸਾ ਮੇਅ ਦੀ ਬਣੀ ਸਰਕਾਰ ਘੱਟ ਗਿਣਤੀ ਕੰਜ਼ਰਵੇਟਿਵ ਸਰਕਾਰ ਹੈ, ਜੋ ਕਿ ਵਿਰੋਧੀਆਂ ਦੀ ਸਹਿਮਤੀ ਤੋਂ ਬਿਨਾਂ ਬਹੁਮਤ ਨਾਲ ਫੈਸਲਾ ਨਹੀਂ ਕਰ ਸਕਦੀ। ਮੌਜੂਦਾ ਹਾਲਾਤਾਂ ਵਿੱਚ ਜਦੋਂ ਲੱਖਾਂ ਲੋਕ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਨਿਲਕਣ ਦੇ ਵਿਰੋਧ ਵਿੱਚ ਆ ਖੜੇ ਹਨ, ਉਥੇ ਬਹੁਤ ਘੱਟ ਆਸਾਰ ਹਨ ਕਿ ਵਿਰੋਧੀ ਪਾਰਟੀਆਂ ਕੰਜ਼ਰਵੇਟਿਵ ਸਰਕਾਰ ਦਾ ਸਮਰਥਨ ਕਰਨਗੀਆਂ ?

ਇਥੇ ਇਹ ਵੀ ਵਰਨਣਯੋਗ ਹੈ ਕਿ 28 ਯੂਰਪੀਅਨ ਦੇਸ਼ਾਂ ਦੇ ਅਧਾਰਿਤ ਬਣੀ ਹੋਈ 'ਯੂਰਪੀਅਨ ਯੂਨੀਅਨ' ਉਸ ਸਮੇਂ ਹੋਂਦ ਵਿੱਚ ਆਈ ਸੀ, ਜਦੋਂ ਪਹਿਲੀ ਸੰਸਾਰ ਜੰਗ ਤੋਂ ਬਾਅਦ ਫਾਸ਼ੀਵਾਦ ਤੇ ਨਾਜੀਵਾਦ ਨੇ ਯੂਰਪ ਵਿੱਚ ਜ਼ੋਰ ਫੜਿਆ ਹੋਇਆ ਸੀ, ਜਿਸਦੇ ਨਤੀਜੇ ਵਜੋਂ ਦੂਜੀ ਸੰਸਾਰ ਜੰਗ ਹੋਈ ਸੀ। ਦੂਜੀ ਸੰਸਾਰ ਜੰਗ ਵਿੱਚ ਨਾਜ਼ੀਆਂ ਤੇ ਫਾਸ਼ੀਆਂ ਦੀ ਹਾਰ ਤੋਂ ਬਾਅਦ ਜਿਥੇ ਇੱਕ ਪਾਸੇ ਬਸਤੀਵਾਦੀ ਬ੍ਰਿਟਿਸ਼ ਦਾ ਪ੍ਰਭਾਵ ਘਟ ਰਿਹਾ ਸੀ ਤੇ ਉਨ੍ਹਾਂ ਨੂੰ ਆਪਣੀਆਂ ਬਸਤੀਆਂ ਛੱਡਣੀਆਂ ਪੈ ਰਹੀਆਂ ਸਨ, ਉਥੇ ਅਮਰੀਕਾ ਤੇ ਸੋਵੀਅਨ ਯੂਨੀਅਨ, ਦੁਨੀਆਂ ਵਿੱਚ ਨਵੀਆਂ ਸ਼ਕਤੀਆਂ ਉਭਰ ਰਹੀਆਂ ਸਨ।ਅਜਿਹੇ ਮਾਹੌਲ ਵਿੱਚ ਇਗਲੈਂਡ ਦੇ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਤੇ ਕੁਝ ਹੋਰ ਯੂਰਪੀਅਨ ਲੀਡਰਾਂ ਵਲੋਂ ਦਨੀਆਂ ਵਿੱਚ ਇੱਕ ਤੀਜੀ ਧਿਰ ਦੇ ਤੌਰ 'ਤੇ ਆਪਣੀ ਹੋਂਦ ਬਣਾਈ ਰੱਖਣ ਲਈ ਯੂਰਪ ਦੇ ਦੇਸ਼ਾਂ ਨੂੰ ਆਪਣੇ ਰਾਜਨੀਤਕ ਤੇ ਆਰਥਿਕ ਹਿੱਤਾਂ ਅਤੇ ਨਸਲਵਾਦੀ ਰਾਸ਼ਟਵਾਦੀਆਂ ਦੇ ਪ੍ਰਭਾਵ ਤੋਂ ਮੁਕਤ ਕਰਨ ਦੇ ਇਰਾਦਿਆਂ ਨਾਲ ਇਕੱਠੇ ਹੋਣ ਦੇ ਯਤਨ ਆਰੰਭੇ ਸਨ। ਜਿਸਦੇ ਨਤੀਜੇ ਵਜੋਂ ਸਭ ਤੋਂ ਪਹਿਲਾਂ 1957 ਵਿੱਚ 'ਯੂਰਪੀਅਨ ਇਕੋਨੌਮਮਿਕ ਕਮਿਉਨਿਟੀ' ਹੋਂਦ ਵਿੱਚ ਆਈ ਸੀ। ਇਸੇ ਲੜੀ ਵਿੱਚ ਯੂਰਪੀਅਨ ਦੇਸ਼ਾਂ ਨੂੰ ਆਰਥਿਕਤਾ ਦੇ ਨਾਲ ਹੋਰ ਮੁੱਦਿਆਂ ਤੇ ਖਾਸਕਰ ਸਾਰੇ ਦੇਸ਼ਾਂ ਦੇ ਬਾਰਡਰ ਓਪਨ ਕਰਨ ਅਤੇ ਇੱਕ ਕਰੰਸੀ ਕਰਨ ਲਈ ਨਵੰਬਰ 1993 ਵਿੱਚ ਮੌਜੂਦਾ 'ਯੂਰਪੀਅਨ ਯੂਨੀਅਨ' ਹੋਂਦ ਵਿੱਚ ਆਈ ਸੀ। ਬੇਸ਼ਕ ਯੂਕੇ ਆਪ ਬਾਅਦ ਵਿੱਚ ਬੜੀ ਹਿਚਕਚਾਹਟ ਤੋਂ ਬਾਅਦ ਇਸ ਵਿੱਚ ਸ਼ਾਮਿਲ ਹੋਇਆ ਸੀ ਕਿਉਂਕਿ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਉਨ੍ਹਾਂ ਕੋਲ ਇਕੱਠੇ ਹੋਣ ਤੋਂ ਬਿਨਾਂ ਕੋਈ ਰਾਹ ਵੀ ਨਹੀਂ ਸੀ, ਪਰ ਉਹ ਪਿਛਲੀਆਂ ਦੋ ਸਦੀਆਂ ਦੀ ਦਨੀਆਂ ਭਰ ਵਿਚਲੀ ਅਜਾਰੇਦਾਰੀ ਵੀ ਛੱਡਣੀ ਨਹੀਂ ਚਾਹੁੰਦਾ ਸੀ ਤੇ ਆਪਣੀ ਵੱਖਰੀ ਹੋਂਦ ਵੀ ਬਣਾਈ ਰੱਖਣਾ ਚਾਹੁੰਦਾ ਸੀ। ਇਸੇ ਕਰਕੇ ਜਦੋਂ 'ਯੂਰਪੀਅਨ ਯੂਨੀਅਨ' ਵਲੋਂ ਸਾਂਝੀ ਕਰਾਂਸੀ ਦੀ ਗੱਲ ਹੋਈ ਸੀ ਤਾਂ ਉਨ੍ਹਾਂ ਨੇ ਆਪਣੀ ਕਰੰਸੀ ਨੂੰ 'ਯੂਰੋ' ਵਿੱਚ ਬਦਲਣ ਦੀ ਥਾਂ 'ਪੌਂਡ' ਹੀ ਰੱਖੀ ਸੀ। ਇਸ ਤੋਂ ਇਲਾਵਾ ਹੋਰ ਕਈ ਮੁੱਦਿਆਂ ਤੇ ਯੂਕੇ ਨੇ 'ਯੂਰਪੀਅਨ ਯੂਨੀਅਨ' ਤੋਂ ਵੱਖਰੀ ਹੋਂਦ ਬਣਾਈ ਰੱਖੀ ਸੀ। ਇਸ ਸਾਰੇ ਸਮੇਂ ਵਿੱਚ ਨਸਲਵਾਦੀ ਤੇ ਰਾਸ਼ਟਵਾਦੀ ਗੋਰਿਆਂ ਤੇ ਕਈ ਉਨ੍ਹਾਂ ਦੀ ਸੋਚ ਵਾਲੀਆਂ ਰਾਜਨੀਤਕ ਪਾਰਟੀਆਂ, ਜਿਨ੍ਹਾਂ ਵਿਚੋਂ 'ਯੂਕੇ ਇੰਡੀਪੈਂਡੈਂਸ ਪਾਰਟੀ' ਪ੍ਰਮੁੱਖ ਹੈ, ਵਲੋਂ ਯੂਕੇ ਦੇ 'ਯੂਰਪੀਅਨ ਯੂਨੀਅਨ' ਵਿੱਚ ਸ਼ਾਮਿਲ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਸੀ ਤੇ ਸਮੇਂ ਸਮੇਂ ਇਸ ਬਾਰੇ ਆਪਣਾ ਪ੍ਰਚਾਰ ਜਾਰੀ ਰੱਖਦੇ ਸਨ। ਪਿਛਲੇ ਕੁਝ ਦਹਾਕਿਆਂ ਤੋਂ ਸਰਮਾਏਦਾਰੀ ਨਿਜ਼ਾਮ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ, ਜਿਥੇ ਯੂਰਪੀਅਨ ਜਾਂ ਪੱਛਮੀ ਸਰਮਾਏਦਾਰ ਦੇਸ਼ਾਂ ਦੀ ਆਰਥਿਕਤਾ ਡਾਂਵਾਂਡੋਲ ਹੋਈ ਹੈ, ਉਥੇ ਨਸਲਵਾਦ ਤੇ ਰਾਸ਼ਟਰਵਾਦ ਦਾ ਫਿਰ ਉਭਾਰ ਹੋਣਾ ਸ਼ੁਰੂ ਹੋਇਆ ਹੈ, ਜਿਸਦੇ ਨਤੀਜੇ ਵਜੋਂ ਅਮਰੀਕਾ ਵਿੱਚ ਟਰੰਪ ਤੇ ਯੂਰਪ ਦੇ ਕਈ ਦੇਸ਼ਾਂ ਵਿੱਚ ਨਸਲਵਾਦੀ ਸੋਚ ਵਾਲੀਆਂ ਕੰਜ਼ਰਵੇਟਿਵ ਪਾਰਟੀਆਂ ਰਾਜ ਕਰ ਰਹੀਆਂ ਹਨ। ਜੋ ਕਿ ਡਾਵਾਡੋਲ ਹੋ ਰਹੀ ਆਰਥਿਕਤਾ ਦਾ ਭਾਂਡਾ ਵਿਦੇਸ਼ਾਂ ਤੋਂ ਹੋ ਰਹੀ ਇਮੀਗਰੇਸ਼ਨ ਸਿਰ ਭੰਨਦੇ ਹਨ। ਯੂਕੇ ਵਿੱਚ ਵੀ ਡਗਮਗਾਉਂਦੀ ਆਰਥਿਕਤਾ, ਸਿਹਤ ਤੇ ਐਜੂਕੇਸ਼ਨ ਸਮੇਤ ਹੋਰ ਪਬਲਿਕ ਸਰਵਿਸਜ਼ ਤੇ ਲਾਏ ਜਾ ਰਹੇ ਕੱਟਾਂ ਪਿਛੇ ਵੀ ਗਰੀਬ ਯੂਰਪੀਅਨ ਦੇਸ਼ਾਂ ਸਮੇਤ ਏਸ਼ੀਆ ਆਦਿ ਵਿੱਚੋਂ ਹੋ ਰਹੀ ਇਮੀਗਰੇਸ਼ਨ ਨੂੰ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਨਿਕਲਣ ਦਾ ਕਾਰਨ ਦੱਸਿਆ ਜਾ ਰਿਹਾ ਸੀ। ਕੰਜ਼ਰਵੇਟਿਵ ਪਾਰਟੀਆਂ ਵਲੋਂ ਲੋਕਾਂ ਨੂੰ ਇਹ ਪ੍ਰਭਾਵ ਵੀ ਦਿੱਤਾ ਜਾ ਰਿਹਾ ਸੀ ਕਿ ਯੂਕੇ ਨੂੰ 'ਯੂਰਪੀਅਨ ਯੂਨੀਅਨ' ਦੇ ਫੰਡਾਂ ਵਿੱਚ ਵੱਡਾ ਯੋਗਦਾਨ ਪਾਉਣਾ ਪੈਂਦਾ ਹੈ, ਜੇ ਯੂਕੇ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਆ ਜਾਂਦਾ ਹੈ ਤਾਂ ਉਹੀ ਪੈਸਾ ਯੂਕੇ ਵਿੱਚ ਪਬਲਿਕ ਸਰਵਿਸਜ਼ ਤੇ ਖਰਚਿਆ ਜਾ ਸਕਦਾ ਹੈ ਅਤੇ ਯੂਕੇ ਆਪਣੀਆਂ ਸਖਤ ਇਮੀਗਰੇਸ਼ਨ ਨੀਤੀਆਂ ਰਾਹੀਂ ਕਨੂੰਨੀ ਤੇ ਗੈਰ ਕਨੂੰਨੀ ਇਮੀਗਰੇਸ਼ਨ ਨੂੰ ਬੰਦ ਕਰਕੇ ਜਾਂ ਘਟਾ ਕੇ ਯੂਕੇ ਦੇ ਲੋਕਾਂ ਦਾ ਜੀਵਨ ਪੱਧਰ ਉਚਾ ਚੁੱਕ ਸਕਦਾ ਹੈ ? ਜਦਕਿ ਹੁਣ ਰੈਫਰੈਂਡਮ ਤੋਂ 3 ਸਾਲ ਬਾਅਦ ਲੋਕਾਂ ਨੂੰ ਸਮਝ ਆਉਣੀ ਸ਼ੁਰੂ ਹੋ ਗਈ ਹੈ ਕਿ ਕੁਝ ਸੱਜੇ ਪੱਖੀ ਨਸਲਵਾਦੀ ਪਾਰਟੀਆਂ ਵਲੋਂ ਉਨ੍ਹਾਂ ਨੂੰ ਗੁੰਮਰਾਹ ਕੀਤਾ ਗਿਆ ਸੀ, ਉਨ੍ਹਾਂ ਸਾਹਮਣੇ ਜੋ ਤੱਥ ਰੱਖੇ ਗਏ ਸਨ, ਉਹ ਅਧੂਰੇ ਜਾਂ ਗਲਤ ਸਨ।ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਯੂਕੇ ਵਲੋਂ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਜਾਣ ਨਾਲ 'ਯੂਰਪੀਅਨ ਯੂਨੀਅਨ' ਨੂੰ ਜੋ ਨੁਕਸਾਨ ਹੋਏਗਾ, ਉਸ ਤੋਂ 8 ਗੁਣਾਂ ਜ਼ਿਆਦਾ ਨੁਕਸਾਨ ਯੂਕੇ ਨੂੰ ਹੋਵੇਗਾ। ਖੁੱਲ੍ਹੀ ਯੂਰਪੀਅਨ ਮਾਰਕੀਟ ਵਿੱਚ ਜਿਥੇ ਅੱਜ ਹਰ ਕੋਈ ਵਪਾਰ ਕਰ ਸਕਦਾ ਹੈ, ਲੋਕਾਂ ਨੂੰ ਇੱਕ ਦੂਜੇ ਦੇਸ਼ ਜਾਣ ਲਈ ਵੀਜਾ ਆਦਿ ਦੀਆਂ ਕੋਈ ਬੰਦਸ਼ਾਂ ਨਹੀਂ ਹਨ, ਉਥੇ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਜਾਣ ਨਾਲ ਯੂਕੇ ਤੇ ਕਈ ਤਰ੍ਹਾਂ ਦੇ ਟੈਕਸ ਬਾਕੀ ਦੇਸ਼ਾਂ ਵਲੋਂ ਲਗਾਏ ਜਾ ਸਕਦੇ ਹਨ। ਆਉਣ ਜਾਣ ਲਈ ਵੀਜੇ ਦੀਆਂ ਪਾਬੰਧੀਆਂ ਵੀ ਹੋ ਸਕਦੀਆਂ ਹਨ। ਯੂਕੇ ਵਿੱਚ ਆਮ ਲੋਕਾਂ ਦਾ ਮੰਨਣਾ ਹੈ ਕਿ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਨਿਕਲਣ ਦੇ ਰੈਫਰੈਂਡਮ ਤੋਂ ਬਾਅਦ ਕਈ ਤਰ੍ਹਾਂ ਪ੍ਰਭਾਵ ਦੇਖਣ ਨੂੰ ਮਿਲਣੇ ਸ਼ੁਰੂ ਹੋ ਗਏ ਹਨ, ਉਨ੍ਹਾਂ ਅਨੁਸਾਰ ਇਸ ਨਾਲ ਜਿਥੇ ਆਰਥਿਕਤਾ ਨੂੰ ਨੁਕਸਾਨ ਹੋਵੇਗਾ, ਉਥੇ ਮਹਿੰਗਾਈ ਵਧਣ ਦੇ ਆਸਾਰ ਹਨ ਤੇ ਪ੍ਰਾਪਰਟੀ ਦੀਆਂ ਕੀਮਤਾਂ ਵੀ ਘਟਣਗੀਆਂ।

ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਇੱਕੋ-ਇੱਕ ਸੁਪਰ ਪਾਵਰ ਮੰਨਿਆ ਜਾਂਦਾ ਅਮਰੀਕਾ ਜਿਥੇ ਇੱਕ ਪਾਸੇ ਸਾਰੀ ਦੁਨੀਆਂ ਤੇ ਆਪਣੀ ਸਰਦਾਰੀ ਰੱਖਣੀ ਚਾਹੁੰਦਾ ਹੈ, ਉਥੇ ਆਪਣੇ ਸਹਿਯੋਗੀ ਪੱਛਮੀ ਦੇਸ਼ਾਂ ਤੇ ਵੀ ਆਪਣੀ ਅਜਾਰੇਦਾਰੀ ਬਣਾਈ ਰੱਖਣਾ ਚਾਹੁੰਦਾ ਹੈ।ਅਮਰੀਕਾ ਜਿਥੇ ਯੂਰਪੀਅਨ ਦੇਸ਼ਾਂ ਨੂੰ ਆਪਣੇ ਹਿੱਤਾਂ ਲਈ ਆਪਣਾ ਸਾਥੀ ਰੱਖਣਾ ਬਣਾਈ ਰੱਖਣਾ ਚਾਹੁੰਦਾ ਹੈ, ਉਥੇ ਉਨ੍ਹਾਂ ਨੂੰ ਆਪਣੇ ਮੁਕਾਬਲੇ ਦੀ ਤਾਕਤ ਵੀ ਨਹੀਂ ਬਣਨ ਦੇਣਾ ਚਾਹੁੰਦਾ ਹੈ ? ਇਸ ਲਈ ਯੂਕੇ ਦਾ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਨਿਕਲਣਾ ਉਸਨੂੰ ਰਾਸ ਆਉਂਦਾ ਹੈ। ਪਰ ਯੂਕੇ ਦੀ ਲੀਡਰਸ਼ਿਪ ਵਲੋਂ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਨਿਕਲ ਕੇ ਆਪਣਾ ਟਰੇਡ ਚੀਨ ਨਾਲ ਵਧਾਉਣ ਦਾ ਇਰਾਦਾ ਵੀ ਅਮਰੀਕਾ ਨੂੰ ਰਾਸ ਨਹੀਂ ਆਉਂਦਾ। ਇਸ ਲਈ ਅਮਰੀਕਾ ਚਾਹੁੰਦਾ ਹੈ ਕਿ ਭਵਿੱਖ ਵਿੱਚ ਸਾਰਾ ਵਪਾਰ ਉਨ੍ਹਾਂ ਨਾਲ ਵਧਾਇਆ ਜਾਵੇ ਨਾ ਕਿ ਚੀਨ ਨਾਲ। ਅਮਰੀਕਾ 'ਯੂਰਪੀਅਨ ਯੂਨੀਅਨ' ਨੂੰ ਕਮਜ਼ੋਰ ਕਰਨ ਲਈ ਯੂਕੇ ਨੂੰ 'ਯੂਰਪੀਅਨ ਯੂਨੀਅਨ' ਵਿਚੋਂ ਕੱਢਣ ਲਈ ਕਿਤਨਾ ਉਤਾਵਲਾ ਹੈ, ਇਸਦਾ ਪ੍ਰਮਾਣ ਕੁਝ ਦਿਨ ਪਹਿਲਾਂ 'ਡੇਲੀ ਟੈਲੀਗਰਾਫ' ਵਿੱਚ ਯੂਨੀਅਰ ਟਰੰਪ ਵਲੋਂ ਪਾਈ ਗਈ 'ਕੋ ਔਪ ਐਡ' ਸੀ, ਜਿਸ ਵਿੱਚ ਉਨ੍ਹਾਂ ਯੂਕੇ ਦੀ ਪ੍ਰਧਾਨ ਮੰਤਰੀ ਤੇ ਇਲਜ਼ਾਮ ਲਗਾਉਂਦੇ ਹੋਏ ਕਿਹਾ ਸੀ ਕਿ ਉਹ 2016 ਦੇ ਰੈਫਰੈਂਡਮ ਅਨੁਸਾਰ ਇੰਗਲੈਂਡ ਦੇ ਲੋਕਾਂ ਨਾਲ ਕੀਤੇ ਵਾਅਦੇ ਅਨੁਸਾਰ ਯੂਕੇ ਨੂੰ 'ਯੂਰਪੀਅਨ ਯੂਨੀਅਨ' ਵਿਚੋਂ ਕੱਢਣ ਲਈ ਨਾਕਾਮ ਰਹੀ ਹੈ, ਜਿਸ ਤੋਂ ਸਪੱਸ਼ਟ ਹੈ ਕਿ ਯੂਕੇ ਵਿੱਚ ਡੈਮੋਕਰੇਸੀ ਮਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜੇ ਥਰੀਸਾ ਮੇਅ ਉਨ੍ਹਾਂ ਦੀ ਸਲਾਹ ਅਨੁਸਾਰ ਚੱਲਦੀ ਤਾਂ ਅਜਿਹਾ ਨਹੀਂ ਹੋਣਾ ਸੀ। ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਯੂਕੇ ਦੇ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਆਉਣ ਨਾਲ ਨਾ ਸਿਰਫ ਯੂਰਪ ਸਮੇਤ ਯੂਕੇ ਦੀ ਆਰਥਿਕਤਾ ਦਾ ਨੁਕਸਾਨ ਹੋਵੇਗਾ, ਸਗੋਂ 'ਯੂਰੋ' ਕਮਜ਼ੋਰ ਹੋਣ ਨਾਲ ਅਮਰੀਕਨ ਡਾਲਰ ਮਜਬੂਤ ਹੋਵੇਗਾ, ਜਿਸ ਨਾਲ ਅਮਰੀਕਾ ਦੀ ਯੂਰਪ ਵਿੱਚ ਦਖਲ ਅੰਦਾਜ਼ੀ ਹੋਰ ਵਧੇਗੀ। ਇਸਦਾ ਇੱਕ ਪੱਖ ਇਹ ਵੀ ਹੈ ਕਿ ਜੇ ਅੱਜ ਇੱਕ ਦੇਸ਼ 'ਯੂਰਪੀਅਨ ਯੂਨੀਅਨ' ਤੋਂ ਬਾਹਰ ਹੁੰਦਾ ਹੈ ਤਾਂ ਕੱਲ੍ਹ ਕੋਈ ਹੋਰ ਵੀ ਹੋਵੇਗਾ, ਜਿਸ ਨਾਲ 'ਯੂਰਪੀਅਨ ਯੂਨੀਅਨ' ਦਾ ਭਵਿੱਖ ਖਤਰੇ ਵਿੱਚ ਪੈ ਸਕਦਾ ਹੈ।

ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਇਸ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਪ੍ਰਧਾਨ ਮੰਤਰੀ ਥਰੀਸਾ ਮੇਅ ਕਿਸੇ ਵੀ ਹਾਲਤ ਵਿੱਚ ਇਸ ਹਫਤੇ ਪਾਰਲੀਮੈਂਟ ਤੋਂ ਯੂਕੇ ਦੇ 'ਯੂਰਪੀਅਨ ਯੂਨੀਅਨ' ਤੋਂ ਬਾਹਰ ਹੋਣ ਲਈ ਮਾਨਤਾ ਲੈ ਸਕੇਗੀ ? ਅਗਰ ਅਜਿਹਾ ਹੁੰਦਾ ਹੈ ਤਾਂ ਉਸਨੂੰ 22 ਜਾਂ 31 ਮਈ ਤੱਕ ਸੋਚਣ ਦਾ ਸਮਾਂ ਮਿਲ ਸਕਦਾ ਹੈ। ਅਜਿਹੇ ਹਾਲਾਤਾਂ ਵਿੱਚ ਇਹੀ ਆਸਾਰ ਹਨ ਕਿ ਥਰੀਸਾ ਮੇਅ ਆਉਣ ਵਾਲੇ ਦਿਨਾਂ ਵਿੱਚ ਅਸਤੀਫਾ ਦੇ ਸਕਦੀ ਹੈ ਤੇ ਸਰਕਾਰ ਭੰਗ ਕਰਕੇ ਨਵੀਆਂ ਚੋਣਾਂ ਵੀ ਕਰਾਈਆਂ ਜਾ ਸਕਦੀਆਂ ਹਨ ? ਇਹ ਚੋਣਾਂ ਰੈਫਰੈਂਡਮ ਦੇ ਹੱਕ ਜਾਂ ਵਿਰੋਧ ਦੇ ਅਧਾਰ ਤੇ ਲੜੀਆਂ ਜਾਣਗੀਆਂ ? ਯੂਕੇ ਵਿੱਚ ਦੁਆਰਾ ਰੈਫਰੈਂਡਮ ਕਰਾਉਣ ਦੇ ਇਸ ਕਰਕੇ ਵੀ ਪੂਰੇ ਆਸਾਰ ਹਨ ਕਿ ਜੇ ਸਰਕਾਰ ਤੇ ਲੋਕਾਂ ਦਾ ਅਤੇ ਆਪੋਜ਼ੀਸ਼ਨ ਦਾ ਦਬਾਅ ਬਣਿਆ ਰਿਹਾ ਤਾਂ 'ਯੂਰਪੀਅਨ ਯੂਨੀਅਨ' ਵਿਚੋਂ ਬਾਹਰ ਜਾਣ ਦਾ ਫੈਸਲਾ ਕਰਨ ਲਈ 'ਦੂਜਾ ਰੈਫਰੈਂਡਮ' ਕਰਵਾਇਆ ਜਾ ਸਕਦਾ ਹੈ ? ਜੇ ਅਜਿਹਾ ਹੁੰਦਾ ਹੈ ਤਾਂ ਹੁਣ ਪੂਰੇ ਚਾਂਸ ਹਨ ਕਿ ਬਹੁਮਤ ਲੋਕ 'ਯੂਰਪੀਅਨ ਯੂਨੀਅਨ' ਵਿੱਚ ਰਹਿਣ ਦੇ ਹੱਕ ਵਿੱਚ ਹੀ ਫਤਵਾ ਦੇਣਗੇ ? ਯੂਕੇ ਦੇ ਲੋਕਾਂ ਨੂੰ ਸਮਝ ਆ ਚੁੱਕੀ ਹੈ ਕਿ ਇਕੱਠ, ਭਾਈਚਾਰੇ ਤੇ ਸਹਿਹੋਂਦ ਵਿੱਚ ਹੀ ਸਭ ਦਾ ਹਿੱਤ ਹੈ। ਸ਼ਾਇਦ ਇਹੀ ਯੂਰਪੀਅਨ ਦੇਸ਼ਾਂ ਤੇ ਖਾਸਕਰ ਉਥੇ ਵੱਸਦੇ ਇਮੀਗਰੈਂਟ ਲੋਕਾਂ ਅਤੇ ਗਰੀਬ ਯੂਰਪੀਅਨ ਦੇਸ਼ਾਂ ਦੇ ਹਿੱਤ ਵਿੱਚ ਹੋਵੇਗਾ। ਇਹ ਫੈਸਲਾ ਪੱਛਮੀ ਦੇਸ਼ਾਂ ਵਿੱਚ ਵਧ ਰਹੇ ਨਸਲਵਾਦ ਤੇ ਰਾਸ਼ਟਰਵਾਦ ਨੂੰ ਠੱਲ ਪਾਉਣ ਵਿੱਚ ਵੀ ਮੱਦਦਾਰ ਸਾਬਿਤ ਹੋਵੇਗਾ। ਜੇ 'ਯੂਰਪੀਅਨ ਯੂਨੀਅਨ' ਦਾ ਇਕੱਠ ਬਣਿਆ ਰਹਿੰਦਾ ਹੈ ਤੇ ਇਸ ਤੋਂ ਬਾਹਰ ਰਹਿੰਦੇ ਦੇਸ਼ ਵੀ ਇਸ ਸ਼ਾਮਿਲ ਹੁੰਦੇ ਹਨ ਤੇ ਸਾਰੇ ਯੂਰਪ ਦੇ ਬਾਰਡਰ ਓਪਨ ਹੋਣ ਦੇ ਨਾਲ-ਨਾਲ ਕਰੰਸੀ ਵੀ ਇੱਕ ਹੋ ਜਾਂਦੀ ਹੈ ਤਾਂ ਯੂਰਪ ਦੇ ਸੁਨਹਿਰੇ ਭਵਿੱਖ ਲਈ ਇਹ ਇਕ ਮੀਲ ਪੱਥਰ ਸਾਬਿਤ ਹੋਵੇਗਾ। ਸਾਡੀ ਸਮਝ ਹੈ ਕਿ ਯੂਰਪ ਦੇ ਇਸ ਇਕੱਠ ਤੋਂ ਸੇਧ ਲੈ ਕੇ ਪਹਿਲਾਂ ਸਾਊਥ ਏਸ਼ੀਆ ਦੇ ਦੇਸ਼ਾਂ ਤੇ ਫਿਰ ਚੀਨ ਤੇ ਰਸ਼ੀਆ ਨੂੰ ਇਕੱਠੇ ਹੋ ਕੇ ਇੱਕ ਸਾਂਝਾ ਮੁਹਾਜ ਬਣਾਉਣ ਦੀ ਲੋੜ ਹੈ ਤਾਂ ਹੀ ਦੁਨੀਆਂ ਵਿੱਚ ਅਮਰੀਕਾ ਦੇ ਮੁਕਾਬਲੇ ਜਿਥੇ ਤਾਕਤ ਦਾ ਤਵਾਜਨ ਬਰਾਬਰ ਹੋ ਸਕਦਾ ਹੈ, ਉਥੇ ਹਥਿਆਰਾਂ ਦੀ ਦੌੜ ਸਮਾਪਤ ਹੋਣ ਨਾਲ ਦੁਨੀਆਂ ਤਰੱਕੀ ਤੇ ਸ਼ਾਂਤੀ ਵੱਲ ਵਧ ਸਕਦੀ ਹੈ।










HOMELIFE SILVERCITY
REALTY INC.,BROKERAGE
#7 CANADA WIDE
BROKERAGE WITH HOMELIFE BRAND
2017 GROSS COMMISSION WISE
New Head Office
905-913-8500
TEAM OF OVER 450 REALTORS
HOMELIFE SILVERCITY
REALTY INC.,BROKERAGE (INDEPENDENTLY OWNED & OPERATED)
NOW HIRING NEW / EXPERIENCED REAL ESTATE PROFESSIONALS
JOIN ONE OF FASTEST GROWING BROKERAGE
CALL HEAD OFFICE TODAY
905.913.8500
www.HomelifeSilvercityTeam.com
BALJIT GARCHA
647.500.6500
AJIT GARCHA
647.204.9500
Address
11775 Bramalea Rd. Brampton
Team over 450
SILVERCITY

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ

ਵਲੋਂ

## ਜਲ੍ਹਿਆਂਵਾਲੇ ਬਾਗ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ

## 10ਵਾਂ ਸਲਾਨਾ ਨਾਟਕ ਸਮਾਗਮ

ਮਿਤੀ 6 ਜੁਲਾਈ 2019, ਦਿਨੀ ਸ਼ਨੀਵਾਰ ਨੂੰ ਦੁਪਹਿਰ,

**ਮੇਟ ਕਾਲਜ ਆਰਟੀਅਸ ਥੀਏਟਰ, ਕੈਲਗਰੀ**

ਵਿਖੇ ਕਰਵਾਇਆ ਜਾ ਰਿਹਾ ਹੈ।

*ਲੋਕ ਮੰਚ ਮੰਡੀ ਮੁੱਲਾਂਪੁਰ ਦੇ ਡਾਇਰੈਕਟਰ ਹਰਕੇਸ਼ ਚੌਧਰੀ ਵਿਸ਼ੇਸ਼ ਰੂਪ ਵਿਚ ਤਿਆਰੀ ਲਈ ਪੁੱਜ ਜਾਣਗੇ।*

**ਹੋਰ ਜਾਣਕਾਰੀ ਲਈ ਸੰਪਰਕ: ਮਾਸਟਰ ਭਜਨ: 403-455-4220**


Commercial Land for sale in Calgary

Car wash For Sale In great Location in Calgary (under Construction)
14000 Sq FT Plaza for sale ,building is under construction, Cap rate will be 6.5 % with A class tenants.
8000 Sq Ft Plaza for sale , building is under construction ,cap rate will be 6.5 % with A class tenants. 3800 Sq Ft Plaza for sale , building is under construction, cap rate will be 6.5% with A class tenants. 1.8 Acres Land for a Conference Hall for sale in Great location in Calgary with approved plans , development permits and services in, asking $2.5 Million.
Condo Bays for sale in NE Calgary starting from $500 sq ft . (Sold)
Pizza Restaurants and Subway franchises for sale in Calgary.
New sites For gas stations available. (Sold)



GURPRIT SIDHU

Century 21 Bravo Realty 3009 23 Street NE, Calgary
# 1 Commercial Canada - For Century 21 2014
Cell :403-831-5000 Office:403 539-9980 Fax:403-476-5368
Email :sidhugurprit@hotmail.com



Hans
Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates

Ph : 604-240-8002
or : 604-250-3834

3822 Marine Way
Burnaby, B.C. V5J 3H4



CARE Inc.
Home Health Solutions

403-605-6300
ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ
ਸੋਮਵਾਰ ਤੇ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"

ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।



ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜ਼ਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca

Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca Edmonton Store #108-5239 55 Ave.NW, 780-229-3233



WEST COAST HOME & TRUSS LTD.
Manufacturers of Quality Pre-Engineered Metal Plate Connected Wood Trusses

CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



FIVE STAR INSURANCE
Save up to 51%
• Auto • Home
• Business
Get the best rates with us!
FIVE STAR
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555